ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 9 | 17 March 2021 to 25 March 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

## ਭਾਰਤੀ ਦੌਰੇ 'ਤੇ ਅਮਰੀਕੀ ਸੁਰੱਖਿਆ ਸਕੱਤਰ ਸਰਕਾਰ ਨਾਲ ਮਨੁੱਖੀ ਹੱਕਾਂ ਦਾ ਮਸਲਾ ਚੁੱਕਣ: ਸੈਨੇਟਰ ਰੌਬਰਟ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਅਮਰੀਕਨ ਰੱਖਿਆ ਸੈਕਟਰੀ ਅਗਲੇ ਦਿਨਾਂ ਵਿੱਚ ਭਾਰਤ ਦੌਰੇ 'ਤੇ ਆ ਰਹੇ ਹਨ, ਜਿੱਥੇ ਉਹ ਆਪਣੇ ਹਮ-ਰੁਤਬਾ ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮਸਲਿਆਂ ਦੇ ਮੰਤਰੀ ਐੱਸ. ਜੈਸ਼ੰਕਰ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮੁਲਾਕਾਤ ਕਰਨਗੇ।

ਅਮਰੀਕਾ ਦੀ ਵਿਦੇਸ਼ੀ ਮਸਲਿਆਂ ਦੀ ਤਾਕਤਵਰ ਸੈਨੇਟ ਕਮੇਟੀ ਦੇ ਚੇਅਰਮੈਨ, ਰੌਬਰਟ ਮੈਨੇਂਡਜ਼ ਨੇ, ਲੌਇਡ ਅਸਟਿਨ (ਅਮਰੀਕੀ ਸੁਰੱਖਿਆ ਸੈਕਟਰੀ) ਨੂੰ ਉਹਨਾਂ ਦੀ ਭਾਰਤ ਫੇਰੀ ਤੋਂ ਪਹਿਲਾਂ ਇੱਕ ਚਿੱਠੀ ਲਿਖੀ, ਜਿਸ ਨੂੰ ਬਾਅਦ ਵਿੱਚ ਮੀਡੀਆ ਵਿਚ ਵੀ ਜਨਤਕ ਕਰ ਦਿੱਤਾ ਗਿਆ।

ਇਸ ਚਿੱਠੀ ਵਿੱਚ ਉਨਾਂ ਨੇ ਆਸਟਿਨ ਨੂੰ ਸਲਾਹ ਦਿੱਤੀ ਹੈ ਕਿ ਉਹ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਮਸਲੇ ਅਤੇ ਭਾਰਤ ਦੇ ਰੂਸ ਨਾਲ ਹੋ ਰਹੇ ਐੱਸ-400 ਮਿਜ਼ਾਈਲ ਸਿਸਟਮ ਦੇ ਸੌਦੇ ਨੂੰ ਵੀ ਗੱਲਬਾਤ ਦਾ ਹਿੱਸਾ ਬਣਾਉਣ।

ਰੌਬਰਟ ਚਿੱਠੀ ਵਿੱਚ ਲਿਖਦੇ ਹਨ, 'ਬੇਸ਼ੱਕ ਉਹ ਇਹ ਸਮਝਦੇ ਹਨ ਕਿ ਭਾਰਤ-ਅਮਰੀਕਾ ਕਿਸੇ ਵੀ ਸੰਧੀ ਵਿੱਚ ਭਾਗੀਦਾਰ ਨਹੀਂ ਹੈ ਅਤੇ ਰੂਸ ਅਤੇ ਸੋਵੀਅਤ ਨਾਲ ਭਾਰਤ ਦੇ ਪਿਛਲੇ ਸਮਿਆਂ ਵਿਚ ਸੁਰੱਖਿਆ ਸੌਦੇ ਵੀ ਹੁੰਦੇ ਰਹੇ ਹਨ। ਫਿਰ ਵੀ ਜੇਕਰ ਭਾਰਤ ਐੱਸ-400 ਮਿਜ਼ਾਈਲ ਸਿਸਟਮ ਨੂੰ ਖਰੀਦਣ ਲਈ ਰੂਸ ਨਾਲ ਅੱਗੇ ਵਧਣਾ ਚਾਹੁੰਦਾ ਹੈ, ਤਾਂ ਰੂਸੀ ਸੁਰੱਖਿਆ ਵਿਭਾਗ ਨਾਲ ਇਹ ਸੌਦਾ ਸਿੱਧੇ ਤੌਰ 'ਤੇ ਅਮਰੀਕਾ ਦੇ **Countering American Adverseries Through Sanctions Act (CAATSA)** ਦੇ ਵਿਰੁੱਧ ਭੁਗਤੇਗਾ।'

'ਇਹ ਕਦਮ ਅਮਰੀਕਾ ਅਤੇ ਭਾਰਤ ਦੇ ਸੰਵੇਦਨਸ਼ੀਲ ਸੁਰੱਖਿਆ ਉਪਕਰਨਾਂ ਦੇ ਸਹਿਯੋਗ ਅਤੇ ਵਿਕਾਸ ਦੀ ਸਮਰੱਥਾ ਨੂੰ ਸੀਮਿਤ ਕਰ ਦੇਵੇਗਾ। ਮੈਂ ਚਾਹੁੰਦਾ ਹਾਂ ਕਿ ਗੱਲਬਾਤ ਸਮੇਂ ਤੁਸੀਂ ਆਪਣੇ ਭਾਰਤੀ ਸਹਿਯੋਗੀਆਂ ਨੂੰ ਇਹ ਗੱਲ ਬਿਲਕੁਲ ਸਪੱਸ਼ਟ ਕਰ ਦਵੋ।'



ਜ਼ਿਕਰਯੋਗ ਹੈ ਕਿ ਰੌਬਰਟ ਮੈਨੇਨਡਜ਼ ਇੱਕ ਮਹੱਤਵਪੂਰਨ ਅਹੁਦੇ 'ਤੇ ਬੈਠੇ ਹਨ, ਜੋ ਅਮਰੀਕੀ ਵਿਦੇਸ਼ ਨੀਤੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਮੌਜੂਦਾ ਰਾਸ਼ਟਰਪਤੀ ਜੋਅ ਬਾਈਡਨ ਵੀ ਜਾਰਜ਼ ਬੁਸ਼ ਦੇ ਸਮੇਂ ਇਸ ਅਹੁਦੇ 'ਤੇ ਰਹਿੰਦਿਆਂ ਵਿਦੇਸ਼ੀ ਸਬੰਧਾਂ ਵਿੱਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੇ ਰਹੇ ਹਨ।

ਇਸ ਲਈ ਇਹ ਪੱਤਰ ਬਹੁਤ ਮਹੱਤਵਪੂਰਨ ਹੈ, ਜਿਸ ਵਿੱਚ ਅੱਗੇ ਉਹ ਲਿਖਦੇ ਹਨ, 'ਭਾਰਤ-ਅਮਰੀਕਾ ਦੇ ਸਬੰਧਾਂ ਨੂੰ ਬਣਾਈ ਰੱਖਣਾ, ਇੱਕੀਵੀਂ ਸਦੀ ਦੀਆਂ ਚੁਣੌਤੀਆਂ ਦੇ ਸੰਦਰਭ ਵਿੱਚ ਕਾਫੀ ਗੁੰਝਲਦਾਰ ਹੈ, ਜਿਨਾਂ ਵਿੱਚ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰੀ ਭਾਵਨਾਵਾਂ ਨੂੰ ਬਰਕਰਾਰ ਰੱਖਣਾ ਵੀ ਸ਼ਾਮਿਲ ਹੈ। ਮੈਂ ਤੁਹਾਨੂੰ ਸਖ਼ਤੀ ਨਾਲ ਇਸ ਗੱਲ ਲਈ ਪ੍ਰੇਰਿਤ ਕਰਦਾ ਹਾਂ ਕਿ ਤੁਸੀਂ ਭਾਰਤ ਨੂੰ ਇਹ ਸਪੱਸ਼ਟ ਕਰੋ ਕਿ ਸੁਰੱਖਿਆ ਸਹਿਯੋਗ ਅਤੇ ਹੋਰ ਖੇਤਰਾਂ ਵਿੱਚ ਅਮਰੀਕਾ ਦੇ ਸਹਿਯੋਗ ਲਈ ਲੋਕਤੰਤਰਿਕ ਭਾਵਨਾਵਾਂ ਨੂੰ ਆਧਾਰ ਬਣਾ ਕੇ ਚੱਲਣਾ ਚਾਹੀਦਾ ਹੈ।'

ਹਾਲਾਂਕਿ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਮਸਲੇ ਪੈਂਟਾਗਨ ਦੇ ਡੋਮੇਨ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੇ, ਫਿਰ ਵੀ ਇਸ ਮਸਲੇ 'ਤੇ ਗੱਲਬਾਤ ਕਰਨ ਦੀ ਸਖਤ ਹਦਾਇਤਨੁਮਾ ਸਲਾਹ ਰੌਬਰਟ ਨੇ ਅਮਰੀਕਨ ਸੁਰੱਖਿਆ ਸੈਕਟਰੀ ਨੂੰ ਦਿੱਤੀ।

**ਸਿਹਤ ਸੰਭਾਲ**
**ਵਿਸ਼ੇਸ਼ ਅੰਕ**



## ਤਿਹਾੜ ਜੇਲ੍ਹ ਤੋਂ ਬਾਹਰ ਆਏ ਰਣਜੀਤ ਸਿੰਘ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਕਿਸਾਨ ਅੰਦੋਲਨ ਦੌਰਾਨ ਸਿੰਘੂ ਬਾਡਰ ਤੋਂ ਗ੍ਰਿਫਤਾਰ ਕੀਤੇ ਗਏ ਨੌਜਵਾਨ 'ਰਣਜੀਤ ਸਿੰਘ' ਨੂੰ ਜਮਾਨਤ ਤੇ ਰਿਹਾਅ ਕਰ ਦਿੱਤਾ ਗਿਆ ਹੈ। ਰਣਜੀਤ ਸਿੰਘ ਦੇ ਤਿਹਾੜ ਜੇਲ੍ਹ ਵਿਚੋਂ ਬਾਹਰ ਆਉਣ 'ਤੇ ਸਿੱਖ ਸੰਗਤਾਂ ਨੇ ਉਸਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ। ਜਿਕਰਯੋਗ ਹੈ ਕਿ ਰਣਜੀਤ ਸਿੰਘ ਨੂੰ ਉਸ ਵੇਲੇ ਪੁਲਿਸ ਨੇ ਚੁੱਕ ਲਿਆ ਸੀ, ਜਦੋਂ ਉਹ ਸਿੰਘੂ ਬਾਡਰ ਤੇ ਹਮਲਾ ਕਰਨ ਆਏ ਭਾਜਪਾਈ ਗੁੰਡਿਆਂ ਨਾਲ ਬੀਬੀਆਂ ਨੂੰ ਬਚਾਉਣ ਲਈ ਭਿੜ ਗਿਆ ਸੀ। ਪਰ ਮੂਕ ਦਰਸਕ ਬਣੀ ਖੜੀ ਪੁਲਿਸ ਨੇ ਵਿਵਾਦਿਤ ਕਾਰਵਾਈ ਕਰਦਿਆਂ ਅਚਾਨਕ ਰਣਜੀਤ ਸਿੰਘ ਨੂੰ ਆ ਦਬੋਚਿਆ ਅਤੇ ਭੀੜ ਨਾਲ ਮਿਲਕੇ ਉਸਦੀ ਕੁੱਟ ਮਾਰ ਵੀ ਕੀਤੀ ਸੀ,ਜਿਸ ਦੌਰਾਨ ਸੜਕ ਤੇ ਹੀ ਉਸਨੂੰ ਅਲਫ ਨੰਗਾ ਤੱਕ ਕਰ ਦਿੱਤਾ ਗਿਆ ਸੀ।

ਪੰਜਾਬ ਅਤੇ ਵੱਖ-ਵੱਖ ਥਾਵਾਂ ਤੇ ਨੌਜਵਾਨਾਂ ਵੱਲੋਂ ਰਣਜੀਤ ਸਿੰਘ, ਦੀਪ ਸਿੱਧੂ ਅਤੇ ਹੋਰ ਗ੍ਰਿਫਤਾਰ ਨੌਜਵਾਨਾਂ ਦੀ ਰਿਹਾਈ ਅਤੇ ਪਰਚੇ ਰੱਦ ਕਰਣ ਲਈ ਪ੍ਰਦਰਸਨ ਵੀ ਕੀਤੇ ਜਾ ਰਹੇ ਸਨ। ਰਣਜੀਤ ਸਿੰਘ ਨੇ ਜ਼ਮਾਨਤ 'ਤੇ ਰਿਹਾਅ ਹੋਣ ਮਗਰੋਂ ਸ਼ੁਕਰਾਨੇ ਵਜੋਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਉਹ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਸਿਰਸਾ ਨਾਲ ਦਿੱਲੀ ਤੋਂ ਇੱਥੇ ਪੁੱਜਿਆ ਸੀ। ਉਸ ਨੇ ਆਖਿਆ ਕਿ ਕਿਸਾਨ ਸੰਘਰਸ਼ ਜਿੱਤ ਪ੍ਰਾਪਤੀ ਨਾਲ ਹੀ ਸਮਾਪਤ ਹੋਵੇਗਾ। ਰਣਜੀਤ ਸਿੰਘ ਨੇ ਦੱਸਿਆ ਕਿ ਪੁਲਸ ਹਿਰਾਸਤ ਵਿਚ ਉਸ 'ਤੇ ਭਾਰੀ ਤਸ਼ੱਦਦ



ਕੀਤਾ ਗਿਆ ਪਰ ਉਹ ਵਾਹਿਗੁਰੂ ਦਾ ਸਿਮਰਨ ਕਰਦਿਆਂ ਸਾਰਾ ਤਸ਼ੱਦਦ ਝੱਲ ਗਿਆ।

ਰਣਜੀਤ ਸਿੰਘ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਅਤੇ ਉਸ ਦੇ ਮੂੰਹ ਨੂੰ ਪੁਲੀਸ ਕਰਮਚਾਰੀ ਵੱਲੋਂ ਆਪਣੇ ਬੂਟ ਨਾਲ ਦਬਾਉਣ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਸਨ ਅਤੇ ਕਿਸਾਨ ਸੰਘਰਸ਼ 'ਤੇ ਸਰਕਾਰੀ ਜ਼ਬਰ ਦਾ ਚਿੰਨ੍ਹ ਬਣ ਗਈਆਂ ਸਨ। ਰਣਜੀਤ ਸਿੰਘ ਨੇ ਆਖਿਆ ਕਿ ਉਹ ਸਿਰਫ ਕਿਸਾਨ ਸੰਘਰਸ਼ ਵਿੱਚ ਸ਼ਮੂਲੀਅਤ ਲਈ ਦਿੱਲੀ ਗਿਆ ਸੀ। ਉਸ ਨੇ ਦੱਸਿਆ ਕਿ ਜਿਸ ਦਿਨ ਇਹ ਘਟਨਾ ਵਾਪਰੀ, ਉਹ ਹਮਲਾਵਰ ਭੀੜ ਨੂੰ ਕੈਂਪ ਤੋਂ ਦੂਰ ਕਰਨਾ ਚਾਹੁੰਦਾ ਸੀ ਤਾਂ ਜੋ ਕੋਈ ਨੁਕਸਾਨ ਨਾ ਹੋਵੇ। ਕਿਰਪਾਨ ਨਾਲ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਉਸ ਦਾ ਮੰਤਵ ਨਹੀਂ ਸੀ। ਉਸ ਨੇ ਕਿਹਾ ਕਿ ਉਹ ਕਿਸਾਨ ਸੰਘਰਸ਼ ਦੀ ਜਿੱਤ ਮਗਰੋਂ ਹੀ ਘਰ ਪਰਤੇਗਾ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਸਿਰਸਾ ਨੇ ਆਖਿਆ ਕਿ ਜਦੋਂ ਉਹ ਪਹਿਲੇ ਦਿਨ ਜੇਲ੍ਹ ਵਿੱਚ ਰਣਜੀਤ ਸਿੰਘ ਨੂੰ ਮਿਲੇ ਸਨ ਤਾਂ ਜ਼ਖਮੀ ਹੋਣ ਦੇ ਬਾਵਜੂਦ ਉਸ ਦਾ ਹੌਸਲਾ ਬੁਲੰਦ ਸੀ। ਉਸ ਦੇ ਕੇਸ ਵਿੱਚ ਕਈ ਅਜਿਹੀਆਂ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ ਸਨ, ਜਿਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਸਬੰਧ ਹੀ ਨਹੀਂ ਸੀ। ਉਨ੍ਹਾਂ ਆਖਿਆ ਕਿ ਦਿੱਲੀ ਕਮੇਟੀ ਕਿਸਾਨ ਸੰਘਰਸ਼ ਦੇ ਹੱਕ ਵਿੱਚ ਡਟ ਕੇ ਖੜ੍ਹੀ ਹੈ ਅਤੇ ਇਸ ਮਾਮਲੇ ਵਿੱਚ ਗ੍ਰਿਫਤਾਰ ਕਿਸਾਨਾਂ ਤੇ ਨੌਜਵਾਨਾਂ ਦੀ ਰਿਹਾਈ ਲਈ ਹਰ ਸੰਭਵ ਯਤਨ ਜਾਰੀ ਹਨ। ਉਨ੍ਹਾਂ ਨਾਲ ਜ਼ਮਾਨਤ ਕਰਾਉਣ ਵਾਲੇ ਵਕੀਲ ਵੀ ਹਾਜਰ ਸਨ।

ਸੂਚਨਾ ਕੇਂਦਰ ਵਿੱਚ ਰਣਜੀਤ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ, ਸਿੱਖ ਯੂਥ ਪਾਵਰ ਆਫ ਪੰਜਾਬ ਦੇ ਆਗੂ ਪਰਮਜੀਤ ਸਿੰਘ ਅਕਾਲੀ ਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਇਸ ਨੌਜਵਾਨ ਨੂੰ ਸਿਰੋਪਾਓ ਦੇ ਕੇ ਸਨਮਾਨਿਆ।

## ਸਰਕਾਰ ਚਲਾਉਣ ਲਈ ਦੇਸ਼ ਗਹਿਣੇ ਧਰਨ ਦਾ 'ਮੋਦੀ-ਨਿਰਮਲਾ ਮੰਤਰ'

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਰਾਸ਼ਟਰੀ ਮੁਦਰੀਕਰਣ ਪਾਈਪਲਾਈਨ ਦੇ ਤਹਿਤ 1 ਫਰਵਰੀ ਨੂੰ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਸਰਕਾਰੀ ਸਾਧਨਾਂ ਦਾ ਮੁੱਲ ਪਵਾਉਣ ਦਾ ਐਲਾਨ ਕੀਤਾ ਸੀ। ਨੀਤੀ ਆਯੋਗ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਹ ਕਦਮ ਚੁੱਕੇ ਜਾ ਰਹੇ ਹਨ, ਜਿਸ ਵਿੱਚ ਵਿੱਤੀ ਸਾਲਾਂ 2021-2024 ਤੱਕ, 2.5 ਲੱਖ ਕਰੋੜ ਦੇ ਵਸੀਲੇ ਇਕੱਤਰ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਇਸ ਔਖੇ ਟੀਚੇ ਤੱਕ ਪੁੱਜਣ ਲਈ, ਖਜ਼ਾਨਾ ਮੰਤਰੀ ਵੱਲੋਂ ਵੱਖ-ਵੱਖ ਮੰਤਰਾਲਿਆਂ ਨੂੰ ਮੁਦਰੀਕਰਨ ਕੀਤੇ ਜਾ ਸਕਣ ਵਾਲੇ ਸਾਧਨਾਂ ਦੀ ਸੂਚੀ ਭੇਜਣ ਅਤੇ ਇਸ ਮਕਸਦ ਲਈ ਵਸੀਲੇ ਇਕੱਠੇ ਕਰਨ ਹਿੱਤ ਸਲਾਹਾਂ ਵੀ ਮੰਗੀਆਂ ਹਨ। ਮੁੱਖ ਤੌਰ 'ਤੇ ਭਾਰਤ ਸਰਕਾਰ ਦੇ ਅੱਠ ਮਹਿਕਮਿਆਂ ਦੇ ਹੇਠ ਆਉਂਦੇ ਸਾਧਨ ਇਸ ਕਾਰਵਾਈ ਦਾ ਹਿੱਸਾ ਬਣਨਗੇ।

ਇਸ ਦਾ ਮਕਸਦ ਸਰਕਾਰ ਵੱਲੋਂ ਆਰਥਿਕ ਸਥਿਤੀਆਂ ਦੀ ਪਾਰਦਰਸ਼ਤਾ ਵਧਾਉਣ ਅਤੇ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਦੱਸਿਆ ਜਾ ਰਿਹਾ ਹੈ। ਇਸ ਯਤਨ ਅਧੀਨ ਸੜਕਾਂ, ਬਿਜਲੀ ਉਪਕਰਨ, ਮਸ਼ੀਨਰੀ, ਗਰਿੱਡ ਆਦਿ, ਤੇਲ ਅਤੇ ਗੈਸ ਪਾਈਪ ਲਾਈਨਾਂ, ਟੈਲੀਕੌਮ ਟਾਵਰ, ਖੇਡ ਸਟੇਡੀਅਮ ਤੋਂ ਲੈ ਕੇ ਰੇਲਵੇ ਸਟੇਸ਼ਨ ਅਤੇ ਹਵਾਈ-ਅੱਡੇ ਤੱਕ ਦਾ ਮੁੱਲ ਪਾ ਕੇ ਪ੍ਰਾਈਵੇਟ ਹੱਥਾਂ ਵਿਚ ਸੌਂਪਣ



ਦੀ ਤਿਆਰੀ ਕੀਤੀ ਜਾ ਰਹੀ ਹੈ। ਰੇਲਵੇ ਵਿਭਾਗ, ਸਭ ਤੋਂ ਵੱਧ, 9000 ਕਰੋੜ ਰੁਪਏ ਦਾ ਹਿੱਸਾ ਪਾਉਣ ਲਈ 150 ਯਾਤਰੀ ਰੇਲਗੱਡੀਆਂ ਅਤੇ 50 ਰੇਲਵੇ ਸਟੇਸ਼ਨਾਂ ਨੂੰ ਪ੍ਰਾਈਵੇਟ ਅਦਾਰਿਆਂ ਨੂੰ ਦੇਣ ਦੀ ਤਿਆਰੀ ਖਿੱਚ ਰਿਹਾ ਹੈ।

ਸੜਕ ਅਤੇ ਆਵਾਜਾਈ ਮੰਤਰਾਲਾ 7200 ਕਿ.ਮੀ. ਸੜਕਾਂ ਦਾ, ਵੱਖੋ-ਵੱਖ ਰਸਤਿਆਂ ਰਾਹੀਂ ਮੁਦਰੀਕਰਣ ਕਰੇਗਾ।

ਜਵਾਹਰ ਲਾਲ ਨਹਿਰੂ ਸਟੇਡੀਅਮ ਜਿਹੇ ਖੇਡ ਸਟੇਡੀਅਮ, ਮੁੰਬਈ, ਦਿੱਲੀ, ਬੰਗਲੌਰ ਸਮੇਤ 13 ਹਵਾਈ ਅੱਡੇ, ਬੀਐਸਐਨਐਲ, ਐਮਟੀਐਨਐਲ, ਭਾਰਤਨੈਟ ਦੇ ਟਾਵਰ, ਕੇਬਲ ਲਾਈਨਾਂ ਆਦਿ 30 ਦੇ ਕਰੀਬ ਬੰਦਰਗਾਹਾਂ ਦੀ ਥਾਂ ਅਤੇ ਸਬੰਧਤ ਢਾਂਚਿਆਂ ਨੂੰ ਮੁਦਰੀਕਰਣ ਪ੍ਰਕਿਰਿਆ ਹੇਠ ਲੀਜ਼ 'ਤੇ ਦੇਣ ਦੀ ਯੋਜਨਾ ਹੈ।

ਅਗਲੇ ਸਮੇਂ ਵਿੱਚ ਇਸ ਪ੍ਰਕਿਰਿਆ ਹੇਠ ਆਵਾਸ ਅਤੇ ਸ਼ਹਿਰੀ ਮੰਤਰਾਲਾ, ਕੋਲ ਮੰਤਰਾਲਾ, ਖਦਾਨਾਂ ਦਾ ਵਿਭਾਗ, ਸੈਰ-ਸਪਾਟਾ ਮਹਿਕਮੇ ਦੇ ਸਾਧਨ ਵੀ ਲਿਆਏ ਜਾਣ ਦਾ ਅੰਦੇਸ਼ਾ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਦਨ ਵੱਲੋਂ ਇਮੀਗ੍ਰੇਸ਼ਨ ਬਿੱਲ ਪਾਸ, ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਸ਼ਰਤਾਂ ਸਹਿਤ ਮਿਲੇਗਾ ਸਥਾਈ ਨਿਵਾਸੀ ਦਾ ਦਰਜਾ

## ਸੈਨੇਟ ਵਿਚ ਆ ਸਕਦੀ ਹੈ ਮੁਸ਼ਕਿਲ, ਖੇਤੀ ਕਾਮਿਆਂ ਨੂੰ ਗਰੀਨ ਕਾਰਡ ਦੇਣ ਸਬੰਧੀ ਵੀ ਬਿੱਲ ਨੂੰ ਪ੍ਰਵਾਨਗੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਪ੍ਰਤੀਨਿੱਧ ਸਦਨ ਨੇ ਲੰਘੇ ਦਿਨ ਬਿਨਾਂ ਦਸਤਾਵੇਜ਼ ਰਹਿ ਰਹੇ ਪ੍ਰਵਾਸੀਆਂ ਨੂੰ ਨਾਗਰਿਕਤਾ ਦੇਣ ਵਾਸਤੇ ਢੰਗ-ਤਰੀਕਾ ਤਿਆਰ ਕਰਨ ਲਈ ਇਕ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਪ੍ਰੰਤੂ ਸੈਨੇਟ ਵਿਚ ਅਸਲੀ ਪਰਖ ਹੋਵੇਗੀ, ਜਿਥੇ ਬਿੱਲ ਨੂੰ ਪਾਸ ਕਰਨ ਲਈ ਰਿਪਬਲੀਕਨਾਂ ਦੀ ਹਮਾਇਤ ਜ਼ਰੂਰੀ ਹੋਵੇਗੀ। ਸੈਨੇਟ ਵਿਚ ਕਿਸੇ ਕਿਸਮ ਦਾ ਗਤੀਰੋਧ ਟਾਲਣ ਲਈ ਬਿੱਲ ਨੂੰ ਪਾਸ ਕਰਨ ਵਾਸਤੇ ਘੱਟੋ ਘੱਟ 10 ਰਿਪਬਲੀਕਨਾਂ ਦੀ ਲੋੜ ਪਵੇਗੀ। 'ਅਮੈਰੀਕਨ ਡਰੀਮ ਐਂਡ ਪ੍ਰੌਮਿਸ ਐਕਟ' 228-197 ਵੋਟਾਂ ਦੇ ਫਰਕ ਨਾਲ ਪਾਸ ਹੋਇਆ। ਇਸ ਬਿੱਲ ਤਹਿਤ ਤਕਰੀਬਨ 25 ਲੱਖ ਪ੍ਰਵਾਸੀਆਂ ਨੂੰ 10 ਸਾਲਾਂ ਵਾਸਤੇ ਸ਼ਰਤਾਂ ਤਹਿਤ ਸਥਾਈ ਤੌਰ 'ਤੇ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦੇਣ ਦੀ ਵਿਵਸਥਾ ਕੀਤੀ ਗਈ ਹੈ। ਪ੍ਰਵਾਸੀਆਂ ਨੂੰ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਪ੍ਰਵਾਸੀ ਇਕ ਜਨਵਰੀ 2021 ਨੂੰ ਜਾਂ ਇਸ ਤੋਂ ਪਹਿਲਾਂ ਅਮਰੀਕਾ ਵਿਚ ਮੌਜੂਦ ਹੋਵੇ ਤੇ ਉਸ ਦੀ ਅਮਰੀਕਾ ਵਿਚ ਦਾਖਲ ਹੋਣ ਸਮੇਂ ਉਮਰ 18 ਸਾਲ ਜਾਂ ਇਸ ਤੋਂ ਘੱਟ ਹੋਵੇ। ਇਸ ਦੇ ਇਲਾਵਾ ਘਰੇਲੂ ਹਿੰਸਾ, ਸਰੀਰਕ ਸ਼ੋਸ਼ਣ ਜਾਂ ਮਨੁੱਖੀ ਤਸਕਰੀ ਵਰਗੇ ਅਪਰਾਧ ਵਿਚ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ। ਬਿੱਲ ਵਿਚ ਇਹ ਵੀ ਵਿਵਸਥਾ ਹੈ ਕਿ ਅਮਰੀਕਾ ਦਾ ਸ਼ਹਿਰੀ ਬਣਨ ਦੇ ਚਾਹਵਾਨ ਪ੍ਰਵਾਸੀ ਯੂਨੀਵਰਸਿਟੀ ਜਾਂ ਕਾਲਜ ਤੋਂ ਡਿਗਰੀ ਲੈ ਕੇ ਜਾਂ ਮਿਲਟਰੀ ਵਿਚ ਘੱਟੋ ਘੱਟ 2 ਸਾਲ ਸੇਵਾ ਕਰਕੇ ਸਥਾਈ ਵਾਸੀ ਦਾ ਰੁਤਬਾ ਪ੍ਰਾਪਤ ਕਰ ਸਕਦੇ ਹਨ। ਜੋਅ ਬਾਈਡਨ ਪ੍ਰਸ਼ਾਸਨ ਨੇ ਬਿੱਲ ਪੇਸ਼ ਕਰਨ ਤੋਂ ਪਹਿਲਾਂ ਇਕ ਟਵੀਟ ਵਿਚ ਸਦਨ ਦੇ ਸਾਰੇ ਮੈਂਬਰਾਂ ਨੂੰ ਇਸ ਦੇ ਹੱਕ ਵਿਚ ਵੋਟ ਪਾਉਣ ਦੀ ਬੇਨਤੀ ਕੀਤੀ ਸੀ ਜਿਸ ਪ੍ਰਤੀ ਹੁੰਗਾਰਾ ਭਰਦਿਆਂ 9 ਰਿਪਬਲੀਕਨਾਂ ਨੇ ਬਿੱਲ ਦੇ ਹੱਕ ਵਿਚ ਵੋਟ ਪਾਈ। ਇਥੇ ਜ਼ਿਕਰਯੋਗ ਹੈ ਕਿ ਸਦਨ ਨੇ 2019 ਵਿਚ ਵੀ ਬਿੱਲ ਪਾਸ ਕੀਤਾ ਸੀ ਤੇ ਉਸ ਸਮੇਂ 7 ਰਿਪਬਲੀਕਨਾਂ ਨੇ ਬਿੱਲ ਦੇ ਹੱਕ ਵਿਚ ਵੋਟ ਪਾਈ ਸੀ ਪ੍ਰੰਤੂ ਰਿਪਬਲੀਕਨਾਂ ਦੀ ਬਹੁਮਤ ਵਾਲੀ ਸੈਨੇਟ ਵਿਚ ਇਹ ਬਿੱਲ ਪੇਸ਼ ਨਹੀਂ ਸੀ ਕੀਤਾ ਗਿਆ।

**ਖੇਤੀ ਕਾਮਿਆਂ ਸਬੰਧੀ ਬਿੱਲ ਪਾਸ-** ਸਦਨ ਨੇ ਇਕ ਹੋਰ ਬਿੱਸ ਪਾਸ ਕਰਕੇ ਸੈਨੇਟ ਨੂੰ ਭੇਜ ਦਿੱਤਾ ਹੈ। ਇਸ ਬਿੱਲ ਤਹਿਤ ਬਿਨਾਂ ਦਸਤਾਵੇਜ਼ਾਂ ਵਾਲੇ ਖੇਤੀ ਕਾਮਿਆਂ ਨੂੰ ਗਰੀਨ ਕਾਰਡ ਦੇਣ ਦੀ ਵਿਵਸਥਾ ਕੀਤੀ ਗਈ ਹੈ। ਇਹ ਬਿੱਲ 247-174 ਵੋਟਾਂ ਦੇ ਫਰਕ ਨਾਲ ਪਾਸ ਹੋਇਆ। 30 ਰਿਪਬਲੀਕਨਾਂ ਨੇ ਵੀ ਬਿੱਲ ਦੇ ਹੱਕ ਵਿਚ ਵੋਟ ਪਾਈ। ਇਸ ਬਿੱਲ ਤਹਿਤ ਉਹ ਕਾਮੇ ਪ੍ਰਮਾਣਿਤ ਖੇਤੀਬਾੜੀ ਵਰਕਰ ਦਾ ਆਰਜੀ ਰੁਤਬਾ ਹਾਸਲ ਕਰ ਸਕਦੇ ਹਨ ਜਿਨਾਂ ਨੇ ਪਿਛਲੇ 2 ਸਾਲਾਂ ਦੌਰਾਨ ਘੱਟੋ ਘੱਟ 180 ਦਿਨ ਖੇਤੀਬਾੜੀ ਕਾਮੇ ਵਜੋਂ ਕੰਮ ਕੀਤਾ ਹੋਵੇ। ਇਸ ਬਿੱਲ ਤਹਿਤ ਕਾਮੇ ਦੀ ਪਤਨੀ ਜਾਂ ਬੱਚੇ ਵੀ ਆਰਜ਼ੀ ਦਰਜੇ ਲਈ ਦਰਖਾਸਤ ਦੇ ਸਕਦੇ ਹਨ। ਇਸ ਬਿੱਲ ਤਹਿਤ ਖੇਤੀ ਕਾਮੇ 1000 ਡਾਲਰ ਦਾ ਜੁਰਮਾਨਾ ਭਰਕੇ ਤੇ ਖੇਤੀਬਾੜੀ ਵਿਚ ਲੰਬਾ ਸਮਾਂ ਕੰਮ ਕਰਕੇ ਗਰੀਨ ਕਾਰਡ ਹਾਸਲ ਕਰ ਸਕਦੇ ਹਨ। ਇਸ ਤੋਂ ਇਲਾਵਾ ਐਚ 2-ਏ ਵੀਜ਼ੇ ਜਾਰੀ ਕੀਤੇ ਜਾਣਗੇ ਜਿਸ ਤਹਿਤ ਵਿਦੇਸ਼ੀ ਕਾਮੇ ਆਰਜ਼ੀ ਤੌਰ 'ਤੇ ਖੇਤੀਬਾੜੀ ਵਿਚ ਕੰਮ ਕਰਨ ਲਈ ਅਮਰੀਕਾ ਆ ਸਕਣਗੇ।

# ਪਹਿਲੀ ਮਈ ਤੱਕ ਸਾਰੇ ਬਾਲਗ ਅਮਰੀਕੀਆਂ ਨੂੰ ਕੋਵਿਡ ਟੀਕਾ ਲਾ ਦਿੱਤਾ ਜਾਵੇ : ਜੋ ਬਾਈਡਨ

## ਟੀਕਾਕਰਨ ਸੈਂਟਰ ਦੁੱਗਣੇ ਕਰਨ ਦਾ ਐਲਾਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਈਡਨ ਨੇ ਆਪਣੇ ਸੰਬੋਧਨ ਵਿਚ ਰਾਜਾਂ ਨੂੰ ਆਦੇਸ਼ ਦਿੱਤੇ ਕਿ ਉਹ ਹਰ ਹਾਲਤ ਵਿਚ ਪਹਿਲੀ ਮਈ 2021 ਤੱਕ ਸਾਰੇ ਅਮਰੀਕੀ ਬਾਲਗਾਂ ਨੂੰ ਕੋਵਿਡ-19 ਦੇ ਟੀਕੇ ਲਾ ਦੇਣ। ਉਨਾਂ ਕਿਹਾ ਕਿ ਜੇਕਰ ਆਉਣ ਵਾਲੇ ਹਫਤਿਆਂ ਦੌਰਾਨ ਅਸੀਂ ਸਾਰੇ ਆਪਣੇ ਫਰਜ ਨੂੰ ਪਛਾਣਦੇ ਹੋਏ ਟੀਕਾਕਰਨ ਕਰਵਾ ਲੈਂਦੇ ਹਾਂ ਤਾਂ ਅਸੀਂ ਭਵਿੱਖ ਵਿਚ ਛੋਟੇ ਸਮੂਹਾਂ ਵਿਚ ਇਕੱਠੇ ਹੋ ਸਕਦੇ ਹਾਂ ਤੇ 4 ਜੁਲਾਈ ਨੂੰ ਅਜ਼ਾਦੀ ਦਿਵਸ ਦੇ ਜਸ਼ਨਾਂ ਲਈ ਵੀ ਜੁੜ ਸਕਾਂਗੇ। ਉਨਾਂ ਕਿਹਾ ਕਿ ਟੀਕਾਕਰਨ ਦਾ ਅਗਲਾ ਪੜਾਅ ਜੀਵਨ ਆਮ ਵਾਂਗ ਕਰਨ ਵਿਚ ਸਹਾਈ ਹੋਵੇਗਾ। ਰਾਸ਼ਟਰਪਤੀ ਵਿਸ਼ਵ ਸਿਹਤ ਸੰਗਠਨ ਵੱਲੋਂ ਕੋਵਿਡ-19 ਮਹਾਂਮਾਰੀ ਫੈਲਣ ਉਪਰੰਤ ਇਕ ਸਾਲ ਮੁਕੰਮਲ ਹੋਣ 'ਤੇ 1.9 ਖਰਬ ਡਾਲਰ ਦੇ ਪ੍ਰੋਤਸਾਹਨ ਪੈਕੇਜ ਉਪਰ ਦਸਤਖਤ ਕਰਨ ਉਪਰੰਤ ਰਾਸ਼ਟਰ ਨੂੰ ਸੰਬੋਧਨ ਕਰ ਰਹੇ ਸਨ। ਇਸ ਪੈਕੇਜ ਤਹਿਤ ਅਮਰੀਕੀਆਂ ਨੂੰ 1400 ਡਾਲਰ ਪ੍ਰਤੀ ਹਫਤਾ ਕੋਵਿਡ ਰਾਹਤ ਮਿਲੇਗੀ। ਇਥੇ ਜ਼ਿਕਰਯੋਗ ਹੈ ਕਿ ਆਸ ਤੋਂ 2 ਮਹੀਨੇ ਪਹਿਲਾਂ ਅਮਰੀਕੀ ਵਾਸੀਆਂ ਲਈ ਕੋਵਿਡ-19 ਵੈਕਸੀਨ ਉਪਲਬਧ ਹੋ ਜਾਵੇਗੀ। ਰਾਸ਼ਟਰਪਤੀ ਨੇ ਲੋਕਾਂ ਨੂੰ ਕੋਵਿਡ ਟੀਕਾ ਲਾਉਣ ਲਈ ਨਿਰਧਾਰਤ ਥਾਵਾਂ ਵਧਾਉਣ ਲਈ ਕਦਮ ਚੁੱਕਣ ਦਾ ਐਲਾਨ ਵੀ ਕੀਤਾ। ਇਨਾਂ ਕਦਮਾਂ ਤਹਿਤ ਟੀਕਾਕਰਨ ਵਿਚ ਮਦਦ ਲਈ 4000 ਹੋਰ ਸੈਨਿਕਾਂ ਤਾਇਨਾਤ ਕੀਤੇ ਜਾਣਗੇ। 2000 ਸੈਨਿਕ ਪਹਿਲਾਂ ਹੀ ਟੀਕਾਕਰਨ ਮੁਹਿੰਮ ਵਿਚ ਮੱਦਦ ਕਰ ਰਹੇ ਹਨ। ਟੀਕਾਕਰਨ ਮੁਹਿੰਮ ਵਿਚ ਦੰਦਾਂ ਦੇ ਡਾਕਟਰਾਂ, ਡਾਕਟਰਾਂ ਦੇ ਸਹਾਇਕਾਂ ਤੇ ਹੋਰ ਮੈਡੀਕਲ ਪੇਸ਼ਾਵਰਾਂ ਦੀ ਮਦਦ ਵੀ ਲਈ ਜਾਵੇਗੀ। ਰਾਸ਼ਟਰਪਤੀ ਨੇ 700 ਹੋਰ ਕਮਿਊਨਿਟੀ ਹੈਲਥ ਸੈਂਟਰਾਂ ਨੂੰ ਕੋਵਿਡ-19 ਦੇ ਟੀਕੇ ਸਿੱਧੇ ਸਪਲਾਈ ਕਰਨ ਦਾ ਐਲਾਨ ਵੀ ਕੀਤਾ। ਇਸ ਨਾਲ ਕੁਲ ਹੈਲਥ ਸੈਂਟਰਾਂ ਦੀ ਗਿਣਤੀ ਜਿਨਾਂ ਨੂੰ ਟੀਕਿਆਂ ਦੀ ਸਿੱਧੀ ਸਪਲਾਈ ਕੀਤੀ ਜਾਣੀ ਹੈ, 950 ਹੋ ਜਾਵੇਗੀ। ਇਸੇ ਤਰਾਂ ਦਵਾਖਾਨਿਆਂ ਦੀ ਗਿਣਤੀ ਪਹਿਲਾਂ ਨਾਲੋਂ ਦੁੱਗਣੀ ਹੋ ਜਾਵੇਗੀ। ਰਾਸ਼ਟਰਪਤੀ ਬਾਈਡਨ ਨੇ ਕਿਹਾ ਕਿ ਸੰਘੀ ਵੈਕਸੀਨ ਸੈਂਟਰਾਂ ਦੀ ਗਿਣਤੀ ਵੀ ਦੁੱਗਣੀ ਕਰਨ ਦੀ ਯੋਜਨਾ ਹੈ।

# ਕੋਰੋਨਾ ਮਹਾਂਮਾਰੀ ਦੌਰਾਨ ਇਕੱਠੇ ਹੋਏ ਲੋਕਾਂ ਵਿਰੁੱਧ ਕਾਰਵਾਈ, 100 ਗ੍ਰਿਫਤਾਰ

## ਹਿੰਸਾ ਵਿਚ ਦੋ ਪੁਲਿਸ ਅਧਿਕਾਰੀ ਜ਼ਖਮੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਕੋਰੋਨਾ ਪਾਬੰਦੀਆਂ ਦੀ ਉਲੰਘਣਾ ਕਰਕੇ ਫਲੋਰੀਡਾ ਦੀ ਮਿਆਮੀ ਬੀਚ ਉਪਰ ਬਿਨਾਂ ਮਾਸਕ ਪਹਿਨੇ ਇਕੱਠੇ ਹੋਏ ਲੋਕਾਂ ਵਿਰੁੱਧ ਕਾਰਵਾਈ ਕਰਦਿਆਂ ਪੁਲਿਸ ਨੇ 100 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੌਰਾਨ ਆਪੇ ਤੋਂ ਬਾਹਰ ਹੋਈ ਭੀੜ ਹਿੰਸਕ ਹੋ ਗਈ ਜਿਸ ਦੌਰਾਨ 2 ਪੁਲਿਸ ਅਧਿਕਾਰੀ ਜ਼ਖਮੀ ਹੋ ਗਏ ਜਿਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਲੋਕਾਂ ਨੂੰ ਬੀਚ ਉਪਰ ਇਕੱਠੇ ਨਾ ਹੋਣ ਦੇਣ ਲਈ 24 ਘੰਟੇ ਕੰਮ ਕਰ ਰਹੀ ਹੈ। 12-12 ਘੰਟੇ ਦੀਆਂ ਦੋ ਸ਼ਿਫਟਾਂ ਵਿਚ ਪੁਲਿਸ ਅਧਿਕਾਰੀ ਕੰਮ ਕਰ ਰਹੇ ਹਨ। ਮਿਆਮੀ ਬੀਚ ਦੇ ਬੁਲਾਰੇ ਵੀਰੋਨਿਕਾ ਪੇਸੀ ਨੇ ਕਿਹਾ ਹੈ ਕਿ ਫਲੋਰੀਡਾ ਵਿਚ ਮਾਸਕ ਨਾ ਪਾਉਣ ਵਾਲਿਆਂ ਨੂੰ ਜੁਰਮਾਨਾ ਕਰਨ ਦੀ ਇਜਾਜ਼ਤ ਨਹੀਂ ਹੈ। ਇਸ ਲਈ ਅਸੀਂ ਮੁਫ਼ਤ ਮਾਸਕ ਦੀ ਪੇਸ਼ਕਸ਼ ਕਰ ਰਹੇ ਹਾਂ। ਮੇਅਰ ਡੈਨ ਗੈਲਬਰ ਨੇ ਕਿਹਾ ਹੈ ਕਿ ਲੋਕ ਭਾਰੀ ਗਿਣਤੀ ਵਿਚ ਬੀਚ ਉਪਰ ਆ ਰਹੇ ਹਨ ਜੋ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਜ਼ਿਕਰਯੋਗ ਹੈ ਕਿ ਫਲੋਰੀਡਾ ਵਿਚ ਕੋਰੋਨਾ ਮਾਮਲਿਆਂ ਵਿਚ ਆਈ ਗਿਰਾਵਟ ਤੋਂ ਬਾਅਦ ਫਿਰ ਦੁਬਾਰਾ ਮਾਮਲੇ ਵਧਣੇ ਸ਼ੁਰੂ ਹੋ ਗਏ ਹਨ। ਫਲੋਰੀਡਾ ਵਿਚ ਕੁਲ 19,73,109 ਮਾਮਲੇ ਦਰਜ ਹੋਏ ਹਨ। ਸ਼ੁੱਕਰਵਾਰ ਤੋਂ ਬਾਅਦ 5167ਨਵੇਂ ਮਾਮਲੇ ਸਾਹਮਣੇ ਆਏ ਹਨ।

# ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਵਿਦਿਆਰਥੀਆਂ ਵਲੋਂ ਸਾਲਾਨਾ ਸਮਾਗਮ ਕਰਕੇ ਮੇਲ ਮਿਲਾਪ ਵਧਾਉਣ ਦੀ ਯੋਜਨਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਮਾਝੇ ਦੇ ਇਤਿਹਾਸਕ ਤੇ ਸਭ ਤੋਂ ਪੁਰਾਣੇ ਕਾਲਜ ਦੇ ਦੇਸ਼ ਵਿਦੇਸ਼ ਵਿਚ ਰਹਿ ਰਹੇ ਸਾਬਕਾ ਵਿਦਿਆਰਥੀਆਂ ਨੇ ਸਾਲਾਨਾ ਸਮਾਗਮ ਕਰਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੇਹਤਰੀ ਅਤੇ ਆਪਸੀ ਮੇਲ ਮਿਲਾਪ ਵਧਾਉਣ ਲਈ ਇੱਛਾ ਪ੍ਰਗਟ ਕੀਤੀ ਹੈ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਖੇਤੀਬਾੜੀ ਵਿਭਾਗ ਵਿਚ ਲਗਭਗ 40 ਸਾਲ ਬਤੌਰ ਲੈਕਚਰਾਰ ਸੇਵਾ ਨਿਭਾਉਣ ਮਗਰੋਂ ਸੇਵਾਮੁਕਤ ਹੋਏ ਡਾ. ਚਰਨ ਸਿੰਘ ਗਿੱਲ ਸਿਆਟਲ ਪਹੁੰਚੇ ਜਿਨਾਂ ਦੇ ਸਵਾਗਤ ਲਈ ਇਕੱਤਰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੁਰਾਣੇ ਵਿਦਿਆਰਥੀਆਂ ਨੇ ਸਾਲਾਨਾ ਰਾਤਰੀ ਭੋਜ ਤੇ ਸਮਾਗਮ ਆਯੋਜਿਤ ਕਰਕੇ ਆਪਸੀ ਮਿਲਵਰਤਨ, ਸਾਂਝ ਤੇ ਪਿਆਰ ਵਧਾਉਣ ਲਈ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਬਾਬਾ ਬੁੱਢਾ ਸੰਸਥਾ ਦੇ ਅਹੁਦੇਦਾਰਾਂ ਸਤਵਿੰਦਰ ਸਿੰਘ ਸੰਧੂ, ਅਮਰਪਾਲ ਸਿੰਘ ਕਾਹਲੋਂ, ਜਸਬੀਰ ਸਿੰਘ ਰੰਧਾਵਾ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋ. ਰਤਨ ਸਿੰਘ ਗਿੱਲ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਤੇ ਵਾਈਸ ਚਾਂਸਲਰ ਰਹੇ ਬਿਸ਼ਨ ਸਿੰਘ ਸਮੂੰਦਰੀ ਦੇ ਲੜਕੇ ਜਸਜੀਤ ਸਿੰਘ ਸਮੂੰਦਰੀ ਨੂੰ ਪਹਿਲਾ ਸਮਾਗਮ ਸਰੀ (ਕੈਨੇਡਾ) ਵਿਚ ਕਰਨ ਦੀ ਜ਼ਿੰਮੇਵਾਰੀ ਸੌਂਪਣ ਦੀ ਸਹਿਮਤੀ ਪ੍ਰਗਟ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਰਹਿ ਚੁੱਕੇ ਮਾਣ ਮਹਿਸੂਸ ਕਰ ਰਹੇ ਹਨ ਅਤੇ ਲੜੀਵਾਰ ਵੱਖ ਵੱਖ ਸ਼ਹਿਰਾਂ ਵਿਚ ਨਾਰਥ ਅਮਰੀਕਾ ਵਿਚ ਸਮਾਗਮ ਸ਼ੁਰੂ ਕਰਨਾ ਚਾਹੁੰਦੇ ਹਨ ਜਿੱਥੋਂ ਚੋਟੀ ਦੇ ਖਿਡਾਰੀ, ਲਿਖਾਰੀ, ਬੁੱਧੀਜੀਵੀ ਅਤੇ ਰਾਜਨੀਤੀ ਵਿਚ ਨਾਮਣਾ ਖੱਟ ਚੁੱਕੇ ਹਨ।

# ਭਾਰਤੀ ਮੂਲ ਦੇ 4 ਵਿਦਿਆਰਥੀ ਗੇਟਸ ਕੈਂਬਰਿਜ ਸਕਾਲਰਸ਼ਿਪ ਲਈ ਚੁਣੇ ਗਏ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਗੇਟਸ ਕੈਂਬਰਿਜ ਟਰੱਸਟ ਵੱਲੋਂ 2021 ਲਈ ਸਕਾਲਰਸ਼ਿਪ ਵਾਸਤੇ ਚੁਣੇ ਗਏ 24 ਵਿਦਿਆਰਥੀਆਂ ਵਿਚ ਭਾਰਤੀ ਮੂਲ ਦੇ 4 ਅਮਰੀਕੀ ਵਿਦਿਆਰਥੀ ਸ਼ਾਮਲ ਹਨ। ਇਨਾਂ ਭਾਰਤੀਆਂ ਵਿਚ ਤਾਨਵੀ ਰਾਓ, ਵੈਂਕਟਾ ਚਾਲੂਵਡੀ, ਵੀਰਜ ਸ਼ਾਹ ਤੇ ਮੀਨਾ ਵੈਂਕਟਾਰਮਨ ਸ਼ਾਮਲ ਹਨ। ਇਨਾਂ ਵਿਦਿਆਰਥੀਆਂ ਦੀ ਚੋਣ ਯੁਨੀਵਰਸਿਟੀ ਆਫ ਕੈਂਬਰਿਜ ਦੀ ਗੇਟਸ ਕੈਂਬਰਿਜ ਸਕਾਲਰਜ਼ ਕਲਾਸ ਵਾਸਤੇ ਕੀਤੀ ਗਈ ਹੈ। ਤਾਨਵੀ ਰਾਓ ਰੇਡੀਓਜੈਨੋਮਿਕਸ ਵਿਚ ਡਾਕਟਰੇਟ ਕਰੇਗੀ। ਵੈਂਕਟਾ ਚਾਲੂਵਡੀ ਨੈਨੋ ਸਾਇੰਸ ਤੇ ਨੈਨੋਟੈਕਨਾਲੋਜੀ ਵਿਚ ਖੋਜ ਕਰੇਗਾ। ਵੀਰਜ ਸ਼ਾਹ ਪਬਲਿਕ ਹੈਲਥ ਤੇ ਪ੍ਰਾਇਮਰੀ ਕੇਅਰ ਵਿਚ ਡਾਕਟਰੇਟ ਕਰੇਗਾ। ਮੀਨਾ ਵੈਂਕਟਾਰਮਨ ਅੰਗਰੇਜ਼ੀ ਵਿਚ ਐਮ ਫਿਲ ਡਿਗਰੀ ਲਈ ਪੜਾਈ ਕਰੇਗੀ।



*ਚੁਣੇ ਗਏ 4 ਵਿਦਿਆਰਥੀਆਂ ਵਿਚੋਂ ਇਕ ਤਾਨਵੀ ਰਾਓ ਦੀ ਤਸਵੀਰ*

# ਤਿੰਨ ਮਸਾਜ਼ ਪਾਰਲਰਾਂ 'ਤੇ ਹੋਈ ਗੋਲੀਬਾਰੀ ਵਿਚ 7 ਮੌਤਾਂ, ਮ੍ਰਿਤਕਾਂ 'ਚ ਏਸ਼ੀਅਨ ਮੂਲ ਦੀਆਂ 4 ਔਰਤਾਂ ਸ਼ਾਮਲ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਚੇਰੋਕੀ ਕਾਊਂਟੀ ਵਿਚ ਮੈਟਰੋ ਐਟਲਾਂਟਾ ਵਿਚ ਤਿੰਨ ਮਸਾਜ਼ ਪਾਰਲਰਾਂ 'ਤੇ ਹੋਈ ਗੋਲੀਬਾਰੀ ਵਿਚ 7 ਵਿਅਕਤੀ ਮਾਰੇ ਗਏ ਤੇ 2 ਹੋਰ ਜ਼ਖਮੀ ਹੋ ਗਏ ਹਨ। ਗੋਲੀਬਾਰੀ ਦੀਆਂ ਦੋ ਘਟਨਾਵਾਂ ਉਤਰ ਪੂਰਬ ਐਟਲਾਂਟਾ ਵਿਚ ਵਾਪਰੀਆਂ ਜਦ ਕਿ ਇਕ ਘਟਨਾ ਸ਼ਹਿਰ ਦੇ ਉੱਤਰ ਪੱਛਮੀ ਹਿੱਸੇ ਵਿਚ ਹੋਈ। ਅਧਿਕਾਰੀਆਂ ਨੇ ਕਿਹਾ ਹੈ ਕਿ ਗੋਲੀਬਾਰੀ ਪਿਛਲੇ ਮਕਸਦ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ ਤੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਨਾਂ ਘਟਨਾਵਾਂ ਦਾ ਆਪਸ ਵਿਚ ਕੋਈ ਸਬੰਧ ਹੈ ਜਾਂ ਨਹੀਂ। ਮ੍ਰਿਤਕਾਂ ਵਿਚ ਘੱਟੋ ਘੱਟ 4 ਔਰਤਾਂ ਸ਼ਾਮਲ ਹਨ । ਪੁਲਿਸ ਅਨੁਸਾਰ ਉਸ ਨੂੰ ਪੀਡਮਾਊਂਟ ਰੋਡ ਉਪਰ ਗੋਲਡ ਮਸਾਜ਼ ਸਪਾ ਵਿਖੇ ਲੁੱਟ ਖੋਹ ਹੋਣ ਦੀ



ਸੂਚਨਾ ਮਿਲੀ ਸੀ ਤੇ ਜਦੋਂ ਪੁਲਿਸ ਅਧਿਕਾਰੀ ਮੌਕੇ ਉਪਰ ਪੁੱਜੇ ਤਾਂ ਉਨਾਂ ਨੂੰ ਤਿੰਨ ਔਰਤਾਂ ਮ੍ਰਿਤਕ ਮਿਲੀਆਂ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਬਾਅਦ ਵਿਚ ਅਰੋਮਾ ਥਰੈਪੀ ਸਪਾ ਵਿਖੇ ਗੋਲੀ ਚੱਲਣ ਦੀ ਸੂਚਨਾ ਮਿਲੀ, ਜਿਥੇ ਇਕ ਔਰਤ ਮਾਰੀ ਗਈ। ਇਕ ਹੋਰ ਮਸਾਜ਼ ਪਾਰਲਰ ਵਿਖੇ 3 ਵਿਅਕਤੀ ਮਾਰੇ ਗਏ ਤੇ 2 ਹੋਰ ਜ਼ਖਮੀ ਹੋ ਗਏ। ਐਟਲਾਂਟਾ ਪੁਲਿਸ ਮੁਖੀ ਰੋਡਨੀ ਬਰਾਇੰਟ ਅਨੁਸਾਰ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਮਾਰੀਆਂ ਗਈਆਂ 4 ਔਰਤਾਂ ਏਸ਼ੀਅਨ ਮੂਲ ਦੀਆਂ ਲੱਗਦੀਆਂ ਹਨ। ਪੁਲਿਸ ਨੇ ਇਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ ਜਿਸ ਦੀ ਪਛਾਣ 21 ਸਾਲਾ ਰਾਬਰਟ ਐਰਨ ਲਾਂਗ ਵਜੋਂ ਹੋਈ ਹੈ। ਪੁਲਿਸ ਜਾਂਚ ਕਰ ਰਹੀ ਹੈ ਕਿ ਹਮਲਾਵਰ ਵੱਲੋਂ ਮਸਾਜ਼ ਪਾਰਲਰਾਂ ਨੂੰ ਹੀ ਕਿਉਂ ਨਿਸ਼ਾਨਾ ਬਣਾਇਆ ਗਿਆ। ਕੀ ਹਮਲਾਵਰ ਨੇ ਜਾਣਬੁਝ ਕੇ ਏਸ਼ੀਅਨ ਮੂਲ ਦੀਆਂ ਔਰਤਾਂ ਨੂੰ ਨਿਸ਼ਾਨਾ ਬਣਾਇਆ। ਸਮਝਿਆ ਜਾਂਦਾ ਹੈ ਕਿ ਇਹ ਮਸਾਜ਼ ਪਾਰਲਰ ਏਸ਼ੀਅਨ ਮੂਲ ਦੀਆਂ ਔਰਤਾਂ ਦੇ ਸਨ ਜੋ ਗੋਲੀਬਾਰੀ ਵਿਚ ਮਾਰੀਆਂ ਗਈਆਂ ਹਨ ਪਰ ਪੁਲਿਸ ਨੇ ਅਜੇ ਇਸ ਸਬੰਧੀ ਕੋਈ ਵੇਰਵਾ ਨਹੀਂ ਦਿੱਤਾ ਹੈ।

# ਟਰੰਪ ਨੇ ਆਪਣੇ ਸਮਰਥਕਾਂ ਨੂੰ ਕੋਰੋਨਾ ਤੋਂ ਬਚਾਅ ਲਈ ਟੀਕਾ ਲਵਾਉਣ ਦੀ ਦਿੱਤੀ ਸਲਾਹ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨ ਆਪਣੇ ਸਮਰਥਕਾਂ ਨੂੰ ਸਲਾਹ ਦਿੱਤੀ ਕਿ ਉਹ ਕੋਵਿਡ-19 ਵੈਕਸੀਨ ਲਵਾ ਲੈਣ। ਹਾਲਾਂਕਿ ਇਸ ਦੇ ਨਾਲ ਹੀ ਉਨਾਂ ਮੰਨਿਆ ਕਿ 'ਅਜ਼ਾਦੀ' ਦੇ ਨਾਂ ਉਪਰ ਉਨਾਂ ਦੇ ਕੁਝ ਸਮਰਥਕ ਟੀਕਾ ਲਵਾਉਣ ਤੋਂ ਨਾਂਹ ਵੀ ਕਰ ਸਕਦੇ ਹਨ। ਉਨਾਂ ਕਿਹਾ ਕਿ ਮੈ ਉਨਾਂ ਲੋਕਾਂ ਨੂੰ ਵੀ ਜੋ ਟੀਕਾ ਲਵਾਉਣਾ ਨਹੀਂ ਚਾਹੁੰਦੇ, ਨੂੰ ਟੀਕਾ ਲਗਵਾਉਣ ਲਈ ਕਹਿੰਦਾ ਹਾਂ । ਉਨਾਂ ਕਿਹਾ ਮੈਂ ਇਹ ਗੱਲ ਸਾਫ ਤੌਰ 'ਤੇ ਸਵੀਕਾਰ ਕਰਦਾ ਹਾਂ ਕਿ ਮੈਨੂੰ ਵੋਟ ਪਾਉਣ ਵਾਲੇ ਕੁਝ ਲੋਕ ਇਹ ਟੀਕਾ ਨਹੀਂ ਲਵਾਉਣਾ ਚਾਹੁੰਦੇ। ਮੈਂ ਉਨਾਂ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਸਾਨੂੰ ਪੂਰਨ ਅਜ਼ਾਦੀ ਹੈ ਤੇ ਟੀਕਾ ਲਵਾਉਣਾ ਜਾਂ ਨਹੀਂ ਲਵਾਉਣਾ ਸਾਡੀ ਆਪਣੀ ਇੱਛਾ ਉਪਰ ਨਿਰਭਰ ਕਰਦਾ ਹੈ। ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਇਹ ਸੁਰੱਖਿਅਤ ਵੈਕਸੀਨ ਹੈ ਜੋ ਕੋਰੋਨਾ ਵਾਇਰਸ ਵਿਰੁੱਧ ਕੰਮ ਕਰਦੀ ਹੈ। ਇਥੇ ਜ਼ਿਕਰਯੋਗ ਹੈ ਕਿ ਜਨਵਰੀ ਵਿਚ ਵਾਈਟ ਹਾਊਸ ਛੱਡਣ ਤੋਂ ਪਹਿਲਾਂ ਟਰੰਪ ਤੇ ਫਸਟ ਲੇਡੀ ਮੇਲਾਨੀਆ ਟਰੰਪ ਨੇ ਕੋਵਿਡ-19 ਵੈਕਸੀਨ ਲਵਾ ਲਈ ਸੀ ਪ੍ਰੰਤੂ ਉਨਾਂ ਨੇ ਜਨਤਿਕ ਤੌਰ 'ਤੇ ਇਸ ਸਬੰਧੀ ਜਾਣਕਾਰੀ ਨਹੀਂ ਦਿੱਤੀ ਸੀ।

# ਬਾਈਡਨ ਦਾ ਰਾਹਤ ਪੈਕੇਜ਼ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਲਈ ਲੈ ਕੇ ਆਇਆ ਆਸ ਦੀ ਵੱਡੀ ਕਿਰਨ,

## ਅਮਰੀਕਾ ਵਿਚ ਪੈਦਾ ਹੋਏ ਬੱਚਿਆਂ ਨੂੰ ਮਿਲਣਗੇ ਰਾਹਤ ਦੇ ਚੈੱਕ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਈਡਨ ਦੇ 1.9 ਟਰੀਲੀਅਨ ਡਾਲਰ ਦੇ ਕੋਰੋਨਾ ਰਾਹਤ ਪੈਕੇਜ਼ ਜਿਸ ਨੂੰ ਹਾਲ ਹੀ ਵਿਚ ਕਾਂਗਰਸ ਨੇ ਪਾਸ ਕੀਤਾ ਹੈ, ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਪੈਦਾ ਹੋਏ ਬੱਚਿਆਂ ਲਈ ਆਸ ਦੀ ਵੱਡੀ ਕਿਰਨ ਲੈ ਕੇ ਆਇਆ ਹੈ। ਇਨਾਂ ਬੱਚਿਆਂ ਨੂੰ ਬਾਕੀ ਲੋਕਾਂ ਦੇ ਨਾਲ ਹੀ ਰਾਹਤ ਦੇ ਚੈੱਕ ਮਿਲਣ ਦੀ ਆਸ ਹੈ। ਗੈਰ ਕਾਨੂੰਨੀ ਪ੍ਰਵਾਸੀ ਜਿਨਾਂ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹਨ, ਬੇਰੁਜ਼ਗਾਰੀ ਲਾਭ ਲੈਣ ਦੇ ਯੋਗ ਨਹੀਂ ਹਨ। ਇਸ ਲਈ ਕੋਰੋਨਾ ਕਾਰਨ ਨੌਕਰੀਆਂ ਖੁੱਸ ਜਾਣ ਕਰਕੇ ਇਹ ਪਰਿਵਾਰ ਬਹੁਤ ਹੀ ਤੰਗੀਆਂ ਤਰੁੱਟੀਆਂ ਵਿਚ ਗੁਜ਼ਾਰਾ ਕਰ ਰਹੇ ਹਨ। ਇਨਾਂ ਪਰਿਵਾਰਾਂ ਦਾ ਕੋਈ ਕਾਨੂੰਨੀ ਰੁਤਬਾ ਨਹੀਂ ਹੈ ਤੇ ਨਾ ਹੀ ਇਨਾਂ ਕੋਲ ਸੋਸ਼ਲ ਸਕਿਉਰਟੀ ਨੰਬਰ



ਹੈ। ਯੇਸੇਨੀਆ ਮੋਰੇਨੋ ਨਾਮੀ ਔਰਤ ਜਿਸ ਦੇ ਅਮਰੀਕਾ ਵਿਚ ਪੈਦਾ ਹੋਏ 3 ਤੋਂ 17 ਸਾਲਾਂ ਦੀ ਉਮਰ ਦੇ 5 ਬੱਚੇ ਹਨ, ਨੇ ਇਸ ਪੈਕੇਜ਼ ਉਪਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਹਨੇਰੀ ਗਲੀ ਵਿਚ ਰੌਸ਼ਨੀ ਨਜ਼ਰ ਆਈ ਹੈ। ਇਹ ਪੈਸਾ ਮੇਰੇ ਸਿਰ ਚੜ੍ਹਿਆ ਕਰਜ਼ਾ ਲਾਹੁਣ ਵਿਚ ਮੱਦਦ ਕਰੇਗਾ। ਯੇਸੇਨੀਆ ਮੋਰੇਨੋ ਜੋ ਮੂਲ ਰੂਪ ਵਿਚ ਮੈਕਸੀਕੋ ਦੀ ਰਹਿਣ ਵਾਲੀ ਹੈ ਸਮੇਤ ਹੋਰ ਦੇਸ਼ਾਂ ਦੇ ਹਜ਼ਾਰਾਂ ਲੋਕ ਹਨ ਜੋ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਵਿਚ ਰਹਿ ਰਹੇ ਹਨ। ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਵਾਸ਼ਿੰਗਟਨ ਡੀ ਸੀ ਦੇ ਇਕ ਸੀਨੀਅਰ ਨੀਤੀ ਵਿਸ਼ਲੇਸ਼ਕ ਜੂਲੀਆ ਗੈਲਟ ਨੇ ਕਿਹਾ ਹੈ ਕਿ ਇਹ ਬਿੱਲ ਜੋ ਹੁਣ ਕਾਨੂੰਨ ਦਾ ਰੂਪ ਲੈ ਚੁੱਕਾ ਹੈ, ਪਹਿਲੀ ਵਾਰ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕੀ ਸ਼ਹਿਰੀ ਬੱਚਿਆਂ ਲਈ ਸੰਘੀ ਰਾਹਤ ਲੈ ਕੇ ਆਇਆ ਹੈ ਤੇ ਬੱਚਿਆਂ ਦੀ ਗਿਣਤੀ ਅਨੁਸਾਰ ਇਨਾਂ ਪਰਿਵਾਰਾਂ ਨੂੰ ਲਾਭ ਮਿਲੇਗਾ ਜੋ ਇਕ ਵੱਡੀ ਗੱਲ ਹੈ। ਇਹ ਪਰਿਵਾਰ ਸਮਾਜ ਸੇਵੀ ਸੰਸਥਾਵਾਂ, ਗੁਰੂਘਰਾਂ, ਗਿਰਜਾਘਰਾਂ ਤੇ ਮਿੱਤਰਾਂ-ਦੋਸਤਾਂ ਦੀ ਮਦਦ ਨਾਲ ਦਿਨ ਕੱਟ ਰਹੇ ਹਨ। ਲਗਦਾ ਹੈ ਕਿ ਹੁਣ ਇਨਾਂ ਪਰਿਵਾਰਾਂ ਦੇ ਦੁੱਖ ਤੇ ਤਕਲੀਫ਼ਾਂ ਖਤਮ ਹੋਣ ਦੇ ਦਿਨ ਨੇੜੇ ਆ ਗਏ ਹਨ।

# ਭਾਰਤੀ-ਕੈਨੇਡਿਆਈ ਯੂ-ਟਿਊਬਰ ਅਤੇ 'ਲੇਟ ਨਾਈਟ ਟਾਕ ਸ਼ੋਅ' ਦੀ ਮੇਜ਼ਬਾਨ ਲਿਲੀ ਸਿੰਘ ਵਲੋਂ ਕਿਸਾਨੀ ਸੰਘਰਸ਼ ਦੀ ਹਮਾਇਤ

**ਲਾਸ ਏਂਜਲਸ /ਏ.ਟੀ.ਨਿਊਜ਼:** ਭਾਰਤੀ-ਕੈਨੇਡਿਆਈ ਯੂ-ਟਿਊਬਰ ਅਤੇ 'ਲੇਟ ਨਾਈਟ ਟਾਕ ਸ਼ੋਅ' ਦੀ ਮੇਜ਼ਬਾਨ ਲਿਲੀ ਸਿੰਘ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦੇ ਸਮਰਥਨ ਵਾਲਾ ਮਾਸਕ ਪਹਿਨ ਕੇ ਗ੍ਰੈਮੀ ਐਵਾਰਡ-2021 ਦੇ ਸਮਾਗਮ ਵਿੱਚ ਸ਼ਾਮਲ ਹੋਈ। ਉਸ ਦੇ ਮਾਸਕ 'ਤੇ 'ਆਈ ਸਟੈਂਡ ਵਿਦ ਫਾਰਮਰਜ਼' ਲਿਖਿਆ ਹੋਇਆ ਸੀ। ਲਿਲੀ ਸਿੰਘ ਨੇ ਟਵਿੱਟਰ 'ਤੇ ਆਪਣੀ ਇਹ ਤਸਵੀਰ ਪੋਸਟ ਕੀਤੀ ਹੈ। ਉਸ ਨੇ ਤਸਵੀਰ ਦੀ ਕੈਪਸ਼ਨ ਵਿੱਚ ਲਿਖਿਆ, 'ਮੈਂ ਜਾਣਦੀ ਹਾਂ ਕਿ ਰੈੱਡ ਕਾਰਪੈਟ/ਐਵਾਰਡ ਸਮਾਗਮ ਦੀਆਂ ਤਸਵੀਰਾਂ ਸਭ ਤੋਂ ਵੱਧ




ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ, ਇਸ ਲਈ ਮੈਂ ਮੀਡੀਆ ਲਈ ਇਹ ਤਸਵੀਰ ਸਾਂਝੀ ਕਰ ਰਹੀ ਹਾਂ। ਇਸ ਨੂੰ ਬਿਨਾਂ ਝਿਜਕ ਪ੍ਰਸਾਰਿਤ ਕਰੋ।' ਇਸ ਤੋਂ ਪਹਿਲਾਂ ਉਸ ਨੇ ਕਿਸਾਨਾਂ ਦਾ ਸਮਰਥਨ ਕਰਨ ਲਈ ਪੌਪ ਸਟਾਰ ਰੇਹਾਨਾ ਦਾ ਧੰਨਵਾਦ ਕੀਤਾ ਸੀ।

# ਮਾਮਲਾ ਜਿਨਸੀ ਸੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਨਿਊਯਾਰਕ ਦੇ ਗਵਰਨਰ ਦਾ

## ਬਾਈਡਨ ਵੱਲੋਂ ਅਸਤੀਫ਼ੇ ਦੀ ਮੰਗ ਖ਼ਾਰਜ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਨਿਊਯਾਰਕ ਦੇ ਗਵਰਨਰ ਐਂਡਰਿਊ ਕੁਓਮੋ ਤੋਂ ਅਸਤੀਫ਼ਾ ਲੈਣ ਦੀ ਮੰਗ ਨੂੰ ਖ਼ਾਰਜ ਕਰ ਦਿੱਤਾ ਹੈ। ਉਨਾਂ ਕੁਓਮੋ ਤੋਂ ਅਸਤੀਫ਼ਾ ਮੰਗਣ ਸਬੰਧੀ ਸਵਾਲ ਦੇ ਜਵਾਬ ਵਿਚ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਜਾਂਚ ਜਾਰੀ ਹੈ ਅਤੇ ਸਾਨੂੰ ਉਸ ਦੇ ਨਤੀਜਿਆਂ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਇਹ ਪਹਿਲੀ ਵਾਰ ਹੈ ਜਦੋਂ ਰਾਸ਼ਟਰਪਤੀ ਨੇ ਨਿਊਯਾਰਕ ਦੇ ਗਵਰਨਰ ਨੂੰ ਲੈ ਕੇ ਕੋਈ ਟਿੱਪਣੀ ਕੀਤੀ ਹੈ। ਦੱਸਣਯੋਗ ਹੈ ਕਿ ਡੈਮੋਕ੍ਰੇਟਿਕ ਪਾਰਟੀ ਦੇ ਕਈ ਮੈਂਬਰਾਂ ਨੇ ਕੁਓਮੋ ਤੋਂ ਅਸਤੀਫ਼ਾ ਲੈਣ ਦੀ ਮੰਗ ਕੀਤੀ ਸੀ।

ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਜੇਨ ਪਾਕੀ ਨੇ ਕਿਹਾ ਸੀ ਕਿ ਇਕ ਔਰਤ ਜਿਸ ਨੇ ਦੋਸ਼ ਲਗਾਏ ਹਨ ਉਸ ਦੀ ਆਵਾਜ਼ ਸੁਣੀ ਜਾਣੀ ਚਾਹੀਦੀ ਹੈ, ਉਸ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਉਹ ਆਪਣੀ ਗੱਲ ਕਹਿਣ ਦੇ ਸਮਰੱਥ ਹੋਣੀ ਚਾਹੀਦੀ ਹੈ। ਹਾਲਾਂਕਿ ਪਾਕੀ ਨੇ ਕੁਓਮੋ ਦੇ ਅਸਤੀਫ਼ੇ ਨੂੰ ਲੈ ਕੇ ਕੋਈ ਟਿੱਪਣੀ ਨਹੀਂ ਕੀਤੀ ਸੀ। ਇਸ ਤੋਂ ਪਹਿਲੇ ਉਨਾਂ ਨੇ ਕਿਹਾ ਸੀ ਕਿ ਰਾਸ਼ਟਰਪਤੀ ਜਾਂਚ ਦਾ ਸਮਰਥਨ ਕਰਦੇ ਹਨ। ਨਿਊਯਾਰਕ ਦੇ ਸੈਨੇਟਰ ਚਕ ਸ਼ੂਮਰ ਅਤੇ ਕਿਸਟਰਨ ਗਿਲੀਬ੍ਰੈਂਡ ਸਮੇਤ ਕਈ ਡੈਮੋਕ੍ਰੇਟਿਕ ਨੇਤਾ ਕੁਓਮੋ ਦੇ ਅਸਤੀਫ਼ੇ ਦੀ ਮੰਗ ਕਰ ਚੁੱਕੇ ਹਨ। ਉਧਰ, ਕੁਓਮੋ ਸਾਰੇ ਦੋਸ਼ਾਂ ਨੂੰ ਖ਼ਾਰਜ ਕਰਦੇ ਹੋਏ ਅਸਤੀਫ਼ਾ ਦੇਣ ਤੋਂ ਇਨਕਾਰ ਕਰ ਚੁੱਕੇ ਹਨ। ਕੁਓਮੋ 'ਤੇ ਉਨਾਂ ਦੇ ਸਟਾਫ ਦੀਆਂ ਸਾਬਕਾ ਮੁਲਾਜ਼ਮਾਂ ਸਮੇਤ ਛੇ ਔਰਤਾਂ ਨੇ ਜਿਨਸੀ ਸੋਸ਼ਣ ਜਾਂ ਅਣਉਚਿਤ ਵਿਹਾਰ ਦੇ ਦੋਸ਼ ਲਗਾਏ ਹਨ। ਨਿਊਯਾਰਕ ਦੀ ਅਟਾਰਨੀ ਜਨਰਲ ਲੇਟੀਟੀਆ ਜੇਮਸ ਮਾਮਲੇ ਦੀ ਜਾਂਚ ਦੀ ਅਗਵਾਈ ਕਰ ਰਹੀ ਹੈ।

# ਅਮਰੀਕਾ ਦੇ ਰੱਖਿਆ ਸਕੱਤਰ ਦੇ ਭਾਰਤ ਦੌਰੇ ਦੀ ਆਪਣੀ ਅਹਿਮੀਅਤ : ਰੱਖਿਆ ਮੰਤਰਾਲਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਰਖਿਆ ਸਕੱਤਰ ਜਨਰਲ ਲਾਇਡ ਜੇ ਆਸਟਿਨ ਦੇ 19 ਮਾਰਚ ਤੋਂ 21 ਮਾਰਚ ਤੱਕ ਭਾਰਤ ਦੌਰੇ ਨਾਲ ਦੋਨਾਂ ਦੇਸ਼ਾਂ ਵਿਚਾਲੇ ਰੱਖਿਆ ਖੇਤਰ ਵਿਚ ਸਬੰਧ ਮਜਬੂਤ ਹੋਣਗੇ। ਜੋਅ ਬਾਈਡਨ ਵੱਲੋਂ 20 ਜਨਵਰੀ ਨੂੰ ਸਹੁੰ ਚੁੱਕਣ ਉਪਰੰਤ ਕਿਸੇ ਅਮਰੀਕੀ ਅਧਿਕਾਰੀ ਦਾ ਭਾਰਤ ਦਾ ਇਹ ਪਹਿਲਾ ਉੱਚ ਪੱਧਰੀ ਦੌਰਾ ਹੈ। ਆਪਣੇ ਦੌਰੇ ਦੌਰਾਨ ਆਸਟਿਨ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਮਿਲਣਗੇ। 12 ਮਾਰਚ ਨੂੰ ਹੋ ਰਹੇ ਇੰਡੋ-ਪੈਸੀਫਿਕ ਕੁਆਡ ਸੰਮੇਲਨ ਜਿਸ ਵਿਚ ਭਾਰਤ, ਅਮਰੀਕਾ, ਆਸਟ੍ਰੇਲੀਆ ਤੇ ਜਪਾਨ ਦੇ ਮੁਖੀ 'ਵਰਚੂਅਲੀ' ਸ਼ਾਮਿਲ ਹੋਣਗੇ, ਤੋਂ ਇਕ ਹਫ਼ਤੇ ਬਾਅਦ ਹੋਣ ਵਾਲੇ ਅਮਰੀਕੀ ਰੱਖਿਆ ਸਕੱਤਰ ਦੇ ਦੌਰੇ ਦੀ ਬਹੁਤ ਅਹਿਮੀਅਤ ਸਮਝੀ ਜਾ ਰਹੀ ਹੈ। ਰਖਿਆ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਦੋਵਾਂ ਧਿਰਾਂ ਵੱਲੋਂ ਰੱਖਿਆ ਸਹਿਯੋਗ ਮਜਬੂਤ ਕਰਨ ਦੇ ਢੰਗ ਤਰੀਕੇ ਤੇ ਖੇਤਰੀ ਸੁਰੱਖਿਆ ਤੋਂ ਇਲਾਵਾ ਦੋਨਾਂ ਦੇਸ਼ਾਂ ਦੇ ਸਾਂਝੇ ਹਿੱਤਾਂ ਬਾਰੇ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਆਸ ਹੈ। ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਇਸ ਦੌਰੇ ਦੀ ਆਪਣੀ ਅਹਿਮੀਅਤ ਹੈ।

# ਅਮਰੀਕਾ ਵਿਚ 'ਗੰਨ' ਵਿਕਰੀ 'ਚ ਹੋਇਆ ਰਿਕਾਰਡ ਵਾਧਾ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਵਿਚ ਪਿਛਲੇ ਸਾਲ 'ਗੰਨ' ਵਿਕਰੀ 'ਚ ਰਿਕਾਰਡ ਵਾਧਾ ਹੋਇਆ ਹੈ। ਗਰੀਨਵਿਲੇ, ਦੱਖਣੀ ਕੈਰੋਲੀਨਾ ਵਿਚਲੇ 'ਸਮਾਲ ਆਰਮਜ਼ ਐਨਾਲਿਟਿਕ' ਅਨੁਸਾਰ 2020 ਵਿਚ 2.30 ਕਰੋੜ ਹਥਿਆਰਾਂ ਦੀ ਵਿਕਰੀ ਹੋਈ। 2019 ਦੀ ਤੁਲਨਾ ਵਿਚ ਇਹ ਵਿਕਰੀ 65% ਵੱਧ ਹੈ, ਜਦੋਂ 1.39 ਕਰੋੜ ਹਥਿਆਰ ਵੇਚੇ ਗਏ ਸਨ। ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਸਮਾਜਿਕ ਤੇ ਰਾਜਸੀ ਹਿੰਸਾ ਕਾਰਨ ਹਥਿਆਰਾਂ ਦੀ ਵਿਕਰੀ ਵਿਚ ਵਾਧਾ ਹੋਇਆ ਹੈ ਪਰ 2021 ਵਿਚ ਸੱਤਾ ਡੈਮੋਕ੍ਰੇਟਸ ਦੇ ਹੱਥਾਂ ਵਿਚ ਆਉਣ ਤੋਂ ਬਾਅਦ ਵੀ ਹਥਿਆਰਾਂ ਦੀ ਵਿਕਰੀ ਵਿਚ ਵਾਧਾ ਹੋਇਆ ਹੈ। ਜਨਵਰੀ 2021 ਵਿਚ ਐਫ ਬੀ ਆਈ ਨੇ ਹਥਿਆਰ ਖਰੀਦਣ ਦੇ ਚਾਹਵਾਨ 43 ਲੱਖ ਲੋਕਾਂ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ ਜਦਕਿ ਪਿਛਲੇ ਸਾਲ ਜਨਵਰੀ ਮਹੀਨੇ ਵਿਚ ਪਿਛੋਕੜ ਦੀ ਜਾਂਚ ਲਈ 27 ਲੱਖ ਬੇਨਤੀਆਂ ਆਈਆਂ ਸਨ। ਹਾਲਾਂਕਿ ਇਸ ਸਾਲ ਫਰਵਰੀ ਵਿਚ ਪਿਛੋਕੜ ਦੀ ਜਾਂਚ ਲਈ ਬੇਨਤੀਆਂ ਘਟ ਕੇ 34 ਲੱਖ ਰਹਿ ਗਈਆਂ ਹਨ ਪਰ ਫਿਰ ਵੀ ਇਹ ਫਰਵਰੀ 2020 ਦੀ ਤੁਲਨਾ ਵਿਚ 23% ਜ਼ਿਆਦਾ ਹਨ। 2020 ਵਿਚ ਜੌਰਜੀਆ ਵਿੱਚ 9,04,035 ਲੋਕਾਂ ਦੇ ਪਿਛੋਕੜ ਦੀ ਜਾਂਚ ਕੀਤੀ ਗਈ ਜੋ ਪਹਿਲਾਂ ਦੀ ਤੁਲਨਾ ਵਿਚ ਤਕਰੀਬਨ 68% ਵੱਧ ਹੈ। ਮਿਸ਼ੀਗਨ ਵਿਚ ਪਿਛਲੇ ਸਾਲ ਦੇ ਜਨਵਰੀ ਮਹੀਨੇ ਦੀ ਤੁਲਨਾ ਵਿਚ ਹਥਿਆਰ ਖਰੀਦਣ ਵਾਲੇ ਲੋਕਾਂ ਦੀ ਗਿਣਤੀ ਵਿਚ 155% ਦਾ ਵਾਧਾ ਹੋਇਆ। ਇਸੇ ਤਰਾਂ ਨਿਊਜਰਸੀ ਵਿਚ ਇਹ ਵਾਧਾ 240% ਦਰਜ ਹੋਇਆ ਹੈ। ਜ਼ਿਕਰਯੋਗ ਹੈ ਕਿ ਪਿਛੋਕੜ ਦੀ ਜਾਂਚ ਲਈ ਬੇਨਤੀਆਂ ਗੰਨ ਵਿਕ੍ਰੇਤਾਵਾਂ ਵੱਲੋਂ ਐਫ ਬੀ ਆਈ ਨੂੰ ਭੇਜੀਆਂ ਜਾਂਦੀਆਂ ਹਨ।

# ਗਰਭਪਾਤ ਸਬੰਧੀ ਸਾਬਕਾ ਰਾਸ਼ਟਰਪਤੀ ਟਰੰਪ ਵੇਲੇ ਦਾਇਰ ਪਟੀਸ਼ਨਾਂ ਰੱਦ ਕੀਤੀਆਂ ਜਾਣ

## ਜੋਅ ਬਾਈਡਨ ਵੱਲੋਂ ਸੁਪਰੀਮ ਕੋਰਟ ਨੂੰ ਬੇਨਤੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਈਡਨ ਪ੍ਰਸ਼ਾਸਨ ਨੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਉਨਾਂ ਮੈਡੀਕਲ ਸੈਂਟਰਾਂ ਜੋ ਮਰੀਜ਼ਾਂ ਨੂੰ ਗਰਭਪਾਤ ਦੀ ਸਲਾਹ ਦਿੰਦੇ ਹਨ, ਦੇ ਫੰਡਾਂ ਵਿਚ ਕਟੌਤੀ ਕਰਨ ਦੀ ਕੋਸ਼ਿਸ਼ ਵਜੋਂ ਦਾਇਰ ਸਾਰੇ ਮਾਮਲੇ/ ਪਟੀਸ਼ਨਾਂ ਰੱਦ ਕਰ ਦਿੱਤੀਆਂ ਜਾਣ। ਨਿਆਂ ਵਿਭਾਗ ਨੇ ਟਰੰਪ ਪ੍ਰਸ਼ਾਸਨ ਦੇ ਇਸ ਵਿਵਾਦਤ ਮਾਮਲੇ ਵਿਚ ਆਪਣੇ ਪੈਰ ਪਿੱਛੇ ਖਿੱਚ ਲਏ ਹਨ। ਟਰੰਪ ਪ੍ਰਸ਼ਾਸਨ ਵੱਲੋਂ 20 19 ਵਿਚ ਕੀਤੀ ਗਈ ਫੰਡ ਕਟੌਤੀ ਦੀ ਕੋਸ਼ਿਸ਼ ਦੀ ਡੈਮੋਕ੍ਰੈਟਸ ਨੇ ਇਹ ਕਹਿਕੇ ਆਲੋਚਨਾ ਕੀਤੀ ਸੀ ਕਿ ਇਹ ਆਜ਼ਾਦੀ ਉਪਰ ਪਾਬੰਦੀ ਲਾਉਣ ਦੀ ਕਾਰਵਾਈ ਹੈ। ਜਦਕਿ ਗਰਭਪਾਤ ਵਿਰੋਧੀ ਗਰੁੱਪਾਂ ਨੇ ਇਸ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਸੀ ਕਿ ਫੰਡ ਕਟੌਤੀ 'ਯੋਜਨਾਬੱਧ ਬਾਪ' ਬਣਨ ਦੇ ਮਾਮਲੇ ਦਾ ਹੱਲ ਹੈ। ਸੰਘੀ ਅਪੀਲ ਕੋਰਟ ਇਸ ਮਾਮਲੇ ਵਿਚ ਨਿਯਮ ਦੀ ਸੰਵਿਧਾਨਕ ਯੋਗਤਾ ਨੂੰ ਲੈ ਕੇ ਵੰਡੀ ਗਈ ਸੀ ਜਦ ਕਿ ਸੁਪਰੀਮ ਕੋਰਟ 3 ਹਫ਼ਤੇ ਪਹਿਲਾਂ ਇਸ ਮਾਮਲੇ ਉਪਰ ਸੁਣਵਾਈ ਕਰਨ ਲਈ ਸਹਿਮਤ ਹੋਈ ਸੀ। ਯੂ ਐਸ ਸਾਲਿਸਟਰ ਜਨਰਲ ਵੱਲੋਂ ਪਟੀਸ਼ਨਾਂ ਰੱਦ ਕਰਨ ਦੀ ਕੀਤੀ ਗਈ ਬੇਨਤੀ ਜੇਕਰ ਸੁਪਰੀਮ ਕੋਰਟ ਮੰਨ ਲੈਂਦੀ ਹੈ ਤਾਂ ਟਰੰਪ ਪ੍ਰਸ਼ਾਸਨ ਦਾ ਇਹ ਤਾਜਾ ਕਾਨੂੰਨੀ ਵਿਵਾਦ ਹੋਵੇਗਾ ਜੋ ਆਪਣੇ ਅੰਜਾਮ 'ਤੇ ਪਹੁੰਚਣ ਤੋਂ ਪਹਿਲਾਂ ਹੀ ਖਤਮ ਹੋ ਜਾਵੇਗਾ। ਬਾਈਡਨ ਪ੍ਰਸ਼ਾਸਨ ਪਹਿਲਾਂ ਵੀ ਟਰੰਪ ਪ੍ਰਸ਼ਾਸਨ ਦੀਆਂ ਖਾਸ ਕਰਕੇ ਕਈ ਇਮੀਗ੍ਰੇਸ਼ਨ ਨੀਤੀਆਂ ਨੂੰ ਰੱਦ ਕਰਵਾਉਣ ਵਿਚ ਸਫਲ ਰਿਹਾ ਹੈ। ਨਵੰਬਰ 2020 ਦੀਆਂ ਚੋਣਾਂ ਰੱਦ ਕਰਵਾਉਣ ਸਬੰਧੀ ਟਰੰਪ ਪ੍ਰਸ਼ਾਸਨ ਦਾ ਯਤਨ ਵੀ ਨਾਕਾਮ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਹੁਣ ਕੇਜਰੀਵਾਲ ਤਿਆਰ ਕਰੇਗਾ 'ਕੱਟੜ ਦੇਸ਼ ਭਗਤ'

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਦਿੱਲੀ, ਜੰਤਰ-ਮੰਤਰ ਵਿੱਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਲੋਕਪਾਲ ਬਿੱਲ ਲਿਆਉਣ ਵਾਸਤੇ ਅੰਦੋਲਨ ਚੱਲਦਾ ਹੈ। ਅੰਨਾ ਹਜ਼ਾਰੇ ਦੀ ਅਗਵਾਈ ਵਿੱਚ ਚੱਲੇ ਇਸ ਅੰਦੋਲਨ ਵਿੱਚੋਂ ਭ੍ਰਿਸ਼ਟਾਚਾਰ ਨਾਲ ਲੜਨ ਦਾ ਦਾਅਵਾ ਲੈ ਕੇ 'ਆਮ ਆਦਮੀ ਪਾਰਟੀ' ਹੋਂਦ ਵਿੱਚ ਆਉਂਦੀ ਹੈ ਅਤੇ ਬੜੇ ਨਾਟਕੀ ਦੌਰ ਵਿੱਚੋਂ ਗੁਜ਼ਰ ਕੇ ਦਿੱਲੀ ਵਿੱਚ ਸਰਕਾਰ ਵੀ ਬਣਾਉਂਦੀ ਹੈ। ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਕਾਫੀ ਕੰਮ ਵੀ ਕੀਤਾ ਜਾਂਦਾ ਹੈ, ਜਿਸਦੇ ਦਮ 'ਤੇ ਆਮ ਆਦਮੀ ਪਾਰਟੀ ਦੇ ਸੰਸਥਾਪਕ 'ਅਰਵਿੰਦ ਕੇਜਰੀਵਾਲ' ਨੇ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਵੀ ਦੇਖਿਆ। ਪਰ ਨਰਿੰਦਰ ਮੋਦੀ ਦੇ ਹਿੰਦੂਤਵੀ ਏਜੰਡੇ ਅੱਗੇ ਕੇਜਰੀਵਾਲ ਦਾ ਵਿਕਾਸ ਮਾਡਲ ਪੂਰਾ ਨਾ ਚੜ ਸਕਿਆ ਅਤੇ ਲੋਕ ਸਭਾ ਚੋਣਾਂ ਵਿੱਚ ਮੂੰਹ ਦੀ ਖਾਣੀ ਪਈ।

ਸਾਰੇ ਭਾਰਤ ਵਿੱਚੋਂ ਸਿਰਫ ਪੰਜਾਬ ਵਿੱਚ ਮਿਲੀਆਂ ਚਾਰ ਐਮ.ਪੀ. ਸੀਟਾਂ ਨੇ, ਪਾਰਟੀ ਅਤੇ ਪੰਜਾਬ ਦੇ ਭੋਲੇ ਲੋਕਾਂ, ਦੋਹਾਂ ਦੇ ਦਿਲ ਵਿਚ ਉਮੀਦ ਜਗਾਈ ਕਿ ਸ਼ਾਇਦ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਕੇਜਰੀਵਾਲ ਘੱਟੋ ਘੱਟ ਪੰਜਾਬ ਦੇ ਦੁੱਖ ਹੀ ਕੱਟ ਦੇਵੇਗਾ। ਇੱਥੋਂ ਤੱਕ ਕਿ ਪੰਜਾਬ ਦੀ ਸਿੱਖ ਸੰਗਤ ਨੇ ਵੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਦੇ ਡਿੱਗ ਚੁੱਕੇ ਚਰਿੱਤਰ ਕਰਕੇ ਨਕਾਰਿਆ ਅਤੇ ਆਮ ਆਦਮੀ ਪਾਰਟੀ ਦੇ ਗੈਰ-ਸਿੱਖ ਚਿਹਰਿਆਂ ਦੀ ਵੀ ਖੁੱਲ ਕੇ ਹਮਾਇਤ ਕੀਤੀ। ਇਸ ਦੇ ਬਾਵਜੂਦ ਆਪਸੀ ਪਾਟੋ-ਧਾੜ, ਕੇਂਦਰ ਵਿਚ ਪੈਠ ਬਣਾਉਣ ਦੀ ਝਾਕ ਅਤੇ ਖੇਤਰੀ ਮੁੱਦਿਆਂ ਨੂੰ ਨਕਾਰਨ ਕਰਕੇ ਆਮ ਆਦਮੀ ਪਾਰਟੀ ਪੰਜਾਬ ਦੀਆਂ ਉਮੀਦਾਂ 'ਤੇ ਖਰੀ ਨਾ ਉੱਤਰੀ। ਹਾਲਾਂਕਿ ਪੰਜਾਬੀਆਂ ਨੇ ਨਵੀਂ ਪਾਰਟੀ ਨੂੰ ਮੁੱਖ ਵਿਰੋਧੀ ਧਿਰ ਵਿੱਚ ਜ਼ਰੂਰ ਬਿਠਾ ਦਿੱਤਾ।

ਪੰਜਾਬੀ ਮਾਨਸਿਕਤਾ ਕਦੇ ਵੀ, ਭਾਰਤੀ ਕਹਿ ਲਈਏ, ਜਾਂ ਹਿੰਦੂਤਵੀ ਰਾਸ਼ਟਰਵਾਦੀ ਢਾਂਚਾ ਕਹਿ ਲਈਏ, ਇਸ ਵਿੱਚ ਕਦੇ ਫਿੱਟ ਨਹੀਂ ਬੈਠੀ। ਪੰਜਾਬ ਸਟੇਟ ਦੀ ਪ੍ਰਭੂਸੱਤਾ, ਇਤਿਹਾਸ, ਪਾਣੀ, ਬੋਲੀ, ਤਾਸੀਰ ਅਤੇ ਸੱਭਿਆਚਾਰ ਦੇ ਮਸਲਿਆਂ 'ਤੇ ਹਮੇਸ਼ਾ ਕੇਂਦਰ ਨਾਲ ਟਕਰਾ ਰਿਹਾ ਹੈ, ਇਸ ਲਈ ਕੇਂਦਰ ਵਿੱਚ ਸਥਾਪਿਤ ਹੋਣ ਦੀ ਚਾਹਵਾਨ ਕੋਈ ਵੀ ਪਾਰਟੀ ਇੱਥੇ ਰਾਜ ਤਾਂ ਕਰ ਸਕਦੀ ਹੈ, ਪਰ ਖੇਤਰੀ ਮੁੱਦਿਆਂ ਨੂੰ ਨਕਾਰ ਕੇ ਟਿਕ ਨਹੀਂ ਸਕਦੀ। ਅੱਜ ਜਿਨਾਂ ਮਸਲਿਆਂ 'ਤੇ, ਪੰਜਾਬੀਆਂ ਨੇ ਕਦੇ ਕੇਜਰੀਵਾਲ ਦੀ ਨੀਤ ਉੱਪਰ ਸ਼ੱਕ ਜ਼ਾਹਿਰ ਕਰ ਕੇ ਉਸਨੂੰ ਨਕਾਰਿਆ ਸੀ, ਉਹ ਖਦਸ਼ੇ ਸੱਚ ਹੁੰਦੇ ਜਾਪ ਰਹੇ ਹਨ। ਕੇਜਰੀਵਾਲ ਨੇ ਦਿੱਲੀ ਦਾ ਬਜਟ ਪੇਸ਼ ਕੀਤਾ ਹੈ। ਦਿੱਲੀ ਸਰਕਾਰ ਅਨੁਸਾਰ, ਇਸ ਵਾਰ ਬਜਟ ਦਾ ਵਿਸ਼ਾ 'ਦੇਸ਼ ਭਗਤੀ' 'ਤੇ ਕੇਂਦਰਿਤ ਹੈ। ਜਿਸ ਵਿੱਚ 45 ਕਰੋੜ ਰੁਪਏ ਦੇ ਖਰਚ ਨਾਲ ਪੰਜ ਸੌ ਥਾਵਾਂ 'ਤੇ ਤਿਰੰਗੇ ਝੰਡੇ ਝੁਲਾਉਣ ਦੇ ਫੈਸਲੇ ਨੂੰ ਪਾਰਟੀ ਵੱਲੋਂ ਬਹੁਤ ਉਭਾਰਿਆ ਜਾ ਰਿਹਾ ਹੈ। ਕੇਜਰੀਵਾਲ ਨੇ ਆਪਣੇ ਭਾਸ਼ਣ ਵਿੱਚ ਕਿਹਾ, 'ਸਾਡੇ ਸਕੂਲਾਂ ਵਿੱਚ ਦੇਸ਼ ਭਗਤੀ ਦੀ ਸਿੱਖਿਆ ਨਹੀਂ ਦਿੱਤੀ ਜਾਂਦੀ। ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਨੂੰ 'ਕੱਟੜ ਦੇਸ਼ ਭਗਤ' ਬਣਾਇਆ ਜਾਵੇ। ਇਸ ਲਈ ਹਰ ਰੋਜ਼ ਇੱਕ ਘੰਟਾ ਸਕੂਲਾਂ ਵਿੱਚ ਦੇਸ਼ ਭਗਤੀ ਦਾ ਪਾਠ ਪੜਾਉਣ ਲਈ ਨਿਰਧਾਰਿਤ ਕੀਤਾ ਜਾਵੇਗਾ।' ਉਨਾਂ ਅੱਗੇ ਆਖਿਆ ਕਿ ਅਸੀਂ ਭਗਤ ਸਿੰਘ ਅਤੇ ਬੀ.ਆਰ ਅੰਬੇਡਕਰ ਬਾਰੇ ਪੜਾਉਣ ਦਾ ਕਹਿ ਰਹੇ ਹਾਂ। ਇਨਾਂ ਨੁਕਤਿਆਂ ਨੂੰ ਦੇਖਦੇ ਹੋਏ ਕਈ ਰਾਜਨੀਤਕ ਮਾਹਿਰਾਂ ਨੇ ਪ੍ਰਤੀਕਿਰਿਆ ਦਿੱਤੀ ਹੈ




ਕਿ ਇਹ ਆਮ ਆਦਮੀ ਪਾਰਟੀ ਦੇ ਕੇਂਦਰ ਵਿੱਚ ਕਾਬਜ ਹੋਣ ਦੀ ਨੀਤੀ ਵੱਲ ਸ਼ੁਰੂਆਤੀ ਕਦਮ ਹਨ। ਉਨਾਂ ਦਾ ਮੰਨਣਾ ਹੈ ਕਿ ਰਾਸ਼ਟਰਵਾਦ ਦੀ ਦੌੜ ਵਿੱਚ ਸ਼ਾਮਲ ਹੋ ਕੇ ਨਰਿੰਦਰ ਮੋਦੀ ਨਾਲ ਮੁਕਾਬਲੇ ਵਿੱਚ ਆਉਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਪਰ ਨਾਲ ਹੀ ਤਾਕੀਦ ਵੀ ਕੀਤੀ ਜਾ ਰਹੀ ਹੈ ਕਿ ਕੇਜਰੀਵਾਲ ਦੀ ਪਹਿਚਾਣ ਇੱਕ ਆਮ ਆਦਮੀ ਦੀ ਹੈ, ਜੋ ਆਮ ਆਦਮੀ ਦੀਆਂ ਲੋੜਾਂ ਸਿੱਖਿਆ, ਸਿਹਤ, ਸਫਾਈ, ਰੁਜ਼ਗਾਰ ਲਈ ਰਾਜਨੀਤੀ ਕਰਦਾ ਹੈ। ਇਨਾਂ ਬੁਨਿਆਦਾਂ ਤੋਂ ਭਗੌੜਾ ਹੋਣਾ ਸਮੁੱਚੀ ਪਾਰਟੀ ਲਈ ਹਾਨੀਕਾਰਕ ਸਿੱਧ ਹੋਵੇਗਾ। ਜਿਸ ਨਾਲ ਆਮ ਆਦਮੀ ਪਾਰਟੀ ਦੀ ਹਾਲਤ ਧੋਬੀ ਦੇ ਕੁੱਤੇ ਵਾਲੀ ਹੋ ਜਾਵੇਗੀ, ਕਿਉਂਕਿ ਰਾਸ਼ਟਰਵਾਦ ਦੀ ਰਾਜਨੀਤੀ ਵਿੱਚ ਬੀ.ਜੇ.ਪੀ. ਦਾ ਆਧਾਰ ਬਹੁਤ ਮਜ਼ਬੂਤ ਹੈ। ਇਸ ਪਾਸੇ ਜਾ ਕੇ ਰਵਾਇਤੀ ਢਾਂਚੇ ਤੋਂ ਦੁਖੀ ਆਮ ਲੋਕਾਂ ਵਿੱਚ ਵੀ ਪਾਰਟੀ ਦੀ ਸਥਿਤੀ ਡਗਮਗਾ ਜਾਵੇਗੀ।

ਵਿਵਾਦਤ ਰਾਮ ਮੰਦਰ, ਜਿਸ ਦੀ ਅਜੇ ਉਸਾਰੀ ਵੀ ਪੂਰੀ ਨਹੀਂ ਹੋਈ। ਦਿੱਲੀ ਸਰਕਾਰ ਨੇ ਬਜ਼ੁਰਗਾਂ ਨੂੰ ਉੱਥੋਂ ਦੀ ਮੁਫਤ ਯਾਤਰਾ ਕਰਾਉਣ ਦਾ ਐਲਾਨ ਵੀ ਕਰ ਦਿੱਤਾ ਹੈ। ਪਾਰਟੀ ਜਿਸ ਤਰਾਂ ਇਸ ਮਸਲੇ ਦਾ ਵੀ ਪ੍ਰਚਾਰ ਕਰ ਰਹੀ ਹੈ, ਇੱਥੋਂ ਇਹ ਸਮਝਿਆ ਜਾ ਸਕਦਾ ਹੈ ਕਿ ਫਿਲਹਾਲ ਆਮ ਆਦਮੀ ਪਾਰਟੀ ਕੇਂਦਰ ਵਿੱਚ ਆਪਣਾ ਪ੍ਰਭਾਵ ਕਾਇਮ ਕਰਨ ਲਈ ਬੀ.ਜੇ.ਪੀ. ਦੇ ਰੰਗਾਂ ਵਾਲੀ ਰਾਜਨੀਤੀ ਕਰਨ ਤੋਂ ਪਿੱਛੇ ਨਹੀਂ ਹਟੇਗੀ।

ਇਸ ਸਭ ਨੂੰ ਦੇਖਦੇ ਹੋਏ, ਜਿੱਥੇ ਇੱਕ ਪਾਸੇ ਜਦੋਂ ਪੰਜਾਬ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ। ਆਮ ਆਦਮੀ ਪਾਰਟੀ ਵੀ ਪਿਛਲੀ ਵਾਰ ਦੀ ਤਰਾਂ ਸੱਤਾ ਦਾ ਦਾਅਵਾ ਕਰ ਰਹੀ ਹੈ। ਤਿੰਨੇ ਪਾਰਟੀਆਂ ਨੇ ਸਿਆਸੀ ਅਖਾੜਾ ਗਰਮ ਕੀਤਾ ਹੋਇਆ ਅਤੇ ਕਿਸਾਨ ਅੰਦੋਲਨ ਦਾ ਪ੍ਰਭਾਵ ਵੀ ਰਾਜਨੀਤਿਕ ਸਰਗਰਮੀਆਂ ਨੂੰ ਕਲਾਵੇ ਵਿੱਚ ਲੈ ਰਿਹਾ ਹੈ। 'ਪੰਜਾਬ ਸਿੰਘ' ਕਿਸ ਪਾਸੇ ਕਰਵਟ ਲੈਂਦਾ ਹੈ ਅਤੇ ਆਮ ਆਦਮੀ ਪਾਰਟੀ ਦੇ ਇਸ ਰਾਸ਼ਟਰਵਾਦੀ ਪੈਂਤੜੇ 'ਤੇ ਕੀ ਪ੍ਰਤੀਕਰਮ ਦਿੰਦਾ ਹੈ, ਇਹ ਵਰਤਾਰਾ ਬੜਾ ਮਹੱਤਵਪੂਰਨ ਹੋਵੇਗਾ।

# ਮੋਦੀ ਕਿਸਾਨਾਂ ਦਾ ਅਪਮਾਨ ਨਾ ਕਰੇ ਤੁਰੰਤ ਮੰਗਾਂ ਮੰਨੇ

## ਮੇਘਾਲਿਆ ਦੇ ਰਾਜਪਾਲ ਮਲਿਕ ਨੇ ਕਿਹਾ ਕਿ ਸਿੱਖ ਲੋਕ 300 ਸਾਲ ਤੱਕ ਕੁਝ ਵੀ ਨਹੀਂ ਭੁੱਲਦੇ, ਇਸ ਭਾਈਚਾਰੇ ਉੱਤੇ ਬਲ ਦੀ ਵਰਤੋਂ ਨਾ ਕਰੋ

ਮੇਘਾਲੀਆ : ਕਿਸਾਨ ਅੰਦੋਲਨ ਦੇ ਮੁੱਦੇ 'ਤੇ ਭਾਜਪਾ ਦੀ ਅੰਦਰੂਨੀ ਵਿਵਾਦ ਅਤੇ ਅਸਹਿਮਤੀ ਦੀ ਆਵਾਜ਼ ਪਹਿਲਾਂ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਸੀ, ਪਰ ਹੁਣ ਇਹ ਮਤਭੇਦ ਵੀ ਜਨਤਕ ਤੌਰ 'ਤੇ ਸਾਹਮਣੇ ਆ ਰਹੇ ਹਨ। ਇਹ ਆਲੋਚਨਾ ਇਸ ਤੱਥ ਦੇ ਬਾਵਜੂਦ ਹੋ ਰਹੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕਰਨ ਵਾਲਿਆਂ ਨੂੰ ਪਾਰਟੀ ਦੇ ਕਿਨਾਰੇ 'ਲਗਾ ਦਿੱਤਾ ਜਾਂਦਾ ਹੈ।

ਮੇਘਾਲਿਆ ਦੇ ਰਾਜਪਾਲ ਸਤਪਾਲ ਮਲਿਕ ਨੇ ਇਕ ਜਨਤਕ ਮੰਚ ਉਪਰ ਕਿਹਾ ਹੈ ਕਿ 'ਮੈਂ ਹੁਣੇ ਹੀ ਇਕ ਸੀਨੀਅਰ ਪੱਤਰਕਾਰ ਨੂੰ ਮਿਲਿਆ ਹਾਂ, ਜੋ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਰੀਬੀ ਦੋਸਤ ਹੈ, ਮੈਂ ਉਸ ਨੂੰ ਦੱਸਿਆ ਕਿ ਮੈਂ ਕੋਸ਼ਿਸ਼ ਕੀਤੀ ਹੈ, ਹੁਣ ਤੁਸੀਂ ਉਨਾਂ ਨੂੰ ਸਮਝਾਓ ਕਿ ਕਿਸਾਨਾਂ ਦਾ ਅਪਮਾਨ ਕਰਨਾ ਅਤੇ ਉਨਾਂ 'ਤੇ ਦਬਾਅ ਪਾਉਣਾ ਗਲਤ ਕਾਰਵਾਈ ਹੈ। ਹੁਣ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਬਿਨਾਂ ਦਿੱਲੀ ਤੋਂ ਵਾਪਸ ਨਹੀਂ ਜਾਣਗੇ।'



ਸਤਪਾਲ ਮਲਿਕ ਨੇ ਕਿਹਾ ਕਿ 'ਆਮ ਤੌਰ 'ਤੇ ਰਾਜਪਾਲ ਚੁੱਪ ਰਹਿੰਦਾ ਹੈ ਪਰ ਮੈਨੂੰ ਕਿਸੇ ਵੀ ਮੁੱਦੇ 'ਤੇ ਬੋਲਣ ਦੀ ਆਦਤ ਹੈ। ਮੈਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਵੀ ਇਸ ਬਾਰੇ ਗੱਲ ਕੀਤੀ ਕਿ ਕਿਸਾਨਾਂ ਨਾਲ ਠੀਕ ਵਿਹਾਰ ਕਰੋ। ਇਕ ਤਾਂ ਕਿਸਾਨਾਂ ਨੂੰ ਦਿੱਲੀ ਤੋਂ ਖਾਲੀ ਨਾ ਭੇਜੋ, ਕਿਉਂਕਿ ਸਿੱਖ ਲੋਕ 300 ਸਾਲ ਤੱਕ ਕੁਝ ਵੀ ਨਹੀਂ ਭੁੱਲਦੇ। ਦੂਜਾ, ਇਸ ਭਾਈਚਾਰੇ ਉੱਤੇ ਕਦੇ ਵੀ ਬਲ ਦੀ ਵਰਤੋਂ ਨਾ ਕਰੋ। ਇਸ ਲਈ ਜਿਸ ਦਿਨ ਗ੍ਰਿਫ਼ਤਾਰੀ ਦੀ ਤਲਵਾਰ ਟਿਕੈਤ 'ਤੇ ਲਟਕ ਰਹੀ ਸੀ, ਉਸ ਦਿਨ ਮੈਂ ਰਾਤ ਦੇ 11 ਵਜੇ ਫੋਨ ਕਰਕੇ ਉਨਾਂ ਦੀ ਗ੍ਰਿਫ਼ਤਾਰੀ ਰੋਕਿਆ।'

ਕਿਸਾਨ ਅੰਦੋਲਨ ਤੋਂ ਭਾਜਪਾ ਦੇ ਨੁਕਸਾਨ ਬਾਰੇ ਬੋਲਦਿਆਂ ਉਨਾਂ ਅੱਗੇ ਕਿਹਾ ਕਿ 'ਜੇ ਇਹ ਅੰਦੋਲਨ ਜਾਰੀ ਰਿਹਾ ਤਾਂ ਬਹੁਤ ਨੁਕਸਾਨ ਹੋਵੇਗਾ। ਨਾਲ ਹੀ ਉਨਾਂ ਕਿਹਾ ਕਿ ਮੈਂ ਸਿੱਖਾਂ ਨੂੰ ਚੰਗੀ ਤਰਾਂ ਜਾਣਦਾ ਹਾਂ। ਜਦੋਂ ਸਮਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਪ੍ਰੇਸ਼ਨ ਬਲੂ ਸਟਾਰ ਕੀਤਾ ਤਾਂ ਉਸ ਨੇ ਇਕ ਮਹੀਨੇ ਲਈ ਆਪਣੇ ਫਾਰਮ ਹਾਊਸ ਵਿਚ ਮਹਾਮ੍ਰਾਂਤੰਜੇ ਜਪ ਕਰਾਇਆ ਸੀ। ਪਰ ਉਹ ਤਾਂ ਵੀ ਬਚ ਨਾ ਸਕੀ। ਸਿੱਖਾਂ ਨੇ ਉਸ ਨੂੰ ਮਾਰ ਦਿਤਾ।

ਉਨਾਂ ਦਾਅਵਾ ਕੀਤਾ ਕਿ ਉਨਾਂ ਨੂੰ ਇਹ ਜਾਣਕਾਰੀ ਅਰੁਣ ਨਹਿਰੂ ਨੇ ਦਿੱਤੀ ਸੀ। ਅਰੁਣ ਨਹਿਰੂ ਨੇ ਜਦੋਂ ਉਨਾਂ ਨੂੰ ਇਸ ਮਹਾਮ੍ਰਾਂਤੰਜੇ ਜਪ ਦਾ ਕਾਰਨ ਪੁੱਛਿਆ ਤਾਂ ਇੰਦਰਾ ਗਾਂਧੀ ਨੇ ਕਿਹਾ ਕਿ ਮੈਂ ਸਿੱਖਾਂ ਦਾ ਅਕਾਲ ਤਖਤ ਤਹਿਸ ਨਹਿਸ ਕਰ ਦਿੱਤਾ ਹੈ ਅਤੇ ਉਹ ਮੈਨੂੰ ਨਹੀਂ ਛੱਡਣਗੇ। ਇੰਦਰਾ ਗਾਂਧੀ ਨੂੰ ਮਾਰਿਆ ਹੀ ਨਾਲ ਜਰਨਲ ਵੈਦਿਆ ਨੂੰ ਪੁਣੇ ਵਿਚ ਮਾਰ ਦਿੱਤਾ।

ਉਨਾਂ ਇਹ ਵੀ ਕਿਹਾ ਕਿ ਪਹਿਲਾਂ ਕਿਸਾਨ ਦਿੱਲੀ ਤੋਂ ਨਹੀਂ ਜਾਣਗੇ, ਕਿਉਂਕਿ ਉਹ ਵਾਪਸ ਜਾਣ ਲਈ ਨਹੀਂ ਆਏ। ਜੇ ਉਨਾਂ ਨੂੰ ਜਬਰਦਸਤੀ ਭੇਜਿਆ ਜਾਂਦਾ ਹੈ ਤਾਂ ਉਹ 300 ਸਾਲ ਤੱਕ ਨਹੀਂ ਭੁੱਲਣਗੇ। ਜੇ ਸਰਕਾਰ ਐਮਐਸਪੀ ਨੂੰ ਕਾਨੂੰਨੀ ਮਾਨਤਾ ਦਿੰਦੀ ਹੈ, ਤਾਂ ਮੈਂ ਜ਼ਿੰਮੇਵਾਰੀ ਲੈ ਕੇ ਸਾਰੇ ਮਾਮਲੇ ਦਾ ਨਿਪਟਾਰਾ ਕਰਾਂਗਾ।'

# ਹਾਈ ਕੋਰਟ ਵੱਲੋਂ ਸ਼ਿਵ ਕੁਮਾਰ 'ਤੇ ਤਸ਼ੱਦਦ ਦੀ ਜਾਂਚ ਦੇ ਹੁਕਮ



**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮਜ਼ਦੂਰ ਹੱਕਾਂ ਦੇ ਕਾਰਕੁੰਨ ਸ਼ਿਵ ਕੁਮਾਰ ਨੂੰ ਸੋਨੀਪਤ ਪੁਲਿਸ ਵੱਲੋਂ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ ਅਤੇ ਹਿਰਾਸਤ ਦੌਰਾਨ ਤਸ਼ੱਦਦ ਢਾਹੁਣ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਫਰੀਦਾਬਾਦ ਦੇ ਜ਼ਿਲਾ ਅਤੇ ਸੈਸ਼ਨ ਜੱਜ ਨੂੰ ਨਿਰਦੇਸ਼ ਦਿੱਤੇ ਹਨ। ਸ਼ਿਵ ਕੁਮਾਰ ਦੇ ਪਿਤਾ ਵੱਲੋਂ ਪਾਈ ਪਟੀਸ਼ਨ 'ਤੇ ਜਸਟਿਸ ਅਵਨੀਸ਼ ਝਿੰਗਨ ਦੀ ਅਦਾਲਤ ਵੱਲੋਂ ਇਹ ਨਿਰਦੇਸ਼ ਦਿੱਤੇ ਗਏ ਹਨ। ਪਟੀਸ਼ਨਰ ਨੇ ਸ਼ਿਵ ਕੁਮਾਰ ਖ਼ਿਲਾਫ਼ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਵੱਖੋ-ਵੱਖਰੇ ਕੇਸਾਂ ਦੀ ਜਾਂਚ ਆਜ਼ਾਦ ਏਜੰਸੀ ਤੋਂ ਕਰਵਾਉਣ ਲਈ ਨਿਰਦੇਸ਼ ਦੇਣ ਦੀ ਅਪੀਲ ਕੀਤੀ ਸੀ। ਉਸ ਦੇ ਪਿਤਾ ਵੱਲੋਂ ਸ਼ਿਵ ਕੁਮਾਰ ਨੂੰ ਹਿਰਾਸਤ ਵਿੱਚ ਰੱਖਣ ਅਤੇ ਤਸ਼ੱਦਦ ਢਾਹੁਣ ਦੀ ਆਜ਼ਾਦ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਗਈ ਸੀ। ਬੈਂਚ ਨੇ ਸ਼ਿਵ ਕੁਮਾਰ ਦੇ ਕੇਸ ਵਿੱਚ ਹਰਿਆਣਾ ਪੁਲਿਸ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੂੰ ਵੀ ਤਹਿਕੀਕਾਤ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਇਸ ਦਾ ਪੱਖ ਸੀਨੀਅਰ ਐਡਵੋਕੇਟ ਆਰਐੱਸ ਚੀਮਾ, ਐਡਵੋਕੇਟ ਅਰਸ਼ਦੀਪ ਸਿੰਘ ਚੀਮਾ ਅਤੇ ਹਰਿੰਦਰ ਦੀਪ ਸਿੰਘ ਬੈਂਸ ਨੇ ਪੇਸ਼ ਕੀਤਾ।

## ਅਲਾਬਾਮਾ ਦੇ ਸਕੂਲਾਂ ਵਿਚ ਯੋਗਾ 'ਤੇ ਲੱਗੀ ਪਾਬੰਦੀ ਹਟੇਗੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਲਾਬਾਮਾ ਦੇ ਪਬਲਿਕ ਸਕੂਲਾਂ ਵਿਚ ਯੋਗਾ ਉਪਰ ਦਹਾਕਿਆਂ ਪਹਿਲਾਂ ਲੱਗੀ ਰੋਕ ਹਟ ਸਕਦੀ ਹੈ। ਅਲਾਬਾਮਾ ਦੇ ਪ੍ਰਤੀਨਿੱਧ ਸਦਨ ਨੇ 73-25 ਵੋਟਾਂ ਨਾਲ ਇਕ ਬਿੱਲ ਨੂੰ ਪ੍ਰਵਾਨਗੀ ਦਿੱਤੀ ਜੋ ਸਕੂਲ ਪ੍ਰਬੰਧਕਾਂ ਨੂੰ ਯੋਗਾ ਸ਼ੁਰੂ ਕਰਨ ਦੀ ਇਜਾਜ਼ਤ ਦਿੰਦਾ ਹੈ। ਬਿੱਲ ਹੁਣ ਸੈਨੇਟ ਨੂੰ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਬਿੱਲ ਵਿਚ ਕਿਹਾ ਗਿਆ ਹੈ ਕਿ ਯੋਗਾ ਤੇ ਸਰੀਰਕ ਅਭਿਆਸ ਕੀਤਾ ਜਾ ਸਕਦਾ ਹੈ ਪਰ ਮੰਤਰ ਨਹੀਂ ਉਚਾਰੇ ਜਾ ਸਕਣਗੇ। ਰੌਲਾ ਪਾਉਣ ਉਪਰ ਵੀ ਪਾਬੰਦੀ ਹੋਵੇਗੀ। ਅਲਾਬਾਮਾ ਬੋਰਡ ਆਫ ਐਜੂਕੇਸ਼ਨ ਨੇ 1993 ਵਿਚ ਯੋਗਾ ਉਪਰ ਪਾਬੰਦੀ ਲਾ ਦਿੱਤੀ ਸੀ।

# ਜੇ ਤੁਹਾਨੂੰ ਪਿਆਸ ਲੱਗਦੀ ਹੈ, ਮਸਜਿਦ ਤੇ ਗੁਰਦੁਆਰਾ ਆ ਜਾਣਾ, ਇਥੇ ਨਾਮ ਪੁੱਛ ਕੇ ਪਾਣੀ ਨਹੀਂ ਪਿਲਾਉਂਦੇ'

## ਮਾਮਲਾ ਮੰਦਰ ਵਿਚ ਪਿਆਸੇ ਮੁਸਲਮਾਨ ਬੱਚੇ ਦੀ ਕੁੱਟਮਾਰ ਦਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਗਾਜ਼ੀਆਬਾਦ ਦੇ ਇਕ ਮੰਦਰ 'ਚ ਪਾਣੀ ਪੀਣ ਲਈ ਦਾਖ਼ਲ ਹੋਏ ਇਕ ਮੁਸਲਮਾਨ ਲੜਕੇ ਨੂੰ ਵਿਅਕਤੀ ਨੇ ਬਹੁਤ ਹੀ ਬੇਰਹਿਮੀ ਨਾਲ ਕੁੱਟਿਆ। ਇਸ ਘਟਨਾ ਤੋਂ ਬਾਅਦ ਕੁੱਟਮਾਰ ਕਰਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਇਸ ਘਟਨਾ ਨੂੰ ਲੈ ਕੇ ਬਾਲੀਵੁੱਡ ਸਿਤਾਰੇ ਵੀ ਆਪਣਾ ਪੱਖ ਰੱਖ ਰਹੇ ਹਨ। ਬਾਲੀਵੁੱਡ ਅਦਾਕਾਰ ਤੇ 'ਬਿੱਗ ਬੌਸ' ਦਾ ਸਾਬਕਾ ਮੁਕਾਬਲੇਬਾਜ਼ ਏਜਾਜ਼ ਖ਼ਾਨ ਨੇ ਇਸ ਮੁੱਦੇ 'ਤੇ ਟਵੀਟ ਕੀਤਾ ਹੈ, ਜੋ ਕਿ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਿਹਾ ਹੈ। ਇਸ ਟਵੀਟ 'ਤੇ ਹੋਰ ਵੀ ਲੋਕ ਆਪਣਾ ਪ੍ਰਤੀਕਰਮ ਦੇ ਰਹੇ ਹਨ। ਏਜਾਜ਼ ਖ਼ਾਨ ਨੇ ਟਵੀਟ ਕਰਦਿਆਂ ਲਿਖਿਆ



'ਜੇ ਤੁਹਾਨੂੰ ਪਿਆਸ ਲੱਗਦੀ ਹੈ, ਮਸਜਿਦ ਅਤੇ ਗੁਰਦੁਆਰਾ ਸਾਹਿਬ ਆਓ, ਇਥੇ ਨਾਮ ਪੁੱਛ ਕੇ ਪਾਣੀ ਨਹੀਂ ਪਿਲਾਉਂਦੇ।'

ਦੱਸ ਦਈਏ ਕਿ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਆਪਣੇ ਟਵਿੱਟਰ ਹੈਂਡਲ 'ਤੇ ਵੀਡੀਓ ਦੀ ਇਕ ਕਲਿੱਪ ਸਾਂਝੀ ਕਰਕੇ ਮੁੱਦਾ ਉਠਾਇਆ ਸੀ। ਵੀਡੀਓ 'ਚ ਦੋਸ਼ੀ ਵਿਅਕਤੀ ਪੀੜਤ ਦਾ ਨਾਮ ਪੁੱਛਦਾ ਹੋਇਆ ਅਤੇ ਧਾਰਮਿਕ ਸਥਾਨ 'ਚ ਦਾਖ਼ਲ ਹੋਣ 'ਤੇ ਉਸ ਤੋਂ ਪੁੱਛਗਿੱਛ ਕਰਦਾ ਹੋਇਆ ਨਜ਼ਰ ਆ ਰਿਹਾ ਹੈ। ਇਸ ਤੋਂ ਥੋੜੀ ਦੇਰ ਬਾਅਦ ਉਹ ਉਸ ਨਾਲ ਬਦਸਲੂਕੀ ਕਰਦਾ ਅਤੇ ਕੁੱਟਮਾਰ ਕਰਦਾ ਹੈ। ਸੀਨੀਅਰ ਪੁਲਿਸ ਕਪਤਾਨ ਕਲਾਨਿਥੀ ਨੈਥਾਨੀ ਨੇ ਦੱਸਿਆ ਕਿ ਸ਼ੁੱਕਰਵਾਰ ਰਾਤ ਨੂੰ ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ, ਜਿਸ ਦੀ ਪਛਾਣ ਸ਼੍ਰੀਨਿੰਗ ਨੰਦਨ ਯਾਦਵ ਵਜੋਂ ਹੋਈ ਹੈ, ਜਿਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਫਰਿਜ਼ਨੋ ਨਿਵਾਸੀ ਮਾਤਾ ਸੁਰਿੰਦਰ ਕੌਰ ਦੇ ਅਕਾਲ ਚਲਾਣੇ 'ਤੇ ਨਾਗੀ ਪਰਿਵਾਰ ਨੂੰ ਸਦਮਾ



**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਦਿਨੀਂ ਫਰਿਜ਼ਨੋ ਨਿਵਾਸੀ ਮਾਤਾ ਸੁਰਿੰਦਰ ਕੌਰ (ਧਰਮ ਪਤਨੀ ਸਵਰਗਵਾਸੀ ਸ. ਭਗਤ ਸਿੰਘ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨਾਂ ਦੀ ਉਮਰ 75 ਸਾਲ ਸੀ ਅਤੇ ਉਨਾਂ ਦਾ ਪਿਛਲਾ ਪਿੰਡ ਤੇਂਗ ਸੀ, ਜੋ ਜ਼ਿਲਾ ਜਲੰਧਰ ਵਿੱਚ ਹੈ। ਸਵ: ਸੁਰਿੰਦਰ ਕੌਰ ਪਿਛਲੇ 15 ਸਾਲਾ ਤੋਂ ਆਪਣੀ ਬੇਟੀ ਕੋਲ ਫਰਿਜ਼ਨੋ ਸ਼ਹਿਰ ਵਿਖੇ ਰਹਿ ਰਹੇ ਸਨ। ਇਨਾਂ ਦਾ ਅੰਤਮ ਸੰਸਕਾਰ ਅਤੇ ਸ਼ਰਧਾਂਜਲੀ ਦੀ ਰਸਮ 27 ਮਾਰਚ, ਦਿਨ ਸ਼ਨੀਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਵਿਖੇ 11 ਵਜੇ ਤੋਂ 1 ਵਜੇ ਤੱਕ ਹੋਵੇਗੀ। ਜਿਸ ਦਾ ਪਤਾ: **4800 E. Clayton Ave, Fowler, CA-93625** ਹੈ। ਇਸ ਉਪਰੰਤ ਉਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ 'ਸਿੰਘ ਸਭਾ ਫਰਿਜਨੋ' ਵਿਖੇ ਬਾਅਦ ਦੁਪਹਿਰ 2.00 ਵਜੇ ਤੋਂ 400 ਵਜੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: **4827 N Parkway Dr, Fresno, CA 93722** ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨਾਂ ਦੇ ਜਵਾਈ ਦਵਿੰਦਰ ਸਿੰਘ ਨਾਗੀ ਨਾਲ ਫੋਨ ਨੰਬਰ **(559) 476-6791** 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਸਤੂਆਣਾ ਸਾਹਿਬ ਦੇ ਭਾਰੀ ਇਕੱਠ ਨੇ ਗਲਤੀਆਂ ਕਰਨ ਵਾਲੇ ਕਿਸਾਨ ਆਗੂਆਂ ਨੂੰ ਵੀ ਆੜੇ ਹੱਥੀਂ ਲਿਆ

**ਅੰਮ੍ਰਿਤਸਰ ਟਾਈਮਜ਼ ਬਿਊਰੋ**



ਪੰਜਾਬ ਵਿੱਚ ਦਿੱਲੀ ਵਿਖੇ ਚੱਲ ਰਹੇ ਕਿਸਾਨ ਧਰਨਿਆਂ ਦੇ ਹੱਕ ਵਿੱਚ, ਲੱਖੇ ਸਿਧਾਣੇ ਅਤੇ ਦੀਪ ਸਿੱਧੂ ਵਰਗੇ ਨੌਜਵਾਨ ਆਗੂਆਂ ਦੇ ਪਰਚੇ ਰੱਦ ਕਰਾਉਣ ਲਈ ਅਤੇ ਇਸ ਦੌਰਾਨ ਗ੍ਰਿਫਤਾਰ ਨੌਜਵਾਨਾਂ ਦੀ ਰਿਹਾਈ ਲਈ, ਲਗਾਤਾਰ ਇਕੱਠ ਅਤੇ ਮਾਰਚ ਕੀਤੇ ਜਾ ਰਹੇ ਹਨ। ਇੱਥੇ ਭਾਰੀ ਗਿਣਤੀ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਹੋ ਰਹੀ ਹੈ।

ਦੂਜੇ ਪਾਸੇ ਇਹ ਇਕੱਠ ਕਿਸਾਨ ਆਗੂਆਂ ਵੱਲੋਂ ਵੱਖ ਕੀਤੇ ਗਏ ਦੀਪ ਸਿੱਧੂ ਅਤੇ ਲੱਖਾ ਸਿਧਾਣਾ, ਜੋ ਅੰਦੋਲਨ ਦੌਰਾਨ ਨੌਜਵਾਨਾਂ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਦੇ ਭਾਰੀ ਸਮਰਥਨ ਦਾ ਸੁਨੇਹਾ, ਕਿਸਾਨ ਆਗੂਆਂ ਨੂੰ ਦੇਣ ਲਈ ਵੀ ਕੀਤੇ ਜਾ ਰਹੇ ਹਨ।

ਸੰਯੁਕਤ ਕਿਸਾਨ ਮੋਰਚਾ ਵੀ ਇਸ ਮਸਲੇ ਨੂੰ ਵਾਜਿਬ ਸਮਝਦਿਆਂ, 9 ਮਾਰਚ ਨੂੰ ਸਿੰਘੂ ਬਾਰਡਰ, ਟੀ.ਡੀ.ਆਈ. ਮਾਲ ਕੋਲ ਸਾਰੀਆਂ ਧਿਰਾਂ ਨਾਲ ਸਾਂਝਾ ਪ੍ਰੋਗਰਾਮ ਅਤੇ ਪ੍ਰੈਸ ਕਾਨਫਰੰਸ ਕਰਕੇ ਆਪਣਾ ਰੁਖ ਬਦਲਣ ਦਾ ਇਸ਼ਾਰਾ ਕਰ ਚੁੱਕਿਆ ਹੈ।

14 ਮਾਰਚ ਨੂੰ ਮਸਤੂਆਣਾ ਸਾਹਿਬ ਵਿਖੇ ਹੋਇਆ ਇਕੱਠ ਵੀ ਨੌਜਵਾਨਾਂ ਵੱਲੋਂ ਆਪਣੀ ਆਵਾਜ਼ ਦਰਜ ਕਰਾਉਣ ਦੀ ਇੱਕ ਕੋਸ਼ਿਸ਼ ਵਜੋਂ ਉਲੀਕਿਆ ਗਿਆ। ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ, ਕਿਸਾਨ ਆਗੂ ਸੁਰਜੀਤ ਸਿੰਘ ਫੂਲ ਵੱਲੋਂ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਕੇ, ਨੌਜਵਾਨਾਂ ਤੇ ਆਗੂਆਂ ਵਿਚਕਾਰ ਪੈਂਦੇ ਦਿਖ ਰਹੇ ਵਖਰੇਵੇਂ ਨੂੰ ਘੱਟ ਕਰਨ ਲਈ ਹਾਮੀ ਭਰੀ ਗਈ।

ਹਾਲਾਂਕਿ ਮਹਿਰਾਜ ਪਿੰਡ ਵਿੱਚ ਵੀ ਇਸ ਤੋਂ ਪਹਿਲਾਂ ਅਜਿਹਾ ਹੀ ਇਕੱਠ ਹੋਇਆ ਸੀ। ਜਿਸ ਵਿੱਚ ਨੌਜਵਾਨਾਂ ਨੇ ਭਾਰੀ ਇਕੱਠ ਕੀਤਾ, ਪਰ ਉਸ ਸਮੇਂ ਪ੍ਰਭਾਵਸ਼ਾਲੀ ਬੁਲਾਰਿਆਂ ਦੀ ਕਮੀ, ਜਥੇਬੰਦਕ ਢਾਂਚਾ ਨਾ ਹੋਣ ਕਾਰਨ ਅਤੇ ਕਿਸਾਨ ਆਗੂਆਂ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਰਕੇ ਇਸ ਨੂੰ ਕੋਈ ਦਿਸ਼ਾ ਨਹੀਂ ਮਿਲ ਸਕੀ।

ਪਰ ਇਸ ਵਾਰ ਸ: ਸੁਖਪ੍ਰੀਤ ਸਿੰਘ ਉਦੋਕੇ, ਸ: ਅਜਮੇਰ ਸਿੰਘ ਵਰਗੇ ਬੁਲਾਰਿਆਂ ਨੇ ਇਸ ਖੱਪੇ ਨੂੰ ਪੂਰਾ ਕੀਤਾ। ਨਾਲ ਹੀ ਨੌਜਵਾਨਾਂ ਦੇ ਇਕੱਠ ਨੂੰ ਸੰਗਠਿਤ ਕਰਕੇ ਸੰਯੁਕਤ ਕਿਸਾਨ ਮੋਰਚੇ ਦੀ ਹਮਾਇਤ ਲਈ ਨੌਜਵਾਨਾਂ ਦੀਆਂ ਇਕਾਈਆਂ ਬਣਾਉਣ ਦਾ ਐਲਾਨ ਵੀ ਕੀਤਾ ਗਿਆ।

ਡਾ. ਉਦੋਕੇ ਨੇ ਸੰਘਰਸ਼ ਵਿੱਚ ਨੌਜਵਾਨਾਂ ਵੱਲੋਂ ਪਾਏ ਯੋਗਦਾਨ ਦਾ ਹਵਾਲਾ ਦਿੰਦਿਆਂ ਉਨਾਂ ਨੂੰ ਕਿਸਾਨ ਆਗੂਆਂ ਵੱਲੋਂ ਗੱਦਾਰ ਕਹੇ ਜਾਣ ਦਾ ਖੰਡਨ ਕੀਤਾ। ਕਈ ਘਟਨਾਵਾਂ ਦਾ ਹਵਾਲਾ ਦਿੰਦਿਆਂ ਉਨਾਂ ਨੇ ਯਕੀਨ ਦਿਵਾਇਆ ਕਿ ਲਾਲ ਕਿਲੇ ਵਿੱਚ ਨਿਸ਼ਾਨ ਸਾਹਿਬ ਝੁਲਾਉਣ ਦੀ ਘਟਨਾ ਤੋਂ ਵੀ, ਸਿਰਫ ਸਰਕਾਰ ਅਤੇ ਕਿਸਾਨ ਆਗੂਆਂ ਤੋਂ ਬਿਨਾਂ, ਕਿਸੇ ਵੀ ਵਰਗ ਨੂੰ ਕੋਈ ਤਕਲੀਫ ਨਹੀਂ ਹੋਈ ਅਤੇ ਕਿਸਾਨ ਆਗੂਆਂ ਨੂੰ ਇਸ ’ਤੇ ਹਾਂ-ਪੱਖੀ ਰਵੱਈਆ ਅਪਣਾਉਣਾ ਚਾਹੀਦਾ ਸੀ।

ਸ: ਅਜਮੇਰ ਸਿੰਘ ਨੇ ਆਪਣੇ ਦਸ ਮਿੰਟਾਂ ਦੇ ਭਾਸ਼ਣ ਵਿੱਚ ਕਿਹਾ ਕਿ ਗੱਦਾਰਾਂ ਅਤੇ ਸਰਦਾਰਾਂ ਦੇ ਪ੍ਰਮਾਣ ਪੱਤਰ ਚੱਲਦੇ ਸੰਘਰਸ਼ ਵਿੱਚ ਨਹੀਂ ਦਿੱਤੇ ਜਾ ਸਕਦੇ, ਬਲਕਿ ਕੌਣ ਗੱਦਾਰ ਤੇ ਕੌਣ ਸਰਦਾਰ ਹੈ, ਇਸਦਾ ਨਿਤਾਰਾ ਸੰਘਰਸ਼ ਨਿਬੜਨ ’ਤੇ ਲੋਕ ਕਰਨਗੇ। ਉਨਾਂ ਨੇ ਨੌਜਵਾਨਾਂ ਦੇ ਜੋਸ਼ ਦੀ ਪੈਰਵਈ ਕਰਦਿਆਂ ਆਖਿਆ ਕਿ ਆਗੂਆਂ ਨੂੰ ਆਪਣੇ ਹੋਸ਼ ਨੂੰ, ਆਪਣੀ ਬੁਜ਼ਦਿਲੀ ਨਹੀਂ ਬਣਨ ਦੇਣਾ ਚਾਹੀਦਾ। ਕਿਉਂਕਿ ਇਤਿਹਾਸ ਜੋਸ਼ ਜਜ਼ਬਿਆਂ ਨਾਲ ਦਿੱਤੀਆਂ ਸ਼ਹੀਦੀਆਂ ਨੂੰ ਯਾਦ ਰੱਖਦਾ, ਸਟੇਜਾਂ ਤੋਂ ਕੀਤੀਆਂ ਬਿਆਨਬਾਜ਼ੀਆਂ ਨੂੰ ਨਹੀਂ। ਇਸ ਲਈ ਉਨਾਂ ਨੇ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਕਬੂਲਣ ਦੀ ਤਾਕੀਦ ਕੀਤੀ।

ਇਸ ਤੋਂ ਇਲਾਵਾ ਮਹਿਰਾਜ ਵਿਖੇ ਇਕੱਠ ਦਾ ਸੱਦਾ ਦੇਣ ਵਾਲੇ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਵੀ ਲੱਖਾ ਸਿਧਾਣਾ ਅਤੇ ਹੋਰ ਨੌਜਵਾਨਾਂ ਦੇ ਹੱਕ ਵਿੱਚ ਖੜਨ ਦੀ ਗੱਲ ਠੋਸ ਸ਼ਬਦਾਂ ਵਿੱਚ ਕਿਸਾਨ ਆਗੂ ਸ: ਸੁਰਜੀਤ ਫੂਲ ਅੱਗੇ ਰੱਖੀ। ਹਰਜੀਤ ਸਿੰਘ ਢਪਾਲੀ, ਸੁਖਵਿੰਦਰ ਪੀ.ਪੀ., ਨੌਜਵਾਨ ਆਗੂ ਕਨੂੰ ਪ੍ਰਿਆ, ਸਟਾਲਿਨਵੀਰ ਸਿੰਘ, ਜੱਗੀ ਬਾਬਾ, ਜਗਦੀਪ ਰੰਧਾਵਾ ਵਰਗੇ ਨਾਮਵਾਰ ਚਿਹਰਿਆਂ ਨੇ ਵੀ ਆਪਣੀ ਸ਼ਮੂਲੀਅਤ ਦਰਜ ਕਰਾਈ।

ਅਕਾਲ ਡਿਗਰੀ ਕਾਲਜ ਮਸਤੂਆਣਾ ਦੀ ਕਮੇਟੀ ਵੱਲੋਂ ਸ਼ਹੀਦ ਹੋਏ ਕਿਸਾਨ ਪਰਿਵਾਰਾਂ ਨੂੰ ਮੰਚ ’ਤੇ ਬੁਲਾ ਕੇ ਸਿਰੋਪਾਉ ਅਤੇ ਦਸ ਹਜ਼ਾਰ ਰੁ: ਭੇਟ ਕੀਤੇ ਗਏ। ਉਨਾਂ ਦੇ ਬੱਚਿਆਂ ਦੀ ਪੜਾਈ ਵੀ ਸੰਸਥਾ ਵੱਲੋਂ ਮੁਫ਼ਤ ਕਰਵਾਉਣ ਦਾ ਐਲਾਨ ਕੀਤਾ ਗਿਆ।

ਸਾਰੇ ਪ੍ਰੋਗਰਾਮ ਦੌਰਾਨ ਜ਼ਰੂਰਤ ਤੋਂ ਜ਼ਿਆਦਾ ਭਾਰੀ ਪੁਲਿਸ ਬਲ ਦੀ ਤੈਨਾਤੀ ਰਹੀ, ਜਿਸ ਦੀ ਮੌਜੂਦਗੀ ਅਤੇ ਤਲਾਸ਼ੀ ਵਰਗੀਆਂ ਕਾਰਵਾਈਆਂ ਨੂੰ ਸਟੇਜ ਤੋਂ ਕਈ ਵਾਰ ਨਿਖੇਧਿਆ ਗਿਆ।

ਜੈਕਾਰਿਆਂ ਦੀ ਗੂੰਜ ਨਾਲ ਸਮਾਪਤ ਹੋਏ ਪ੍ਰੋਗਰਾਮ ਤੋਂ ਬਾਅਦ ਨੌਜਵਾਨਾਂ ਨੂੰ ਕਿਸਾਨਾਂ ਆਗੂਆਂ ਵੱਲੋਂ ਮੁੜ ਗਲ ਲਾਉਣ ਦੇ ਯਤਨਾਂ ਨੂੰ ਹਾਂ-ਪੱਖੀ ਨਜ਼ਰੀਏ ਨਾਲ ਦੇਖਿਆ ਗਿਆ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਮਾਮਲਾ ਮੁਕੇਸ਼ ਅੰਬਾਨੀ ਦੇ ਘਰ ਕੋਲੋਂ ਧਮਾਕਾਖੇਜ਼ ਸਮੱਗਰੀ ਲੱਦੀ ਸਕਾਰਪੀਓ ਬਰਾਮਦ ਹੋਣ ਦਾ

## ਐੱਨਆਈਏ ਦਾ ਦਾਅਵਾ, ਸਚਿਨ ਹੈ ਬਸ ਇਕ ਮੋਹਰਾ, ਵੱਡੇ ਲੋਕਾਂ ਦੇ ਇਸ਼ਾਰਿਆਂ ’ਤੇ ਕਰ ਰਿਹਾ ਸੀ ਕੰਮ

ਨਵੀਂ ਦਿੱਲੀ : ਮੁੰਬਈ ’ਚ ਮੁਕੇਸ਼ ਅੰਬਾਨੀ ਦੇ ਘਰ ਕੋਲੋਂ ਧਮਾਕਾਖੇਜ਼ ਸਮੱਗਰੀ ਲੱਦੀ ਸਕਾਰਪੀਓ ਬਰਾਮਦ ਹੋਣ ਦੇ ਮਾਮਲੇ ਦੀ ਜਾਂਚ ਕਰ ਰਹੀ ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਦਾ ਦਾਅਵਾ ਹੈ ਕਿ ਇਸ ਮਾਮਲੇ ਵਿਚ ਕਈ ‘ਵੱਡੇ ਖਿਡਾਰੀ’ ਸ਼ਾਮਲ ਹਨ ਜਿਨਾਂ ਦੇ ਇਸ਼ਾਰੇ ’ਤੇ ਸਚਿਨ ਵਜ਼ੇ ਕੰਮ ਕਰ ਰਿਹਾ ਸੀ। ਵਜ਼ੇ ਨੂੰ ਐੱਨਆਈਏ ਨੇ ਸ਼ਨਿਚਰਵਾਰ ਨੂੰ ਗ੍ਰਿਫ਼ਤਾਰ ਕੀਤਾ ਸੀ। ਐੱਨਆਈਏ ਦੀ ਜਾਂਚ ਵਿਚ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਧਮਾਕਾਖੇਜ਼ ਸਮੱਗਰੀ ਲੱਦੀ ਸਕਾਰਪੀਓ ਕੋਲ ਪੀਪੀਈ ਪਹਿਨੇ ਜਿਸ ਵਿਅਕਤੀ ਦੇ ਹੋਣ ਦੀ ਗੱਲ ਕਹੀ ਜਾ ਰਹੀ ਸੀ, ਉਹ ਵਜ਼ੇ ਹੀ ਸੀ। ਜਾਂਚ ਏਜੰਸੀਆਂ ਨੂੰ ਗੁੰਮਰਾਹ ਕਰਨ ਦੇ ਮਕਸਦ ਨਾਲ ਉਸ ਨੇ ਪੀਪੀਈ ਕਿੱਟ ਨਹੀਂ ਬਲਕਿ ਢਿੱਲਾ ਕੁੜਤਾ ਪਜ਼ਾਮਾ ਪਾਇਆ ਹੋਇਆ ਸੀ। ਉਸ ਨੇ ਸਿਰ ’ਤੇ ਰੁਮਾਲ ਵੀ ਬੰਨਿਆ ਹੋਇਆ ਸੀ।

ਐੱਨਆਈਏ ਦੇ ਇਕ ਸੀਨੀਅਰ ਅਧਿਕਾਰੀ ਨੇ ਨਾਂ ਜ਼ਾਹਿਰ ਨਾ ਕਰਨ ਦੀ ਸ਼ਰਤ ’ਤੇ ਦੱਸਿਆ ਕਿ ਇਸ ਮਾਮਲੇ ਵਿਚ ਕਈ ਵੱਡੇ ਲੋਕਾਂ ਦੇ ਸ਼ਾਮਲ ਹੋਣ ਦੇ ਸਬੂਤ ਮਿਲੇ ਹਨ। ਸਚਿਨ ਵਜ਼ੇ ਤਾਂ ਇਕ ਮੋਹਰਾ ਹੈ। ਉਹ ਇਨਾਂ ਸ਼ਾਤਿਰ ਖਿਡਾਰੀਆਂ ਦੇ ਨਿਰਦੇਸ਼ ’ਤੇ ਕੰਮ ਕਰ ਰਿਹਾ ਸੀ। ਇਨਾਂ ਵਿਚੋਂ ਕੁਝ ਲੋਕਾਂ ਨੂੰ ਛੇਤੀ ਹੀ ਪੁੱਛਗਿੱਛ ਲਈ ਸੱਦਿਆ ਜਾਵੇਗਾ। ਐੱਨਆਈਏ ਮੁਤਾਬਕ, ਟੈਲੀਗ੍ਰਾਮ ਐਪ ’ਤੇ ਪੋਸਟ ਕੀਤੇ ਗਏ ਅੱਤਵਾਦੀ ਸੰਗਠਨ ਜੈਸ਼-ਉਲ-ਹਿੰਦ ਦੇ ਇਕ ਪੱਤਰ ਵਿਚ ਫਿਰੌਤੀ ਮੰਗਣ ਅਤੇ ਘਟਨਾ ਦੀ ਜ਼ਿੰਮੇਵਾਰੀ ਲੈਣ ਦੀ ਵੀ ਜਾਂਚ ਕੀਤੀ ਜਾਵੇਗੀ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਪਹਿਲਾਂ ਹੀ ਇੰਡੀਅਨ ਮੁਜਾਹਦੀਨ ਦੇ ਇਕ ਸਾਥੀ ਤਹਿਸੀਨ ਅਖਤਰ ਨੂੰ ਹਿਰਾਸਤ ਵਿਚ ਲੈ ਲਿਆ ਹੈ, ਜਿਹੜਾ ਬੰਬ ਬਣਾਉਣ ਵਿਚ ਮਾਹਿਰ ਹੈ।

ਐੱਨਆਈਏ ਦੇ ਅਧਿਕਾਰੀਆਂ ਨੇ ਦੱਸਿਆ ਕਿ ਅਖਤਰ ਤੋਂ



ਪੁੱਛਗਿੱਛ ਕਰਨ ਅਤੇ ਟੈਲੀਗ੍ਰਾਮ ਐਪ ’ਤੇ ਧਮਕੀ ਭਰਿਆ ਪੱਤਰ ਪੋਸਟ ਕਰਨ ਲਈ ਇਸਤੇਮਾਲ ਕੀਤੇ ਗਏ ਮੋਬਾਈਲ ਨੂੰ ਜ਼ਬਤ ਕਰਨ ਤੋਂ ਬਾਅਦ ਕੁਝ ਠੋਸ ਸਬੂਤ ਜੁਟਾਏ ਗਏ ਹਨ। ਵਜ਼ੇ ਤੋਂ ਛੇਤੀ ਹੀ ਇਨਾਂ ਸਬੂਤਾਂ ਦੇ ਆਧਾਰ ’ਤੇ ਪੁੱਛਗਿੱਛ ਕੀਤੀ ਜਾਵੇਗੀ। ਅਧਿਕਾਰੀਆਂ ਨੇ ਕਿਹਾ ਕਿ ਇਹ ਮਾਮਲਾ ਲਗਭਗ ਖੁੱਲ ਗਿਆ ਹੈ ਅਤੇ ਛੇਤੀ ਹੀ ਇਸ ਦੇ ਪਿੱਛੇ ਦੀ ਪੂਰੀ ਸਾਜ਼ਿਸ਼ ਨੂੰ ਸੁਲਝਾ ਲਿਆ ਜਾਵੇਗਾ।

ਨੀਤਾ ਅੰਬਾਨੀ ਨੂੰ ਬੀਐੱਚਯੂ ਦਾ ਵਿਜ਼ਿਟਿੰਗ ਪ੍ਰੋਫੈਸਰ ਬਣਾਉਣ ਦਾ ਰਿਲਾਇੰਸ ਇੰਡਸਟ੍ਰੀਜ਼ ਲਿਮਟਿਡ ਨੇ ਕੀਤਾ ਖੰਡਨ

**ਲੈਪਟਾਪ ’ਚ ਨਹੀਂ ਮਿਲਿਆ ਡਾਟਾ**

ਐੱਨਆਈਏ ਨੇ ਵਜ਼ੇ ਦੇ ਦਫ਼ਤਰ ਤੋਂ ਜਿਹੜਾ ਲੈਪਟਾਪ ਜ਼ਬਤ ਕੀਤਾ ਸੀ, ਉਸ ਵਿਚੋਂ ਕੋਈ ਡਾਟਾ ਨਹੀਂ ਮਿਲਿਆ। ਸਾਰਾ ਡਾਟਾ ਡਿਲੀਟ ਕੀਤਾ ਜਾ ਚੁੱਕਾ ਸੀ। ਇਸ ਤੋਂ ਇਲਾਵਾ ਵਜ਼ੇ ਨੇ ਆਪਣਾ ਮੋਬਾਈਲ ਫੋਨ ਵੀ ਐੱਨਆਈਏ ਨੂੰ ਮੁਹੱਈਆ ਨਹੀਂ ਕਰਵਾਇਆ। ਪੁੱਛਗਿੱਛ ਵਿਚ ਉਸ ਨੇ ਮੋਬਾਈਲ ਫੋਨ ਗੁੰਮ ਹੋਣ ਦੀ ਗੱਲ ਕਹੀ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਸਬੂਤ ਮਿਟਾਉਣ ਬਾਕੀ ਸਫ਼ਾ 31 ’ਤੇ

# ਸਿਟ ਵੱਲੋਂ ਬਹਿਬਲ ਕਲਾਂ ਗੋਲ਼ੀ ਕਾਂਡ ਦੀ ਜਾਂਚ ਪੂਰੀ

## ਡੇਰਾ ਮੁਖੀ ਨੂੰ ਮੁਆਫ਼ੀ ਦੇਣ ਤੋਂ ਬਾਅਦ ਰਚੀ ਗਈ ਸੀ ਗੋਲ਼ੀ ਕਾਂਡ ਦੀ ਸਾਜ਼ਿਸ਼

**ਫ਼ਰੀਦਕੋਟ/ਏ.ਟੀ.ਨਿਊਜ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਤੀਜੇ ਦਿਨ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸ਼ਾਂਤਮਈ ਧਰਨੇ ’ਤੇ ਬੈਠੀਆਂ ਸੰਗਤਾਂ ਉਪਰ ਪੁਲਿਸ ਵੱਲੋਂ ਢਾਹੇ ਗਏ ਅੱਤਿਆਚਾਰ ਵਾਲੇ ਦੋ ਮਾਮਲਿਆਂ ਦੀ ਪੜਤਾਲ ਕਰ ਰਹੀ ਐੱਸਆਈਟੀ ਨੇ ਇੱਥੇ ਪ੍ਰੈੱਸ ਕਾਨਫਰੰਸ ਕਰਕੇ ਦਾਅਵਾ ਕੀਤਾ ਕਿ ਟੀਮ ਨੇ ਪੜਤਾਲ ਮੁਕੰਮਲ ਕਰ ਲਈ ਹੈ ਅਤੇ ਹੁਣ ਤੱਕ 9 ਚਲਾਨ ਅਦਾਲਤ ਵਿਚ ਪੇਸ਼ ਕੀਤੇ ਜਾ ਚੁੱਕੇ ਹਨ ਜਦਕਿ ਇਕ ਚਲਾਨ ਆਉਣਾ ਅਜੇ ਬਾਕੀ ਹੈ, ਜੋ ਮੁਕੰਮਲ ਹੋ ਚੁੱਕਾ ਹੈ ਅਤੇ ਇਹ ਚਲਾਨ ਕਿਸੇ ਵੀ ਦਿਨ ਅਦਾਲਤ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਐੱਸਆਈਟੀ ਦੇ ਪ੍ਰਮੁੱਖ ਮੈਂਬਰ ਆਈਜੀ ਕੁੰਵਰਵਿਜੇ ਪ੍ਰਤਾਪ ਸਿੰਘ ਨੇ ਜ਼ਿਲਾ ਅਟਾਰਨੀ ਰਜਨੀਸ਼ ਕੁਮਾਰ ਅਸ਼ੋਕਾ ਅਤੇ ਉਪ ਜ਼ਿਲਾ ਅਟਾਰਨੀ ਪੰਕਜ ਤਨੇਜਾ ਦੀ ਹਾਜ਼ਰੀ ਵਿਚ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਲਗਭਗ 2 ਸਾਲ ਚੱਲੀ ਪੜਤਾਲ ਦੌਰਾਨ ਜੋ ਵੀ ਸਬੂਤ ਅਤੇ ਗਵਾਹ ਜਾਂਚ ਟੀਮ ਨੂੰ ਮਿਲੇ, ਉਹ ਅਦਾਲਤ ਵਿਚ ਪੇਸ਼ ਕਰ ਦਿੱਤੇ ਗਏ ਹਨ। ਕੁੰਵਰਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਪੜਤਾਲ ਦੌਰਾਨ ਉਨਾਂ ਨੂੰ ਡਰਾਇਆ-ਧਮਕਾਇਆ ਗਿਆ, ਜ਼ਲੀਲ ਕਰਨ ਦੀ ਕੋਈ ਕੋਸ਼ਿਸ਼ ਨਹੀਂ ਛੱਡੀ, ਮਾਨਸਿਕ ਤੌਰ ’ਤੇ ਐਨਾ ਕੁ ਪ੍ਰੇਸ਼ਾਨ ਕੀਤਾ ਗਿਆ, ਭਾਵੇਂ ਉਸ ਦਾ ਖ਼ੁਲਾਸਾ ਅਗਾਮੀ ਦਿਨਾਂ ਵਿਚ ਕੀਤਾ ਜਾਵੇਗਾ ਪਰ ਇਸ ਦੇ ਬਾਵਜੂਦ ਉਨਾਂ ਨੇ ਨਿਰਪੱਖ ਪੜਤਾਲ ਕਰਕੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ। ਉਨਾਂ ਦਾਅਵਾ ਕੀਤਾ ਕਿ ਜਾਂਚ ਰਿਪੋਰਟ ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰੀਸ ਕਰਨ ਦੇ ਕੇਸ ਵਿਚ ਮੁਆਫ਼ੀ ਦੇਣ ਮਗਰੋਂ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਗੋਲ਼ੀ ਕਾਂਡ ਕਰਵਾਇਆ ਗਿਆ।

ਜਾਂਚ ਟੀਮ ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਕੋਟਕਪੂਰਾ ਗੋਲ਼ੀ ਕਾਂਡ ਦੀ ਸਾਜ਼ਿਸ਼ ਵਿਚ ਉਸ ਵੇਲੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਜਿਨਾਂ ਕੋਲ ਗ੍ਰਹਿ ਵਿਭਾਗ ਵੀ ਸੀ, ਉਹ ਵੀ ਉਕਤ ਕੇਸ ਵਿਚ ਸ਼ਾਮਲ ਸਨ। ਹਾਲਾਂਕਿ ਐਸਆਈਟੀ ਨੇ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਅਦਾਲਤ ਵਿਚ ਕੋਈ ਚਲਾਨ ਪੇਸ਼ ਨਹੀਂ ਕੀਤਾ। ਆਈਜੀ ਕੁੰਵਰਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਜਾਂਚ ਟੀਮ ਨੇ ਪੜਤਾਲ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਸਾਬਕਾ ਡੀਜੀਪੀ ਅਤੇ ਉੱਚ ਪੁਲਿਸ ਅਧਿਕਾਰੀਆਂ ਦੇ ਨਾਲ-ਨਾਲ ਬਾਲੀਵੁੱਡ ਅਦਾਕਾਰ ਅਕਸ਼ੇ ਕੁਮਾਰ ਤੋਂ ਵੀ ਪੁੱਛ-ਪੜਤਾਲ ਕੀਤੀ ਸੀ। ਆਪਣੀ ਪੜਤਾਲ ਰਿਪੋਰਟ ਨੂੰ ਹਰ ਪੱਖ ਤੋਂ ਮੁਕੰਮਲ ਦੱਸਦਿਆਂ ਉਨਾਂ ਕਿਹਾ ਕਿ ਹੁਣ ਅਦਾਲਤ ਇਸ ਮਾਮਲੇ ਵਿਚ ਸੁਣਵਾਈ ਕਰੇਗੀ ਅਤੇ ਜਾਂਚ ਟੀਮ ਅਦਾਲਤ ਨੂੰ ਹਰ ਤਰਾਂ ਦਾ ਸਹਿਯੋਗ ਦੇਵੇਗੀ। ਉਨਾਂ ਦੁਹਰਾਇਆ ਕਿ ਜਾਂਚ ਰਿਪੋਰਟ ਵਿਚ ਹਰ ਉਹ ਸਬੂਤ, ਹਲਫ਼ੀਆ ਬਿਆਨ ਅਤੇ ਦਸਤਾਵੇਜ਼ ਪੇਸ਼ ਕੀਤੇ ਗਏ ਹਨ, ਜਿਨਾਂ ਤੋਂ ਆਸ ਬਣਦੀ ਹੈ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ਼ ਜ਼ਰੂਰ ਮਿਲੇਗਾ।












# ਭਾਰਤ: ਜਮਹੂਰੀਅਤ ਤੋਂ ਤਾਨਾਸ਼ਾਹੀ ਦਾ ਸਫਰ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਅੱਜ ਵੋਟਾਂ ਜ਼ਰੀਏ ਤਾਨਾਸ਼ਾਹੀ ਰਾਜ ਵਿੱਚ ਤਬਦੀਲ ਹੋ ਚੁੱਕਿਆ ਹੈ। ਭਾਰਤ ਦਾ ਲੋਕਤੰਤਰੀ ਢਾਂਚਾ ਇਸ ਹੱਦ ਤੱਕ ਆਪਣੀ ਪਛਾਣ ਗਵਾ ਰਿਹਾ ਹੈ ਕਿ ਮੀਡੀਆ, ਬੁੱਧੀਜੀਵੀ ਵਰਗ ਅਤੇ ਆਮ ਨਾਗਰਿਕ ਦੀ ਅਜ਼ਾਦੀ ਦਾ ਪੱਧਰ ਢਾਹ ਲੱਗਣ ਕਾਰਨ ਪਿਛਲੇ ਦਸ ਸਾਲਾਂ ਵਿੱਚ ਲਗਾਤਾਰ ਨਿੱਘਰਦਾ ਹੀ ਜਾ ਰਿਹਾ।

(ਗ੍ਰਾਫ ਦੇਖੋ)




2014 ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਆਪਣੇ ਹਿੰਦੂ ਰਾਸ਼ਟਰਵਾਦੀ ਅਜੰਡੇ ਨੂੰ ਲੈ ਕੇ ਸੱਤਾ ’ਤੇ ਕਾਬਜ਼ ਹੋਈ, ਜਿਸ ਤੋਂ ਬਾਅਦ ਹੀ ਗ੍ਰਾਫ ਵਿਚਲੀ ਲੀਕ ਤੋਂ ਬਾਅਦ ਲਗਾਤਾਰ ਇਸ ਮਸਲੇ ’ਤੇ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।

ਭਾਰਤ ਵਿੱਚ ਉਦਾਰਵਾਦੀ ਲੋਕਤੰਤਰ ਸਥਾਪਤੀ ਦਾ ਪੱਧਰ 2020 ਦੇ ਅਖੀਰ ਤੱਕ 0.34 ਦਰਜ ਕੀਤਾ ਗਿਆ ਜੋ ਕਿ 2013 ਦੇ ਉੱਚ ਪੱਧਰ 0.57 ਅੰਕ ਤੋਂ ਬਾਅਦ ਇੱਕਦਮ ਦਰਜ ਕੀਤੀ ਗਈ ਗਿਰਾਵਟ ਹੈ। ਇਹ ਸਿਫਰ ਤੋਂ ਇੱਕ ਦੇ ਵਿਚਕਾਰ ਦੇ ਐਲਡੀਆਈ ਸਕੇਲ ਅਨੁਸਾਰ 23 ਪ੍ਰਤੀਸ਼ਤ ਦੀ ਗਿਰਾਵਟ ਹੈ। ਇਸ ਚਲਨ ਅਨੁਸਾਰ ਇਹ ਬਹੁਤ ਹੀ ਨਾਟਕੀ ਪਰਿਵਰਤਨ ਹੈ, ਜਿਸ ਨਾਲ ਭਾਰਤ ਬ੍ਰਾਜ਼ੀਲ, ਤੁਰਕੀ ਅਤੇ ਹੰਗਰੀ ਵਰਗੇ ਦੇਸ਼ਾਂ ਦੇ ਨਾਲ ਆ ਖੜਾ ਹੈ ਜੋ ਕਿ ਆਪਣੇ ਲੋਕਤੰਤਰੀ ਰਾਜ ਕਹਾਉਣ ਦਾ ਹੱਕ ਗਵਾ ਚੁੱਕੇ ਹਨ। ਹੰਗਰੀ ਅਤੇ ਤੁਰਕੀ ਕ੍ਰਮਵਾਰ 2018 ਅਤੇ 2014 ਵਿੱਚ ਇਸ ਸੂਚੀ ਵਿੱਚ ਸ਼ਾਮਿਲ ਹੋਏ ਹਨ, ਜਿਸ ਵਿੱਚ ਹੁਣ ਭਾਰਤ ਵੀ ਜਾ ਬੈਠਾ ਹੈ।

ਗ੍ਰਾਫ ਚਿੱਤਰ ਦਰਸਾ ਰਿਹਾ ਹੈ ਕਿ 2014 ਤੋਂ ਬਾਅਦ ਭਾਰਤ ਕਿਸ ਤੇਜੀ ਨਾਲ ਚੁਣੀ ਹੋਈ ਤਾਨਾਸ਼ਾਹੀ ਦੇ ਰਾਹ ਵੱਲ ਵਧਿਆ। ਇਸ ਸਕੇਲ ਵਿੱਚ ਆਮ ਤੌਰ ’ਤੇ 0 ਤੋਂ 4 ਤੱਕ ਦੀ ਰੇਂਜ ਹੁੰਦੀ ਹੈ, ਜਿਸ ਵਿੱਚ ਭਾਰਤ ਦਾ ਦੋ ਸਥਾਨਾਂ ਤੱਕ ਥੱਲੇ ਖਿਸਕਣਾ ਤਾਨਾਸ਼ਾਹੀ ਵੱਲ ਵਧਣ ਦਾ ਤੇਜ਼ ਤੇ ਭਿਆਨਕ ਵਰਤਾਰਾ ਜਾਪ ਰਿਹਾ।

ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਦੀ ‘ਆਜ਼ਾਦ ਅਤੇ ਨਿਰਪੱਖ ਚੋਣਾਂ’ ਕਰਵਾਉਣ ਦੀ ਸ਼ਕਤੀ ਵੀ ਗਿਰਾਵਟ ਵੱਲ ਗਈ ਹੈ, ਜੋ ਕਿ 2013 ਵਿੱਚ ਸਭ ਤੋਂ ਹੇਠਲੇ ਪੱਧਰ ’ਤੇ ਸੀ। ਇਸ ਦੌਰਾਨ ਹੀ ਨਵੀਂ ਸਰਕਾਰ ਹੋਂਦ ਵਿੱਚ ਆਈ ਅਤੇ ਭਾਰਤ ਦੇ ‘ਚੁਣੀ ਗਈ ਤਾਨਾਸ਼ਾਹੀ’ ਵਜੋਂ ਉੱਭਰਨ ਦੇ ਹਾਲਾਤ ਪੈਦਾ ਹੋਏ। ਨਾਲ ਹੀ, ਬੋਲਣ ਦੀ ਆਜ਼ਾਦੀ, ਮੀਡੀਆ ਅਤੇ ਨਾਗਰਿਕ ਅਧਿਕਾਰ ਵੀ ਬੁਰੀ ਤਰਾਂ ਪ੍ਰਭਾਵਿਤ ਹੋਏ, ਜਿਸਦਾ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਅੰਕ 4 ਵਿੱਚੋਂ 3.5 ਸੀ। ਮਤਲਬ ਕਿ ਸਰਕਾਰ ਨੇ ਸੈਂਸਰਸ਼ਿਪ ਦੀ ਵਰਤੋਂ ਬਹੁਤ ਘੱਟ ਕੀਤੀ ਸੀ। ਪਰ ਹੁਣ ਇਹ ਅੰਕ 1.5 ’ਤੇ ਆ ਡਿੱਗਾ ਹੈ, ਜਿਸਦਾ ਸਾਫ ਮਤਲਬ ਇਹ ਹੈ ਕਿ ਸੈਂਸਰਸ਼ਿਪ ਦੀ ਵਰਤੋਂ ਹੁਣ ਆਮ ਹੋਣ ਲੱਗ ਪਈ ਹੈ ਅਤੇ ਇਹ ਸਿਰਫ ਸੰਵੇਦਨਸ਼ੀਲ ਮੁੱਦਿਆਂ ਤੱਕ ਮਹਿਦੂਦ ਨਹੀਂ ਰਹੀ।

ਭਾਰਤ ਇਸ ਮਸਲੇ ਵਿੱਚ ਪਾਕਿਸਤਾਨ ਦੇ ਬਰਾਬਰ ਜਾ ਖੜਾ ਹੈ ਅਤੇ ਆਪਣੇ ਗੁਆਂਢੀਆਂ ਨੇਪਾਲ ਅਤੇ ਬੰਗਲਾਦੇਸ਼ ਤੋਂ



ਮਾੜੀ ਸਥਿਤੀ ਵਿੱਚ ਹੈ। ਮੋਦੀ ਸਰਕਾਰ ਨੇ ਦੇਸ਼ਧ੍ਰੋਹ, ਮਾਨਹਾਨੀ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਰਤੋਂ ਆਪਣੇ ਆਲੋਚਕਾਂ ਦੇ ਮੂੰਹ ਬੰਦ ਕਰਨ ਲਈ ਕੀਤੀ। ਉਦਾਹਰਨ ਵਜੋਂ 7000 ਤੋਂ ਵੱਧ ਦੇਸ਼ਧ੍ਰੋਹ ਦੇ ਮਾਮਲੇ ਭਾਜਪਾ ਦੇ ਤਾਕਤ ਵਿੱਚ ਆਉਣ ਤੋਂ ਬਾਅਦ ਦਰਜ ਕੀਤੇ ਗਏ ਹਨ, ਜਿਨਾਂ ਵਿੱਚੋਂ ਬਹੁਤੇ ਦੋਸ਼ੀ ਮੌਜੂਦਾ ਸਰਕਾਰ ਦੇ ਆਲੋਚਕ ਹੀ ਹਨ।

ਮਾਨਹਾਨੀ ’ਤੇ ਬਣਿਆ ਸਾਲ 2016 ਦਾ ਕਾਨੂੰਨ, ਉਨਾਂ ਪੱਤਰਕਾਰਾਂ ਨੂੰ ਚੁੱਪ ਕਰਾਉਣ ਲਈ ਅਕਸਰ ਹੀ ਵਰਤਿਆ ਜਾਂਦਾ ਹੈ, ਜੋ ਮੋਦੀ ਸਰਕਾਰ ਦੀਆਂ ਨੀਤੀਆਂ ਨਾਲ ਇਤਫ਼ਾਕ ਨਹੀਂ ਰੱਖਦੇ। ਜਿਸਦੀ ਸਜ਼ਾ ਦੋ ਸਾਲ ਤੋਂ ਲੈ ਕੇ ਉਮਰ ਕੈਦ ਤੱਕ ਹੋ ਸਕਦੀ ਹੈ, ਜਿਸ ਅਨੁਸਾਰ ‘ਬੋਲੇ ਜਾਂ ਲਿਖੇ ਗਏ ਸ਼ਬਦ ਜਾਂ ਇਸ਼ਾਰੇ/ਸੰਕੇਤ ਜਾਂ ਦੇਖੀ ਜਾ ਸਕਣ ਵਾਲੀ ਕੋਈ ਪੇਸ਼ਕਾਰੀ ਜੋ ਸਰਕਾਰ ਪ੍ਰਤੀ ਬੇਇੱਜ਼ਤੀ ਜਾਂ ਨਫਰਤ ਫੈਲਾਉਣ, ਜਾਂ ਫੈਲਾਉਣ ਦੀ ਕੋਸ਼ਿਸ਼ ਕਰਨ, ਜਾਂ ਉਸ ਪ੍ਰਤੀ ਨਾਰਾਜ਼ਗੀ ਭੜਕਾਉਣ ਦੀ ਕੋਸ਼ਿਸ਼ ਕਰਦੀ ਹੋਵੇ’ ਹਰ ਉਹ ਕਿਰਿਆ ਇਸ ਕਾਨੂੰਨ ਦੇ ਘੇਰੇ ਵਿੱਚ ਆਉਂਦੀ ਹੈ।

ਮੋਦੀ ਸਰਕਾਰ ਨੇ ਇਸ ਤੋਂ ਇਲਾਵਾ ਨਾਗਰਿਕ ਆਜ਼ਾਦੀ ਦੇ ਅਸੂਲਾਂ ਨੂੰ ਵੀ ਛਿੱਕੇ ਟੰਗਿਆ ਅਤੇ ਸੰਵਿਧਾਨ ਦੇ ਵਿਚਾਰਾਂ ਦੀ ਖੁੱਲ ਅਤੇ ਧਰਮ ਨਿਰਪੱਖਤਾ ਜਿਹੇ ਸਿਧਾਂਤਾਂ ਦੀ ਸ਼ਰੇਆਮ ਉਲੰਘਣਾ ਕੀਤੀ। ਹੁਣੇ ਹੀ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ 1967 ਵਿੱਚ ਸਾਲ 2019 ਦੌਰਾਨ ਸੋਧ ਕੀਤੀ ਗਈ, ਜਿਸ ਦੀ ਵਰਤੋਂ ਰਾਜਨੀਤਕ ਵਿਰੋਧੀਆਂ ਅਤੇ ਅੰਦੋਲਨਕਾਰੀਆਂ ਨੂੰ ਤੰਗ ਕਰਨ, ਦਬਾਉਣ ਅਤੇ ਜੇਲਾਂ ਵਿੱਚ ਡੱਕਣ ਲਈ ਕੀਤੀ ਗਈ।

**ਬਾਕੀ ਸਫ਼ਾ 31 ’ਤੇ**

# ਸੱਚਖੰਡ ਐਕਸਪ੍ਰੈੱਸ ਦਾ ਰੂਟ ਬਦਲਣ ਦਾ ਮੁੱਦਾ ਪਾਰਲੀਮੈਂਟ ਅਤੇ ਰਾਜ ਸਭਾ ਵਿੱਚ ਗੂੰਜਿਆ

**ਦਿੱਲੀ/ਏ.ਟੀ.ਨਿਊਜ਼:** ਕੇਂਦਰ ਸਰਕਾਰ ਹੁਣ ਸਿੱਖ ਸੰਗਤਾਂ ਦੇ ਧਾਰਮਿਕ ਅਸਥਾਨਾਂ ਨੂੰ ਮਿਲਾਉਣ ਵਾਲੀ ਸੱਚਖੰਡ ਐਕਸਪ੍ਰੈੱਸ ਟ੍ਰੇਨ ਦਾ ਰੂਟ ਬਦਲ ਕੇ ਸਿੱਖੀ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੀ ਹੈ। ਦੱਸਣਯੋਗ ਹੈ ਕਿ ਸੱਚਖੰਡ ਐਕਸਪ੍ਰੈੱਸ ਟ੍ਰੇਨ ਅਕਾਲ ਤਖ਼ਤ ਹਰਿਮੰਦਰ ਸਾਹਿਬ ਅਤੇ ਸੱਚਖੰਡ ਹਜ਼ੂਰ ਸਾਹਿਬ ਨੂੰ ਮਿਲਾਉਣ ਵਾਲੀ ਹੈ, ਜਿਸ ਦੇ ਚੱਲਦੇ ਰਾਹ ਵਿੱਚ ਅਨੇਕਾਂ ਟਰੈਕ ਹਨ ਅਤੇ ਸਿੱਖ ਸੰਗਤਾਂ ਇਨਾਂ ਟਰੈਕਾਂ ’ਤੇ ਖੜ ਕੇ ਸੱਚਖੰਡ ਟ੍ਰੇਨ ਦੀ ਉਡੀਕ ਕਰਦੀਆਂ ਸਨ, ਪਰ ਬੀਤੇ ਦਿਨੀਂ ਕੇਂਦਰ ਸਰਕਾਰ ਵੱਲੋਂ ਸੱਚਖੰਡ ਐਕਸਪ੍ਰੈੱਸ ਟਰੇਨ ਦਾ ਰੂਟ ਬਦਲ ਦਿੱਤਾ ਗਿਆ ਹੈ, ਇਹ ਰੂਟ ਕੇਵਲ ਪੰਜਾਬ ਵਿਚ ਹੀ ਬਦਲਿਆ ਗਿਆ। ਸੱਚਖੰਡ ਐਕਸਪ੍ਰੈੱਸ ਟ੍ਰੇਨ ਜੋ ਪਹਿਲਾਂ ਅੰਬਾਲਾ ਕੈਂਟ, ਰਾਜਪੁਰਾ ਸ਼ਹਿਰ, ਸਰਹਿੰਦ, ਖੰਨਾ, ਦੋਰਾਹਾ ਤੋਂ ਹੁੰਦੇ ਹੋਏ ਅੰਮ੍ਰਿਤਸਰ ਸਾਹਿਬ ਪਹੁੰਚਦੀ ਸੀ, ਹੁਣ ਇਸ ਦਾ ਰੂਟ ਬਦਲ ਦਿੱਤਾ ਗਿਆ ਹੈ ਜੋ ਅੰਬਾਲਾ, ਚੰਡੀਗੜ, ਲੁਧਿਆਣਾ, ਜਲੰਧਰ ਤੋਂ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇਗੀ। ਰੂਟ ਬਦਲਣ ਪਟਿਆਲਾ ਅਤੇ ਫਤਹਿਗੜ ਸਾਹਿਬ ਦੀਆਂ ਸੰਗਤਾਂ ਵਿਚ ਭਾਰੀ ਰੋਸ ਹੈ, ਕਿਉਂਕਿ ਹੁਣ ਇਨਾਂ ਸੰਗਤਾਂ ਨੂੰ ਸੱਚਖੰਡ ਟ੍ਰੇਨ ਲੈਣ ਲਈ ਚੰਡੀਗੜ ਜਾਂ ਲੁਧਿਆਣਾ ਜਾਣਾ ਪਵੇਗਾ।

ਇਸ ਸਬੰਧੀ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਦੱਸਿਆ ਕਿ ਕੇਂਦਰ ਸਰਕਾਰ ਨੂੰ ਚਿੱਠੀ ਪਾਈ ਗਈ ਹੈ ਅਤੇ ਇਸ ਰੋਸ ਦਾ ਪਤਾ ਚੱਲਦੇ ਹੀ ਰਾਜ ਸਭਾ ਮੈਂਬਰ ਸਰਦਾਰ ਸੁਖਦੇਵ ਸਿੰਘ ਢੀਂਡਸਾ, ਪ੍ਰਤਾਪ ਸਿੰਘ



ਬਾਜਵਾ ਨੇ ਵਿਸ਼ਵਾਸ ਦਿਵਾਇਆ ਹੈ ਕਿ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਜੋ ਰੂਟ ਪਹਿਲਾਂ ਵਾਲਾ ਸੀ ਉਹ ਹੀ ਨਿਸ਼ਚਿਤ ਕੀਤਾ ਜਾਵੇਗਾ। ਮਹਾਰਾਣੀ ਪਰਨੀਤ ਕੌਰ ਅਤੇ ਲੋਕ ਸਭਾ ਮੈਂਬਰ ਫ਼ਤਿਹਗੜ ਸਾਹਿਬ ਡਾ. ਅਮਰ ਸਿੰਘ ਗਿੱਲ ਨੇ ਵੀ ਵਿਸ਼ਵਾਸ ਦਵਾਇਆ ਹੈ ਕਿ ਇਸ ਮਸਲੇ ਦਾ ਹੱਲ ਛੇਤੀ ਤੋਂ ਛੇਤੀ ਕੀਤਾ ਜਾਵੇਗਾ। ਜਥੇਦਾਰ ਬਘੌਰਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਸਬੰਧੀ ਕੇਂਦਰ ਸਰਕਾਰ ਨਾਲ ਗੱਲ ਕਰਕੇ ਇਸ ਸੱਚਖੰਡ ਐਕਸਪ੍ਰੈੱਸ ਟ੍ਰੇਨ ਦਾ ਰੂਟ ਜਿਵੇਂ ਪਹਿਲਾਂ ਸੀ ਉਸੇ ਤਰਾਂ ਰਾਜਪੁਰਾ, ਸਰਹੰਦ, ਖੰਨਾ ਕੀਤਾ ਜਾਵੇ ਅਤੇ ਇਹ ਮਸਲਾ ਸੰਸਦ ਵਿਚ ਵੀ ਉਠਾਇਆ ਗਿਆ।

ਇਸ ਤੋਂ ਉਪਰੰਤ ਰੇਲਵੇ ਵਿਭਾਗ ਦੀ ਜੇ ਗੱਲ ਕਰੀਏ ਤਾਂ ਇਨਾਂ ਪੈਸੰਜਰ ਟ੍ਰੇਨ ਬੰਦ ਕਰਨ ਨਾਲ ਆਮ ਪਬਲਿਕ ਨਾਲ ਮਾੜੀ ਗੱਲ ਕੀਤੀ ਹੈ। ਜਿਵੇਂ ਕਿ ਅੰਬਾਲਾ ਤੋਂ ਬਠਿੰਡਾ, ਅੰਬਾਲਾ ਕੈਂਟ ਤੋਂ ਲੁਧਿਆਣਾ, ਅੰਬਾਲਾ ਕੈਂਟ ਤੋਂ ਨੰਗਲ ਡੈਮ ਇਹ ਸਾਰੇ ਸਟੇਸ਼ਨਾਂ ਜਿਵੇਂ ਸ਼ੰਭੂ, ਰਾਜਪੁਰਾ, ਸਰਾਏ ਵਣਜਾਰਾ, ਸਾਧੂਗੜ ਤਕਰੀਬਨ ਸਾਰੇ ਸਟੇਸ਼ਨਾਂ ਨੂੰ ਕਵਰ ਕਰਦੀਆਂ ਸਨ, ਇਸ ਤੋਂ ਉਪਰੰਤ ਸ਼ਾਨ-ਏ-ਪੰਜਾਬ ਟ੍ਰੇਨ ਜੋ ਦਿੱਲੀ ਅੰਮ੍ਰਿਤਸਰ ਅਪ-ਡਾਊਨ ਕਰਦੀ ਸੀ ਜਿਸ ਨਾਲ ਸਾਰੇ ਯਾਤਰੀਆਂ ਨੂੰ ਆਉਣ ਜਾਣ ਵਿੱਚ ਵਧੀਆ ਸਹੂਲਤ ਸੀ ਪਰ ਉਹ ਵੀ ਬੰਦ ਹੋਣ ਨਾਲ ਯਾਤਰੀਆਂ ਨੂੰ ਆਉਣ-ਜਾਣ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਤੋਂ ਵਾਂਝੇ ਕੀਤਾ ਗਿਆ। ਇਸ ਸਬੰਧ ਵਿਚ ਪੰਜਾਬ ਸਰਕਾਰ ਦੇ ਦਖਲ ਕਾਰਨ ਹੀ ਸੰਸਦ ਵਿਚ ਇਹ ਮਾਮਲਾ ਪੁੱਜਿਆ। ਖ਼ਬਰ ਛਪਣ ਤੱਕ ਇਸ ਨਾਲ ਸਬੰਧਤ ਕੋਈ ਵੀ ਹੋਰ ਜਾਣਕਾਰੀ ਸਾਹਮਣੇ ਨਹੀਂ ਆਈ।



# ਮੋਦੀ ਸਰਕਾਰ ਬੈਂਕਾਂ ਦਾ ਨਿੱਜੀਕਰਨ ਕਰਨ ਲੱਗੀ

## ਭਾਰਤ ਵਿਚ ਯੈੱਸ ਬੈਂਕ, ਦੀਵਾਨ ਹਾਊਸਿੰਗ ਫਾਈਨਾਂਸ ਲਿਮਟਿਡ ਤੇ ਇਨਫ੍ਰਾਸਟਰੱਕਚਰ ਲੀਜ਼ਿੰਗ ਐਂਡ ਫਾਈਨੈਂਸ਼ੀਅਲ ਸਰਵਿਸਜ਼ ਜਿਹੇ ਵਿੱਤੀ ਅਦਾਰੇ ਮੁਸ਼ਕਲਾਂ ਵਿਚ ਫਸੇ

## ਕਾਰੋਬਾਰੀ ਘਰਾਣਿਆਂ ਨੂੰ ਬੈਂਕ ਵੇਚਣੇ ਵੱਡੀ ਗਲਤੀ : ਰਾਜਨ

**ਨਵੀਂ ਦਿੱਲੀ/ਏ.ਟੀ.ਨਿਊਜ਼:** ਬੀਤੇ ਦਿਨੀਂ ਭਾਰਤ ਦੇ ਜਨਤਕ ਖੇਤਰ ਦੇ ਸਾਰੇ ਬੈਂਕਾਂ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ 15 ਤੇ 16 ਮਾਰਚ ਨੂੰ ਹੜਤਾਲ ਕੀਤੀ ਸੀ। ਇਸ ਹੜਤਾਲ ਦਾ ਸੱਦਾ 9 ਬੈਂਕਾਂ ਦੀਆਂ ਯੂਨੀਅਨਾਂ ਦੇ ਸਾਂਝੇ ਮੰਚ 'ਦਿ ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼' ਨੇ ਦਿੱਤਾ ਹੈ। ਇਹ ਹੜਤਾਲ ਕੇਂਦਰ ਸਰਕਾਰ ਦੀ ਉਸ ਪਹਿਲਕਦਮੀ ਦੇ ਵਿਰੁੱਧ ਹੋਈ ਹੈ ਜਿਸ ਤਹਿਤ ਸਰਕਾਰ ਨੇ ਜਨਤਕ ਖੇਤਰ ਦੇ 2 ਬੈਂਕ ਪ੍ਰਾਈਵੇਟ ਖੇਤਰ ਨੂੰ ਦੇਣ ਦਾ ਐਲਾਨ ਕੀਤਾ ਹੈ। ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ ਦੇ ਦੌਰਾਨ ਐਲਾਨ ਕੀਤਾ ਸੀ ਕਿ ਸਰਕਾਰ ਜਨਤਕ ਖੇਤਰ ਦੇ 2 ਬੈਂਕ ਅਤੇ ਇਕ ਬੀਮਾ ਕੰਪਨੀ ਵਿੱਤੀ ਸਾਲ 2021-22 ਵਿਚ ਪ੍ਰਾਈਵੇਟ ਖੇਤਰ ਨੂੰ ਸੌਂਪ ਦੇਵੇਗੀ। ਸਰਕਾਰ ਨੂੰ ਇਸ ਤੋਂ 1.75 ਲੱਖ ਕਰੋੜ ਰੁਪਏ ਮਿਲਣ ਦੀ ਉਮੀਦ ਹੈ।

ਬੈਂਕਾਂ ਨੂੰ ਪ੍ਰਾਈਵੇਟ ਖੇਤਰ ਨੂੰ ਸੌਂਪਣਾ ਬਹੁਤ ਨਾਜ਼ੁਕ ਮਾਮਲਾ ਹੈ। ਭਾਰਤ 'ਚ ਪਹਿਲਾਂ ਹੀ ਵਿੱਤੀ ਅਨੁਸ਼ਾਸਨ ਦੀ ਘਾਟ ਹੈ ਤੇ ਜਨਤਕ ਖੇਤਰ ਦੇ ਬੈਂਕਾਂ 'ਚੋਂ ਵੀ ਕਈ ਵਾਰ ਕਰਜ਼ਾ ਅਜਿਹੇ ਸਨਅਤਕਾਰਾਂ ਤੇ ਵਪਾਰੀਆਂ ਨੂੰ ਦਿੱਤਾ ਜਾਂਦਾ ਹੈ ਜਿਹੜੇ ਪੈਸਾ ਵਾਪਸ ਨਹੀਂ ਕਰਦੇ। ਬੈਂਕ ਪ੍ਰਾਈਵੇਟ ਹੋਵੇ ਜਾਂ ਸਰਕਾਰੀ, ਉਸ 'ਚ ਆਮ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਜਮਾਂ ਹੁੰਦੀ ਹੈ। ਪ੍ਰਾਈਵੇਟ ਖੇਤਰ ਦੇ ਬੈਂਕਾਂ ਦੀ ਕਾਰਗੁਜ਼ਾਰੀ ਵਿਕਸਤ ਦੇਸ਼ਾਂ 'ਚ ਵੀ ਬਹੁਤ ਖ਼ਰਾਬ ਰਹੀ ਹੈ। 2008 ਵਿਚ ਅਮਰੀਕਾ ਵਿਚ ਲੇਹਮੈਨ ਬ੍ਰਦਰਜ਼ ਜਿਹਾ ਬੈਂਕ ਦਿਵਾਲੀਆ ਹੋ ਗਿਆ ਸੀ। ਇਸ ਬੈਂਕ ਦੇ ਦਿਵਾਲੀਆ ਹੋਣ ਨੂੰ 2007-2008 ਦੇ ਅਮਰੀਕੀ ਵਿੱਤੀ ਸੰਕਟ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਭਾਰਤ ਵਿਚ ਪੰਜਾਬ ਐਂਡ ਮਹਾਰਾਸ਼ਟਰਾ ਕੋਆਪ੍ਰੇਟਿਵ ਬੈਂਕ ਵਿਚ ਹੋਏ ਘੋਟਾਲੇ ਕਾਰਨ ਲੱਖਾਂ ਲੋਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ।

ਭਾਰਤ ਵਿਚ ਬੈਂਕਾਂ ਦਾ ਕੌਮੀਕਰਨ ਇਸ ਲਈ ਕੀਤਾ ਗਿਆ ਸੀ ਕਿ ਸਰਕਾਰ ਚਾਹੁੰਦੀ ਸੀ ਕਿ ਬੈਂਕ ਦਿਹਾਤੀ ਖੇਤਰ ਵੱਲ ਧਿਆਨ ਦੇਣ ਅਤੇ ਆਮ ਲੋਕਾਂ ਨੂੰ ਕਰਜ਼ਾ ਮਿਲ ਸਕੇ। ਕੌਮੀਕਰਨ ਤੋਂ ਬਾਅਦ ਵੱਡੇ ਬੈਂਕਾਂ ਵਿਚੋਂ ਇਕ ਨੂੰ ਜ਼ਿਲੇ ਦਾ ਮੁੱਖ ਬੈਂਕ ਬਣਾਇਆ ਗਿਆ ਤੇ ਅਜਿਹੀ ਜ਼ਿੰਮੇਵਾਰੀ ਸੌਂਪੀ ਗਈ। ਅਜਿਹੀਆਂ ਪਹਿਲਕਦਮੀਆਂ ਕਾਰਨ ਖੇਤੀ ਖੇਤਰ ਅਤੇ ਛੋਟੀਆਂ ਤੇ ਮੱਧ ਦਰਜੇ ਦੀਆਂ ਸਨਅਤਾਂ ਨੂੰ ਕਰਜ਼ੇ ਮਿਲਣ ਲੱਗੇ। ਪ੍ਰਾਈਵੇਟ ਖੇਤਰ ਅਜਿਹੀਆਂ ਜ਼ਿੰਮੇਵਾਰੀਆਂ ਲੈਣ ਤੋਂ ਇਨਕਾਰੀ ਹੁੰਦੇ ਹਨ। ਪ੍ਰਾਈਵੇਟ ਖੇਤਰ ਦੇ ਬੈਂਕਾਂ ਵਿਚ ਇਹ ਖ਼ਤਰਾ ਲਗਾਤਾਰ ਬਣਿਆ ਰਹਿੰਦਾ ਹੈ ਕਿ ਉਹ ਆਪਣੇ ਮਾਲਕਾਂ ਦੇ ਨਜ਼ਦੀਕੀਆਂ ਦੀਆਂ ਸਨਅਤਾਂ ਅਤੇ ਕਾਰੋਬਾਰਾਂ ਨੂੰ ਕਰਜ਼ਾ ਦੇਣਗੇ। ਇਸ ਤਰਾਂ ਇਹ ਬੈਂਕ ਇਜਾਰੇਦਾਰੀਆਂ ਕਾਇਮ ਕਰਨ ਵਿਚ ਵੱਡੀ ਭੂਮਿਕਾ ਅਦਾ ਕਰਦੇ ਹਨ। ਭਾਰਤ ਵਿਚ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆ ਦੇ ਨਿਗਾਹਬਾਨੀ ਕਰਨ ਦਾ ਕਾਰਜ ਪਹਿਲਾਂ ਹੀ ਢਿੱਲਾ ਮੱਠਾ ਹੈ। ਦੇਸ਼ ਵਿਚ ਯੈੱਸ ਬੈਂਕ, ਦੀਵਾਨ ਹਾਊਸਿੰਗ ਫਾਈਨਾਂਸ ਲਿਮਟਿਡ ਅਤੇ ਇਨਫ੍ਰਾਸਟਰੱਕਚਰ ਲੀਜ਼ਿੰਗ ਐਂਡ ਫਾਈਨੈਂਸ਼ੀਅਲ ਸਰਵਿਸਜ਼ ਜਿਹੇ ਵਿੱਤੀ ਅਦਾਰੇ ਮੁਸ਼ਕਲਾਂ ਵਿਚ ਫਸੇ ਹੋਏ ਹਨ ਜਿਸ ਕਾਰਨ ਆਮ ਲੋਕਾਂ ਅਤੇ ਕਈ ਕੰਪਨੀਆਂ ਨੂੰ ਵੱਡੇ ਨੁਕਸਾਨ ਉਠਾਉਣੇ ਪਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਕੋਵਿਡ-19 ਦੇ ਔਖੇ ਸਮਿਆਂ ਵਿਚ ਸਰਕਾਰ ਨੇ ਭਾਰਤੀ ਜੀਵਨ ਬੀਮਾ ਨਿਗਮ ਲਈ ਵੀ ਸਿੱਧਾ ਵਿਦੇਸ਼ੀ ਨਿਵੇਸ਼ ਵਧਾ ਕੇ 74% ਤੱਕ ਕਰਨ ਦੀ ਮਨਜ਼ੂਰੀ ਦਿੱਤੀ ਹੈ। ਰੇਲਵੇ, ਹਵਾਈ ਅੱਡੇ, ਦੋ ਬੈਂਕ ਅਤੇ ਹੋਰ ਬਹੁਤ ਸਾਰੇ ਅਦਾਰਿਆਂ ਦੇ ਹਿੱਸੇ ਪ੍ਰਾਈਵੇਟ ਅਦਾਰਿਆਂ ਨੂੰ ਵੇਚਣ ਦਾ ਫ਼ੈਸਲਾ ਕਰ ਦਿੱਤਾ ਹੈ। ਬੈਂਕਾਂ ਦੇ ਡੁੱਬਣ ਦਾ ਮੁੱਖ ਕਾਰਨ ਸਰਕਾਰ ਦੀ ਨੀਤੀ ਹੈ ਕਿਉਂਕਿ ਵੱਡੇ ਅਮੀਰ ਘਰਾਣਿਆਂ ਨੂੰ ਦਿੱਤੇ ਜਾ ਰਹੇ ਹਜ਼ਾਰਾਂ ਕਰੋੜਾਂ ਰੁਪਏ ਦੇ ਕਰਜ਼ੇ ਡੁੱਬੇ ਕਰਜ਼ੇ (ਐੱਨਪੀਏ) ਕਰਾਰ ਦੇ ਕੇ ਮੁਆਫ਼ ਕਰਨ ਨਾਲ ਬੈਂਕਾਂ ਦੀ ਹਾਲਤ ਖਸਤਾ ਹੋ ਰਹੀ ਹੈ। ਬੈਂਕ ਐਂਪਲਾਈਜ਼ ਯੂਨੀਅਨਾਂ ਅਜਿਹੇ ਘਰਾਣਿਆਂ ਦੇ ਨਾਮ ਅਤੇ ਲਏ ਕਰਜ਼ਿਆਂ ਦੀਆਂ ਸੂਚੀਆਂ ਵੀ ਛਾਪਦੀਆਂ ਰਹੀਆਂ ਹਨ ਪਰ ਸਰਕਾਰ ਨੇ ਇਨਾਂ ਵੱਲ ਧਿਆਨ ਦੇਣ ਦੀ ਬਜਾਏ ਅਮੀਰ ਘਰਾਣਿਆਂ ਨੂੰ ਹੋਰ ਮੋਟੇ ਕਰਜ਼ੇ ਦੇਣ ਵਾਸਤੇ ਬੈਂਕਾਂ ਨੂੰ ਇਕ ਦੂਸਰੀ ਵਿਚ ਰਲਾਉਣਾ ਸ਼ੁਰੂ ਕਰ ਦਿੱਤਾ। ਭਾਰਤ ਇਸ ਸਮੇਂ ਆਰਥਿਕ ਮੰਦੀ ਅਤੇ ਇਸ ਕਾਰਨ ਫੈਲ ਰਹੀ ਭਿਆਨਕ ਬੇਰੁਜ਼ਗਾਰੀ ਨਾਲ ਜੂਝ ਰਿਹਾ ਹੈ। ਗ਼ੈਰ-ਸੰਗਠਿਤ ਖੇਤਰ ਵਿਚ ਕੰਮ ਕਰਨ ਵਾਲੇ ਕਾਮਿਆਂ ਦਾ ਹੋਰ ਵੀ ਬੁਰਾ ਹਾਲ ਹੈ।

**ਕੀ ਕਹਿੰਦੇ ਨੇ ਮਾਹਿਰ**

ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਦੋ ਬੈਂਕਾਂ ਦੇ ਨਿੱਜੀਕਰਨ ਬਾਰੇ ਕਿਹਾ, 'ਬੈਂਕਾਂ ਨੂੰ ਕਾਰੋਬਾਰੀ ਘਰਾਣਿਆਂ ਨੂੰ ਵੇਚਣਾ ਵੱਡੀ ਗਲਤੀ ਹੋਵੇਗੀ। ਚੰਗੇ ਤੇ ਵੱਡੇ ਬੈਂਕਾਂ ਨੂੰ ਵਿਦੇਸ਼ੀ ਬੈਂਕਾਂ ਕੋਲ ਵੇਚਣਾ ਸਿਆਸੀ ਨਜ਼ਰੀਏ ਤੋਂ ਵੀ ਵਿਹਾਰਕ ਨਹੀਂ ਹੋਵੇਗਾ।' ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਨਿੱਜੀ ਖੇਤਰ ਦਾ ਇਕ ਬੈਂਕ ਜਨਤਕ ਖੇਤਰ ਦੇ ਬੈਂਕ ਨੂੰ ਗ੍ਰਹਿਣ ਕਰਨ ਦੀ ਸਥਿਤੀ ਵਿੱਚ ਹੋਵੇ ਪਰ ਉਹ ਇਸ ਗੱਲ ਨੂੰ ਲੈ ਕੇ ਨਿਸ਼ਚਿਤ ਨਹੀਂ ਹਨ ਕਿ ਉਹ ਇਸ ਗੱਲ ਦੀ ਇੱਛਾ ਜ਼ਾਹਿਰ ਕਰੇਗਾ।' ਉਨਾਂ ਕਿਹਾ ਕਿ ਭਾਰਤੀ ਮੁਦਰਾ ਨੀਤੀ ਢਾਂਚੇ ਵਿੱਚ ਵੱਡੀ ਤਬਦੀਲੀ ਨਾਲ ਬਾਂਡ ਬਾਜ਼ਾਰ ਪ੍ਰਭਾਵਿਤ ਹੋ ਸਕਦਾ ਹੈ ਕਿਉਂਕਿ ਮੌਜੂਦਾ ਪ੍ਰਣਾਲੀ ਨੇ ਮਹਿੰਗਾਈ ਨੂੰ ਰੋਕਣ ਅਤੇ ਵਿਕਾਸ ਨੂੰ ਹੁਲਾਰਾ ਦੇਣ ਵਿੱਚ ਮਦਦ ਕੀਤੀ ਹੈ। ਇਕ ਇੰਟਰਵਿਊ ਵਿੱਚ ਰਾਜਨ ਨੇ ਕਿਹਾ, 'ਮੇਰਾ ਮੰਨਣਾ ਹੈ ਕਿ ਮੁਦਰਾ ਨੀਤੀ ਢਾਂਚੇ ਨੇ ਮਹਿੰਗਾਈ ਘਟਾਉਣ ਵਿੱਚ ਮਦਦ ਕੀਤੀ ਹੈ। ਇਸ ਵਿੱਚ ਭਾਰਤੀ ਰਿਜ਼ਰਵ ਬੈਂਕ ਲਈ ਅਰਥਚਾਰੇ ਨੂੰ ਸਮਰਥਨ ਦੇਣ ਦੀ ਗੁੰਜਾਇਸ਼ ਵੀ ਹੈ। ਇਹ ਸੋਚਣਾ ਵੀ ਮੁਸ਼ਕਲ ਹੈ ਕਿ ਜੇਕਰ ਅਜਿਹਾ ਢਾਂਚਾ ਨਾ ਹੁੰਦਾ ਤਾਂ ਅਸੀਂ ਐਨਾ ਵੱਡਾ ਵਿੱਤੀ ਘਾਟਾ ਕਿਵੇਂ ਝੱਲਦੇ।' ਉਨਾਂ



ਤੋਂ ਸਵਾਲ ਕੀਤਾ ਗਿਆ ਸੀ ਕਿ ਕੀ ਉਹ ਮੁਦਰਾ ਨੀਤੀ ਢਾਂਚੇ ਤਹਿਤ ਮਹਿੰਗਾਈ ਦੇ ਦੋ ਤੋਂ ਛੇ ਫ਼ੀਸਦ ਤੱਕ ਦੇ ਟੀਚੇ ਦੀ ਸਮੀਖਿਆ ਦੇ ਪੱਖ ਵਿੱਚ ਹਨ। ਭਾਰਤੀ ਰਿਜ਼ਰਵ ਬੈਂਕ ਨੂੰ ਪ੍ਰਚੂਨ ਮਹਿੰਗਾਈ ਚਾਰ ਫ਼ੀਸਦ (ਦੋ ਫ਼ੀਸਦ ਉੱਪਰ ਜਾਂ ਥੱਲੇ) ਰੱਖਣ ਦਾ ਟੀਚਾ ਦਿੱਤਾ ਗਿਆ ਹੈ। ਰਿਜ਼ਰਵ ਬੈਂਕ ਦੇ ਗਵਰਨਰ ਦੀ ਅਗਵਾਈ ਵਾਲੀ ਕੇਂਦਰੀ ਬੈਂਕ ਦੀ ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਇਸ ਨੂੰ ਧਿਆਨ ਵਿੱਚ ਰੱਖ ਕੇ ਨੀਤੀਗਤ ਦਰਾਂ ਤੈਅ ਕਰਦੀ ਹੈ। ਮੌਜੂਦਾ ਮੱਧਮ ਕਾਲ ਮਹਿੰਗਾਈ ਟੀਚਾ ਜੋ ਅਗਸਤ 2016 ਵਿੱਚ ਤੈਅ ਕੀਤਾ ਗਿਆ ਸੀ ਇਸੇ ਸਾਲ 31 ਮਾਰਚ ਨੂੰ ਖ਼ਤਮ ਹੋ ਰਿਹਾ ਹੈ। ਅਗਲੇ ਪੰਜ ਸਾਲਾਂ ਲਈ ਮਹਿੰਗਾਈ ਦਾ ਟੀਚਾ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣਾ ਹੈ ਜਿਸ ਨੂੰ ਇਸੇ ਮਹੀਨੇ ਨੋਟੀਫਾਈ ਕੀਤੇ ਜਾਣ ਦੀ ਆਸ ਹੈ।

ਇਸੇ ਸਬੰਧ ਵਿੱਚ ਰਾਜਨ ਨੇ ਕਿਹਾ, 'ਜੇਕਰ ਅਸੀਂ ਢਾਂਚੇ ਵਿੱਚ ਵੱਡੀ ਤਬਦੀਲੀ ਕਰਦੇ ਹਾਂ ਤਾਂ ਇਸ ਨਾਲ ਬਾਂਡ ਬਾਜ਼ਾਰ ਪ੍ਰਭਾਵਤ ਹੋਣ ਦਾ ਖ਼ਤਰਾ ਪੈਦਾ ਹੋ ਜਾਵੇਗਾ। ਮੇਰਾ ਮੰਨਣਾ ਕਿ ਵੱਡਾ ਬਦਲਾਅ ਕਰਨ ਲਈ ਇਹ ਸ਼ਾਇਦ ਗ਼ਲਤ ਸਮਾਂ ਹੈ।' ਸੋਧੇ ਮਾਪਦੰਡਾਂ ਸਬੰਧੀ ਸ੍ਰੀ ਰਾਜਨ ਨੇ ਕਿਹਾ ਕਿ 2021-22 ਦੇ ਬਜਟ ਵਿੱਚ ਨਿੱਜੀਕਰਨ 'ਤੇ ਕਾਫੀ ਜ਼ੋਰ ਦਿੱਤਾ ਗਿਆ ਹੈ। ਨਿੱਜੀਕਰਨ ਸਬੰਧੀ ਸਰਕਾਰ ਦਾ ਰਿਕਾਰਡ ਕਾਫ਼ੀ ਉਤਾਰ-ਚੜ੍ਹਾਓ ਵਾਲਾ ਰਿਹਾ ਹੈ ਅਤੇ ਇਸ ਵਾਰ ਇਹ ਕਿਵੇਂ ਵੱਖ ਹੋਵੇਗਾ।' ਉਨਾਂ ਕਿਹਾ ਕਿ ਇਸ ਵਾਰ ਦੇ ਬਜਟ ਵਿੱਚ ਕਾਫੀ ਹੱਦ ਤੱਕ ਖਰਚੇ ਤੇ ਪ੍ਰਾਪਤੀਆਂ ਨੂੰ ਲੈ ਪਾਰਦਰਸ਼ਤਾ ਦਿਖਦੀ ਹੈ। ਪਹਿਲਾਂ ਦੇ ਬਜਟ ਵਿੱਚ ਅਜਿਹਾ ਨਹੀਂ ਸੀ ਦਿਖਦਾ। ਹਾਲਾਂਕਿ, ਇਸ ਦੇ ਨਾਲ ਹੀ ਰਾਜਨ ਨੇ ਕਿਹਾ ਕਿ ਬਜਟ ਵਿੱਚ ਮਾਲੀਆ ਇਕੱਤਰ ਕਰਨ ਤੇ ਵਿੱਤੀ ਖੇਤਰ ਦੇ ਸੁਧਾਰਾਂ ਸਬੰਧੀ ਚੀਜ਼ਾਂ ਜ਼ਿਆਦਾ ਸਪੱਸ਼ਟ ਨਹੀਂ ਹਨ। ਉਨਾਂ ਦਾ ਮੰਨਣਾ ਹੈ ਕਿ ਸਰਕਾਰ ਦਾ 2024-25 ਤੱਕ ਭਾਰਤ ਨੂੰ ਪੰਜ ਖਰਬ ਅਮਰੀਕੀ ਡਾਲਰ ਦਾ ਅਰਥਚਾਰਾ ਬਣਾਉਣ ਦਾ ਟੀਚਾ ਲੋੜ ਤੋਂ ਜ਼ਿਆਦਾ ਉਤਸ਼ਾਹੀ ਹੈ, ਹਾਲਾਂਕਿ ਮਹਾਂਮਾਰੀ ਤੋਂ ਪਹਿਲਾਂ ਵੀ ਇਸ ਟੀਚੇ ਸਬੰਧੀ ਸਾਵਧਾਨੀ ਨਾਲ ਗਿਣਤੀ-ਮਿਣਤੀ ਨਹੀਂ ਕੀਤੀ ਗਈ। ਰਾਜਨ ਜੋ ਇਸ ਵੇਲੇ ਯੂਨੀਵਰਸਿਟੀ ਆਫ਼ ਸ਼ਿਕਾਗੋ ਬੂਥ ਸਕੂਲ ਆਫ਼ ਬਿਜ਼ਨਸ ਵਿੱਚ ਪ੍ਰੋਫੈਸਰ ਹਨ, ਨੇ ਕਿਹਾ ਕਿ ਬਜਟ ਵਿੱਚ ਇਸ ਗੱਲ ਦਾ ਕਾਫੀ ਘੱਟ ਜ਼ਿਕਰ ਕੀਤਾ ਗਿਆ ਹੈ ਕਿ ਇਹ ਬਜਟ ਗਰੀਬਾਂ ਤੇ ਬੇਰੁਜ਼ਗਾਰਾਂ ਲਈ ਕੀ ਕਰੇਗਾ। ਉਨਾਂ ਕਿਹਾ, 'ਇਸ ਤੋਂ ਇਲਾਵਾ ਟੈਕਸਾਂ ਵਿੱਚ ਵਾਧੇ ਦੀ ਪ੍ਰਕਿਰਿਆ ਵੀ ਜਾਰੀ ਹੈ। ਇਸ ਵੇਲੇ ਜਦੋਂ ਪੱਛਮ ਵਿੱਚ ਭਾਰੀ ਮੰਗ ਕਰ ਕੇ ਵਿਸ਼ਵ ਪੱਧਰੀ ਮੰਗ ਵਧ ਰਹੀ ਹੈ ਤਾਂ ਸਾਨੂੰ ਬਰਾਮਦ ਲਈ ਤਿਆਰੀ ਕਰਨੀ ਚਾਹੀਦੀ ਹੈ, ਟੈਕਸਾਂ ਵਿੱਚ ਵਾਧਾ ਇਸ ਨਾਲ ਨਜਿੱਠਣ ਦਾ ਉਚਿਤ ਤਰੀਕਾ ਨਹੀਂ ਹੈ।' ਉਨਾਂ ਕਿਹਾ, 'ਅਸੀਂ 2021-22 ਵਿੱਚ ਨਿਸ਼ਚਿਤ ਤੌਰ 'ਤੇ ਵੱਡਾ ਵਾਧਾ ਦਰਜ ਕਰਾਂਗੇ ਪਰ ਸਾਨੂੰ ਇਸ ਦੇ ਮਾਇਨੇ ਕੱਢਣ ਵਿੱਚ ਸਾਵਧਾਨੀ ਵਰਤਣੀ ਹੋਵੇਗੀ।' ਇਕ ਪਾਸੇ ਜਿੱਥੇ ਕੌਮਾਂਤਰੀ ਮੁੱਦਰਾ ਫੰਡ ਵੱਲੋਂ ਸਾਲ 20 21-22 ਵਿੱਚ ਭਾਰਤੀ ਅਰਥਚਾਰੇ ਦੇ 11.5 ਫ਼ੀਸਦ ਦੀ ਦਰ ਨਾਲ ਵਿਕਾਸ ਕਰਨ ਦੀ ਸੰਭਾਵਨਾ ਪ੍ਰਗਟਾਈ ਗਈ ਹੈ ਉੱਥੇ ਹੀ ਭਾਰਤੀ ਰਿਜ਼ਰਵ ਬੈਂਕ ਵੱਲੋਂ ਇਹ ਵਿਕਾਸ ਦਰ 10.5 ਫ਼ੀਸਦ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਸਬੰਧੀ ਰਾਜਨ ਨੇ ਕਿਹਾ, 'ਪ੍ਰਧਾਨ ਮੰਤਰੀ ਕੌਮਾਂਤਰੀ ਮੁੱਦਰਾ ਫੰਡ ਦੇ ਅੰਕੜਿਆਂ ਨੂੰ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਤਾਂ ਇਸਤੇਮਾਲ ਕਰ ਸਕਦੇ ਹਨ ਪਰ ਨੀਤੀ ਘਾੜਿਆਂ ਨੂੰ ਅਸਲ ਤਸਵੀਰ ਧਿਆਨ ਵਿੱਚ ਰੱਖ ਕੇ ਯੋਜਨਾ ਉਲੀਕਣੀ ਚਾਹੀਦੀ ਹੈ ਤੇ ਮੇਰਾ ਮੰਨਣਾ ਹੈ ਕਿ ਉਹ ਅਜਿਹਾ ਕਰ ਵੀ ਰਹੇ ਹਨ।' ਸਰਕਾਰ ਦੀ ਪ੍ਰਸਤਾਵਿਤ ਅਸਾਸੇ ਮੁੜ ਨਿਰਮਾਣ ਕੰਪਨੀ ਅਤੇ ਅਸਾਸੇ ਪ੍ਰਬੰਧਨ ਕੰਪਨੀ ਬਾਰੇ ਰਾਜਨ ਨੇ ਕਿਹਾ, 'ਨਵੇਂ 'ਬੈਡ ਬੈਂਕ' ਦੀ ਕਾਰਜਪ੍ਰਣਾਲੀ ਉਸ ਨੂੰ ਦਿੱਤੇ ਗਏ ਅਧਿਕਾਰਾਂ 'ਤੇ ਨਿਰਭਰ ਕਰਦੀ ਹੈ। ਜੇਕਰ ਪ੍ਰਬੰਧਨ ਕੋਲ ਲੋੜ ਮੁਤਾਬਕ ਅਧਿਕਾਰ ਤੇ ਆਜ਼ਾਦੀ ਹੋਵੇਗੀ ਤਾਂ ਇਹ ਮਾੜੇ ਅਸਾਸਿਆਂ ਦੇ ਪੁਨਰਨਿਰਮਾਣ ਵਿਚ ਸੁਧਾਰ ਸਕਦਾ ਹੈ ਪਰ ਜੇਕਰ ਇਸ ਨੂੰ ਮਾੜੇ ਤਰੀਕੇ ਨਾਲ ਡਿਜ਼ਾਈਨ ਕੀਤਾ ਜਾਂਦਾ ਹੈ ਤਾਂ ਬੈਡ ਬੈਂਕ ਡੁੱਬੇ ਕਰਜ਼ਿਆਂ ਨੂੰ ਸਰਕਾਰ ਦੀ ਇਕ ਜੇਬ ਵਿਚੋਂ ਦੂਜੀ 'ਚ ਤਬਦੀਲ ਕਰ ਦੇਵੇਗਾ।'

# ਪੱਛਮੀ ਬੰਗਾਲ ਚੋਣਾਂ ਦੌਰਾਨ ਕਿਸਾਨਾਂ ਦਾ ਪ੍ਰਚਾਰ ਭਾਜਪਾ ਦੇ ਵਿਰੋਧ ਵਿਚ

## ਰਾਜੇਵਾਲ ਤੇ ਚਢੂਨੀ ਨੇ ਕਿਹਾ ਕਿ ਭਾਜਪਾ ਨੂੰ ਛੱਡ ਲੋਕ ਕਿਸੇ ਵੀ ਪਾਰਟੀ ਨੂੰ ਵੋਟ ਦੇਣ ✪ ਟਿਕੈਤ ਮਮਤਾ ਬੈਨਰਜੀ ਦੇ ਹੱਕ 'ਚ

**ਨੰਦੀਗਰਾਮ /ਏ.ਟੀ.ਨਿਊਜ਼:** ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਜਾਂ ਇੰਝ ਕਹਿ ਲਵੋ ਕਿ ਦੇਸ਼ ਦੇ ਕਿਸੇ ਵੀ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਦਸਤਾਰ ਬੰਨ ਕੇ ਸਿੱਖ ਅਤੇ ਹਰੀ ਟੋਪੀ ਪਾ ਕੇ ਕਿਸਾਨ ਆਗੂ ਪ੍ਰਚਾਰ ਕਰ ਰਹੇ ਹਨ। ਇਹ ਵੀ ਪਹਿਲੀ ਵਾਰ ਹੀ ਲੱਗਦਾ ਹੈ ਕਿ ਇਸ ਦੌਰਾਨ ਇਹ ਆਗੂ ਮੰਚ ਤੋਂ ਲੋਕਾਂ ਨੂੰ ਠੋਸ ਫ਼ੈਸਲਾ ਲੈਣ ਬਾਰੇ ਸਲਾਹ ਦੇ ਰਹੇ ਹਨ। ਪੱਛਮੀ ਬੰਗਾਲ ਦੇ ਚੋਣ ਦੰਗਲ ਵਿੱਚ ਇਹ ਪਹਿਲੀ ਵਾਰ ਸੀ ਜਦੋਂ ਚੋਣ ਸਮਾਗਮਾਂ ਵਿੱਚ 'ਜੈ ਜਵਾਨ, ਜੈ ਕਿਸਾਨ' ਅਤੇ 'ਕਿਸਾਨ ਏਕਤਾ ਜ਼ਿੰਦਾਬਾਦ' ਦੇ ਨਾਅਰੇ ਗੂੰਜ ਰਹੇ ਸਨ।

ਇਹ ਆਵਾਜ਼ਾਂ ਕਿਸਾਨਾਂ ਦੇ ਮੰਚਾਂ 'ਚੋਂ ਗੂੰਜ ਰਹੀਆਂ ਸਨ ਜੋ ਦਿੱਲੀ ਦੇ ਸਿੰਘੂ ਬਾਰਡਰ ਤੋਂ ਪੱਛਮੀ ਬੰਗਾਲ ਵਿੱਚ ਕਿਸਾਨ ਅੰਦੋਲਨ ਦਾ ਕੇਂਦਰ ਰਹੇ ਨੰਦੀਗ੍ਰਾਮ ਅਤੇ ਸਿੰਗੂਰ ਪਹੁੰਚੇ ਸਨ। ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨ ਸੰਗਠਨ ਹੁਣ ਹਰ ਉਸ ਸੂਬੇ ਦਾ ਦੌਰਾ ਕਰ ਰਹੇ ਹਨ ਜਿੱਥੇ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਕੋਲਕਾਤਾ ਦੇ ਧਰਤੱਲਾ ਦਾ ਮੈਦਾਨ ਹੋਵੇ, ਆਸਨਸੋਲ ਜਾਂ ਨੰਦੀਗ੍ਰਾਮ ਜਾਂ ਫ਼ਿਰ ਸਿੰਗੂਰ, ਜਿੱਥੇ-ਜਿੱਥੇ ਕਿਸਾਨਾਂ ਦੀਆਂ ਮਹਾਂ-ਪੰਚਾਇਤਾਂ ਹੋ ਰਹੀਆਂ ਹਨ, ਉੱਥੇ ਇਨਾਂ ਆਗੂਆਂ ਦਾ ਨਵਾਂ ਜਥਾ ਦੇਖ ਕੇ ਪੱਛਮੀ ਬੰਗਾਲ ਦੇ ਲੋਕ ਵੀ ਹੈਰਾਨ ਨਜ਼ਰ ਆਏ। ਇਨਾਂ ਲੋਕਾਂ ਨੇ ਅਜਿਹਾ ਨਜ਼ਾਰਾ ਪਹਿਲਾਂ ਕਦੇ ਨਹੀਂ ਦੇਖਿਆ ਸੀ ਜਦੋਂ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨ ਬੰਗਾਲ ਦੀਆਂ ਚੋਣਾਂ ਵਿੱਚ ਇਸ ਤਰਾਂ ਦੀ ਦਿਲਚਸਪੀ ਦਿਖਾ ਰਹੇ ਹੋਣ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਗੁਰਨਾਮ ਸਿੰਘ ਚਢੂਨੀ ਜਦੋਂ ਸਿੰਗੂਰ ਦੀ ਕਿਸਾਨ ਮਹਾਂ-ਪੰਚਾਇਤ ਦੇ ਮੰਚ ਤੋਂ ਬੋਲਣ ਲਈ ਖੜੇ ਹੋਏ ਤਾਂ ਉਨਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਨਵੇਂ ਖੇਤੀ ਕਾਨੂੰਨਾਂ ਖਿਲਾਫ਼ ਕੇਂਦਰ ਸਰਕਾਰ ਦਾ ਵਿਰੋਧ ਕਰਦਿਆਂ ਭਾਰਤੀ ਜਨਤਾ ਪਾਰਟੀ ਤੋਂ ਇਲਾਵਾ ਕਿਸੇ ਵੀ ਪਾਰਟੀ ਨੂੰ ਵੋਟ ਦੇਣ। ਇਹੋ ਗੱਲ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਵੀ ਦੁਹਰਾਈ।

ਇੱਕ ਦਿਨ ਪਹਿਲਾਂ ਕਿਸਾਨ ਆਗੂ ਰਾਕੇਸ਼ ਟਿਕੈਤ ਜਦੋਂ ਕੋਲਕਾਤਾ ਆਏ ਸਨ ਤਾਂ ਪਹੁੰਚਣ ਤੋਂ ਪਹਿਲਾਂ ਉਨਾਂ ਨੇ ਤ੍ਰਿਣਮੂਲ ਕਾਂਗਰਸ ਦੀ ਆਗੂ ਅਤੇ ਸੂਬੇ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਲੱਗੀ ਸੱਟ ਪ੍ਰਤੀ ਆਪਣੀ ਸੰਵੇਦਨਾ ਜ਼ਾਹਿਰ ਕੀਤੀ ਸੀ ਅਤੇ ਕਿਹਾ ਸੀ ਕਿ ਸਾਰਿਆਂ ਨੂੰ ਮਮਤਾ ਦਾ ਸਾਥ ਦੇਣਾ ਚਾਹੀਦਾ ਹੈ। ਉਨਾਂ ਦੇ ਇਸ ਬਿਆਨ ਤੋਂ ਹੀ ਸਾਫ਼ ਸੰਕੇਤ ਦਿਖਣ ਲੱਗੇ ਸਨ ਕਿ ਕਿਸਾਨ ਆਗੂ ਕਿਸ ਦੇ ਪੱਖ ਵਿੱਚ ਪ੍ਰਚਾਰ ਕਰ ਰਹੇ ਹਨ। ਰਾਜਨੀਤਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਸਿਰਫ਼ ਸੰਯੋਗ ਵੀ ਨਹੀਂ ਸੀ ਕਿ ਕੋਲਕਾਤਾ ਦੇ ਹਵਾਈ ਅੱਡੇ ਉੱਤੇ ਰਾਕੇਸ਼ ਟਿਕੈਤ ਦਾ ਸਵਾਗਤ ਕਰਨ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਡੋਲਾ ਸੇਨ ਖ਼ੁਦ ਮੌਜੂਦ ਸਨ। ਅਜਿਹੇ ਵਿੱਚ ਜਦੋਂ ਖੱਬੇਪੱਖੀ ਮੋਰਚਾ ਨੇ ਕਾਂਗਰਸ ਪਾਰਟੀ ਅਤੇ ਇੰਡੀਅਨ ਸੈਕੂਲਰ ਫਰੰਟ ਦੇ ਨਾਲ ਮਿਲ ਕੇ ਗੱਠਜੋੜ ਕੀਤਾ ਹੈ ਤਾਂ ਅਜਿਹੇ ਸਮੇਂ ਟਿਕੈਤ ਦੇ ਬਿਆਨ ਨਾਲ ਉਨਾਂ ਦੇ ਖੇਮੇ ਵਿੱਚ ਬੇਚੈਨੀ ਵੱਧ ਗਈ ਹੈ। ਮੋਰਚੇ ਦੇ ਵੱਡੇ ਆਗੂ ਅਵੀਕ ਸਾਹਾ ਨੇ ਸਫ਼ਾਈ ਦਿੰਦਿਆਂ ਕਿਹਾ ਕਿ 'ਰਾਕੇਸ਼ ਟਿਕੈਤ ਅਤੇ ਯੋਗੇਂਦਰ ਯਾਦਵ ਨੇ ਕੋਲਕਾਤਾ ਵਿੱਚ ਜਿਸ ਕਿਸਾਨ ਮਹਾਂ ਪੰਚਾਇਤ ਨੂੰ ਸੰਬੋਧਿਤ ਕੀਤਾ ਸੀ, ਉਸ ਵਿਚ ਲਾਲ ਝੰਡੇ ਵਾਲੇ ਦਲ ਵੀ ਸ਼ਾਮਿਲ ਸਨ। ਉਨਾਂ ਨੇ ਕਿਹਾ ਕਿ ਕਿਸਾਨ ਕਿਸੇ ਰਾਜਨੀਤਿਕ ਦਲ ਦੇ ਪੱਖ ਵਿੱਚ ਪ੍ਰਚਾਰ ਨਹੀਂ ਕਰ ਰਹੇ ਹਨ। 'ਪਰ ਸਿੰਗੂਰ ਦੀ ਮਹਾਂ-ਪੰਚਾਇਤ ਵਿਚ ਤ੍ਰਿਣਮੂਲ ਕਾਂਗਰਸ ਦੇ ਵੱਡੇ ਆਗੂ ਬੇਚਾਰਾਮ ਮੰਨਾ ਦੀ ਮੌਜੂਦਗੀ ਕੁਝ ਹੋਰ ਹੀ ਕਹਿ ਰਹੀ ਸੀ। ਉੱਥੇ ਮੌਜੂਦ ਲੋਕਾਂ ਨੇ ਦੱਸਿਆ ਕਿ ਮੰਨਾ ਨੇ ਪੰਚਾਇਤ ਦੇ ਆਯੋਜਨ ਵਿਚ ਵੱਧ ਚੜ ਕੇ ਹਿੱਸਾ ਲਿਆ ਹੈ। ਮੰਨਾ ਨੇ ਇਸ ਗੱਲ ਨੂੰ ਰੱਦ ਕੀਤਾ ਤੇ ਕਿਹਾ ਉਹ ਸਿਰਫ਼ ਕਿਸਾਨ ਆਗੂਆਂ ਦੀ ਗੱਲ ਸੁਣਨ ਆਏ ਹਨ ਜਦਕਿ ਪੰਚਾਇਤ ਸ਼ੁਰੂ ਹੋਣ ਤੋਂ ਪਹਿਲਾਂ ਉਹ ਮੰਚ ਤੋਂ ਲੋਕਾਂ ਨੂੰ ਸੰਬੋਧਿਤ ਵੀ ਕਰ ਰਹੇ ਸਨ।

ਇਹ ਗੱਲ ਸਾਫ਼ ਹੈ ਕਿ ਇਸ ਆਯੋਜਨ ਤੋਂ ਖੱਬੇ ਪੱਖ਼ੀ ਦਲ ਅਤੇ ਕਾਂਗਰਸ ਗੱਠਜੋੜ ਦੇ ਆਗੂਆਂ ਨੇ ਸਿੰਗੂਰ ਵਿੱਚ ਖ਼ੁਦ ਨੂੰ ਦੂਰ ਰੱਖਿਆ ਪਰ

ਬਾਕੀ ਸਫ਼ਾ 31 'ਤੇ

# ਚਾਰ ਰਾਜਾਂ ’ਚ ਚੋਣਾਂ ਦੌਰਾਨ ਕੌਣ ਬਾਜੀ ਮਾਰੇਗਾ

**ਅੱਬਾਸ ਧਾਲੀਵਾਲ**
**ਮਲੇਰਕੋਟਲਾ, ੯੮੫੫੨੫੯੬੫੦**

ਚੋਣ ਕਮਿਸ਼ਨ ਵੱਲੋਂ ਚਾਰ ਰਾਜਾਂ ਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ’ਚ ਹੋਣ ਜਾ ਰਹੀਆਂ ਅਸੰਬਲੀ ਚੋਣਾਂ ਦਾ ਬਿਗੁਲ ਵਜਾ ਦਿੱਤਾ ਗਿਆ ਹੈ। ਜਾਰੀ ਸ਼ਡਿਊਲ ਮੁਤਾਬਕ 27 ਮਾਰਚ ਤੋਂ ਵੋਟਾਂ ਪੈਣ ਦਾ ਕੰਮ ਸ਼ੁਰੂ ਹੋਵੇਗਾ ਅਤੇ ਨਤੀਜੇ 2 ਮਈ ਨੂੰ ਐਲਾਨੇ ਜਾਣਗੇ। ਇਨਾਂ ਚੋਣਾਂ ਦੌਰਾਨ ਪੱਛਮੀ ਬੰਗਾਲ ਵਿਚ 8 ਗੇੜਾਂ ਤੇ ਆਸਾਮ ਵਿਚ ਤਿੰਨ ਗੇੜਾਂ ਵਿਚ ਵੋਟਾਂ ਪੈਣਗੀਆਂ, ਜਦੋਂਕਿ ਤਾਮਿਲਨਾਡੂ, ਪੁੱਡੂਚੇਰੀ ਤੇ ਕੇਰਲਾ ਵਿਚ ਇੱਕੋ ਦਿਨ ਅਰਥਾਤ ਕਿ 6 ਅਪ੍ਰੈਲ ਨੂੰ ਵੋਟਾਂ ਪੈਣਗੀਆਂ । ਪੱਛਮੀ ਬੰਗਾਲ ਵਿਚ 27 ਮਾਰਚ ਨੂੰ ਪੋਲਿੰਗ ਦਾ ਪਹਿਲਾ ਗੇੜ ਸ਼ੁਰੂ ਹੋਵੇਗਾ ਅਤੇ ਫਿਰ ਇਕ ਅਪ੍ਰੈਲ, 6 ਅਪ੍ਰੈਲ, 10 ਅਪ੍ਰੈਲ, 17 ਅਪ੍ਰੈਲ, 22 ਅਪ੍ਰੈਲ, 26 ਅਪ੍ਰੈਲ ਤੇ 29 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਆਸਾਮ ਵਿਚ 27 ਮਾਰਚ, ਇਕ ਅਪ੍ਰੈਲ ਤੇ 6 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਜ਼ਿਕਰਯੋਗ ਹੈ ਕਿ ਪੱਛਮੀ ਬੰਗਾਲ ਵਿਚ ਵਿਧਾਨ ਸਭਾ ਦੀਆਂ 294 ਸੀਟਾਂ ਹਨ ਤਾਮਿਲਨਾਡੂ ਵਿਚ 234, ਕੇਰਲਾ ਵਿਚ 140, ਆਸਾਮ ਵਿਚ 126 ਤੇ ਕੇਂਦਰ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਵਿਚ 30 ਸੀਟਾਂ ਹਨ।

**ਇਸ ਵਾਰ ਚੋਣਾਂ ਵਿੱਚ ਹੋਵੇਗਾ ਸਭ ਤੋਂ ਸਖ਼ਤ ਮੁਕਾਬਲਾ**

ਇਸ ਵਾਰ ਚੋਣਾਂ ਵਿੱਚ ਸਭ ਤੋਂ ਸਖ਼ਤ ਮੁਕਾਬਲਾ ਪੱਛਮੀ ਬੰਗਾਲ ਵਿਚ ਵੇਖਣ ਨੂੰ ਮਿਲ ਸਕਦਾ ਹੈ, ਜਿਥੇ ਹੁਕਮਰਾਨ ਤ੍ਰਿਣਮੂਲ ਕਾਂਗਰਸ, ਭਾਜਪਾ ਅਤੇ ਖੱਬੀਆਂ ਪਾਰਟੀਆਂ ਤੇ ਕਾਂਗਰਸ ਦੇ ਗੱਠਜੋੜ ਵਿਚਾਲੇ ਤਿਕੋਣੀ ਟੱਕਰ ਹੈ। ਇਨਾਂ ਚੋਣਾਂ ਵਿੱਚ ਹੁਕਮਰਾਨ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ, ਜਿਥੇ ਹੈਟ੍ਰਿਕ ਮਾਰਨ ਦੀ ਫਿਰਾਕ ਵਿੱਚ ਹੈ, ਉਥੇ ਹੀ ਖੱਬੀਆਂ ਪਾਰਟੀਆਂ ਤੇ ਕਾਂਗਰਸ ਗੱਠਜੋੜ ਆਪਣੇ ਗੁਆਚੇ ਅਸਤਿਤਵ ਨੂੰ ਬਹਾਲ ਕਰਨ ਲਈ ਮੈਦਾਨ ਵਿੱਚ ਉਤਰੇਗਾ, ਜਿਨਾਂ ਦਾ ਉਦੇਸ਼ ਮਮਤਾ ਬੈਨਰਜੀ ਨੂੰ ਪਟਖਨੀ ਦੇ ਕੇ ਖੁਦ ਨੂੰ ਪੱਛਮੀ ਬੰਗਾਲ ਵਿੱਚ ਸਤਾ ’ਤੇ ਬਿਰਾਜਮਾਨ ਕਰਨਾ ਹੋਵੇਗਾ।

**ਤਾਮਿਲਨਾਡੂ ਤੇ ਕੇਂਦਰ ਸ਼ਾਸਤ ਪ੍ਰਦੇਸ਼ ਪੁੱਡੂਚੇਰੀ**

ਉਧਰ ਤਾਮਿਲਨਾਡੂ ਤੇ ਕੇਂਦਰ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਵਿਚ ਕਾਂਗਰਸ ਤੇ ਡੀ.ਐੱਮ.ਕੇ ਤੇ ਖੱਬੀਆਂ ਪਾਰਟੀਆਂ ਦਾ ਗੱਠਜੋੜ ਤਾਂ ਪਹਿਲਾਂ ਹੀ ਬਣਿਆ ਹੋਇਆ ਹੈ ਪਰ ਇਸ ਵਾਰ ਤਾਮਿਲਨਾਡੂ ਵਿਚ ਕਾਂਗਰਸ ਤੇ ਡੀ.ਐੱਮ.ਕੇ ’ਚ ਸੀਟਾਂ ਨੂੰ ਲੈ ਕੇ ਪੇਚ ਫਸਿਆ ਹੋਇਆ ਜਾਪਦਾ ਹੈ। ਪ੍ਰਾਪਤ ਖ਼ਬਰਾਂ ਮੁਤਾਬਕ ਇਥੇ ਡੀ.ਐੱਮ.ਕੇ ਇਸ ਵਾਰ ਕਾਂਗਰਸ ਨੂੰ ਜ਼ਿਆਦਾ ਸੀਟਾਂ ਦੇਣ ਦੇ ਰੌਂਅ ਵਿਚ ਨਹੀਂ। ਹਾਲਾਂਕਿ ਇਸ ਤੋਂ ਪਹਿਲਾਂ ਪਿਛਲੀਆਂ ਵਿਧਾਨ ਸਭਾ ਚੋਣਾਂ ’ਚ ਕਾਂਗਰਸ ਨੇ 41 ਸੀਟਾਂ ’ਤੇ ਚੋਣ ਲੜੀ ਸੀ, ਜਦੋਂਕਿ ਇਸ ਵਾਰ ਡੀ.ਐੱਮ.ਕੇ ਕਾਂਗਰਸ ਨੂੰ 25 ਤੋਂ ਜ਼ਿਆਦਾ ਸੀਟਾਂ ਨਹੀਂ ਦੇਣਾ ਚਾਹੁੰਦੀ, ਸ਼ਾਇਦ ਇਹੋ ਵਜਾ ਹੈ ਕਿ ਕਾਂਗਰਸ ਡੀ.ਐੱਮ.ਕੇ ’ਤੇ ਦਬਾਅ ਬਣਾਉਣ ਲਈ ਰਾਹੁਲ ਗਾਂਧੀ ਦੀਆਂ ਜ਼ਿਆਦਾ ਤੋਂ ਜ਼ਿਆਦਾ ਰੈਲੀਆਂ ਅਤੇ ਸੰਮੇਲਨ ਤਾਮਿਲਨਾਡੂ ਵਿਚ ਕਰਵਾ ਰਹੀ ਹੈ।

**ਪਾਰਟੀ ਦਾ ਸੰਗਠਨ ਕੇਰਲ ਤੇ ਅਸਾਮ ਵਿਚ ਅਜੇ ਵੀ ਮਜ਼ਬੂਤ**

ਆਸਾਮ ਵਿਚ ਜਿੱਥੇ ਭਾਜਪਾ 2016 ਵਿਚ ਕਾਂਗਰਸ ਨੂੰ ਹਰਾ ਕੇ ਪਹਿਲੀ ਵਾਰ ਸੱਤਾ ਹਥਿਆਉਣ ’ਚ ਕਾਮਯਾਬ ਹੋਈ ਸੀ, ਉਥੇ ਵੀ ਇਸ ਵਾਰ ਖੱਬੀਆਂ ਜਮਹੂਰੀ ਪਾਰਟੀਆਂ ਦਾ ਗੱਠਜੋੜ ਭਾਜਪਾ ਨੂੰ ਭਾਰੀ ਟੱਕਰ ਦੇ ਸਕਦਾ ਹੈ। ਇਸ ਤੋਂ ਪਹਿਲਾਂ ਇੱਥੇ ਗੱਠਜੋੜ ’ਚ ਕਾਂਗਰਸ ਤੇ ਬਦਰੂਦੀਨ ਅਜਮਲ ਦਾ ਆਲ ਇੰਡੀਆ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ, ਖੱਬੀਆਂ ਪਾਰਟੀਆਂ (ਸੀ.ਪੀ. ਆਈ, ਸੀ.ਪੀ. ਆਈ-ਐੱਮ., ਸੀ.ਪੀ. ਆਈ.-ਐੱਮ. ਐੱਲ.) ਤੇ ਆਂਚਲਿਕ ਗਣ ਮੋਰਚਾ ਸਨ ਪਰ ਹੁਣ ਇਹ 8 ਪਾਰਟੀਆਂ ਦਾ ਗੱਠਜੋੜ ਬਣ ਗਿਆ ਹੈ। ਕਾਂਗਰਸੀ ਸੂਤਰਾਂ ਦੇ ਹਵਾਲੇ ਨਾਲ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਰਟੀ ਦਾ ਸੰਗਠਨ ਕੇਰਲ ਤੇ ਆਸਾਮ ’ਚ ਅਜੇ ਵੀ ਮਜ਼ਬੂਤ ਹੈ। ਪਾਰਟੀ ਨੂੰ ਉਸ ਸਮੇਂ ਡਾਹਢਾ ਨੁਕਸਾਨ ਹੋਇਆ, ਜਦੋਂ ਸੀਨੀਅਰ ਕਾਂਗਰਸੀ ਆਗੂ ਪੀ.ਸੀ. ਚਾਕੋ ਨੇ ਪਾਰਟੀ ਨੂੰ ਝਟਕਾ ਦਿੰਦਿਆਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਖ਼ਬਰਾਂ ਅਨੁਸਾਰ ਚਾਕੋ ਪਾਰਟੀ ਦੁਆਰਾ ਕੇਰਲਾ ਵਿੱਚ ਕੀਤੀ ਟਿਕਟਾਂ ਦੀ ਵੰਡ ਤੋਂ ਅਸੰਤੁਸ਼ਟ ਸਨ।

**ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿਚ ਸ਼ਾਮਲ ਬੋਡੋਲੈਂਡ ਪੀਪਲਜ਼ ਫਰੰਟ**

ਉਧਰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿਚ ਸ਼ਾਮਲ ਬੋਡੋਲੈਂਡ ਪੀਪਲਜ਼ ਫਰੰਟ (ਬੀ ਪੀ ਐੱਫ) ਵੀ ਕਾਂਗਰਸ ਵਾਲੇ ਗਠਜੋੜ ਨਾਲ ਰਲ ਗਿਆ ਹੈ। ਗਠਜੋੜ ਵਿਚ ਸ਼ਾਮਲ ਹੋਣ ਦੇ ਸੰਦਰਭ ਵਿੱਚ ਬੀ.ਪੀ.ਐੱਫ ਦੇ ਪ੍ਰਧਾਨ ਹਗਰਾਮਾ ਮੋਹੀਲਾਰੀ ਦਾ ਕਹਿਣਾ ਹੈ ਕਿ ਅਮਨ, ਏਕਤਾ ਤੇ ਵਿਕਾਸ ਲਈ ਕੰਮ ਕਰਨ ਅਤੇ ਆਸਾਮ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਕੇ ਇਕ ਪਾਇਦਾਰ ਸਰਕਾਰ ਮੁਹੱਈਆ ਕਰਾਉਣ ਲਈ ਉਨਾਂ ਨੇ ਗੱਠਜੋੜ ਦਾ ਹਿੱਸਾ ਬਣਨ ਦਾ ਫ਼ੈਸਲਾ ਕੀਤਾ ਹੈ। ਬੀ.ਪੀ.ਐੱਫ ਨੇ ਦਰਅਸਲ ਭਾਜਪਾ ਦਾ ਸਾਥ ਨਾਗਰਿਕਤਾ ਸੋਧ ਕਾਨੂੰਨ ਦੇ ਕਾਰਨ ਛੱਡਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬੀ.ਪੀ.ਐੱਫ. ਦੇ ਮਹਾਂਗਠਜੋੜ ’ਚ ਸ਼ਾਮਲ ਹੋਣ ਨਾਲ ਨਤੀਜੇ ਕਾਫ਼ੀ ਸਾਕਾਰਾਤਮਕ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਇਸ ਦੇ ਨਾਲ ਹੀ ਰਾਸ਼ਟਰੀ ਜਨਤਾ ਦਲ ਨਾਲ ਆ ਗਿਆ ਹੈ। ਉਧਰ ਕਾਂਗਰਸੀ ਆਗੂ ਪ੍ਰਦਯੁਤ ਬੋਰਦੋਲੋਈ ਦਾ ਕਹਿਣਾ ਹੈ ਕਿ ਸਾਡੇ ਪੁਰਾਣੇ ਸਾਥੀ ਨਾਲ ਆ ਰਹੇ ਹਨ, ਜਿਸ ਤੋਂ ਸਾਫ ਦਿਖਾਈ ਦੇ ਰਿਹਾ ਹੈ ਕਿ ਹਵਾ ਕਿਸ ਪਾਸੇ ਵਹਿ ਰਹੀ ਹੈ। ਭਾਜਪਾ ਇਸ ਵਾਰ ਆਸਾਮ ਗਣ ਪ੍ਰੀਸ਼ਦ ਤੇ ਯੂਨਾਈਟਿਡ ਪੀਪਲਜ਼ ਪਾਰਟੀ ਲਿਬਰਲ ਨਾਲ ਮਿਲ ਕੇ ਚੋਣਾਂ ਦੇ ਮੈਦਾਨ ਵਿਚ ਹਨ।

**ਸਭ ਦੀ ਨਜ਼ਰ ਪੱਛਮੀ ਬੰਗਾਲ ’ਤੇ ਟਿਕੀ**

ਇਨਾਂ ਚੋਣਾਂ ਵਿੱਚ ਵੇਖਿਆ ਜਾਵੇ ਤਾਂ ਸਭ ਦੀ ਨਜ਼ਰ ਪੱਛਮੀ ਬੰਗਾਲ ’ਤੇ ਟਿਕੀ ਹੋਈ ਹੈ, ਕਿਉਂਕਿ ਇਸ ਸੂਬੇ ਵਿਚ ਜਿਥੇ ਭਾਜਪਾ ਪਿਛਲੇ ਕਈ ਮਹੀਨਿਆਂ ਤੋਂ ਤਿਆਰੀ ਵਿੱਚ ਰੁੱਝੀ ਹੈ, ਉਥੇ ਹੀ ਟੀ.ਐੱਮ.ਸੀ. ਦੀ ਮਮਤਾ ਬੈਨਰਜੀ ਵੀ ਆਪਣੀ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਪੂਰੀ ਮਿਹਨਤ ਨਾਲ ਲੱਗੀ ਹੋਈ ਹੈ। ਪੱਛਮੀ ਬੰਗਾਲ 35 ਸਾਲ ਤੱਕ ਹਕੂਮਤ ਕਰਨ ਵਾਲੀਆਂ ਕਮਿਊਨਿਸਟ ਪਾਰਟੀਆਂ ਸੂਬੇ ਵਿਚ ਆਪਣੀ ਸੱਤਾ ਵਾਪਸ ਹਾਸਲ ਕਰਨ ਲਈ ਜੀਅ ਜਾਨ ਨਾਲ ਤਿਆਰੀ ਵਿਚ ਜੁਟੀਆਂ ਹਨ। ਇਸੇ ਰਣਨੀਤੀ ਤਹਿਤ ਅਸੰਬਲੀ ਚੋਣਾਂ ਦੇ ਐਲਾਨ ਤੋਂ ਬਾਅਦ ਖੱਬੀਆਂ ਪਾਰਟੀਆਂ, ਕਾਂਗਰਸ ਤੇ ਇੰਡੀਅਨ ਸੈਕੂਲਰ ਫਰੰਟ ਦੇ ਗਠਜੋੜ ਨੇ ਬੀਤੇ ਦਿਨੀਂ ਇਥੇ ਬ੍ਰਿਗੇਡ ਮੈਦਾਨ ਵਿਚ ਰੈਲੀ ਕਰ ਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕੀਤਾ। ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਦਾਅਵਾ ਕੀਤਾ ਕਿ ਰੈਲੀ ਵਿਚ 10 ਲੱਖ ਲੋਕ ਸ਼ਾਮਲ ਹੋਏ। ਉਨਾਂ ਇਹ ਵੀ ਕਿਹਾ ਕਿ ਇਸ ਵਾਰ ਚੋਣਾਂ ’ਚ ਸਾਡੀਆਂ ਵੋਟਾਂ ਵਧਣਗੀਆਂ ਤੇ ਅਸੀਂ ਜਿੱਤਾਂਗੇ। ਯੇਚੁਰੀ ਨੇ ਇਹ ਵੀ ਕਿਹਾ ਕਿ ਜਿਵੇਂ ਸਿੰਘੂ ਬਾਰਡਰ ’ਤੇ ਕਿਸਾਨ ਮੋਦੀ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਡਟੇ ਹੋਏ ਹਨ, ਉਸੇ ਤਰਾਂ ਇਥੇ ਅਸੀਂ ਕਰ ਸਕਦੇ ਹਾਂ।

**ਛੱਤੀਸਗੜ ਦੇ ਮੁੱਖ ਮੰਤਰੀ ਤੇ ਕਾਂਗਰਸ ਆਗੂ ਭੁਪੇਸ਼ ਬਘੇਲ**

ਇਸ ਮੌਕੇ ਛੱਤੀਸਗੜ ਦੇ ਮੁੱਖ ਮੰਤਰੀ ਤੇ ਕਾਂਗਰਸ ਆਗੂ ਭੁਪੇਸ਼ ਬਘੇਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਸੁਭਾਸ਼ ਚੰਦਰ ਬੋਸ ਦੀ ਜੈਅੰਤੀ ਮਨਾਉਣ ਇਥੇ ਆਉਂਦੇ ਹਨ ਪਰ ਉਨਾਂ ਨੂੰ ਆਪਣਾ ਇਤਿਹਾਸ ਪੜਨਾ ਚਾਹੀਦਾ ਹੈ। ਸਾਵਰਕਰ ਨੂੰ ਮੰਨਣ ਵਾਲੇ ਬੋਸ ਦੇ ਉੱਤਰਾਧਿਕਾਰੀ ਨਹੀਂ ਬਣ ਸਕਦੇ। ਲੋਕ ਸਭਾ ਵਿਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਲੋਕਾਂ ਨੂੰ ਮਮਤਾ ਸਰਕਾਰ ਹਟਾ ਕੇ ਗਠਜੋੜ ਦੀ ਸਰਕਾਰ ਲਿਆਉਣ ਦਾ ਸੱਦਾ ਦਿੱਤਾ। ਉਧਰ ਫਰੰਟ ਦੇ ਪ੍ਰਧਾਨ ਪੀਰਜ਼ਾਦਾ ਅੱਬਾਸ ਸਿੱਦੀਕੀ ਨੇ ਕਿਹਾ ਕਿ ਬੰਗਾਲ ਨੂੰ ਬਚਾਉਣ ਲਈ ਖ਼ੂਨ ਦੇਣਾ ਪਿਆ ਤਾਂ ਉਹ ਤਿਆਰ ਹਨ।

**ਪ੍ਰਧਾਨਮੰਤਰੀਨਰਿੰਦਰਮੋਦੀਨੇਮਮਤਾਬੈਨਰਜੀ’ਤੇਲਾਏਦੋਸ਼**

ਉਧਰ ਕੋਲਕਾਤਾ ਵਿਚ ਇਕ ਰੈਲੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਮਤਾ ਬੈਨਰਜੀ ’ਤੇ ਦੋਸ਼ ਲਾਉਂਦਿਆਂ ਕਿਹਾ ਕਿ ਦੀਦੀ ਨੇ ਬੰਗਾਲ ਦਾ ਵਿਸ਼ਵਾਸ ਤੋੜਿਆ ਹੈ, ਜਿਸ ਦੇ ਚਲਦਿਆਂ ਇਥੇ ਪਰਿਵਰਤਨ ਜ਼ਰੂਰੀ ਹੈ। ਇਸ ਦੇ ਜਵਾਬ ਵਿੱਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਪਰਿਵਰਤਨ ਦਿੱਲੀ ਵਿਚ ਹੋਵੇਗਾ ਬੰਗਾਲ ਵਿੱਚ ਨਹੀਂ। ਇਸੇ ਦੌਰਾਨ ਮਮਤਾ ਬੈਨਰਜੀ ਨਾਲ ਵਾਪਰੀ ਇਕ ਮੰਦਭਾਗੀ ਦਾ ਜ਼ਿਕਰ ਕਰਦਿਆਂ ਮਮਤਾ ਨੇ ਕਿਹਾ ‘ਮੈਂ ਆਪਣੀ ਕਾਰ ਦੇ ਬਾਹਰ ਦਰਵਾਜ਼ਾ ਖੋਲ ਕੇ ਖੜੀ ਸੀ ਅਤੇ ਮੰਦਰ ਵਿਚ ਪ੍ਰਾਰਥਨਾ ਲਈ ਜਾਣ ਲੱਗੀ ਸੀ। ਇਸੇ ਦੌਰਾਨ ਕੁਝ ਲੋਕ ਆਏ ਤੇ ਕਾਰ ਦਾ ਦਰਵਾਜ਼ਾ ਧੱਕ ਦਿੱਤਾ। ਇਸ ਨਾਲ ਲੱਤ ਉਤੇ ਸੱਟ ਵੱਜੀ ਹੈ।’

ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦ ਘਟਨਾ ਵਾਪਰੀ ਤਾਂ ਸਥਾਨਕ ਪੁਲਿਸ ਦਾ ਕੋਈ ਵੀ ਮੁਲਾਜ਼ਮ ਮੌਜੂਦ ਨਹੀਂ ਸੀ। ਨੰਦੀਗ੍ਰਾਮ ਤੋਂ ਟੀ.ਐੱਮ. ਸੀ. ਦੀ ਉਮੀਦਵਾਰ ਮਮਤਾ ਨੇ ਇਸ ਨੂੰ ‘ਸਾਜ਼ਿਸ਼’ ਕਰਾਰ ਦਿੱਤਾ। ਮਮਤਾ ਕੋਲ ਜ਼ੈੱਡ-ਪਲੱਸ ਸੁਰੱਖਿਆ ਹੈ। ਮੁੱਖ ਮੰਤਰੀ ਦੋ ਦਿਨਾਂ ਤੋਂ ਇਸ ਇਲਾਕੇ ਵਿਚ ਚੋਣ ਪ੍ਰਚਾਰ ਕਰ ਰਹੀ ਸੀ ਤੇ ਉਸ ਨੂੰ ਹੁਣ ਕੋਲਕਾਤਾ ਲਿਜਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਵਰਿੰਦਰ ਨੂੰ ਡੀ.ਜੀ. ਪੀ. ਦੇ ਅਹੁਦੇ ਤੋਂ ਹਟਾਏ ਜਾਣ ਤੋਂ ਇੱਕ ਦਿਨ ਬਾਅਦ ਮੁੱਖ ਮੰਤਰੀ ’ਤੇ ਹਮਲਾ ਹੋਇਆ ਹੈ। ਭਾਜਪਾ ਵੱਲੋਂ ਸੂਬੇ ਵਿੱਚ ਹਿੰਸਾ ਬਾਰੇ ਚਿੰਤਾ ਜ਼ਾਹਰ ਕਰਨ ਦੇ ਮੱਦੇਨਜ਼ਰ ਚੋਣ ਕਮਿਸ਼ਨ ਨੇ ਪੀ ਨੀਰਜਨਯਨ ਨੂੰ ਨਵਾਂ ਪੁਲਿਸ ਮੁਖੀ ਲਾਇਆ ਸੀ। ਉਧਰ ਕਮਿਸ਼ਨ ਨੇ ਮੁੱਖ ਮੰਤਰੀ ’ਤੇ ਹੋਏ ਹਮਲੇ ਦੀ ਰਿਪੋਰਟ ਮੰਗ ਲਈ ਹੈ।

**ਮਮਤਾ ਬੈਨਰਜੀ ਨੇ ਨੰਦੀਗ੍ਰਾਮ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਲਈ ਭਰੇ ਨਾਮਜ਼ਦਗੀ ਪੱਤਰ**

ਇਸ ਤੋਂ ਪਹਿਲਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਨੰਦੀਗ੍ਰਾਮ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਲਈ ਆਪਣੀ ਨਾਮਜ਼ਦਗੀ ਪੱਤਰ ਭਰੇ। ਇੱਥੇ ਮਮਤਾ ਦਾ ਸਾਹਮਣਾ ਆਪਣੇ ਸਾਬਕਾ ਸਾਥੀ ਤੇ ਇਸ ਸਮੇਂ ਭਾਜਪਾ ਆਗੂ ਸ਼ੁਵੇਂਦੂ ਅਧਿਕਾਰੀ ਨਾਲ ਹੋਣ ਦੀ ਸੰਭਾਵਨਾ ਹੈ। ਇਸ ਦੌਰਾਨ ਮਮਤਾ ਬੈਨਰਜੀ ਨੇ ਭਰੋਸਾ ਜਤਾਇਆ ਕਿ ਉਹ ਇਸ ਸੀਟ ਤੋਂ ਜਿੱਤੇਗੀ, ਕਿਉਂਕਿ ਖੇਤੀ ਵਾਲੀ ਜ਼ਮੀਨ ਗ੍ਰਹਿਣ ਕਰਨ ਖ਼ਿਲਾਫ਼ ਅੰਦੋਲਨ ਚਲਾਉਣ ਵਾਲੀ ਇਸ ਧਰਤੀ ਨੇ ਉਸ ਨੂੰ ਕਦੇ ਖਾਲੀ ਹੱਥ ਨਹੀਂ ਮੋੜਿਆ। ਜ਼ਿਕਰਯੋਗ ਹੈ ਕਿ ਸਿੰਗੂਰ-ਨੰਦੀਗ੍ਰਾਮ ਖੇਤਰ ਵਿਚ ਖੇਤੀਯੋਗ ਜ਼ਮੀਨ ਗ੍ਰਹਿਣ ਕੀਤੇ ਜਾਣ ਖ਼ਿਲਾਫ਼ ਚੱਲੇ ਅੰਦੋਲਨ ਨੇ ਮਮਤਾ ਬੈਨਰਜੀ ਨੂੰ 2011 ਵਿਚ ਸੱਤਾ ’ਚ ਲਿਆਂਦਾ ਸੀ। ਉਧਰ ਭਾਜਪਾ ਆਗੂ ਸ਼ੁਵੇਂਦੂ ਅਧਿਕਾਰੀ ਨੇ ਮਮਤਾ ਨੂੰ ਨੰਦੀਗ੍ਰਾਮ ਵਿਚ ਬਾਹਰੋਂ ਆਈ ਉਮੀਦਵਾਰ ਕਰਾਰ ਦਿੱਤਾ ਹੈ । ਉਨਾਂ ਕਿਹਾ ਕਿ ਚਿੱਟ ਫੰਡ ਕੰਪਨੀਆਂ ਵੱਲੋਂ ਧੋਖੇ ਦਾ ਸ਼ਿਕਾਰ ਬਣਾਏ ਗਏ ਲੋਕਾਂ ਨੂੰ ਪੈਸਾ ਉਦੋਂ ਹੀ ਵਾਪਸ ਮਿਲੇਗਾ, ਜਦ ਭਾਜਪਾ ਸੱਤਾ ਵਿਚ ਆਵੇਗੀ।

ਕੁਲ ਮਿਲਾ ਕੇ ਪਿਛਲੇ ਕਈ ਸਾਲਾਂ ਤੋਂ ਦੇਸ਼ ’ਚ ਪੈਟਰੋਲ-ਡੀਜ਼ਲ ਅਤੇ ਗੈਸ ਸਿਲੰਡਰ ਦੀਆਂ ਕੀਮਤਾਂ ’ਚ ਇਜਾਫ਼ਾ ਹੋਇਆ ਹੈ ਅਤੇ ਇਸ ਮਹਿੰਗਾਈ ਦੇ ਦੌਰ ਵਿੱਚ ਗਰੀਬੀ ਦੀ ਮਾਰ ਝੱਲ ਰਹੇ ਲੋਕਾਂ ਦਾ ਜਿਊਣਾ ਮੁਹਾਲ ਹੋਇਆ ਹੈ। ਇਸ ਦੇ ਨਾਲ-ਨਾਲ ਜਿਸ ਪ੍ਰਕਾਰ ਕੂਕਿੰਗ ਆਇਲ ਅਤੇ ਗਰੋਸਰੀ ਦੇ ਦੂਜੇ ਸਾਮਾਨਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ, ਉਸ ਨੇ ਮੱਧ ਵਰਗ ਦੀ ਰਸੋਈ ਦੇ ਬਜਟ ਨੂੰ ਵਿਗਾੜ ਕੇ ਰੱਖ ਦਿੱਤਾ ਹੈ।

**ਦਿੱਲੀ ਦੀਆਂ ਬਰੂਹਾਂ ’ਤੇ ਡਟੇ ਕਿਸਾਨ**

ਦੂਜੇ ਪਾਸੇ ਪਿਛਲੇ ਕਈ ਮਹੀਨਿਆਂ ਤੋਂ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ ’ਤੇ ਡਟੇ ਹੋਏ ਹਨ। ਕਿਸਾਨ ਹੁਣ ਮਹਾਂ ਪੰਚਾਇਤਾਂ ਰਾਹੀਂ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਅਤੇ ਐੱਮ.ਐੱਸ.ਪੀ. ਆਦਿ ਦੇ ਸੰਦਰਭ ਵਿੱਚ ਕਾਨੂੰਨ ਨੂੰ ਲੈ ਕੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰ ਰਹੇ ਹਨ। ਉਸ ਨਾਲ ਕਿਸਾਨਾਂ ਦਾ ਇਹ ਅੰਦੋਲਨ ਨਿਰਸੰਦੇਹ ਪੂਰੇ ਦੇਸ਼ ਵਿੱਚ ਆਪਣੇ ਪੈਰ ਪਸਾਰਦਾ ਜਾ ਰਿਹਾ ਹੈ। ਸ਼ਾਇਦ ਇਹੋ ਵਜਾ ਹੈ ਕਿ ਸਰਕਾਰ ਦੀਆਂ ਨੀਤੀਆਂ ਵਿਰੁੱਧ ਲੋਕਾਂ ਵਿੱਚ, ਜੋ ਆਕ੍ਰੋਸ਼ ਇਸ ਸਮੇਂ ਵੇਖਣ ਨੂੰ ਮਿਲ ਰਿਹਾ ਹੈ, ਉਸ ਦੀ ਉਦਾਹਰਣ ਪਿਛਲੇ 7 ਸਾਲਾਂ ਦੌਰਾਨ ਨਹੀਂ ਮਿਲਦੀ।

ਪਿਛਲੇ ਦਿਨੀਂ ਪੰਜਾਬ ਦੀਆਂ ਮਿਊਂਸੀਪਲ ਚੋਣਾਂ ’ਤੇ ਹੁਣੇ ਜਿਹੇ ਸੰਪਨ ਹੋਏ ਦਿੱਲੀ ਐੱਮ.ਸੀ.ਡੀ. ਦੇ ਬਾਈ ਇਲੈਕਸ਼ਨਾਂ ’ਚ ਭਾਜਪਾ ਦਾ ਜਿਸ ਤਰਾਂ ਸੂਪੜਾ ਸਾਫ ਹੋਇਆ ਹੈ, ਉਸ ਤੋਂ ਪਾਰਟੀ ਪ੍ਰਤੀ ਜਨਤਾ ਵਿਚ ਪਾਏ ਜਾ ਰਹੇ ਰੋਸੇ ਦਾ ਅੰਦਾਜ਼ਾ ਸਹਿਜੇ ਲਗਾਇਆ ਜਾ ਸਕਦਾ ਹੈ। ਜੇ ਡਿੱਗ ਰਹੀ ਸਾਖ ਨੂੰ ਪਾਰਟੀ ਬਚਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਰਕਾਰ ਦੁਆਰਾ ਬਣਾਈਆਂ ਨੀਤੀਆਂ ’ਤੇ ਮੁੜ ਵਿਚਾਰ ਕਰੇ ਅਤੇ ਚਿੰਤਨ ਕਰਨ ਉਪਰੰਤ ਇਨਾਂ ਵਿਚਲੀਆਂ ਊਣਤਾਈਆਂ ਨੂੰ ਪਹਿਲ ਦੇ ਆਧਾਰ ’ਤੇ ਦੂਰ ਕਰੇ ਅਤੇ ਲੋਕਾਂ ਦੀ ਜ਼ਿੰਦਗੀ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਫੌਰਨ ਦੂਰ ਕਰਨ ਲਈ ਕੋਈ ਠੋਸ ਕਦਮ ਚੁੱਕੇ। ਨਹੀਂ ਤਾਂ ਹਾਕਮ ਜਮਾਤ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਲੋਕਤੰਤਰਿਕ ਪ੍ਰਣਾਲੀ ਵਿਚ ਜੇਕਰ ਲੋਕ ਕਿਸੇ ਨੂੰ ਫਰਸ਼ ਤੋਂ ਅਰਸ਼ ’ਤੇ ਲੈ ਜਾ ਸਕਦੇ ਹਨ ਤਾਂ ਜੇ ਇਹੋ ਲੋਕ ਆਪਣੀ ਆਈ ਤੇ ਆ ਜਾਣ ਤਾਂ ਅਰਸ਼ ਤੋਂ ਫਰਸ਼ ’ਤੇ ਵੀ ਲਿਆ ਸਕਦੇ ਹਨ।

---

### ਸੋਸ਼ਲ ਮੀਡੀਆ ਦਾ ਸ਼ੋਸ਼ਣ

# ਮੋਦੀ ਆਈ ਟੀ ਸੈਲ ਹੋ ਰਿਹਾ ਦਿਨੋਂ-ਦਿਨ ਬੇਨਕਾਬ

**ਸਰਬਜੀਤ ਕੌਰ ਸਰਬ**

ਭਾਰਤੀ ਲੋਕਤੰਤਰ ਦੀ ਆਵਾਜ਼ ਸਮਝੇ ਜਾਣ ਵਾਲੇ ਸੋਸ਼ਲ ਮੀਡੀਆ ਦਾ ਸ਼ੋਸ਼ਣ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ। ਜਿਸ ਦਾ ਜ਼ਿੰਮੇਵਾਰ ਮੋਦੀ ਆਈ ਟੀ ਸੈੱਲ ਮੰਨਿਆ ਜਾ ਰਿਹਾ ਹੈ, ਕਿਉਂਕਿ ਮੋਦੀ ਆਈਟੀ ਸੈੱਲ ਆਪਣੀਆਂ ਗ਼ਲਤ ਨੀਤੀਆਂ ਦੀ ਵਰਤੋਂ ਕਾਰਨ ਦਿਨੋਂ ਦਿਨ ਬੇਨਕਾਬ ਹੁੰਦਾ ਜਾ ਰਿਹਾ ਹੈ, ਜਿਸ ਦੀ ਬੇਨਕਾਬੀ ਸੋਸ਼ਲ ਮੀਡੀਆ ਉੱਪਰ ਹੀ ਤਿੰਨ ਅਲੱਗ ਅਲੱਗ ਕੁੜੀਆਂ ਵੱਲੋਂ ਇੱਕੋ ਜਿਹੇ ਸ਼ਬਦਾਂ ਦਾ ਪ੍ਰਯੋਗ ਕਰ ਕੇ ਹੋਈ ਹੈ । ਟਵਿੱਟਰ ਦੇ ਜ਼ਰੀਏ ਇਨਾਂ ਤਿੰਨਾਂ ਕੁੜੀਆਂ ਨੇ ਟਵੀਟ ਕਰ ਕੇ **TMC (Trinamool Congress)** ਨੂੰ ਗ਼ਲਤ ਠਹਿਰਾਇਆ ਹੈ। ਦੱਸਣਯੋਗ ਹੈ ਕਿ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਉੱਤੇ ਸ਼ਿਕੰਜਾ ਕੱਸਣ ਲਈ ਮੋਦੀ ਸਰਕਾਰ ਵੱਲੋਂ ਸੋਸ਼ਲ ਮੀਡੀਆ ਉੱਤੇ ਅਜਿਹੇ ਟਵੀਟ ਕਰਵਾਏ ਜਾ ਰਹੇ ਹਨ। ਤਿੰਨੋਂ ਕੁੜੀਆਂ ਦੁਆਰਾ ਇਕ ਹੀ ਟਵੀਟ ਮੋਦੀ ਸਰਕਾਰ ਦੀ ਰਣਨੀਤੀ ਨੂੰ ਬਿਆਨ ਕਰ ਰਿਹਾ ਹੈ ਕਿ ਉਹ ਆਮ ਲੋਕਾਂ ਵਿੱਚ ਕਿਸ ਤਰਾਂ ਭੜਕਾਹਟ ਪੈਦਾ ਕਰ ਰਹੇ ਹਨ। ਮੋਦੀ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਸੱਚ ਦਾ ਪੱਲਾ ਛੱਡ ਦਿੱਤਾ ਸੀ, ਜੋ ਵੀ ਲੋਕਾਂ ਨਾਲ ਵਾਅਦੇ ਕੀਤੇ ਸਨ, ਉਨਾਂ ਸਭ ਨੂੰ ਇਕ ਜੁਮਲੇ ਦਾ ਨਾਂ ਦੇ ਕੇ ਆਪਣੇ ਆਪ ਨੂੰ ਦਰਕਿਨਾਰ ਕਰ ਦਿੱਤਾ ਸੀ। ਧਰਮ ਦੇ ਨਾਮ ’ਤੇ ਸਿਆਸਤ ਕਰਨ ਵਾਲਾ ਇਹ ਮੋਦੀ ਮੀਡੀਆ ਦੂਜੇ ਸੋਸ਼ਲ ਮੀਡੀਆ ਦਾ ਵੀ ਸ਼ੋਸ਼ਣ ਕਰ ਰਿਹਾ ਹੈ ਜੋ ਸੱਚ ਦੀ ਆਵਾਜ਼ ਨੂੰ ਸਾਹਮਣੇ ਲਿਆ ਰਿਹਾ ਹੈ। ਉਨਾਂ ਵਲੋਂ ਮੀਡੀਆ ਉਤੇ ਵੀ ਸ਼ਿਕੰਜੇ ਕੱਸੇ ਜਾ ਰਹੇ ਹਨ ਤਾਂ ਜੋ ਮੋਦੀ ਸਰਕਾਰ ਦੀ ਅਸਲੀਅਤ ਸਾਹਮਣੇ ਨਾ ਆ ਸਕੇ । ਪਿਛਲੇ ਸਮੇਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਹ ਸਪੱਸ਼ਟ ਹੈ, ਕੀ ਮੋਦੀ ਸਰਕਾਰ ਨੇ ਆਮ ਲੋਕਾਂ ਵਿੱਚ ਵੰਡੀਆਂ ਪਾ ਕੇ, ਧਰਮ ਦੀ ਸਿਆਸਤ ਖੇਡ ਕੇ, ਕੀਤੇ ਵਾਅਦਿਆਂ ਨੂੰ ਲੋਕਤੰਤਰੀ ਜੁਮਲਾ ਦੱਸ ਕੇ, ਲੋਕਤੰਤਰੀ ਮਖੌਟਾ ਪਾ ਕੇ ਕੇਵਲ ਤੇ ਕੇਵਲ ਆਪਣੀ ਤਾਨਾਸ਼ਾਹੀ ਨੂੰ ਪ੍ਰਗਟ ਕੀਤਾ ਹੈ।




**EVM** ਮਸ਼ੀਨਾਂ ਨੇ ਲੋਕਤੰਤਰੀ ਆਵਾਜ਼ ਨੂੰ ਸਾਹਮਣੇ ਨਹੀਂ ਲਿਆਉਂਦਾ ਸਗੋਂ ਸਮੇਂ ਦੀ ਸਿਆਸਤ ਨੇ ਤਾਨਾਸ਼ਾਹੀ ਰਾਜ ਕਾਇਮ ਕੀਤਾ ਹੈ । ਕਿਸਾਨੀ ਨੂੰ ਢਾਹ ਲਾਉਣ ਵਾਲੇ ਬਿੱਲਾਂ ਨੂੰ ਲਿਆ ਕੇ, ਦੇਸ਼ ਦੇ ਬਾਰਡਰਾਂ ਉੱਤੇ ਨੌਜਵਾਨਾਂ ਨੂੰ ਸ਼ਹੀਦ ਕਰਵਾ ਕੇ, ਔਰਤਾਂ ਬੱਚਿਆਂ ਬਜ਼ੁਰਗਾਂ ਨੂੰ ਦਿੱਲੀ ਦੀਆਂ ਬਰੂਹਾਂ ਉੱਤੇ ਬਿਠਾ ਕੇ, ਦੇਸ਼ ਦੀ ਵੰਡ ਧਰਮ ਦੇ ਨਾਂ ਉੱਤੇ ਕਰ ਕੇ ਕਿਹੜੇ ਲੋਕਤੰਤਰ ਦਾ ਪ੍ਰਚਾਰ ਕਰ ਰਿਹਾ ਹੈ । ਡਿਜ਼ੀਟਲ ਭਾਰਤ ਦਾ ਜੋ ਸੁਪਨਾ ਲੋਕਾਂ ਨੂੰ ਦਿਖਾਇਆ ਉਸ ਪਿੱਛੇ ਵੀ ਬਹੁਤ ਗਹਿਰੇ ਰਾਜ ਛੁਪੇ ਸਨ, ਜੋ ਅਜਿਹੇ ਟਵੀਟਾਂ ਨਾਲ ਸਾਹਮਣੇ ਆ ਰਹੇ ਹਨ। ਸਮੇਂ ਦੀ ਹਕੂਮਤ ਇਸ ਗੱਲ ਤੋਂ ਅਣਜਾਣ ਹੈ ਕਿ ਜਦੋਂ ਆਮ ਲੋਕਾਂ ਦੀ ਆਵਾਜ਼ ਇੱਕ ਹੁੰਦੀ ਹੈ ਤਾਂ ਵੱਡੇ ਤੋਂ ਵੱਡਾ ਤਖ਼ਤ ਪਲਟਾ ਦਿੰਦੀ ਹੈ ।

# ਕਿਸਾਨ ਅੰਦੋਲਨ ਦੇ ਖਾਤਮੇ ਲਈ ਸਰਕਾਰ ਹਿੰਦੂ-ਸਿੱਖ ਦਾ ਪੱਤਾ ਖੇਡਣਾ ਚਾਹੁੰਦੀ ਸੀ ਪਰ ਮੂਧੇ ਮੂੰਹ ਦੀ ਖਾਣੀ ਪਈ- ਜੋਗਿੰਦਰ ਉਗਰਾਹਾਂ ਨਾਲ ਇਕ ਮੁਲਾਕਾਤ

## ਖੇਤੀ ਕਾਨੂੰਨ ਕਿਸਾਨ ਮਾਰੂ, ਰੱਦ ਕਰਵਾ ਕੇ ਹੀ ਇਹ ਅੰਦੋਲਨ ਮੁਕੰਮਲ ਹੋਵੇਗਾ

ਕਿਸਾਨ ਅੰਦੋਲਨ ਦੇ ਮੌਜੂਦਾ ਹਾਲਾਤ ਅਤੇ ਅਗਲੀ ਰਣਨੀਤੀ ਬਾਰੇ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨਾਲ ਗੱਲਬਾਤ ਕੀਤੀ ਅਤੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ 100 ਦਿਨਾਂ ਬਾਅਦ ਅੰਦੋਲਨ ਕਿੱਥੇ ਖੜਾ ਹੈ।

ਸਵਾਲ: ਕਿਸਾਨੀ ਅੰਦੋਲਨ ਨੇ 100 ਦਿਨ ਪੂਰੇ ਕਰ ਲਏ ਹਨ ਅਤੇ ਮੌਜੂਦਾ ਸਮੇਂ ਅੰਦੋਲਨ ਦੀ ਸਥਿਤੀ ਕੀ ਹੈ ?

ਜਵਾਬ: ਅੰਦੋਲਨ ਦੀ ਸ਼ੁਰੂਆਤ ਮੌਕੇ ਹੀ ਅਸੀਂ ਇਸ ਗੱਲ ਤੋਂ ਜਾਣੂ ਸੀ ਕਿ ਅੰਦੋਲਨ ਲੰਮਾ ਚੱਲ ਸਕਦਾ ਹੈ। ਵਿਕਸਤ ਦੇਸ਼ਾਂ ਨੇ ਵਿਕਾਸਸ਼ੀਲ ਦੇਸ਼ਾਂ ਦੀਆਂ ਮਜਬੂਰੀਆਂ ਦਾ ਲਾਭ ਚੁੱਕ ਕੇ ਅਜਿਹੀਆਂ ਨੀਤੀਆਂ ਦਾ ਨਿਰਮਾਣ ਕੀਤਾ ਹੈ। ਨਿੱਜੀਕਰਨ ਦੀ ਨੀਤੀ ਜਾਂ ਹੋਰ ਨੀਤੀਆਂ ਦੇ ਤਹਿਤ ਵਰਲਡ ਬੈਂਕ, ਅੰਤਰਰਾਸ਼ਟਰੀ ਮੁਦਰਾ ਭੰਡਾਰ ਅਜਿਹੀਆਂ ਸੰਸਥਾਵਾਂ ਦੇ ਅਧੀਨ ਹੈ, ਕਿਉਂਕਿ ਅਜਿਹੀਆਂ ਸੰਸਥਾਵਾਂ ਨੇ ਕਰਜ਼ਾ ਦੇਣਾ ਹੁੰਦਾ ਹੈ। ਇਸ ਲਈ ਇਹ ਨੀਤੀਆਂ ਵਿਕਸਤ ਮੁਲਕਾਂ ਦੇ ਹੱਕ ਅਤੇ ਵਿਕਾਸਸ਼ੀਲ ਮੁਲਕਾਂ ਦੇ ਵਿਰੋਧ ਵਿਚ ਹਨ। ਜਦੋਂ ਸਰਕਾਰ ਨੇ ਸਮਾਂਤਰ ਮਾਰਕਿਟ, ਕੰਟਰੈਕਟ ਫਾਰਮਿੰਗ ਵਰਗੇ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਤਾਂ ਅਸੀਂ ਪਹਿਲਾਂ ਹੀ ਅੰਦਾਜ਼ਾ ਲਗਾ ਲਿਆ ਸੀ ਕਿ ਇਨਾਂ ਦਾ ਵਿਰੋਧ ਲੰਮੇ ਸਮੇਂ ਤੱਕ ਚੱਲ ਸਕਦਾ ਹੈ। ਇਸ ਅੰਦੋਲਨ ਦੇ ਸ਼ੁਰੂ ਤੋਂ ਅੱਜ ਤੱਕ ਅਸੀਂ ਕਦੇ ਵੀ ਨਹੀਂ ਕਿਹਾ ਕਿ ਇਹ ਛੋਟੀ ਲੜਾਈ ਹੈ। ਇਹ ਖੇਤੀ ਕਾਨੂੰਨ ਕਿਸਾਨ ਮਾਰੂ ਹਨ ਅਤੇ ਇਨਾਂ ਨੂੰ ਰੱਦ ਕਰਵਾ ਕੇ ਹੀ ਇਹ ਅੰਦੋਲਨ ਮੁਕੰਮਲ ਹੋਵੇਗਾ।

ਸਵਾਲ: ਜਿਨਾਂ ਮੰਗਾਂ ਨੂੰ ਲੈ ਕੇ ਇਹ ਅੰਦੋਲਨ ਸ਼ੁਰੂ ਹੋਇਆ ਸੀ, ਉਨਾਂ ਮੰਗਾਂ ਬਾਰੇ ਅਜੇ ਤੱਕ ਵੀ ਕੋਈ ਠੋਸ ਫ਼ੈਸਲਾ ਨਹੀਂ ਆਇਆ ਹੈ। ਅੰਦੋਲਨ ਦੇ 100 ਦਿਨਾਂ ਬਾਅਦ ਪੰਜਾਬ, ਹਰਿਆਣਾ ਨੂੰ ਇਸ ਅੰਦੋਲਨ ਤੋਂ ਹਾਸਲ ਕੀ ਹੋਇਆ ਹੈ ?

ਜਵਾਬ: ਅਸੀਂ ਬਹੁਤ ਕੁਝ ਹਾਸਲ ਕੀਤਾ ਹੈ ਅਤੇ ਇਸ ਬਾਰੇ ਸ਼ਬਦਾਂ ਵਿਚ ਕੁਝ ਵੀ ਨਹੀਂ ਕਿਹਾ ਜਾ ਸਕਦਾ ਹੈ। ਕਿਸਾਨੀ ਅੰਦੋਲਨ ਨੇ ਪੂਰੇ ਦੇਸ਼ ਨੂੰ ਕਿਸਾਨੀ ਮੁੱਦਿਆਂ ਪ੍ਰਤੀ ਲਾਮਬੰਦ ਕਰ ਦਿੱਤਾ ਹੈ ਅਤੇ ਵਿਸ਼ਵ ਭਰ ਵਿਚ ਕਿਸਾਨੀ ਦੀ ਗੱਲ ਹੋ ਰਹੀ ਹੈ। ਇਸ ਅੰਦੋਲਨ ਨੇ ਪੰਜਾਬ ਅਤੇ ਹਰਿਆਣਾ ਨੂੰ ਪਾਣੀਆਂ ਦੀ ਲੜਾਈ ਤੋਂ ਉੱਪਰ ਚੁੱਕ ਕੇ ਆਪਸੀ ਏਕਤਾ ਦੀ ਡੋਰ ਵਿਚ ਬੰਨ ਦਿੱਤਾ ਹੈ। ਨਸ਼ਿਆਂ ਨੂੰ ਠੱਲ, ਨੌਜਵਾਨੀ ਨੂੰ ਇੱਕਜੁੱਟ ਕੀਤਾ ਅਤੇ ਨਾਲ ਹੀ ਗੀਤਾਂ ਵਿਚ ਵੀ ਸੱਭਿਆਚਾਰ ਦੀ ਗੱਲ ਨੂੰ ਮੁੜ ਸੁਰਜੀਤ ਕੀਤਾ ਹੈ।

ਸਰਕਾਰ ਇਸ ਮਸਲੇ 'ਤੇ ਕੋਈ ਗੱਲ ਨਹੀਂ ਕਰ ਰਹੀ , ਇਹ ਤਾਂ ਉਨਾਂ ਦਾ ਦਾਅ ਹੈ, ਪਰ ਅਸੀਂ ਵੀ ਕਾਨੂੰਨ ਰੱਦ ਕਰਵਾਏ ਬਿਨਾਂ ਟਸ ਤੋਂ ਮਸ ਨਹੀਂ ਹੋਣਾ ।

ਸਵਾਲ: ਸਰਕਾਰ ਸੋਧਾਂ ਕਰਨ ਨੂੰ ਤਿਆਰ ਹੈ, ਪਰ ਤੁਸੀਂ ਇਸ ਤੋਂ ਵੱਧ ਕੀ ਹਾਸਲ ਕਰਨਾ ਚਾਹੁੰਦੇ ਹੋ ?

ਜਵਾਬ : ਸੋਧ ਦੀ ਗੱਲ ਤਾਂ ਛੱਡ ਹੀ ਦੇਵੋ। ਕਿਸੇ ਵੀ ਸਥਿਤੀ ਵਿਚ ਸਾਨੂੰ ਸੋਧਾਂ ਮਨਜ਼ੂਰ ਨਹੀਂ ਹਨ। ਅੱਜ ਨਹੀਂ ਤਾਂ ਕੱਲ ਸਰਕਾਰ ਨੂੰ ਝੁਕਣਾ ਹੀ ਪਵੇਗਾ। ਸਰਕਾਰ ਇਨਾਂ ਖੇਤੀ ਕਾਨੂੰਨਾਂ ਨੂੰ ਢਾਈ ਸਾਲ ਤੱਕ ਹੋਲਡ ਕਰਨ ਲਈ ਵੀ ਤਿਆਰ ਹੈ। ਹੋਲਡ ਵੀ ਕੋਈ ਛੋਟੀ ਪ੍ਰਾਪਤੀ ਨਹੀਂ ਹੈ। ਅੰਦੋਲਨਕਾਰੀ ਹਰ ਸਥਿਤੀ ਦਾ ਡੱਟ ਕੇ ਸਾਹਮਣਾ ਕਰ ਰਹੇ ਹਨ ਅਤੇ ਹਰ ਕੋਈ ਚੜਦੀ ਕਲਾ ਵਿਚ ਹੈ।

ਸਵਾਲ: ਗੈਰ ਰਸਮੀ ਗੱਲਬਾਤ ਕਿਸ ਮੁੱਦੇ ਨੂੰ ਲੈ ਕੇ ਹੋ ਰਹੀ ਹੈ ?

ਜਵਾਬ: ਸੋਧ 'ਤੇ ਕੋਈ ਗੱਲ ਨਹੀਂ ਹੋ ਰਹੀ ਹੈ। ਮਿਡਲਮੈਨ ਤਾਂ ਸੋਧ 'ਤੇ ਕੋਈ ਗੱਲ ਕਰ ਵੀ ਨਹੀਂ ਸਕਦੇ। ਉਹ ਤਾਂ ਦੋਵਾਂ ਧਿਰਾਂ ਦੀ ਸਥਿਤੀ ਬਾਰੇ ਜਾਣਕਾਰੀ ਇਕੱਠੀ ਕਰਦੇ ਹਨ ਤੇ ਕੋਈ ਦਰਮਿਆਨਾ ਰਾਹ ਲੱਭਣ ਦਾ ਯਤਨ ਕਰਦੇ ਹਨ। ਉਨਾਂ ਦਾ ਕੰਮ ਤਾਂ ਇਹੀ ਹੈ ਕਿ ਦੋਵੇਂ ਧਿਰਾਂ ਉਸ ਸਮੇਂ ਗੱਲਬਾਤ ਲਈ ਆਹਮੋ ਸਾਹਮਣੇ ਹੋਣ ਜਦੋਂ ਕੁਝ ਆਰ ਜਾਂ ਪਾਰ ਹੋਣ ਦੀ ਸਥਿਤੀ ਬਣ ਜਾਵੇ।



ਸਵਾਲ: ਅੰਦੋਲਨ ਦੌਰਾਨ 200 ਤੋਂ ਵੀ ਵੱਧ ਮੌਤਾਂ ਹੋ ਚੁੱਕੀਆਂ ਹਨ। ਤੁਸੀਂ ਇਸ ਦੀ ਜ਼ਿੰਮੇਵਾਰੀ ਕਿਸ ਦੀ ਮੰਨਦੇ ਹੋ ?

ਜਵਾਬ: ਮੋਰਚੇ ਦੌਰਾਨ ਸ਼ਹੀਦ ਹੋਏ ਲੋਕਾਂ ਦੀ ਸ਼ਹਾਦਤ 'ਤੇ ਸਾਨੂੰ ਮਾਣ ਵੀ ਹੈ ਅਤੇ ਦੁੱਖ ਵੀ। ਇਨਾਂ ਸਾਰੀਆਂ ਹੀ ਮੌਤਾਂ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ ਕਿਉਂਕਿ ਜਿਨਾਂ ਲੋਕਾਂ ਨੇ ਜੇਕਰ ਖੁਦਕੁਸ਼ੀ ਵੀ ਕੀਤੀ ਹੈ ਤਾਂ ਉਨਾਂ ਨੇ ਆਪਣੇ ਸੁਸਾਇਡ ਨੋਟ ਵਿਚ ਮੋਦੀ ਅਤੇ ਸ਼ਾਹ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਦੱਸਿਆ ਹੈ। ਸਰਕਾਰ ਤਾਂ ਸਾਨੂੰ ਇਸ ਦੇਸ਼ ਦਾ ਵਾਸੀ ਹੀ ਨਹੀਂ ਸਮਝ ਰਹੀ ਹੈ। ਕਈ ਨੌਜਵਾਨ ਅਤੇ ਬਜ਼ੁਰਗ ਲੋਕਾਂ ਦੀ ਮੌਤ ਹੋਈ ਹੈ ਪਰ ਸਰਕਾਰ ਵੱਲੋਂ ਕੋਈ ਬਿਆਨ ਵੀ ਨਹੀਂ ਆਇਆ ਅਤੇ ਨਾ ਹੀ ਉਨਾਂ ਵੱਲੋਂ ਅਫਸੋਸ ਕੀਤਾ ਗਿਆ ਹੈ।

ਸਵਾਲ: ਇਹ ਅੰਦੋਲਨ ਹੋਰ ਕਿੰਨਾ ਲੰਮਾ ਚੱਲ ਸਕਦਾ ਹੈ ਜਾਂ ਫਿਰ ਇਸ 'ਚ ਖੜੋਤ ਆ ਜਾਵੇਗੀ ?

ਜਵਾਬ: ਕਿਸਾਨ ਜਥੇਬੰਦੀਆਂ ਆਪਣੀ ਪੂਰੀ ਵਾਹ ਤੱਕ ਇਸ ਘੋਲ ਨੂੰ ਜਾਰੀ ਰੱਖਣਗੀਆਂ। ਪਰ ਜੇਕਰ ਕੋਈ ਅਜਿਹੀ ਸਥਿਤੀ ਬਣਦੀ ਹੈ ਕਿ ਕਿਸਾਨ ਜਥੇਬੰਦੀਆਂ ਨੂੰ ਲੱਗੇ ਕਿ ਮੋਰਚੇ ਨੂੰ ਮੋੜਾ ਦੇਣ ਦੀ ਲੋੜ ਹੈ ਤਾਂ ਉਸ ਨੂੰ ਵੀ ਵਿਚਾਰਿਆ ਜਾਵੇਗਾ। ਪਰ ਅਜੇ ਤੱਕ ਤਾਂ ਮੋਰਚਾ ਚੜਦੀ ਕਲਾ ਵਿਚ ਹੈ। ਸਾਨੂੰ ਹਰ ਧਿਰ ਦਾ ਪੂਰਾ ਸਮਰਥਨ ਹਾਸਲ ਹੈ। ਜੇਕਰ ਤੁਹਾਨੂੰ ਅੰਦੋਲਨ ਅਤੇ ਆਪਣੀ ਜਨਤਾ 'ਤੇ ਭਰੋਸਾ ਹੈ ਤਾਂ ਤੁਸੀਂ ਕਦੇ ਵੀ ਨਹੀਂ ਹਾਰ ਸਕਦੇ।

ਸਵਾਲ: ਕਿਸਾਨ ਆਗੂਆਂ ਵੱਲੋਂ ਪੱਛਮੀ ਬੰਗਾਲ ਦੀਆਂ ਰੈਲੀਆਂ ਵਿਚ ਆਪਣੀ ਗੱਲ ਰੱਖਣਾ, ਇਸ ਨੂੰ ਤੁਸੀਂ ਕਿਵੇਂ ਵੇਖਦੇ ਹੋ ?

ਜਵਾਬ: ਇਹ ਸੰਯੁਕਤ ਮੋਰਚੇ ਦਾ ਫ਼ੈਸਲਾ ਹੈ। ਸੰਯੁਕਤ ਮੋਰਚੇ ਅਤੇ ਜਨਤਕ ਲਹਿਰ ਨੂੰ ਦਿੱਲੀ ਦੀ ਪਾਵਰ ਦਾ ਵਿਰੋਧ ਕਰਨ ਦਾ ਪੂਰਾ ਹੱਕ ਹੈ। ਸਰਕਾਰ ਇਹ ਨਾ ਸਮਝੇ ਕਿ ਇਸ ਅੰਦੋਲਨ ਦਾ ਕੋਈ ਅਸਰ ਨਹੀਂ ਹੈ ਪਰ ਇਸ ਦਾ ਭਾਜਪਾ ਨੂੰ ਨੁਕਸਾਨ ਜ਼ਰੂਰ ਹੋਵੇਗਾ। ਅਸੀਂ ਕਿਸੇ ਨੂੰ ਵੀ ਵੋਟ ਪਾਉਣ ਜਾਂ ਫਿਰ ਨਾ ਪਾਉਣ ਲਈ ਨਹੀਂ ਕਹਿ ਰਹੇ। ਕਿਸੇ ਵੀ ਰਾਜ ਵਿਚ ਸਰਕਾਰ ਬਣਨੀ ਜਾਂ ਫਿਰ ਨਹੀਂ ਬਣਨੀ ਇਹ ਜਨ ਸਮਰਥਨ ਦਾ ਸਬੂਤ ਨਹੀਂ ਹੁੰਦੀ।

ਸਵਾਲ: ਤੁਸੀਂ ਪੱਛਮੀ ਬੰਗਾਲ ਕਿਉਂ ਨਹੀਂ ਜਾ ਰਹੇ ਹੋ ?

ਜਵਾਬ : ਇਹ ਸਭ ਸੰਯੁਕਤ ਮੋਰਚੇ ਨੇ ਤੈਅ ਕਰਨਾ ਹੁੰਦਾ ਹੈ ਕਿ ਕੌਣ ਜਾਵੇਗਾ। ਪਰ ਜੇਕਰ ਮੈਨੂੰ ਕਹਿੰਦੇ ਵੀ ਤਾਂ ਸ਼ਾਇਦ ਮੈਂ ਨਾ ਜਾਂਦਾ, ਕਿਉਂਕਿ ਮੈਂ ਜਾਂ ਫਿਰ ਮੇਰੀ ਜਥੇਬੰਦੀ ਇਹ ਨਹੀਂ ਕਹਿ ਸਕਦੀ ਹੈ ਕਿ ਤੁਸੀਂ ਕਿਸ ਨੂੰ ਵੋਟ ਪਾਉਣੀ ਹੈ ਜਾਂ ਕਿਸ ਨੂੰ ਨਹੀਂ। ਅਸੀਂ ਵੋਟ ਰਾਜਨੀਤੀ ਤੋਂ ਗੁਰੇਜ਼ ਕਰਦੇ ਹਾਂ। ਇਸ ਲਈ ਹੀ ਅਸੀਂ ਪੱਛਮੀ ਬੰਗਾਲ ਦੀਆਂ ਕਿਸਾਨ ਰੈਲੀਆਂ ਵਿਚ ਨਹੀਂ ਜਾ ਰਹੇ ਹਾਂ।

ਸਵਾਲ : ਜੇਕਰ ਪੱਛਮੀ ਬੰਗਾਲ ਦੇ ਚੋਣ ਨਤੀਜੇ ਸੰਯੁਕਤ ਮੋਰਚੇ ਦੀਆਂ ਉਮੀਦਾਂ ਅਨੁਸਾਰ ਨਹੀਂ ਆਉਂਦੇ ਹਨ ਤਾਂ ਕੀ ਇਹ ਕਿਸਾਨੀ ਅੰਦੋਲਨ ਨੂੰ ਪ੍ਰਭਾਵਿਤ ਕਰੇਗਾ ?

ਜਵਾਬ: ਸਰਕਾਰ ਸਿਆਸੀ ਤੌਰ 'ਤੇ ਵੱਧ ਤੋਂ ਵੱਧ ਵੋਟਾਂ ਹਾਸਲ ਕਰਨ ਲਈ ਪੂਰੀ ਵਾਹ ਲਗਾ ਦੇਵੇਗੀ ਅਤੇ ਤੁਹਾਨੂੰ ਵੀ ਪਤਾ ਹੈ ਕਿ ਵੋਟਾਂ ਪੈਸੇ ਦੇ ਜ਼ੋਰ 'ਤੇ ਕੋਈ ਵੀ ਆਪਣੇ ਹੱਕ ਵਿਚ ਕਰ ਸਕਦਾ ਹੈ। ਈਵੀਐਮ ਦਾ ਰਾਹ ਵੀ ਹੈ। ਇਸ ਲਈ ਸਰਕਾਰ ਵਾਸਤੇ ਵੋਟਾਂ ਆਪਣੇ ਹੱਕ ਵਿਚ ਕਰਨੀਆਂ ਕੋਈ ਵੱਡੀ ਗੱਲ ਨਹੀਂ ਹੈ ।

ਇਸ ਲਈ ਕਿਸੇ ਵੀ ਰਾਜ ਵਿਚ 25-30% ਵੋਟਾਂ ਨਾਲ ਜਿੱਤ ਹਾਸਲ ਕਰਕੇ ਸਰਕਾਰ ਬਣਾ ਲੈਣ ਦਾ ਮਤਲਬ ਇਹ ਨਹੀਂ ਹੈ ਕਿ ਉਸ ਰਾਜ ਦੇ ਬਹੁਗਿਣਤੀ ਲੋਕ ਉਸ ਦੇ ਸਮਰਥਨ ਵਿਚ ਹਨ। ਬਲਕਿ ਸਰਕਾਰ ਦੇ ਵਿਰੋਧ 'ਚ ਖੜੇ ਲੋਕਾਂ ਦੀ ਗਿਣਤੀ ਵਧੇਰੇ ਹੁੰਦੀ ਹੈ।

ਸਵਾਲ: ਐਮਐਸਪੀ 'ਤੇ ਮੌਜੂਦਾ ਸਟੈਂਡ ਕੀ ਹੈ ?

ਜਵਾਬ: ਐਮਐਸਪੀ 'ਤੇ ਇਕ ਲੀਗਲੀ ਅਥਾਰਿਟੀ ਹੋਣੀ ਚਾਹੀਦੀ ਹੈ ਅਤੇ ਕਾਨੂੰਨ ਬਣਨਾ ਚਾਹੀਦਾ ਹੈ। ਐਮਐਸਪੀ ਸਬੰਧੀ ਕਾਨੂੰਨ ਪੂਰੇ ਦੇਸ਼ ਲਈ ਬਣਨਾ ਚਾਹੀਦਾ ਹੈ। ਸਰਕਾਰ ਨੂੰ ਸਾਰੀਆਂ ਮੁਸ਼ਕਲਾਂ ਨੂੰ ਦੂਰ ਕਰਕੇ ਇਸ 'ਤੇ ਕਾਨੂੰਨ ਬਣਾਉਣਾ ਚਾਹੀਦਾ ਹੈ।

ਸਵਾਲ: ਕਿਸਾਨ ਜਥੇਬੰਦੀਆਂ ਅਤੇ ਸਰਕਾਰ ਵਿਚਾਲੇ ਗੱਲਬਾਤ ਹੋਣ ਦੀ ਸੰਭਾਵਨਾ ਹੈ ਜਾਂ ਫਿਰ ਡੈੱਡਲੌਕ ਬਣਿਆ ਰਹੇਗਾ ?

ਜਵਾਬ: ਅਜੇ ਗੱਲਬਾਤ ਮੁੜ ਸ਼ੁਰੂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਸਰਕਾਰ ਅਫ਼ਸਰਸ਼ਾਹੀ ਜ਼ਰੀਏ ਗੈਰਰਸਮੀ ਢੰਗ ਨਾਲ ਗੱਲਬਾਤ ਕਰ ਰਹੀ ਹੈ ਪਰ ਪੱਕੇ ਪੈਰੀਂ ਉਹ ਇਸ ਮੁੱਦੇ ਨੂੰ ਨਿਬੇੜਨ ਲਈ ਤਿਆਰ ਨਹੀਂ ਹੈ।ਜਦੋਂ ਸਰਕਾਰ ਆਪਣਾ ਦਮ ਲਗਾ ਕੇ ਥੱਕ ਜਾਵੇਗੀ ਅਤੇ ਗੱਲਬਾਤ ਲਈ ਤਿਆਰ ਹੋ ਜਾਵੇਗੀ, ਉਸ ਸਮੇਂ ਸਭ ਕੁਝ ਠੀਕ ਹੋ ਜਾਵੇਗਾ।

ਸਵਾਲ: ਜਦੋਂ ਸਰਕਾਰ ਨੇ ਦੋ-ਢਾਈ ਸਾਲਾਂ ਲਈ ਹੋਲਡ ਕਰਨ ਲਈ ਆਪਣੀ ਪੇਸ਼ਕਸ਼ ਰੱਖੀ ਸੀ ਤਾਂ ਉਸ ਸਮੇਂ ਦੋਵਾਂ ਧਿਰਾਂ ਦਰਮਿਆਨ ਸਹਿਮਤੀ ਕਿਉਂ ਨਹੀਂ ਬਣ ਸਕੀ ?

ਜਵਾਬ: ਹੋਲਡ ਕਰਨਾ ਵੀ ਅੰਦੋਲਨ ਦੀ ਇਕ ਵੱਡੀ ਪ੍ਰਾਪਤੀ ਹੈ ਪਰ ਇਸ ਨੂੰ ਸਵੀਕਾਰ ਕਰਨਾ ਜਥੇਬੰਦੀਆਂ ਦਾ ਅੰਦਰੂਨੀ ਮਸਲਾ ਹੈ। ਇਹ ਜਥੇਬੰਦੀਆਂ ਨੇ ਹੀ ਵਿਚਾਰ ਕਰਨਾ ਹੈ ਕਿ ਇਸ ਸਮੇਂ ਮੋਰਚੇ ਲਈ ਸਭ ਤੋਂ ਵੱਧ ਢੁਕਵਾਂ ਕੀ ਹੈ। ਇਸ ਨੂੰ ਅਗਾਂਹ ਲੈ ਕੇ ਜਾਣਾ ਜਾਂ ਫਿਰ ਅੰਦੋਲਨ ਨੂੰ ਮੋੜਾ ਪਾਉਣਾ।

ਪਰ ਅਸੀਂ ਇਸ ਤੋਂ ਵੀ ਵੱਧ ਹਾਸਲ ਕਰਨ ਲਈ ਆਏ ਹਾਂ, ਇਸ ਲਈ ਹੋਲਡ ਦੀ ਸਥਿਤੀ 'ਤੇ ਸਹਿਮਤੀ ਨਹੀਂ ਬਣੀ। ਅਸੀਂ ਅਜੇ ਇੱਕ ਪੜਾਅ ਤੈਅ ਕੀਤਾ ਹੈ ਨਾ ਕਿ ਪੂਰੀ ਜਿੱਤ ਹਾਸਲ ਕੀਤੀ ਹੈ।

ਸਰਕਾਰ ਸੱਤਾ ਵਿਚ ਹੈ ਅਤੇ ਉਹ ਆਪਣੀ ਪਾਵਰ ਦੀ ਵਰਤੋਂ ਕਰਕੇ ਸਾਨੂੰ ਜ਼ਬਰਨ ਉੱਠਾ ਵੀ ਸਕਦੀ ਹੈ ਪਰ ਭਵਿੱਖ ਵਿਚ ਉਸ ਨੂੰ ਇਸ ਦੇ ਮਾੜੇ ਨਤੀਜੇ ਵੀ ਝੱਲਣੇ ਪੈਣਗੇ ।

ਸਵਾਲ: ਸਰਕਾਰ ਕੀ ਰੁਖ਼ ਅਖ਼ਤਿਆਰ ਕਰ ਸਕਦੀ ਹੈ ?

ਜਵਾਬ: ਸਰਕਾਰ ਦੇ ਰਵੱਈਏ ਬਾਰੇ ਸਾਨੂੰ ਸ਼ੁਰੂ ਤੋਂ ਹੀ ਪਤਾ ਹੈ। ਸਰਕਾਰ ਸਾਨੂੰ ਉਕਸਾ ਕੇ ਕੁਝ ਗਲਤ ਕਰਵਾਉਣ ਦੀ ਫਿਰਾਕ ਵਿਚ ਸੀ ਪਰ ਅਸੀਂ ਸਰਕਾਰ ਦੀ ਚਲਾਕੀ ਨੂੰ ਪਹਿਲਾਂ ਤੋਂ ਹੀ ਭਾਂਪ ਲਿਆ ਸੀ।

26 ਜਨਵਰੀ ਦੀ ਘਟਨਾ ਨਾਲ ਸਰਕਾਰ ਸਾਨੂੰ ਨਕਸਲਵਾਦੀ ਜਾਂ ਖਾਲਿਸਤਾਨੀ ਸਾਬਤ ਕਰਕੇ ਖਦੇੜਨ ਦੀ ਤਾਕ ਵਿਚ ਸੀ ਪਰ ਉਸ ਨੂੰ ਮੂਧੇ ਮੂੰਹ ਦੀ ਖਾਣੀ ਪਈ। ਸਰਕਾਰ ਹਿੰਦੂ-ਸਿੱਖ ਦਾ ਪੱਤਾ ਖੇਡਣਾ ਚਾਹੁੰਦੀ ਸੀ ਪਰ ਉਹ ਸਫਲ ਨਾ ਰਹੀ। ਸਰਕਾਰ ਦੀ ਇਹ ਕਾਰਵਾਈ ਨਿੰਦਣਯੋਗ ਸੀ।






ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

17 ਮਾਰਚ 2021 ਤੋਂ 25 ਮਾਰਚ 2021

# ਅਰਦਾਸ, ਨਾਹਰਾ ਅਤੇ ਨਿਸ਼ਾਨ ਸਾਹਿਬ

ਵਕਤ ਦੀ ਤੇਜ਼ ਰਫਤਾਰ ਨਾਲ ਸਿਰਫ ਧੁੱਪ-ਛਾਂ, ਦਿਨ-ਰਾਤ, ਉਮਰਾਂ ਜਾਂ ਮੌਸਮ ਹੀ ਨਹੀਂ ਬਦਲਦੇ, ਇਸ ਨਾਲ ਕਈ ਵਾਰ ਸਾਡੇ ਸਭਿਆਚਾਰ ਅਤੇ ਯਕੀਨ ਵੀ ਬਦਲ ਜਾਇਆ ਕਰਦੇ ਹਨ। ਸਿੱਖ ਜਦੋਂ ਜਦੋਂ ਗੁਰੂ ਨੂੰ ਮਹਿਸੂਸ ਕਰਦਾ ਹੈ ਉਦੋਂ ਉਦੋਂ ਉਸ ਦੇ ਅਮਲ ਵੀ ਆਪਣੇ ਗੁਰੂ ਦੇ ਨੇੜੇ ਹੁੰਦੇ ਹਨ, ਸਰਬੱਤ ਦੇ ਭਲੇ ਦੇ ਰਾਹ ਉੱਤੇ ਤੁਰਿਆ ਜਾਂਦਾ ਆਪਣੀਆਂ ਰਵਾਇਤਾਂ ਨੂੰ ਸੁਰਜੀਤ ਕਰਦਾ ਰਹਿੰਦਾ ਹੈ ਕਿਉਂਕਿ ਗੁਰਮੁਖਿ ਰਹਿਤ ਵਿਚ ਚੱਲਦਿਆਂ ਹੀ ਖਾਲਸਾ ਗੁਰੂ ਦੇ ਗੁਣ ਧਾਰਨ ਕਰ ਸਕਦਾ ਹੈ ਪਰ ਜਦੋਂ ਦੁਨਿਆਵੀ ਅਤੇ ਵਕਤੀ ਪ੍ਰਭਾਵਾਂ ਨੂੰ ਕਬੂਲ ਲੈਂਦਾ ਹੈ ਤਾਂ ਉੱਦਮ ਦੇ ਨਾਲ ਨਾਲ ਸਿਦਕ ਵੀ ਘਟਦਾ ਜਾਂਦਾ ਹੈ ਜਿਸ ਕਰਕੇ ਉਸਦੇ ਅਮਲਾਂ ਵਿੱਚ ਵਿਗਾੜ ਆ ਜਾਂਦਾ ਹੈ, ਗੁਰੂ ਖਾਲਸਾ ਪੰਥ ਅਤੇ ਆਮ ਲੋਕਾਂ ਦੇ ਸਭਿਆਚਾਰ ਨੂੰ ਰਲਗੱਡ ਕਰ ਲੈਂਦਾ ਹੈ, ਜਾਂ ਤਾਂ ਖੁਦ ਆਮ ਲੋਕਾਂ ਵਾਲੇ ਅਮਲਾਂ ਵਿੱਚ ਪੈ ਕੇ ਆਪਣੀਆਂ ਰਵਾਇਤਾਂ, ਆਪਣੇ ਨਿਸ਼ਾਨ, ਆਪਣੀਆਂ ਅਰਦਾਸਾਂ ਅਤੇ ਆਪਣੇ ਨਾਹਰਿਆਂ ਦੀ ਪਵਿੱਤਰਤਾ ਨੂੰ ਘਟਾਉਣ ਦੇ ਰਾਹ ਪੈ ਜਾਂਦਾ ਹੈ ਅਤੇ ਜਾਂ ਆਮ ਲੋਕਾਂ ਦੁਆਰਾ ਅਜਿਹੇ ਅਮਲ ਕਰਨ ਉੱਤੇ ਇਸ ਦੀ ਗੰਭੀਰਤਾ ਨੂੰ ਮਹਿਸੂਸ ਕਰਨ ਦੀ ਸਮਰੱਥਾ ਗੁਆ ਬੈਠਦਾ ਹੈ ਅਤੇ ਕੋਈ ਉਜ਼ਰ ਵੀ ਨਹੀਂ ਕਰ ਪਾਉਂਦਾ।

## ਅਰਦਾਸ

ਗੁਰੂ ਪਾਤਸ਼ਾਹ ਨੇ ਸਾਡੇ ’ਤੇ ਸਰਬੱਤ ਦੇ ਭਲੇ ਦਾ ਫਰਜ਼ ਆਇਦ ਕੀਤਾ ਹੈ। ਅਸੀਂ ਇਹ ਆਪਣੇ ਦੋ ਵੇਲਿਆਂ ਦੀ ਅਰਦਾਸ ਵਿੱਚ ਦੁਹਰਾਉਂਦੇ ਵੀ ਹਾਂ - ‘ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।‘ ਦੋ ਵੇਲਿਆਂ ਦੀ ਅਰਦਾਸ ਵਿੱਚ ਅਸੀਂ ਆਪਣੇ ਗੁਰੂਆਂ ਨੂੰ, ਉਨਾਂ ਦੇ ਦੱਸੇ ਰਾਹਾਂ ਉੱਤੇ ਤੁਰਨ ਵਾਲਿਆਂ ਨੂੰ ਅਤੇ ਗੁਰਧਾਮਾਂ ਨੂੰ ਯਾਦ ਕਰਦੇ ਹੋਏ ਸਰਬੱਤ ਦਾ ਭਲਾ ਮੰਗਦੇ ਹਾਂ। ਇਤਿਹਾਸ ਵਿੱਚ ਬੇਅੰਤ ਗਵਾਹੀਆਂ ਹਨ ਜਦੋਂ ਗੁਰੂ ਦੇ ਸਿੱਖ ਸਰਬੱਤ ਦੇ ਭਲੇ ਲਈ, ਪਾਪੀ ਨੂੰ ਸੋਧਾ ਲਾਉਣ ਲਈ ਜਾਂ ਸ਼ਹੀਦੀ ਪਾਉਣ ਲਈ ਅਕਾਲ ਪੁਰਖ ਵਾਹਿਗੁਰੂ ਨੂੰ ਅਰਦਾਸ ਕਰਦੇ ਹਨ ਅਤੇ ਇਸ ਹੱਕ ਸੱਚ ਦੇ ਰਾਹ ਉੱਤੇ ਤੁਰ ਪੈਂਦੇ ਹਨ। ਕੀਤੀ ਹੋਈ ਅਰਦਾਸ ਵਿੱਚ ਫਿਰ ਕੋਈ ਵੀ ਦੁਨੀਆਵੀ ਨਾਪ-ਤੋਲ, ਜੋੜ-ਘਟਾਓ ਅਤੇ ਨਫ਼ਾ-ਨੁਕਸਾਨ ਨਹੀਂ ਆਉਂਦਾ, ਜਿੱਥੇ ਕਿਤੇ ਆਇਆ ਉਥੇ ਪੰਥ ਨੇ ਉਸ ਨੂੰ ਪਾਸੇ ਕਰ ਦਿੱਤਾ ਅਤੇ ਕੀਤੀ ਅਰਦਾਸ ਦੀ ਪਵਿੱਤਰਤਾ ਬਹਾਲ ਕਰਨ ਲਈ ਯਤਨ ਕੀਤੇ। ਅਰਦਾਸ ਦੀ ਪਵਿੱਤਰਤਾ ਸਿਰਫ ਕੀਤੀ ਅਰਦਾਸ ਨਿਭਾਉਣਾ ਹੀ ਨਹੀਂ ਸਗੋਂ ਅਰਦਾਸ ਕੀ ਕਰਨੀ ਹੈ, ਇਹ ਵੀ ਅਰਦਾਸ ਦੀ ਪਵਿੱਤਰਤਾ ਹੀ ਹੈ। ਸਾਡੀ ਰਵਾਇਤ ਅਨੁਸਾਰ ਪਾਪੀ ਦੇ ਸੋਧੇ ਲਈ ਬਲ ਬਖਸ਼ਣ ਲਈ ਜਾਂ ਸ਼ਹੀਦ ਹੋਣ ਲਈ ਤਾਂ ਅਰਦਾਸ ਹੋ ਸਕਦੀ ਹੈ ਪਰ ਪਾਪੀ ਨੂੰ ਕਿਸੇ ਤਰਾਂ ਦੇ ਦੁਨਿਆਵੀ ਘਾਟੇ ਜਾਂ ਹਾਰ ਦੇਣ ਲਈ ਅਰਦਾਸ ਨਹੀਂ ਹੋ ਸਕਦੀ। ਇੱਥੇ ਕਿਸੇ ਦੀ ਜਿੱਤ ਤਾਂ ਮੰਗੀ ਜਾ ਸਕਦੀ ਹੈ ਪਰ ਹਾਰ ਨਹੀਂ (ਕਿਸੇ ਲਈ ਇਹ ਅਰਦਾਸ ਕਰਨੀ ਕਿ ਉਹ ਹਾਰ ਜਾਵੇ), ਇੱਥੇ ਪਾਪੀ ਦੇ ਸੋਧੇ ਲਈ ਬਲ ਤਾਂ ਮੰਗਿਆ ਜਾ ਸਕਦਾ ਹੈ ਪਰ ਮੌਤ ਨਹੀਂ (ਕਿਸੇ ਲਈ ਇਹ ਅਰਦਾਸ ਕਰਨੀ ਕਿ ਉਹ ਮਰ ਜਾਵੇ)। ਵਕਤ ਦੀ ਤੇਜ਼ ਰਫਤਾਰ ਨਾਲ ਦੁਨਿਆਵੀ ਪ੍ਰਭਾਵਾਂ ਦੀ ਅਧੀਨਗੀ ਹੇਠ ਜੇਕਰ ਡੂੰਘੇ ਅਹਿਸਾਸ ਵਿੱਚੋਂ ਹੋਣ ਵਾਲੀ ਅਰਦਾਸ ਅਤੇ ਉਸ ਵਿਚੋਂ ਨਿਕਲਣ ਵਾਲੇ ਉੱਚੇ ਸੁੱਚੇ ਅਮਲ ਵਿੱਚ ਅੱਜ ਕੋਈ ਘਾਟ ਹੈ ਤਾਂ ਇਹ ਸਾਡੇ ਲਈ ਸਵੈ-ਪੜਚੋਲ ਦਾ ਮਸਲਾ ਹੈ।

## ਨਾਹਰਾ

ਸਿਰਫ ਅਕਾਲ ਪੁਰਖ ਦੀ ਅਧੀਨਗੀ ਕਬੂਲਣ ਵਾਲਾ, ਅਕਾਲ ਪੁਰਖ ਨੂੰ ਹੀ ਸਤਿ ਕਹਿਣ ਅਤੇ ਮੰਨਣ ਵਾਲਾ ਆਪਣੇ ਇਸ ਅਮਲ ਕਰਕੇ ਹੀ ਹੈ। ਸਿਆਣਿਆਂ ਨੇ ਵਾਰ ਵਾਰ ਕਿਹਾ ਅਤੇ ਕਹਿ ਰਹੇ ਹਨ ਕਿ ਸਿੱਖੀ ਭਾਸ਼ਣਾਂ ਜਾਂ ਨਾਹਰਿਆਂ ਨਾਲ ਨਹੀਂ ਬਲਕਿ ਅਮਲਾਂ ਨਾਲ ਫੈਲਣੀ ਹੈ ਪਰ ਵਕਤ ਦੀ ਇਸ ਰਫਤਾਰ ਹੇਠ ਸਾਡੇ ਵੱਡੇ ਹਿੱਸੇ ਨੇ ਇਹ ਅਸਰ ਵੀ ਕਬੂਲ ਲਿਆ ਕਿ ਅਮਲ ਤੋਂ ਪਹਿਲਾਂ ਦੀ ਪਰਖ ਦਾ ਪੈਮਾਨਾ ‘ਨਾਹਰਾ’ ਬਣ ਗਿਆ। ਜ਼ਿਆਦਾਤਰ ਨਾਹਰੇ ਕਿਸੇ ਨਿਸ਼ਾਨੇ ਜਾਂ ਕਿਸੇ ਮਸਲੇ ਦੇ ਸਬੰਧੀ ਲਾਏ ਜਾਂਦੇ ਹਨ, ਇਸ ਤੋਂ ਇਲਾਵਾ ਇਕ ਹੋਰ ਖਤਰਨਾਕ ਰੁਝਾਨ ਕਿਸੇ ਦੀ ਜਿੰਦਾਬਾਦ ਜਾਂ ਮੁਰਦਾਬਾਦ ਦਾ ਵੀ ਪੇਸ਼ ਆ ਗਿਆ ਹੈ। ਇਹ ਮਹਿਜ ਅੰਦਰ ਦਾ ਦਬਾਅ/ਭੜਾਸ ਬਾਹਰ ਕੱਢਣਾ ਹੀ ਹੈ, ਹੋਰ ਕੁਝ ਨਹੀਂ। ਕਿਸੇ ਨਿਸ਼ਾਨੇ ਜਾਂ ਮਸਲੇ ਦੇ ਪ੍ਰਥਾਏ ਹੋ ਸਕਦੇ, ਕਿਸੇ ਨੇ ਸਾਰੀ ਉਮਰ ਇਕ ਨਾਹਰਾ ਵੀ ਨਾ ਲਾਇਆ ਹੋਵੇ, ਪਰ ਆਪਣੀ ਸਾਰੀ ਉਮਰ ਉਸ ਨਿਸ਼ਾਨੇ/ਮਸਲੇ ਨੂੰ ਸਮਰਪਤ ਕਰ ਦਿੱਤੀ ਹੋਵੇ, ਇਹੀ ਸਿੱਖੀ ਹੈ। ਸਾਡੇ ਲਈ ਵੱਡਾ ਅਮਲ ਹੈ, ਗੱਲਾਂ ਜਾ ਨਾਹਰੇ ਨਹੀਂ। ਨਾਹਰਿਆਂ ਦੇ ਪ੍ਰਭਾਵ ਹੇਠ ਜੈਕਾਰੇ ਦੀ ਵਰਤੋਂ ਵੀ ਨਾਹਰਿਆਂ ਵਾਂਗ ਹੋਣ ਲੱਗ ਪਈ ਹੈ, ਇਸ ਨੂੰ ਵੀ ਵਕਤ ਰਹਿੰਦਿਆਂ ਵਿਚਾਰਨਾ ਚਾਹੀਦਾ ਹੈ।

## ਨਿਸ਼ਾਨ ਸਾਹਿਬ

ਸਰਬੱਤ ਦੇ ਭਲੇ ਦੇ ਪਾਂਧੀਆਂ ਨੂੰ ਗੁਰੂ ਪਾਤਸ਼ਾਹ ਵੱਲੋਂ ਬਖਸ਼ਿਆ ਨਿਸ਼ਾਨ ਸਾਹਿਬ ਨਿਧਿਰਿਆਂ ਲਈ ਧਿਰ ਹੈ, ਨਿਆਸਰਿਆਂ ਲਈ ਆਸਰਾ ਹੈ, ਝੂਠ ਦੀ ਧੁੰਦ ਵਿੱਚ ਸੱਚ ਦਾ ਸੂਰਜ ਹੈ, ਅਨਿਆਂ ਦੀਆਂ ਕਾਲੀਆਂ ਰਾਤਾਂ ਵਿੱਚ ਨਿਆਂ ਦੀ ਸੱਜਰੀ ਸਵੇਰ ਹੈ, ਭੁੱਖਿਆਂ ਲਈ ਰੋਟੀ ਹੈ, ਨਿਘਰਿਆਂ ਲਈ ਘਰ ਹੈ। ਇਹ ਕੋਈ ਦੁਨਿਆਵੀ ਝੰਡਾ ਨਹੀਂ ਨਾ ਹੀ ਇਹ ਕਿਸੇ ਥਾਂ ਦੇ ਉੱਤੇ ਮਹਿਜ ਕਬਜ਼ੇ ਲਈ ਗੱਡੀ ਕੋਈ ਝੰਡੀ ਹੈ, ਇਹ ਤਾਂ ਹਰ ਰੁੱਤ ਵਿੱਚ ਉਸੇ ਸਹਿਜ ਵਿੱਚ ਝੂਲਦਾ ਹੈ, ਮਹਿਕਾਂ ਵੰਡਦਾ ਹੈ, ਇਹ ਸਰਬੱਤ ਦੇ ਭਲੇ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ। ਇਹ ਇਕ ਜਿੰਮੇਵਾਰੀ ਹੈ, ਫਰਜ਼ ਹੈ, ਸਿਦਕ ਹੈ ਅਤੇ ਪਰਖ ਹੈ ਕਿਉਂਕਿ ਇਹ ਇਕੱਲਾ ਨਹੀਂ, ਇਸ ਦੇ ਨਾਲ ਇਤਿਹਾਸ ਖੜਾ ਹੈ, ਰਵਾਇਤ ਖੜੀ ਹੈ। ਇਸ ਨੂੰ ਗਿਣਤੀਆਂ ਮਿਣਤੀਆਂ ਦਾ ਅਸਰ ਨਹੀਂ ਹੈ, ਇਹ ‘ਸਵਾ ਲੱਖ’ ਹੀ ਨਿਆਂ ਕਰ ਸਕਦਾ ਹੈ। ਇਤਿਹਾਸ ਦੀ ਰੌਸ਼ਨੀ ਵਿੱਚ ਆਪਣੀ ਰਵਾਇਤ ਨੂੰ ਕਾਇਮ ਰੱਖਣ ਲਈ ਨਿਸ਼ਾਨ ਸਾਹਿਬ ਪ੍ਰਤੀ ਸਾਨੂੰ ਆਪਣੀ ਜਿੰਮੇਵਾਰੀ ਦੀ ਪਹਿਚਾਣ ਕਰਕੇ ਮੌਜੂਦਾ ਪ੍ਰਚਲਤ ਤਰੀਕਿਆਂ ਅਤੇ ਅਮਲਾਂ ਵਿੱਚ ਨਿਸ਼ਾਨ ਸਾਹਿਬ ਦੀ ਕੀ ਥਾਂ ਬਣਾ ਲਈ ਗਈ ਹੈ, ਇਸਦੀ ਪੜਚੋਲ ਕਰਕੇ ਆਪਣੇ ਅਮਲਾਂ ਵਿੱਚ ਲੋੜੀਂਦੀ ਸੋਧ ਕਰਨੀ ਪਵੇਗੀ।

ਗੁਰੂ ਪਾਤਸ਼ਾਹ ਮਿਹਰ ਕਰਨ ਅਸੀਂ ਸੇਵਾ, ਸਿਮਰਨ ਅਤੇ ਕੁਰਬਾਨੀ ਰਾਹੀਂ ਆਪਣੀ ਰਵਾਇਤ ਨੂੰ ਕਾਇਮ ਰੱਖਣ ਵਿੱਚ ਕੋਈ ਤਿਲ-ਫੁਲ ਯੋਗਦਾਨ ਪਾ ਸਕੀਏ ਅਤੇ ਗੁਰੂ ਖਾਲਸਾ ਪੰਥ ਦੇ ਅਨੁਸਾਰੀ ਹੋ ਕੇ ਵਿਚਰ ਸਕੀਏ।

# ਜਦੋਂ ਕਿਸਾਨ ਟਰੈਕਟਰ ਮਾਰਚ ਨੇ ਵਾਸ਼ਿੰਗਟਨ ਡੀਸੀ ਜਾਮ ਕੀਤਾ




**ਨਾਦੀਆ ਸਿੰਘ**

ਫਰਵਰੀ 1978 ਵਿਚ ਅਮਰੀਕਾ ਭਰ ਦੇ ਹਜਾਰਾਂ ਕਿਸਾਨਾਂ ਨੇ ਆਪਣੇ ਟਰੈਕਟਰਾਂ ਉਤੇ ਮੁਲਕ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿਚ ਮਾਰਚ ਕੀਤਾ। ਇਨ੍ਹਾਂ ਵਿਚੋਂ ਬਹੁਤ ਸਾਰੇ ਕਿਸਾਨ ਕਈ-ਕਈ ਦਿਨ ਟਰੈਕਟਰ ਚਲਾ ਕੇ ਤੇ ਸੈਂਕੜੇ ਮੀਲਾਂ ਦਾ ਪੈਂਡਾ ਤੈਅ ਕਰ ਕੇ ਪੁੱਜੇ ਸਨ। ਉਨ੍ਹਾਂ ਦੇ ਇਸ ਲੰਬੇ ਤੇ ਔਖੇ ਸਫਰ ਦਾ ਕੀ ਮਕਸਦ ਸੀ? ਉਹ ਉਹੋ ਕੁਝ ਮੰਗ ਰਹੇ ਸਨ, ਜੋ ਕੁਝ ਅੱਜ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੀਆਂ ਬਰੂਹਾਂ ‘ਤੇ ਬੈਠੇ ਭਾਰਤੀ ਕਿਸਾਨ ਮੰਗ ਰਹੇ ਸਨ, ਭਾਵ ਖੇਤੀ ਜਿਣਸਾਂ ਦਾ ਵਾਜਬ ਭਾਅ ਅਤੇ ਖੇਤੀ ਵਿਕਾਸ ਦਾ ਵਧੀਆ ਮਾਡਲ।

ਅਮਰੀਕਾ ਨੇ 1970ਵਿਆਂ ਤੱਕ ‘ਇਕਸਾਰ ਕੀਮਤ ਪ੍ਰਬੰਧ’ ਦੇ ਸਿਧਾਂਤ ਦਾ ਪਾਲਣ ਕੀਤਾ। ਇਹ ਕੀਮਤਾਂ ਦੇ ਅਜਿਹੇ ਪੱਧਰਾਂ ਦਾ ਸਿਸਟਮ ਸੀ, ਜਿਹੜਾ ਅਮਰੀਕਾ ਦੇ ਕਿਸਾਨਾਂ ਲਈ ਘੱਟੋ-ਘੱਟ ਆਮਦਨ ਯਕੀਨੀ ਬਣਾਉਂਦਾ ਸੀ। ਪਰ ਖੇਤੀ-ਕਾਰੋਬਾਰੀਆਂ ਦੀ ਗੰਢ-ਤੁੱਪ ਤੇ ਲਾਬੀਬਾਜੀ ਕਾਰਨ ਮੱਧ 1970ਵਿਆਂ ਤੋਂ ਇਸ ਘੱਟੋ-ਘੱਟ ਸਮਰਥਨ ਪ੍ਰਬੰਧ ਦਾ ਗਿਣ-ਮਿਥ ਕੇ ਭੋਗ ਪੈਣਾ ਲੱਗਾ। ਨਾਲ ਹੀ ਗੜਬੜ ਇਹ ਹੋਈ ਕਿ ਉਸ ਸਮੇਂ ਅਮਰੀਕਾ ਵਿਚ ਪ੍ਰਮੁੱਖ ਵਿਆਜ ਦਰਾਂ ਤੇਲ ਦੀਆਂ ਉੱਚੀਆਂ ਕੀਮਤਾਂ ਕਾਰਨ ਸਭ ਤੋਂ ਉੱਚੀ ਦਰ 21.5 ਫੀਸਦੀ ’ਤੇ ਸਨ। ਇਸ ਕਾਰਨ ਮੱਧ-ਪੱਛਮੀ ਸੂਬਿਆਂ ਦੇ ਕਿਸਾਨਾਂ ਲਈ ਕਰਜਿਆਂ ਦੀਆਂ ਅਦਾਇਗੀਆਂ ਮੁਸ਼ਕਲ ਹੋ ਰਹੀਆਂ ਸਨ ਤੇ ਉਹ ਕੁਰਕੀਆਂ ਦਾ ਸ਼ਿਕਾਰ ਹੋ ਰਹੇ ਸਨ।

ਇਸ ਹਾਲਾਤ ਖਿਲਾਫ ਅਮੈਰਿਕਨ ਐਗਰੀਕਲਚਰ ਮੂਵਮੈਂਟ (ਅਮਰੀਕੀ ਖੇਤੀ ਅੰਦੋਲਨ) ਦਾ ਆਗਾਜ ਕੀਤਾ ਗਿਆ ਅਤੇ 5 ਫਰਵਰੀ, 1978 ਨੂੰ ਅਮਰੀਕਾ ਭਰ ਕੇ ਕਿਸਾਨਾਂ ਨੇ ਵਾਸ਼ਿੰਗਟਨ ਡੀਸੀ ਲਈ ‘ਟਰੈਕਟਰਕੇਡ’ (ਟਰੈਕਟਰ ਮਾਰਚ) ਆਰੰਭ ਦਿੱਤਾ, ਜੋ ਕੁਰਕੀਆਂ ਖਿਲਾਫ ਸੁਰੱਖਿਆ ਅਤੇ 100 ਫੀਸਦੀ ਇਕਸਾਰ ਕੀਮਤ ਪ੍ਰਬੰਧ ਦੀ ਮੰਗ ਕਰ ਰਹੇ ਸਨ, ਤਾਂ ਕਿ ਖੇਤੀ ਜਿਣਸਾਂ ਦੀਆਂ ਕੀਮਤਾਂ ਪੈਦਾਵਾਰ ਦੀ ਲਾਗਤ ਤੋਂ ਥੱਲੇ ਨਾ ਡਿੱਗਣ। ‘ਟਰੈਕਟਰ ਮਾਰਚ’ ਨੇ ਵਾਸ਼ਿੰਗਟਨ ਡੀਸੀ ਨੂੰ ਜਾਮ ਕਰ ਕੇ ਰੱਖ ਦਿੱਤਾ। ਫੈਡਰਲ ਹਕੂਮਤ ਨੇ ਕਿਸਾਨਾਂ ਉਤੇ ‘ਪ੍ਰੇਸ਼ਾਨੀਆਂ ਖੜ੍ਹੀਆਂ’ ਕਰਨ ਦੇ ਇਲਜਾਮ ਲਾਉਣੇ ਸ਼ੁਰੂ ਕਰ ਦਿੱਤੇ ਕਿਉਂਕਿ ਇਸ ਕਾਰਨ ਦੇਸ਼ ਦੇ ਮਾਲੀਏ ਦਾ ਰੋਜਾਨਾ ਦਸ ਲੱਖ ਡਾਲਰ ਦਾ ਨੁਕਸਾਨ ਹੋ ਰਿਹਾ ਸੀ। ਵਾਸ਼ਿੰਗਟਨ ਦੇ ਵਸਨੀਕ ਤੇ ਉਥੇ ਆਏ ਲੋਕ ਵੀ ਅੰਦੋਲਨਕਾਰੀ ਕਿਸਾਨਾਂ ਤੋਂ ਔਖੇ ਸਨ। ਪਰ 22 ਫਰਵਰੀ ਨੂੰ ਅੰਦੋਲਨਕਾਰੀ ਕਿਸਾਨਾਂ ਪ੍ਰਤੀ ਲੋਕਾਂ ਦੀ ਰਾਇ ਉਦੋਂ ਬਦਲ ਗਈ ਜਦੋਂ ਭਾਰੀ ਬਰਫੀਲੇ ਤੂਫਾਨ ਕਾਰਨ ਸਾਰਾ ਵਾਸ਼ਿੰਗਟਨ ਬਰਫ ਦੀ ਛੇ ਇੰਚ ਮੋਟੀ ਪਰਤ ਨਾਲ ਢਕਿਆ ਗਿਆ। ਕਿਸਾਨਾਂ ਨੇ ਬਰਫ ਹਟਾ ਕੇ ਸੈਂਕੜੇ ਕਾਰਾਂ ਨੂੰ ਬਾਹਰ ਕੱਢਿਆ ਤੇ ਬਹੁਤ ਸਾਰੇ ਫਸੇ ਹੋਏ ਲੋਕਾਂ ਦੀ ਵੀ ਮਦਦ ਕੀਤੀ। ਡਾਕਟਰਾਂ ਤੇ ਨਰਸਾਂ ਨੂੰ ਉਨ੍ਹਾਂ ਦੇ ਡਿਊਟੀ ਸਥਾਨਾਂ ਤੱਕ ਪਹੁੰਚਾਇਆ।

ਅੰਦੋਲਨ ਦੇ ਕਈ ਹਫਤਿਆਂ ਬਾਅਦ ਰਾਸ਼ਟਰਪਤੀ ਜਿਮੀ ਕਾਰਟਰ ਦੇ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਕੁਰਕੀਆਂ ਰੋਕਣ ਅਤੇ ਜਿਣਸਾਂ ਦਾ ਵਾਜਬ ਮੁੱਲ ਦੇਣ ਦਾ ਜੁਬਾਨੀ ਭਰੋਸਾ ਦਿੱਤਾ। ਪਰ ਇਹ ਭਰੋਸੇ ਝੂਠੇ ਸਾਬਤ ਹੋਏ ਅਤੇ 1980 ਵਿਚ ਬੈਂਕਾਂ ਨੇ ਮੁੜ ਕੁਰਕੀਆਂ ਸ਼ੁਰੂ ਕਰ ਦਿੱਤੀਆਂ। ਬਹੁਤ ਸਾਰੇ ਛੋਟੇ ਤੇ ਦਰਮਿਆਨੇ ਕਿਸਾਨ ਦੀਵਾਲੀਆ ਹੋ ਗਏ। ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ 1948 ਤੋਂ 2018 ਦੌਰਾਨ ਅਮਰੀਕਾ ਵਿਚ 40 ਲੱਖ ਛੋਟੇ ਤੇ ਦਰਮਿਆਨੇ ਕਿਸਾਨ ਖੇਤੀ ਕਿੱਤੇ ਤੋਂ ਬਾਹਰ ਹੋ ਗਏ ਅਤੇ ਦੂਜੇ ਪਾਸੇ ਇਸੇ ਸਮੇਂ ਦੌਰਾਨ 2000 ਏਕੜ ਜਾਂ ਇਸ ਤੋਂ ਵੱਧ ਰਕਬੇ ਵਾਲੇ ਫਾਰਮਾਂ ਦੀ ਗਿਣਤੀ ਅਨੁਪਾਤਕ ਤੌਰ ’ਤੇ ਦੁੱਗਣੀ ਹੋ ਗਈ। ਅੱਜ ਅਮਰੀਕਾ ਵਿਚ 250,000 ਫੈਕਟਰੀ ਫਾਰਮ ਹਨ, ਜਿਨ੍ਹਾਂ ਦਾ ਮੁਲਕ ਦੀ ਕੁੱਲ ਖੇਤੀ ਪੈਦਾਵਾਰ ਵਿਚ 51 ਫੀਸਦੀ ਹਿੱਸਾ ਹੈ। ਇੰਝ ਅਗਲੇਰੇ ਸਾਲਾਂ ਦੌਰਾਨ ਅਮਰੀਕਾ ਵਿਚ ਦੌਲਤ ਅਤੇ ਖੇਤੀ ਮੁਨਾਫੇ ਦਾ ਵੱਡੇ ਪੱਧਰ ’ਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਤੋਂ ਵੱਡੀਆਂ ਖੇਤੀ-ਕਾਰੋਬਾਰੀ ਕਾਰਪੋਰੇਸ਼ਨਾਂ (ਐਗਰੀ-ਬਿਜਨਸ ਕਾਰਪੋਰੇਸ਼ਨਜ) ਵੱਲ ਵਹਾਅ ਹੋਇਆ। ਫਿਰ ਇਨ੍ਹਾਂ ਖੇਤੀ ਕਾਰਪੋਰੇਟ ਅਦਾਰਿਆਂ ਨੇ ‘ਖੇਤਾਂ ਤੋਂ ਲੈ ਕੇ ਭੋਜਨ ਦੀ ਥਾਲੀ ਤੱਕ’ ਸਮੁੱਚੀ ਸਪਲਾਈ ਲੜੀ ਨੂੰ ਆਪਣੇ ਕੰਟਰੋਲ ਵਿਚ ਲੈਣਾ ਸ਼ੁਰੂ ਕਰ ਦਿੱਤਾ ਅਤੇ ਉਹ ਖੇਤੀ ਪੈਦਾਵਾਰ ਨੂੰ ਵੀ ਆਪਣੇ ਮੁਨਾਫੇ ਮੁਤਾਬਕ ਤੈਅ ਕਰਨ ਲੱਗੇ ਤੇ ਪੈਦਾਵਾਰੀ ਮੰਗ ਨੂੰ ਵੀ ਕੰਟਰੋਲ ਕਰਨਾ ਸ਼ੁਰੂ ਕਰ ਦਿੱਤਾ, ਜੋ ਪੇਂਡੂ ਇਲਾਕਿਆਂ ਵਿਚਲੇ ਛੋਟੇ ਕਾਰੋਬਾਰੀਆਂ ਲਈ ਨੁਕਸਾਨਦੇਹ ਸੀ। ਸਿੱਟੇ ਵਜੋਂ ਪਿੰਡਾਂ ਵਿਚ ਬੀਜਾਂ ਤੇ ਖੇਤੀ ਅਤੇ ਹੋਰ ਸਾਜੋ-ਸਾਮਾਨ ਮੁਹੱਈਆ ਕਰਾਉਣ ਵਾਲੇ ਕਾਰੋਬਾਰੀਆਂ ਦੇ ਧੰਦੇ ਬੰਦ ਹੋਣ ਲੱਗੇ। ਇਸ ਤਰ੍ਹਾਂ ਵਕਤ ਬੀਤਣ ਨਾਲ ਅਮਰੀਕਾ ਵਿਚ ਕਿਸਾਨੀ ਭਾਈਚਾਰੇ ਅਤੇ ਖੇਤੀ ਆਧਾਰਤ ਰਹਿਣ-ਸਹਿਣ ਦਾ ਇਕ ਤਰ੍ਹਾਂ ਖਾਤਮਾ ਹੋ ਗਿਆ। ਦੂਜੇ ਪਾਸੇ ਅਮਰੀਕਾ ਵਿਚ ਇਨ੍ਹਾਂ ਚਾਰ ਦਹਾਕਿਆਂ ਦੌਰਾਨ ਖੇਤੀਬਾੜੀ ਪੈਦਾਵਾਰ ਲਗਾਤਾਰ ਵਧ ਰਹੀ ਹੈ। ਪਰ ਇਸ ਖੇਤੀ ਮੁਨਾਫੇ ਦਾ ਬੜਾ ਛੋਟਾ ਹਿੱਸਾ ਹੀ ਛੋਟੇ ਤੇ ਦਰਮਿਆਨੇ ਕਾਸ਼ਤਕਾਰਾਂ ਤੱਕ ਪੁੱਜਦਾ ਹੈ ਅਤੇ ਉਨ੍ਹਾਂ ਦੇ ਹਾਲਾਤ ਬਦਤਰ ਹੁੰਦੇ ਜਾ ਰਹੇ ਹਨ। ਅਮਰੀਕਾ ਦੇ ਖੇਤੀਬਾੜੀ ਵਿਭਾਗ (ਯੂਐਸਡੀਏ) ਦੇ ਅੰਕੜਿਆਂ ਮੁਤਾਬਕ ਕਿਸਾਨੀ ਕਰਜੇ ਇਤਿਹਾਸ ਦੀ ਸਭ ਤੋਂ ਸਿਖਰਲੀ ਪੱਧਰ 41.60 ਕਰੋੜ ਡਾਲਰ ਤੱਕ ਪੁੱਜ ਗਏ ਹਨ ਅਤੇ ਅਮਰੀਕਾ ਦੇ ਆਜਾਦਾਨਾ ਢੰਗ ਨਾਲ ਖੇਤੀ ਕਰਨ ਵਾਲੇ ਅੱਧੇ ਕਿਸਾਨ ਕਰਜੇ ਵਿਚ ਜਕੜੇ ਹਨ। ਛੋਟੇ ਕਿਸਾਨਾਂ ਦੀ ਔਸਤ ਆਮਦਨ ਮਨਫੀ 1553 ਡਾਲਰ ਤੱਕ ਡਿੱਗ ਪਈ ਹੈ, ਕਿਉਂਕਿ ਖੇਤੀ ਲਾਹੇਵੰਦੀ ਨਾ ਰਹਿਣ ਕਾਰਨ ਹਰ ਸਾਲ ਕਿਸਾਨਾਂ ਦਾ ਨੁਕਸਾਨ ਵਧਦਾ ਜਾ ਰਿਹਾ ਹੈ। ਇੰਝ ਆਮਦਨ, ਘਰ ਤੇ ਰੋਜੀ-ਰੋਟੀ ਖੁੱਸ ਜਾਣ ਕਾਰਨ ਅਮਰੀਕਾ ਵਿਚ ਵੀ ਬਹੁਤ ਸਾਰੇ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਅਮਰੀਕਾ ਦੇ ਬਿਮਾਰੀ ਕੰਟਰੋਲ ਤੇ ਰੋਕਥਾਮ ਕੇਂਦਰ ਦਾ ਅੰਦਾਜਾ ਹੈ ਕਿ ਮੁਲਕ ਦੇ ਕਿਸਾਨੀ ਭਾਈਚਾਰੇ ਵਿਚ ਖੁਦਕੁਸ਼ੀਆਂ ਦੀ ਦਰ ਮੁਲਕ ਦੀ ਕੌਮੀ ਔਸਤ ਨਾਲੋਂ ਡੇਢ ਗੁਣਾ ਵੱਧ ਹੈ।

ਅਮਰੀਕੀ ਕਿਸਾਨਾਂ ਦੇ ਵਾਸ਼ਿੰਗਟਨ ਡੀਸੀ ਟਰੈਕਟਰ ਮਾਰਚ ਦੇ 43 ਸਾਲਾਂ ਬਾਅਦ ਭਾਰਤੀ ਕਿਸਾਨ ਵੀ ਮੁਲਕ ਦੀ ਰਾਜਧਾਨੀ ਨਵੀਂ ਦਿੱਲੀ ਦੇ ਬਾਹਰ ਡੇਰੇ ਲਾਈ ਬੈਠੇ ਹਨ, ਕਿਉਂਕਿ ਉਨ੍ਹਾਂ ਨੂੰ ਵੀ ਆਪਣਾ ਹਸ਼ਰ ਅਮਰੀਕੀ ਕਿਸਾਨਾਂ ਵਰਗਾ ਹੀ ਹੋਣ ਦਾ ਖਦਸ਼ਾ ਹੈ। ਉਹ ਭਾਰਤ ਸਰਕਾਰ ਵੱਲੋਂ ਲਿਆਂਦੇ ਨਵੇਂ ਖੇਤੀ ਕਾਨੂੰਨਾਂਨੂੰ ‘ਕਾਲੇ ਕਾਨੂੰਨ’ ਗਰਦਾਨ ਰਹੇ ਹਨ, ਕਿਉਂਕਿ ਇਹ ਕਾਨੂੰਨ ਉਨ੍ਹਾਂ ਨੂੰ ਬਾਜਾਰੀ ਬੇਯਕੀਨੀਆਂ ਦੇ ਰਹਿਮ ਦਾ ਮੁਥਾਜ ਬਣਾ ਦੇਣਗੇ। ਮੁਲਕ ਦੀ ਕੌਮੀ ਆਮਦਨ ਵਿਚ 19 ਫੀਸਦੀ ਯੋਗਦਾਨ ਪਾਉਣ ਅਤੇ ਕਿਰਤ ਸ਼ਕਤੀ ਦੇ ਅੱਧੇ ਤੋਂ ਵੱਧ ਹਿੱਸੇ ਨੂੰ ਰੁਜਗਾਰ ਮੁਹੱਈਆ ਕਰਾਉਣ ਦੇ ਬਾਵਜੂਦ ਭਾਰਤ ਵਿਚ ਖੇਤੀਬਾੜੀ ਹਰ ਬੀਤਦੇ ਸਾਲ ਨਾਲ ਰੋਜੀ-ਰੋਟੀ ਪੱਖੋਂ ਘੱਟ ਲਾਹੇਵੰਦੀ ਹੁੰਦੀ ਜਾ ਰਹੀ ਹੈ। ਪੰਜਾਬ, ਜਿਸ ਨੂੰ ਭਾਰਤ ਦਾ ਅੰਨ ਭੰਡਾਰ ਆਖਿਆ ਜਾਂਦਾ ਹੈ, ਦੇ 72 ਫੀਸਦੀ ਕਿਸਾਨ ਕਰਜੇ ਹੇਠ ਹਨ। ਉਹ ਪ੍ਰਾਈਵੇਟ ਬਾਜਾਰੀ ਤਾਕਤਾਂ ਤੋਂ ਫਿਕਰਮੰਦ ਹਨ ਤੇ ਉਨ੍ਹਾਂ ਨੂੰ ਡਰ ਹੈ ਕਿ ਸਰਕਾਰੀ ਸੁਰੱਖਿਆ ਤੋਂ ਦੀ ਅਣਹੋਂਦ ਵਿਚ ਉਨ੍ਹਾਂ ਦੀ ਪਹਿਲਾਂ ਹੀ ਮਾਮੂਲੀ ਆਮਦਨ ਹੋਰ ਨਾ ਘਟ ਜਾਵੇ।

ਇਨ੍ਹਾਂ ਜੋਰਦਾਰ ਕਿਸਾਨ ਅੰਦੋਲਨਾਂ ਦੇ ਬਾਵਜੂਦ ਭਾਰਤ ਸਰਕਾਰ ਆਪਣੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਫਾਇਦੇਮੰਦ ਤੇ ਵਧੀਆ ਕਰਾਰ ਦੇ ਕੇ ਇਨ੍ਹਾਂ ਦੀ ਭਾਰੀ ਹਮਾਇਤ ਕਰ ਰਹੀ ਹੈ। ਭਾਰਤ ਸਰਕਾਰ ਨੂੰ ਇਸ ਮਾਮਲੇ ਵਿਚ ਅਮਰੀਕਾ, ਜਿਸ ਦੀ ਇਹ ਅਕਸਰ ਨਕਲ ਕਰਦੀ ਹੈ, ਦੇ ਤਜਰਬੇ ਤੋਂ ਮੱਤ ਲੈਣੀ ਚਾਹੀਦੀ ਹੈ। ਸਭਨਾਂ ਦੀ ਭਲਾਈ ਹੀ ਮੁਲਕ ਦੀ ਨੀਤੀ ਨਿਰਮਾਣ ਦਾ ਮੁੱਖ ਮਕਸਦ ਹੋਣਾ ਚਾਹੀਦਾ ਹੈ। ਕੌਮੀ ਸਰਕਾਰਾਂ ਨੂੰ ਕਦੇ ਵੀ ਮੁਨਾਫੇ ਦੀ ਇਕਸਾਰਤਾ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ!!

# ਮੋਦੀ ਰਾਜ ਵਿਚ ਭਾਰਤੀ ਜਮਹੂਰੀਅਤ ਦੀ ਹਾਲਤ ਨਿੱਘਰੀ

## ✪ ਸਵੀਡਨ ਦੀ ਵੀ-ਡੈਮ ਦੀ ਰਿਪੋਰਟ ਅਨੁਸਾਰ ਭਾਰਤ ਦਾ ਦਰਜਾ ਇਲੈਕੋਟਰਲ ਆਟੋਕ੍ਰੇਸੀ (ਚੁਣੀ ਹੋਈ ਨਿਰੰਕੁਸ਼ ਸਰਕਾਰ) ਹੈ

## ✪ ਮੀਡੀਆ ਸੈਂਸਰਸ਼ਿਪ ਪੱਖੋਂ ਭਾਰਤ ਪਾਕਿਸਤਾਨ ਜਿੰਨਾ ਹੀ ਨਿਰੰਕੁਸ਼ ਹੈ ਅਤੇ ਬੰਗਲਾਦੇਸ਼ ਤੇ ਨੇਪਾਲ ਨਾਲੋਂ ਮਾੜਾ

**ਕਾਰਵਾ ਦੀ ਰਿਪੋਰਟ ਅਨੁਸਾਰ ਸੋਸ਼ਲ ਮੀਡੀਆ ਤੇ ਨਿਰਪੱਖ ਮੀਡੀਆ ਦਾ ਗਲਾ ਘੁੱਟਣ ਲੱਗੇ ਭਾਜਪਾਈ**

ਦੁਨੀਆ ਵਿਚ ਜਮਹੂਰੀਅਤ ਦੀ ਹਾਲਤ 'ਤੇ ਨਜ਼ਰ ਰੱਖਣ ਵਾਲੇ ਦੋ ਰਿਪੋਰਟਾਂ ਦੀ ਸ਼ਿੱਦਤ ਨਾਲ ਉਡੀਕ ਕਰਦੇ ਹਨ। ਇਕ ਅਮਰੀਕੀ ਗੈਰ-ਸਰਕਾਰੀ ਸੰਸਥਾ 'ਫਰੀਡਮ ਹਾਊਸ' ਤੇ ਦੂਜੀ ਸਵੀਡਨ ਦੇ ਵੀ-ਡੈਮ (ਵਰਾਈਟੀਜ਼ ਆਫ ਡੈਮੋਕ੍ਰੇਸੀ) ਇੰਸਟੀਚਿਊਟ ਦੀ ।ਹਫਤਾ ਪਹਿਲਾਂ ਫਰੀਡਮ ਹਾਊਸ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਭਾਰਤ ਨੂੰ ਆਜ਼ਾਦ ਦੇਸ਼ਾਂ ਦੀ ਲਿਸਟ ਵਿਚੋਂ ਹਟਾ ਕੇ ਅੰਸ਼ਕ ਆਜ਼ਾਦਾਂ ਦੀ ਲਿਸਟ ਵਿਚ ਪਾ ਦਿੱਤਾ ਸੀ ਤੇ ਹੁਣ ਵੀ-ਡੈਮ ਨੇ ਬੀਤੇ ਬੁੱਧਵਾਰ ਜਾਰੀ ਕੀਤੀ ਆਪਣੀ ਰਿਪੋਰਟ ਵਿਚ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ (ਭਾਰਤ) ਦਾ ਦਰਜਾ ਘਟਾਉਂਦਿਆਂ ਕਿਹਾ ਹੈ ਕਿ ਇਸ ਵੇਲੇ ਉਥੇ ਇਲੈਕੋਟਰਲ ਆਟੋਕ੍ਰੇਸੀ (ਚੁਣੀ ਹੋਈ ਨਿਰੰਕੁਸ਼ ਸਰਕਾਰ) ਹੈ। ਰਿਪੋਰਟ ਮੁਤਾਬਕ ਜਿੱਥੋਂ ਤੱਕ ਮੀਡੀਆ 'ਤੇ ਸੈਂਸਰਸ਼ਿਪ ਦਾ ਸਵਾਲ ਹੈ, ਭਾਰਤ ਪਾਕਿਸਤਾਨ ਜਿੰਨਾ ਹੀ ਨਿਰੰਕੁਸ਼ ਹੈ ਅਤੇ ਬੰਗਲਾਦੇਸ਼ ਤੇ ਨੇਪਾਲ ਨਾਲੋਂ ਮਾੜਾ। ਸਵੀਡਨ ਦੇ ਉਪ ਵਿਦੇਸ਼ ਮੰਤਰੀ ਰੌਬਰਟ ਰਾਈਡਬਰਗ ਦੀ ਮੌਜੂਦਗੀ ਵਿਚ ਜਾਰੀ ਕੀਤੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਕ ਅਰਬ 37 ਕਰੋੜ ਦੀ ਆਬਾਦੀ ਵਾਲਾ ਭਾਰਤ ਇਲੈਕਟੋਰਲ ਆਟੋਕ੍ਰੇਸੀ ਵਿਚ ਬਦਲ ਚੁੱਕਾ ਹੈ। ਇਸ ਨੇ ਆਪਣੀ ਪਿਛਲੀ ਰਿਪੋਰਟ ਵਿਚ ਕਿਹਾ ਸੀ ਕਿ ਮੀਡੀਆ, ਨਾਗਰਿਕ ਸਮਾਜ ਤੇ ਆਪੋਜ਼ੀਸ਼ਨ ਲਈ ਥਾਂ (ਸਪੇਸ) ਏਨੀ ਘੱਟ ਹੋ ਗਈ ਹੈ ਕਿ ਭਾਰਤ ਲਗਾਤਾਰ ਨਿਰੰਕੁਸ਼ਤਾ ਵੱਲ ਵਧ ਰਿਹਾ ਹੈ। ਤਾਜ਼ਾ ਰਿਪੋਰਟ ਵਿਚ ਉਸ ਨੇ ਭਾਰਤ ਨੂੰ ਨਿਰੰਕੁਸ਼ ਕਰਾਰ ਦੇ ਦਿੱਤਾ ਹੈ। ਰਿਪੋਰਟ ਮੁਤਾਬਕ ਮੋਦੀ ਸਰਕਾਰ ਆਉਣ ਤੋਂ ਹੀ ਨਿਰੰਕੁਸ਼ਤਾ ਦਾ ਦੌਰ ਸ਼ੁਰੂ ਹੋ ਗਿਆ ਸੀ। ਪਹਿਲਾਂ ਸਰਕਾਰ ਨੇ ਉਸ ਨੂੰ ਸ਼ੀਸ਼ਾ ਦਿਖਾਉਣ ਵਾਲੇ ਮੀਡੀਆ ਅਤੇ ਨਾਗਰਿਕ ਸਮਾਜ ਉੱਤੇ ਹਮਲੇ ਕੀਤੇ ਅਤੇ ਵਿਰੋਧੀਆਂ ਨੂੰ ਛੁਟਿਆ ਕੇ ਤੇ ਗਲਤ ਸੂਚਨਾਵਾਂ ਫੈਲਾ ਕੇ ਸਮਾਜ ਦਾ ਧਰੁਵੀਕਰਨ ਕੀਤਾ ਤੇ ਫਿਰ ਚੋਣ ਕਮਿਸ਼ਨ ਨੂੰ ਦਬਾ ਕੇ ਚੋਣਾਂ ਦੀ ਪਵਿੱਤਰਤਾ ਘਟਾਈ। ਮੋਦੀ ਸਰਕਾਰ ਨੇ ਅਲੋਚਕਾਂ ਨੂੰ ਚੁੱਪ ਕਰਾਉਣ ਲਈ ਦੇਸ਼ਧ੍ਰੋਹ, ਮਾਣਹਾਨੀ ਤੇ ਜਵਾਬੀ-ਦਹਿਸ਼ਤਗਰਦੀ ਨੂੰ ਖ਼ੂਬ ਵਰਤਿਆ ਹੈ। ਮਿਸਾਲ ਦੇ ਤੌਰ 'ਤੇ ਇਹ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਦੇਸ਼ਧ੍ਰੋਹ ਦੇ ਦੋਸ਼ ਵਿਚ ਅੰਦਰ ਕਰ ਚੁੱਕੀ ਹੈ, ਜਿਨਾਂ ਵਿਚੋਂ ਬਹੁਤੇ ਇਸ ਦੇ ਆਲੋਚਕ ਹਨ। ਇਹ ਸੈਕੂਲਰਿਜ਼ਮ ਨੂੰ ਪ੍ਰਣਾਏ ਸੰਵਿਧਾਨ ਦੀ ਪ੍ਰਵਾਹ ਨਹੀਂ ਕਰ ਰਹੀ। ਇਸ ਨੇ ਨਾਗਰਿਕ ਸਮਾਜ ਜਥੇਬੰਦੀਆਂ ਨੂੰ ਨਕੇਲ ਪਾਉਣ ਲਈ ਇਨਾਂ ਨੂੰ ਵਿਦੇਸ਼ਾਂ ਤੋਂ ਮਿਲਦੇ ਚੰਦੇ ਉੱਤੇ ਰੋਕਾਂ ਲਾ ਦਿੱਤੀਆਂ ਹਨ। ਜਿਹੜੀਆਂ ਜਥੇਬੰਦੀਆਂ ਹਿੰਦੂਤਵ-ਪੱਖੀ ਹਨ, ਉਨਾਂ ਨੂੰ ਵਧੇਰੇ ਖੁੱਲਾਂ ਦੇ ਰੱਖੀਆਂ ਹਨ। ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ




ਪੀ ਏ) ਨੂੰ ਸਰਕਾਰ ਦੀਆਂ ਨੀਤੀਆਂ ਨਾਲ ਅਸਹਿਮਤ ਅਕਾਦੀਮਿਸ਼ਨਾਂ, ਵਿਦਿਆਰਥੀਆਂ ਤੇ ਸਮਾਜੀ ਕਾਰਕੁੰਨਾਂ ਖਿਲਾਫ ਰੱਜ ਕੇ ਵਰਤਿਆ ਜਾ ਰਿਹਾ ਹੈ।ਰਿਪੋਰਟ ਵਿਚ ਇਹ ਡਰਾਉਣਾ ਤੱਥ ਸਾਹਮਣੇ ਲਿਆਂਦਾ ਗਿਆ ਹੈ ਕਿ ਪਿਛਲੇ 10 ਸਾਲਾਂ ਵਿਚ ਉਦਾਰ ਜਮਹੂਰੀ ਦੇਸ਼ਾਂ ਦੀ ਗਿਣਤੀ ਘਟ ਕੇ 16 ਰਹਿ ਗਈ ਹੈ, ਜਿੱਥੇ ਕਿ ਸੰਸਾਰ ਆਬਾਦੀ ਦੇ ਸਿਰਫ 4 ਫੀਸਦੀ ਲੋਕ ਹੀ ਵਸਦੇ ਹਨ। ਵੀ-ਡੀ ਨੇ ਉਦਾਰ ਜਮਹੂਰੀਅਤ ਨੂੰ ਮਾਪਣ ਦਾ ਪੈਮਾਨਾ 0-1 ਰੱਖਿਆ ਹੈ। 2013 ਵਿਚ ਭਾਰਤ ਦੀ ਰੈਂਕਿੰਗ 0.57 ਸੀ, ਜਿਹੜੀ ਕਿ 2020 ਵਿਚ 0.34 'ਤੇ ਆ ਗਈ ਹੈ।ਯਾਨੀ ਕਿ 23ਫੀਸਦੀ ਡਿੱਗ ਗਈ ਹੈ।

**ਕਾਰਵਾ ਦੀ ਭਾਜਪਾ ਵਿਰੋਧੀ ਰਿਪੋਰਟ**

ਗੋਦੀ ਮੀਡੀਆ ਦੇ ਸਹਾਰੇ ਝੂਠੇ ਵਾਅਦਿਆਂ ਦੇ ਘੋੜੇ 'ਤੇ ਸਵਾਰ ਦੂਜੀ ਵਾਰ ਸੱਤਾ ਦੇ ਸਿੰਘਾਸਨ ਉੱਤੇ ਬਿਰਾਜਮਾਨ ਹੋਈ ਭਾਜਪਾ ਹਰ ਕਦਮ ਉੱਤੇ ਸੁਤੰਤਰ ਪੱਤਰਕਾਰਤਾ ਦਾ ਗਲਾ ਘੁੱਟਣ ਲਈ ਤਰਲੋਮੱਛੀ ਹੁੰਦੀ ਰਹੀ ਹੈ। ਕਿਸੇ ਸਮੇਂ ਇਸ ਦੇ ਸਿਖਰਲੇ ਆਗੂ ਇਹ ਦਾਅਵਾ ਕਰਿਆ ਕਰਦੇ ਸਨ ਕਿ ਉਨਾਂ ਦੀ ਪਾਰਟੀ ਕੋਲ ਸੋਸ਼ਲ ਮੀਡੀਆ 'ਤੇ ਕੰਮ ਕਰਨ ਵਾਲਾ ਏਨਾ ਵਿਸ਼ਾਲ ਢਾਂਚਾ ਹੈ ਕਿ ਉਹ ਕਿਸੇ ਵੀ ਝੂਠੀ-ਸੱਚੀ ਅਫ਼ਵਾਹ ਨੂੰ ਮਿੰਟਾਂ-ਸਕਿੰਟਾਂ ਵਿੱਚ ਕਰੋੜਾਂ ਲੋਕਾਂ ਤੱਕ ਪਹੁੰਚਾ ਦੇਣ ਦੇ ਸਮਰੱਥ ਹੈ, ਪਰ ਸੱਚ ਬੜਾ ਬਲਵਾਨ ਹੁੰਦਾ ਹੈ। ਇਸੇ ਕਾਰਨ ਹੀ ਅੱਜ ਭਾਜਪਾ ਦਾ ਅਜ਼ਮਾਇਆ ਹੋਇਆ ਹਥਿਆਰ ਸੋਸ਼ਲ ਮੀਡੀਆ ਹੀ ਉਸ ਦੇ ਗਲੇ ਦੀ ਹੱਡੀ ਬਣ ਚੁੱਕਾ ਹੈ। ਇਸ ਕਾਰਨ ਸਰਕਾਰ ਨੇ ਉਨਾਂ ਸੁਤੰਤਰ ਮੀਡੀਆ ਪੱਤਰਕਾਰਾਂ ਨੂੰ ਖਾਮੋਸ਼ ਕਰਨ ਲਈ ਇਕ ਖਾਕਾ ਤਿਆਰ ਕੀਤਾ ਹੈ, ਜਿਹੜੇ ਹਾਕਮ ਧਿਰ ਦੀਆਂ ਨਾਕਾਮੀਆਂ ਨੂੰ ਲੋਕਾਂ ਵਿੱਚ ਨਸ਼ਰ ਕਰਦੇ ਹਨ।

'ਦੀ ਕਾਰਵਾਂ' ਪੱਤਰਿਕਾ ਨੇ ਮੋਦੀ ਸਰਕਾਰ ਦੇ ਮੰਤਰੀਆਂ ਦੇ ਇੱਕ ਸਮੂਹ (ਜੇ ਓ ਐੱਮ) ਵੱਲੋਂ ਤਿਆਰ ਰਿਪੋਰਟ ਦਾ ਖੁਲਾਸਾ ਕਰਦਿਆਂ ਕਿਹਾ ਹੈ ਕਿ ਸਰਕਾਰ ਨੇ ਅਜਿਹੇ ਪੱਤਰਕਾਰਾਂ ਨੂੰ ਚੁੱਪ ਕਰਾਉਣ ਲਈ ਯੋਜਨਾ ਬਣਾਈ ਹੈ, ਜਿਹੜੇ ਸਰਕਾਰ ਦੇ ਵਿਰੁੱਧ ਖ਼ਬਰਾਂ ਲਿਖ ਰਹੇ ਹਨ ਜਾਂ ਜਿਹੜੇ ਸਰਕਾਰ ਦੇ ਏਜੰਡੇ ਮੁਤਾਬਕ ਕੰਮ ਨਹੀਂ ਕਰਦੇ।

ਸਰਕਾਰੀ ਸੰਚਾਰ ਬਾਰੇ ਮੰਤਰੀ ਸਮੂਹ ਨਾਮੀ ਇਸ ਰਿਪੋਰਟ ਨੂੰ ਪਿਛਲੇ ਸਾਲ ਜੂਨ-ਜੁਲਾਈ ਮਹੀਨੇ ਦੌਰਾਨ ਕੀਤੀਆਂ ਗਈਆਂ 6 ਮੀਟਿੰਗਾਂ ਵਿੱਚ ਤਿਆਰ ਕੀਤਾ ਗਿਆ ਸੀ। ਇਹ ਉਹ ਸਮਾਂ ਸੀ, ਜਦੋਂ ਕੋਰੋਨਾ ਮਹਾਂਮਾਰੀ ਆਪਣੇ ਸਿਖਰ 'ਤੇ ਸੀ ਤੇ ਲੱਖਾਂ ਦੀ ਗਿਣਤੀ ਵਿੱਚ ਦਿਹਾੜੀਦਾਰ ਮਜ਼ਦੂਰ ਆਪਣੇ ਘਰਾਂ ਨੂੰ ਮੁੜਨ ਲਈ ਮਜਬੂਰ ਹੋ ਗਏ ਸਨ ਤੇ ਸੋਸ਼ਲ ਮੀਡੀਆ ਉਪਰ ਇਸ ਤਰਾਸਦੀ ਦੇ ਦਿਲ-ਕੰਬਾਊ ਕਿੱਸੇ ਸਾਹਮਣੇ ਆ ਰਹੇ ਸਨ। ਰਿਪੋਰਟ ਤਿਆਰ ਕਰਨ ਵਾਲੇ ਸਮੂਹ ਵਿੱਚ ਕੇਂਦਰੀ ਕੈਬਨਿਟ ਮੰਤਰੀ ਮੁਖਤਾਰ ਅੱਬਾਸ ਨਕਵੀ, ਰਵੀ ਸ਼ੰਕਰ ਪ੍ਰਸਾਦ, ਸਿਮਰਤੀ ਇਰਾਨੀ, ਪ੍ਰਕਾਸ਼ ਜਾਵੜੇਕਰ, ਐੱਸ ਜੈਸ਼ੰਕਰ ਤੋਂ ਇਲਾਵਾ ਰਾਜ ਮੰਤਰੀ ਕਿਰਨ ਰਿਜਿਜੂ, ਹਰਦੀਪ ਸਿੰਘ ਪੁਰੀ, ਅਨੁਰਾਗ ਠਾਕੁਰ ਤੇ ਬਾਬੁਲ ਸੁਪ੍ਰਿਓ ਸ਼ਾਮਲ ਸਨ। ਇਸ ਰਿਪੋਰਟ ਵਿੱਚ ਮੁਖਤਾਰ ਅੱਬਾਸ ਨਕਵੀ ਵੱਲੋਂ ਮੀਟਿੰਗ ਵਿੱਚ ਜ਼ਾਹਰ ਕੀਤੀ ਚਿੰਤਾ ਉੱਤੇ ਜ਼ੋਰ ਦਿੱਤਾ ਗਿਆ ਹੈ, ਜਿਸ ਵਿੱਚ ਉਨਾਂ ਕਿਹਾ ਸੀ ਕਿ ਸਰਕਾਰ ਵਿਰੁੱਧ ਲਿਖਣ ਵਾਲੇ ਲੋਕਾਂ ਨੂੰ ਚੁੱਪ ਕਰਾਉਣ ਲਈ ਸਾਡੇ ਪਾਸ ਇੱਕ ਯੋਜਨਾ ਹੋਣੀ ਚਾਹੀਦੀ ਹੈ।

ਮੰਤਰੀ ਸਮੂਹ ਵੱਲੋਂ ਸਰਕਾਰੀ ਵਿਭਾਗਾਂ ਨਾਲ ਚਰਚਾ ਕਰਨ ਦੇ ਇਲਾਵਾ ਸਰਕਾਰ ਪੱਖੀ ਪੱਤਰਕਾਰਾਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਸੀ। ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਦੇ ਨਜ਼ਦੀਕੀ ਪੱਤਰਕਾਰ ਨਿਤਿਨ ਗੋਖਲੇ ਨੇ ਕਿਹਾ ਕਿ ਸਾਨੂੰ ਪੱਤਰਕਾਰਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਣਾ ਚਾਹੀਦਾ ਹੈ, ਸਰਕਾਰ ਪੱਖੀ, ਨਿਰਪੱਖ ਤੇ ਸਰਕਾਰ ਵਿਰੋਧੀ। ਪ੍ਰਸਾਰ ਭਾਰਤੀ ਪ੍ਰਮੁੱਖ ਸੂਰੀਆ ਪ੍ਰਕਾਸ਼ ਨੇ ਕਿਹਾ ਕਿ ਸਰਕਾਰ ਨੂੰ ਆਪਣੀਆਂ ਅਸੀਮਤ ਤਾਕਤਾਂ ਦੀ ਵਰਤੋਂ ਕਰਕੇ ਪੱਤਰਕਾਰਾਂ ਨੂੰ ਜ਼ਾਬਤੇ ਵਿੱਚ ਲਿਆਉਣਾ ਚਾਹੀਦਾ ਹੈ। ਕੇਂਦਰੀ ਮੰਤਰੀ ਸਿਮਰਤੀ ਇਰਾਨੀ ਨੇ ਕਿਹਾ ਕਿ ਸਾਨੂੰ ਅਜਿਹੇ 50 ਵਿਅਕਤੀਆਂ ਦੀ ਸੂਚੀ ਬਣਾ ਕੇ ਉਨਾਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ, ਜਿਹੜੇ ਲਗਾਤਾਰ ਸਰਕਾਰ ਦੇ ਵਿਰੁੱਧ ਲਿਖਦੇ ਤੇ ਬੋਲਦੇ ਹਨ। ਇਸ ਦੇ ਨਾਲ ਹੀ ਸਾਨੂੰ ਅਜਿਹੇ 50 ਲੋਕਾਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ, ਜਿਹੜੇ ਸਰਕਾਰ ਦੇ ਹੱਕ ਵਿੱਚ ਹਨ। ਨਕਵੀ ਤੇ ਰਿਜਿਜੂ ਨੇ ਕਿਹਾ ਕਿ ਸਾਨੂੰ ਸਰਕਾਰ ਦੀ ਹਮਾਇਤ ਕਰਨ ਵਾਲੇ ਸੰਪਾਦਕਾਂ, ਲੇਖਕਾਂ, ਪੱਤਰਕਾਰਾਂ ਤੇ ਐਂਕਰਾਂ ਦਾ ਗਰੁੱਪ ਬਣਾ ਕੇ ਉਨਾਂ ਨਾਲ ਕੰਮ ਕਰਨਾ ਚਾਹੀਦਾ ਹੈ।

ਮੰਤਰੀਆਂ ਦੇ ਸਮੂਹ ਦੀ ਇਸ ਰਿਪੋਰਟ ਵਿੱਚ ਬੇਹੱਦ ਚਿੰਤਾਜਨਕ ਗੱਲ ਇਹ ਹੈ ਕਿ ਮੋਦੀ ਸਰਕਾਰ, ਇਸ ਦੇ ਪੈਰੋਕਾਰ ਤੇ ਗੋਦੀ ਮੀਡੀਆ ਕੁਝ ਚੋਣਵੇਂ ਡਿਜ਼ੀਟਲ ਮੀਡੀਆ (ਦੀ ਵਾਇਰ ਤੇ ਸਕਰਾਲ ਆਦਿ) ਦਾ ਗਲ ਘੁੱਟਣ ਦੀ ਤਿਆਰੀ ਕਰ ਰਹੇ ਹਨ। ਇੱਕ ਸੁਝਾਅ ਇਹ ਵੀ ਆਇਆ ਕਿ ਗੂਗਲ ਵੱਲੋਂ ਦੀ ਪ੍ਰਿੰਟ, ਦੀ ਵਾਇਰ, ਸਕਰਾਲ ਤੇ ਦੀ ਹਿੰਦੂ ਆਦਿ ਦੇ ਕੰਟੈਂਟ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਇਨਾਂ ਆਨਲਾਈਨ ਪਲੇਟਫਾਰਮਾਂ ਨਾਲ ਕਿਵੇਂ ਨਜਿੱਠਣਾ ਹੈ, ਇਸ ਲਈ ਵੱਖਰੀ ਬਹਿਸ ਹੋਣੀ ਚਾਹੀਦੀ ਹੈ।

ਮੰਤਰੀ ਸਮੂਹ ਵੱਲੋਂ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੂੰ ਕਿਹਾ ਗਿਆ ਹੈ ਕਿ ਉਹ ਸਰਕਾਰ ਪੱਖੀ ਆਨਲਾਈਨ ਪੋਰਟਲਾਂ ਨੂੰ ਪ੍ਰਮੋਟ ਕਰੇ। ਹਾਲੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਕਿ ਮੰਤਰੀ ਸਮੂਹ ਵੱਲੋਂ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਦਿੱਤੇ ਗਏ ਨਿਰਦੇਸ਼ਾਂ ਨੂੰ ਲਾਗੂ ਕਰ ਦਿੱਤਾ ਗਿਆ ਹੈ ਜਾਂ ਨਹੀਂ ਪਰ ਇਹ ਸਪੱਸ਼ਟ ਹੈ ਕਿ ਦੱਖਣਪੰਥੀ ਮੀਡੀਆ ਵੈੱਬਸਾਈਟ 'ਆਪ ਇੰਡੀਆ' ਜੋ 'ਦੀ ਵਾਇਰ' ਤੇ 'ਦੀ ਪ੍ਰਿੰਟ' ਨੂੰ ਲਗਾਤਾਰ ਨਿਸ਼ਾਨਾ ਬਣਾ ਰਿਹਾ ਹੈ, ਨੂੰ ਸਰਕਾਰ ਬਹੁਤ ਤਰਜੀਹ ਦੇ ਰਹੀ ਹੈ। ਪਿਛਲੇ ਦਿਨੀਂ ਸਰਕਾਰ ਵੱਲੋਂ ਲਾਗੂ ਕੀਤੇ ਗਏ ਵਿਵਾਦਿਤ ਡਿਜੀਟਲ ਮੀਡੀਆ ਨਿਯਮਾਂ ਨੂੰ ਵੀ ਮੰਤਰੀ ਸਮੂਹ ਦੀ ਰਿਪੋਰਟ ਦੇ ਆਧਾਰ 'ਤੇ ਬਣਾਇਆ ਗਿਆ ਸੀ।

---

# ਭਾਰਤੀ ਸਿਆਸਤਦਾਨਾਂ ਦੀ ਲੋਕ ਵਿਰੋਧੀ ਸੋਚ

**ਪ੍ਰਭਜੋਤ ਕੌਰ ਢਿੱਲੋਂ**

ਸਿਆਣੇ ਸੱਚ ਕਹਿੰਦੇ ਹਨ ਕਿ ਮੂੰਹ ਵਿੱਚੋਂ ਬੋਲੇ ਲਫਜ਼ ਬਹੁਤ ਕੁਝ ਕਹਿ ਜਾਂਦੇ ਹਨ ਅਤੇ ਸੋਚ ਕਿਹੋ ਜਿਹੀ ਹੈ, ਉਸ ਦਾ ਵੀ ਪਤਾ ਚੱਲ ਜਾਂਦਾ ਹੈ। ਜਿਹੋ ਜਿਹੀ ਸੋਚ ਸਾਡੇ ਸਿਆਸਤਦਾਨਾਂ ਦੀ ਸਾਡੇ ਬਾਰੇ ਹੈ, ਉਹ ਤਕਰੀਬਨ ਆਪਣਾ ਸਿਰ ਵਰਤਣ ਵਾਲਿਆਂ ਨੂੰ ਪਤਾ ਹੈ। ਖੈਰ, ਕਿਸਾਨ ਅੰਦੋਲਨ ਤੋਂ ਬਣੇ ਜਨ ਅੰਦੋਲਨ ਬਾਰੇ ਜਿਸ ਤਰਾਂ ਦੀ ਸੋਚ ਸਰਕਾਰ ਦੀ ਹੈ, ਉਹ ਕੋਈ ਵਧੀਆ ਸੁਨੇਹਾ ਨਹੀਂ ਹੈ। ਇਵੇਂ ਸਰਕਾਰ ਕਰ ਰਹੀ ਹੈ ਜਿਵੇਂ ਉਹ ਆਪਣੇ ਘਰਾਂ ਤੋਂ ਹੀ ਇਹ ਮੰਤਰੀਆਂ ਦੀਆਂ ਕੁਰਸੀਆਂ ਲੈ ਕੇ ਆਏ ਹਨ। ਵੋਟਰ ਵੋਟ ਪਾਉਂਦੇ ਹਨ ਤਾਂ ਹੀ ਸਰਕਾਰਾਂ ਦਾ ਹਿੱਸਾ ਬਣਨ ਦਾ ਮੌਕਾ ਮਿਲਦਾ ਹੈ। ਵੋਟ ਅਤੇ ਵੋਟਰ ਵਧੇਰੇ ਮਾਇਨੇ ਰੱਖਦਾ ਹੈ। ਪਰ ਕਿਤੇ ਨਾ ਕਿਤੇ ਸਾਡੀਆਂ ਗਲਤੀਆਂ ਅਤੇ ਕਮਜ਼ੋਰੀਆਂ ਸਾਨੂੰ ਗਰੀਬੜੇ ਦਰਸਾ ਦਿੰਦੀਆਂ ਹਨ।

ਪਿਛਲੇ ਦਿਨੀਂ ਇਕ ਮੰਤਰੀ ਦਾ ਬਿਆਨ ਕਿ ਭੀੜ ਇਕੱਠੀ ਕਰਕੇ ਕਾਨੂੰਨ ਰੱਦ ਨਹੀਂ ਕਰਵਾਏ ਜਾ ਸਕਦੇ - ਬਹੁਤ ਕੁਝ ਕਹਿ ਗਿਆ, ਬਹੁਤ ਕੁਝ ਸਮਝਾ ਗਿਆ ਅਤੇ ਬਹੁਤ ਕੁਝ ਸੋਚਣ ਲਈ ਮਜਬੂਰ ਕਰ ਗਿਆ। ਇਹੋ ਜਿਹੇ ਬਿਆਨਾਂ ਤੋਂ ਸਾਡੇ ਚੁਣੇ ਹੋਏ ਨੇਤਾਵਾਂ ਦੀ ਸਾਡੇ ਬਾਰੇ ਸੋਚ ਕਿਹੋ ਜਿਹੀ ਹੈ, ਦਾ ਪਤਾ ਲੱਗਦਾ ਹੈ। ਇਨਾਂ ਅੰਦਰ ਲੋਕਾਂ ਪ੍ਰਤੀ ਕਿੰਨਾ ਕੁ ਪਿਆਰ ਅਤੇ ਫਿਕਰ ਹੈ ਉਸਦਾ ਪਰਦਾ ਚੁੱਕਿਆ ਜਾਂਦਾ ਹੈ। ਖੇਤੀ ਮੰਤਰੀ ਸਾਹਿਬ ਦੇ ਬਿਆਨ ਨੇ ਜਿੱਥੇ ਤਕਲੀਫ਼ ਦਿੱਤੀ, ਉੱਥੇ ਅਫਸੋਸ ਵੀ ਬਹੁਤ ਹੋਇਆ ਕਿ ਅਸੀਂ ਇਹੋ ਜਿਹੇ ਉਮੀਦਵਾਰਾਂ ਨੂੰ ਆਪਣੀ ਕੀਮਤੀ ਵੋਟ ਦਿੰਦੇ ਹਾਂ। ਹਕੀਕਤ ਇਹ ਹੈ ਕਿ ਜੇਕਰ ਸਿਆਸਤਦਾਨਾਂ ਵਿੱਚ ਦੇਸ਼ ਅਤੇ ਲੋਕਾਂ ਪ੍ਰਤੀ ਕੁਝ ਚੰਗੀ ਸੋਚ ਹੁੰਦੀ ਜਾਂ ਹੋਵੇ ਤਾਂ ਦੇਸ਼ ਅਤੇ ਲੋਕਾਂ ਦਾ ਇਹ ਹਾਲ ਨਾ ਹੁੰਦਾ। ਭੀੜ ਕਹਿਣ ਤੋਂ ਪਹਿਲਾਂ ਇੱਕ ਵਾਰ ਹੀ ਸੋਚਿਆ ਹੁੰਦਾ ਕਿ ਇਹ ਉਹ ਲੋਕ ਹਨ ਜਿਨਾਂ ਨੇ ਵੋਟਾਂ ਪਾ ਕੇ ਸਾਨੂੰ ਸਰਕਾਰਾਂ ਵਿੱਚ ਬੈਠਣ ਦਾ ਮੌਕਾ ਦਿੱਤਾ ਹੈ ਤਾਂ ਅਜਿਹੇ ਲਫਜ਼ ਜ਼ੁਬਾਨ 'ਤੇ ਆਉਣੇ ਹੀ ਨਹੀਂ ਸਨ।

ਮੈਂ ਇੱਕ ਕਹਾਵਤ ਰਾਹੀਂ ਦੱਸਣਾ ਚਾਹਾਂਗੀ ਕਿ ਕਿਵੇਂ ਮਤਲਬ ਅਤੇ ਅਰਥ ਬਦਲਦੇ ਹਨ। ਇਹ ਤਾਂ ਇਵੇਂ ਹੋਇਆ, 'ਸਾਡਾ ਕੁੱਤਾ ਟੌਮੀ, ਤੁਹਾਡਾ ਕੁੱਤਾ, ਕੁੱਤਾ।' ਜਦੋਂ ਚੋਣਾਂ ਵੇਲੇ ਲੋਕਾਂ ਦਾ ਭਾਰੀ ਇਕੱਠ ਹੋਵੇ ਤਾਂ ਭਰਵੀਂ ਹਾਜ਼ਰੀ ਅਤੇ ਜਿੱਤ ਦੇ ਕਿਆਸੇ। ਅੱਜ ਲੋਕ ਆਪਣੀ ਗੱਲ ਕਹਿਣ ਲਈ ਇਕੱਠੇ ਹੋਏ ਤਾਂ ਭੀੜ। ਪਰ ਯਾਦ ਰੱਖੋ ਅਤੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਹ ਭੀੜਾਂ ਇਕੱਠੀਆਂ ਕਰਨ ਲਈ ਸਿਆਸਤਦਾਨਾਂ ਦਾ ਪੂਰਾ ਜ਼ੋਰ ਲੱਗਿਆ ਹੁੰਦਾ ਹੈ। ਪਰ ਇਹ ਇਕੱਠ ਆਪ ਮੁਹਾਰੇ ਬਣਿਆ ਹੈ। ਮੁਆਫ਼ ਕਰਨਾ ਅਸੀਂ ਭੀੜਾਂ ਹਾਂ, ਜਾਂ ਨਹੀਂ, ਪਰ ਅਸੀਂ ਵੋਟਰ ਜ਼ਰੂਰ ਹਾਂ। ਵੋਟਰ ਵੱਡੀਆਂ ਕੁਰਸੀਆਂ 'ਤੇ ਬਿਠਾਉਂਦਾ ਵੀ ਹੈ ਅਤੇ ਕੁਰਸੀ ਤੋਂ ਉਤਾਰਦਾ ਵੀ ਹੈ। ਖੈਰ, ਇਹੋ ਜਿਹੇ ਸ਼ਬਦਾਂ ਜਾਂ ਬਿਆਨਾਂ ਤੋਂ ਲੋਕ ਕੀ ਹਨ ਦੀ ਗੱਲ ਨਹੀਂ, ਬੋਲਣ ਵਾਲੇ ਦੀ ਸੋਚ ਅਤੇ ਸਮਝ ਦਾ ਪਤਾ ਲੱਗਦਾ ਹੈ। ਇਸਦੇ ਨਾਲ ਹੀ ਬਿਹਤਰ ਹੋਏਗਾ ਜੇਕਰ ਅਸੀਂ ਆਪਣੀ ਗਲਤੀ ਮੰਨ ਲਈਏ ਕਿਉਂਕਿ ਚੁਣਿਆ ਇਨਾਂ ਨੂੰ ਅਸੀਂ ਹੀ ਹੈ।

**ਵਿਸ਼ੇਸ਼ ਟਿੱਪਣੀ**

ਚੋਣਾਂ ਵੇਲੇ ਵੱਡੇ ਇਕੱਠ ਸਿਆਸਤਦਾਨਾਂ ਨੂੰ ਭੀੜ ਨਹੀਂ ਲੱਗਦੇ, ਉਦੋਂ ਜਿਹੜੇ ਹੱਥਕੰਡੇ ਵਰਤ ਕੇ ਅਤੇ ਹੀਲੇ ਵਸੀਲੇ ਵਰਤ ਕੇ ਲੋਕਾਂ ਨੂੰ ਇਕੱਠਾ ਕੀਤਾ ਜਾਂਦਾ ਹੈ, ਉਦੋਂ ਵੀ ਅੰਦਰਖਾਤੇ ਲੋਕਾਂ ਲਈ ਇਹ ਅਜਿਹਾ ਹੀ ਸੋਚਦੇ ਹੋਣਗੇ। ਭੀੜਾਂ ਬਹੁਤ ਕੁਝ ਸੰਵਾਰ ਵੀ ਦਿੰਦੀਆਂ ਹਨ, ਦੇਖਣਾ ਇਹ ਹੁੰਦਾ ਹੈ ਕਿ ਉਨਾਂ ਦੀ ਅਗਵਾਈ ਕੌਣ ਕਰ ਰਿਹਾ ਹੈ ਅਤੇ ਲੋਕਾਂ ਦੀ ਸੋਚ ਕਿਹੋ ਜਿਹੀ ਹੈ। ਜਿਸ ਨੂੰ




ਮੰਤਰੀ ਸਾਹਿਬ ਨੇ ਭੀੜ ਕਿਹਾ ਹੈ, ਉਹ ਦੇਸ਼ ਦੇ ਅੰਨਦਾਤੇ ਹਨ। ਉਨਾਂ ਦੀ ਅਗਵਾਈ ਕਿਸਾਨ ਆਗੂ ਕਰ ਰਹੇ ਹਨ। ਉੱਥੇ ਪਹੁੰਚ ਰਹੇ ਲੋਕ ਆਪਣੀ ਹੋਂਦ ਨੂੰ ਬਚਾਉਣ ਅਤੇ ਰੋਟੀ ਲੋਕਾਂ ਦੀ ਥਾਲੀ ਵਿੱਚੋਂ ਗਾਇਬ ਨਾ ਹੋਵੇ, ਦੀ ਲੜਾਈ ਲੜ ਰਹੇ ਹਨ। ਹਾਂ, ਇਹ ਭੀੜ ਇਸ ਕਰਕੇ ਲੱਗ ਰਹੀ ਹੈ ਕਿਉਂਕਿ ਇਹ ਸਰਕਾਰ ਦੇ ਲਏ ਫੈਸਲੇ ਨੂੰ ਮੰਨਣ ਲਈ ਤਿਆਰ ਨਹੀਂ ਹਨ। ਮਤਲਬ, ਕਿਸਾਨਾਂ ਲਈ ਬਣਾਏ ਤਿੰਨ ਕਾਨੂੰਨਾਂ ਨੂੰ ਮੰਨਣ ਲਈ ਤਿਆਰ ਨਹੀਂ ਹਨ। ਹਕੀਕਤ ਇਹ ਹੈ ਕਿ ਆਵਾਜ਼ ਚੁੱਕੀ ਹੈ ਸਰਕਾਰ ਦੇ ਖਿਲਾਫ਼, ਇਸ ਕਰਕੇ ਇਹ ਭੀੜ ਲੱਗ ਰਹੀ ਹੈ।

ਜਦੋਂ ਸਰਕਾਰ ਲੋਕਾਂ ਦੀ ਆਵਾਜ਼ ਨੂੰ ਸੁਣੇ ਹੀ ਨਾ, ਵੋਟਰਾਂ ਨੂੰ ਕੀੜੇ ਮਕੌੜੇ ਸਮਝਣ ਲੱਗ ਜਾਏ ਅਤੇ ਭੀੜ ਮੰਨਣ ਲੱਗ ਜਾਏ ਤਾਂ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਰਕਾਰ ਗੰਭੀਰ ਨਹੀਂ ਹੈ। ਅਸੀਂ ਭੀੜਾਂ ਦੇ ਵਿੱਚ ਆਉਂਦੇ ਹਾਂ ਕਿਉਂਕਿ ਸਿਆਸਤਦਾਨਾਂ ਨੇ ਸਾਨੂੰ ਆਪਣੀ ਮਰਜ਼ੀ ਨਾਲ ਵਰਤਿਆ ਹੈ। ਸਿਆਸਤਦਾਨਾਂ ਦੀ ਸੋਚ ਸਾਡੇ ਬਾਰੇ ਇਹ ਹੀ ਬਣ ਗਈ ਹੈ। ਪਰ ਕਿਸਾਨ ਅੰਦੋਲਨ ਭੀੜ ਨਹੀਂ ਹੈ, ਇਹ ਹੁਣ ਕਿਸਾਨ ਅੰਦੋਲਨ ਤੋਂ ਜਨ ਅੰਦੋਲਨ ਬਣ ਚੁੱਕਿਆ ਹੈ। ਇਸ ਵਿੱਚ ਬੁੱਧੀਜੀਵੀ ਹਨ, ਸੁਪਰੀਮ ਕੋਰਟ ਦੇ ਵਕੀਲਾਂ ਹਨ, ਹਾਈਕੋਰਟ ਦੇ ਵਕੀਲ ਹਨ, ਡਾਕਟਰ ਹਨ, ਇੰਜੀਨੀਅਰ ਹਨ, ਰਿਟਾਇਰਡ ਆਈ ਏ ਐੱਸ ਅਫਸਰ ਹਨ, ਵਪਾਰੀ ਵਰਗ ਹੈ, ਮਜ਼ਦੂਰ ਹਨ, ਅਧਿਆਪਕ ਹਨ, ਗੱਲ ਕੀ ਸਮਾਜ ਦਾ ਵੱਡਾ ਹਿੱਸਾ ਇਸ ਅੰਦੋਲਨ ਵਿੱਚ ਸ਼ਾਮਿਲ ਹੈ। ਖੈਰ, ਬਹੁਤ ਸਾਰੇ ਨਾਮ ਇਸ ਤੋਂ ਪਹਿਲਾਂ ਵੀ ਦਿੱਤੇ ਹਨ। ਇਹ ਵੀ ਨਵਾਂ ਨਾਮ ਉਸ ਲਿਸਟ ਵਿੱਚ ਜੁੜ ਗਿਆ। ਪਰ ਸਾਨੂੰ ਸਮਝਣਾ ਚਾਹੀਦਾ ਹੈ ਕਿ ਅਸੀਂ ਚੋਣਾਂ ਵੇਲੇ ਆਪਣੀ ਕਦਰ ਕਿਵੇਂ ਕਾਇਮ ਕਰਨੀ ਹੈ। ਜਿਹੜੇ ਵੋਟਾਂ ਖਰੀਦਣ ਲਈ ਆਉਂਦੇ ਹਨ, ਉਨਾਂ ਨੂੰ ਅਸੀਂ ਹੀ ਆਪਣੀ ਵੋਟ ਦੀ ਕੀਮਤ ਲਗਾਉਣ ਤੋਂ ਰੋਕ ਸਕਦੇ ਹਾਂ। ਜੇਕਰ ਚੋਣਾਂ ਵੇਲੇ ਮੁੜ-ਮੁੜ ਉਹੀ ਗਲਤੀਆਂ ਕਰਦੇ ਰਹੇ ਤਾਂ ਸਿਆਸਤਦਾਨਾਂ ਨੂੰ ਅਸੀਂ ਭੀੜਾਂ ਹੀ ਲੱਗਾਂਗੇ, ਜਦੋਂ ਉਹ ਸਾਡੀਆਂ ਵੋਟਾਂ ਨਾਲ ਜਿੱਤ ਗਏ। ਚਲੋ ਸਰਕਾਰ ਨੂੰ ਇਹ ਤਾਂ ਵਿਖਾਈ ਦਿੱਤਾ ਕਿ ਬਹੁਤ ਸਾਰੇ ਲੋਕ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਹਨ। ਸ਼ਬਦਾਂ ਦੀ ਚੋਣ ਤਾਂ ਬੰਦਾ ਸੋਚ ਮੁਤਾਬਿਕ ਹੀ ਕਰਦਾ ਹੈ। ਵੋਟਾਂ ਵੇਲੇ ਅਸੀਂ ਰੈਲੀਆਂ ਵਿੱਚ ਠਾਠਾਂ ਮਾਰਦਾ ਇਕੱਠ ਹੁੰਦੇ ਹਾਂ ਅਤੇ ਜਦੋਂ ਆਪਣੇ ਹੱਕ ਦੀ ਗੱਲ ਕਰਦੇ ਹਾਂ ਤਾਂ ਭੀੜ।

# ਡਿਜੀਟਲ ਭਾਰਤ ਦੇ ਰੇਸ਼ਮੀ ਗੁਲਾਮ ਬੰਧੂਆ ਮਜ਼ਦੂਰ ਕਰਜ਼ਾ ਅਦਾ ਕਰਨ ਲਈ ਮਜਬੂਰ

**ਸਰਬਜੀਤ ਕੌਰ ਸਰਬ**

ਰੇਸ਼ਮੀ ਉਦਯੋਗ ਵਿੱਚ ਕੰਮ ਕਰਨ ਵਾਲੇ ਬਹੁਤੇ ਲੋਕ ਬੰਧੂਆ ਮਜ਼ਦੂਰ ਜਾਂ ਕਰਜ਼ੇ ਹੇਠ ਦੱਬੇ ਹੋਏ ਹਨ। ਦੱਖਣ-ਪੱਛਮ ਭਾਰਤ ਵਿੱਚ ਸਥਿਤ ਕਰਨਾਟਕ ਰਾਜ, ਜਿਸ ਨੂੰ ਰੇਸ਼ਮ ਉਦਯੋਗ ਲਈ ਜਾਣਿਆ ਜਾਂਦਾ ਹੈ। ਰੇਸ਼ਮ ਦਾ ਉਦਯੋਗ ਇੱਥੇ ਭਰਪੂਰ ਹੈ, ਰੇਸ਼ਮ ਦੇ ਕੀੜਿਆਂ ਅਤੇ ਸਦੀਆਂ ਪੁਰਾਣੇ ਟੈਕਸਟਾਈਲ ਦੇ ਉਦਯੋਗ ਨੂੰ ਭਰਪੂਰ ਕਰਨ ਦੇ ਲਈ ਵੱਡੀ ਮਾਤਰਾ ਵਿਚ ਦਰੱਖਤ ਵਧਾਏ ਜਾਂਦੇ ਹਨ, ਪਰ ਜਦੋਂ ਰੇਸ਼ਮ ਦੇ ਕੀੜੇ ਇੱਥੇ ਖੁਸ਼ਹਾਲ ਹੁੰਦੇ ਹਨ ਉਸ ਸਮੇਂ ਉਦਯੋਗ ਵਿਚ ਸ਼ਾਮਲ ਬਹੁਤ ਸਾਰੇ ਕਿਰਤੀ ਖੁਸ਼ ਨਹੀਂ ਹੁੰਦੇ ਕਿਉਂਕਿ ਇਹ ਉਹ ਕਿਰਤੀ ਹਨ ਜੋ ਬੰਧੂਆ ਮਜ਼ਦੂਰੀ ਹੇਠ ਕੰਮ ਕਰਦੇ ਹਨ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਬੰਧੂਆ ਮਜ਼ਦੂਰੀ ਕੀ ਹੁੰਦੀ ਏ? ਇਹ ਉਸ ਕਰਜ਼ੇ ਦੀ ਗੁਲਾਮੀ ਹੈ ਜੋ ਜ਼ਿੰਮੇਵਾਰੀ ਲਈ ਮੁੜ ਭੁਗਤਾਨ ਦੀ ਸੁਰੱਖਿਆ ਵਜੋਂ ਇਕ ਵਿਅਕਤੀ ਦੀਆਂ ਸੇਵਾਵਾਂ ਦਾ ਇਕਰਾਰਨਾਮਾ ਹੈ। ਜਿੱਥੇ ਮੁੜ ਅਦਾਇਗੀ ਦੀਆਂ ਸ਼ਰਤਾਂ ਸਪੱਸ਼ਟ ਤੌਰ 'ਤੇ ਬਿਆਨ ਨਹੀਂ ਕੀਤੀਆਂ ਜਾਂਦੀਆਂ ਅਤੇ ਜੋ ਵਿਅਕਤੀ ਕਰਜ਼ਾ ਦਿੰਦਾ ਹੈ ਉਸ ਦਾ ਮਜ਼ਦੂਰ ਉੱਤੇ ਕੁਝ ਨਿਯੰਤਰਨ ਹੋ ਜਾਂਦਾ ਹੈ। ਕਰਜ਼ੇ ਦੀ ਮੁੜ ਅਦਾਇਗੀ ਆਜ਼ਾਦੀ ਦੀ ਸ਼ਰਤ ਮੰਨੀ ਜਾਂਦੀ ਹੈ। ਜੇਕਰ ਕਰਜ਼ੇ ਦੀ ਵਾਪਸੀ ਨਾ ਹੋਵੇ ਤਾਂ ਇਹ ਬੰਧੂਆ ਮਜ਼ਦੂਰੀ ਪੀੜੀ ਦਰ ਪੀੜੀ ਚੱਲਦੀ ਰਹਿੰਦੀ ਹੈ। ਭਾਰਤ ਵਿੱਚ ਰੇਸ਼ਮੀ ਉਦਯੋਗ ਵਿੱਚ ਲੱਗੇ ਕਰਮਚਾਰੀ ਨੂੰ ਇਕ ਦਿਨ ਵਿਚ 3 ਡਾਲਰ ਤਨਖਾਹ ਦਿੱਤੀ ਜਾਂਦੀ ਹੈ। ਜਦਕਿ ਵਿਸ਼ਵ ਪੱਧਰ 'ਤੇ ਇਸ ਦਾ ਕਾਰੋਬਾਰ 14 ਅਰਬ ਡਾਲਰ ਤੋਂ ਵੱਧ ਦਾ ਅਨੁਮਾਨ ਹੈ।

ਇਸ ਉਦਯੋਗ ਵਿੱਚ ਕੰਮ ਕਰਨ ਵਾਲੇ ਲੋਕਾਂ ਦਾ ਬਹੁਤਾ ਹਿੱਸਾ ਬੰਧੂਆ ਮਜ਼ਦੂਰੀ ਵਿਚ ਫਸਿਆ ਹੋਇਆ ਹੈ, ਜੋ ਅਜੋਕੇ ਸਮੇਂ ਦੀ ਗੁਲਾਮੀ ਦਾ ਰੂਪ ਹੈ। ਜਿਸ ਵਿਚ ਲੋਕ ਕਰਜ਼ੇ ਦੀ ਅਦਾਇਗੀ ਲਈ ਅਕਸਰ ਭਿਆਨਕ ਹਾਲਤ ਵਿਚ ਕੰਮ ਕਰਦੇ ਨਜ਼ਰ ਆਉਂਦੇ ਹਨ। ਬੰਧੂਆ ਮਜ਼ਦੂਰੀ ਨੂੰ 1976 ਵਿੱਚ ਭਾਰਤ ਵਿੱਚ ਗੈਰ ਕਾਨੂੰਨੀ ਬਣਾਇਆ ਗਿਆ ਸੀ, ਗੈਰ ਕਾਨੂੰਨੀ ਦਾ ਨਾਮ ਤਾਂ ਦੇ ਦਿੱਤਾ ਪਰ ਇਹ ਕਦੇ ਨਹੀਂ ਚੱਲੀ ਸਗੋਂ ਸਮੇਂ ਦੇ ਨਾਲ ਬੰਧੂਆ ਮਜ਼ਦੂਰੀ ਵਿੱਚ ਵਾਧਾ ਹੁੰਦਾ ਗਿਆ। ਇਕ ਅਨੁਮਾਨ ਅਨੁਸਾਰ 20 18 ਦੀ ਰਿਪੋਰਟ ਵਿਚ ਇਹ ਕਿਆਸ ਲਗਾਇਆ ਗਿਆ ਹੈ ਕਿ ਭਾਰਤ ਵਿੱਚ ਲਗਭਗ 8 ਮਿਲੀਅਨ ਲੋਕ ਬਿਨਾਂ ਤਨਖ਼ਾਹ ਵਾਲੇ ਕਾਮੇ ਸਨ ਜਾਂ ਫਿਰ ਉਹ ਕਾਮੇ ਸਨ ਜੋ ਕਰਜ਼ੇ ਹੇਠ ਦੱਬੇ ਹੋਏ ਸੀ, ਜੋ ਇਸ ਉਦਯੋਗ ਵਿੱਚ ਕੰਮ ਕਰਦੇ ਸਨ, ਹਾਲਾਂਕਿ ਕੁਝ ਪ੍ਰਚਾਰਕ ਮੰਨਦੇ ਹਨ ਕਿ ਅਸਲ ਅੰਕੜਾ ਇਸ ਤੋਂ ਵੀ ਜ਼ਿਆਦਾ ਹੈ। ਦਰਅਸਲ ਕਿੰਨੇ ਕੁ ਰੇਸ਼ਮ ਉਦਯੋਗ ਬੰਧੂਆ ਮਜ਼ਦੂਰੀ ਵਿਚ ਸ਼ਾਮਲ ਹਨ ਇਹ ਪੱਖ ਅਜੇ ਅਣਜਾਣ ਹੈ।



ਸੀ.ਐਨ.ਐਨ ਦੀ ਰਿਪੋਰਟ ਅਨੁਸਾਰ, ਜਨਵਰੀ 2020 ਵਿਚ, ਸੀ.ਐਨ.ਐਨ ਸੁਤੰਤਰਤਾ ਪ੍ਰਜੈਕਟ ਦੀ ਟੀਮ ਸਿਡਲਾਘੱਟਾ ਗਈ ਜੋ ਬੰਗਲੌਰ, ਕਰਨਾਟਕ ਦੇ ਉੱਤਰ-ਪੂਰਬ ਵਿਚ ਲਗਭਗ 65 ਕਿਲੋਮੀਟਰ ਉੱਤਰ-ਪੂਰਬ ਵਿਚ ਸਥਿਤ ਹੈ। ਇਸ ਜਗਾ 'ਤੇ ਇਕ ਰੇਸ਼ਮ ਦਾ ਉਦਯੋਗਿਕ ਕੇਂਦਰ ਹੈ ਜਿਸ ਵਿਚ ਹਾਦੀਆ ਅਤੇ ਨਸੀਬਾ ਬੰਧੂਆ ਮਜ਼ਦੂਰੀ ਕਰਦੀਆਂ ਸਨ। ਸਿਡਲਾਘੱਟਾ ਵਿੱਚ ਇਹ ਟੀਮ ਇਨਾਂ ਨੂੰ ਹੀ ਮਿਲਣ ਗਈ, ਇਸ ਮਾਂ ਅਤੇ ਧੀ ਨੂੰ ਉਨਾਂ ਦਾ 'ਮਾਸਟਰ' 11 ਘੰਟੇ ਕੰਮ ਕਰਨ ਦੇ ਬਦਲੇ ਕੇਵਲ ਦੋ ਸੌ ਰੁਪਏ (2.75 ਡਾਲਰ ) ਦਿੰਦਾ ਸੀ, ਜਿਸਦੇ ਲਈ ਉਨਾਂ ਨੇ 100000 ਰੁਪਏ (ਲਗਭਗ 1,370 ਡਾਲਰ) ਦਾ ਕਰਜ਼ਾ ਚੁਕਾਉਣ ਸੀ ਅਤੇ ਹੁਣ ਇਹ ਕਰਜ਼ਾ ਅੱਗੇ ਤੋਂ ਅੱਗੇ ਦੁੱਗਣਾ ਹੋ ਰਿਹਾ ਸੀ। ਨਸੀਬਾ ਰੇਸ਼ਮ ਦੀ ਫੈਕਟਰੀ ਵਿਚ ਪਿਛਲੇ 3 ਸਾਲਾਂ ਤੋਂ ਕੰਮ ਕਰ ਰਹੀ ਸੀ ਤੇ ਉਸ ਦੀ ਮਾਂ 9 ਸਾਲਾਂ ਤੋਂ ਉਸ ਉਦਯੋਗ ਵਿੱਚ ਕੰਮ ਕਰ ਰਹੀ ਸੀ ਜਿਸ ਵਿੱਚ ਉਸ ਦਾ ਕੰਮ ਸੀ ਰੇਸ਼ਮ ਉਬਾਲ ਕੇ ਰੇਸ਼ਮ ਕੀੜੇ ਦੇ ਕੋਕੇਨ ਅਤੇ ਧਾਗਿਆਂ ਨੂੰ ਹਟਾਉਣਾ ਜਿਨਾਂ ਵਿਚੋਂ ਰੇਸ਼ਮ ਬਣਾਇਆ ਜਾਂਦਾ ਹੈ। ਉਸ ਨੇ ਕਿਹਾ ਕਿ ਜਿਸ ਸਮੇਂ ਰੇਸ਼ਮ ਨੂੰ ਉਬਾਲਿਆ ਜਾਂਦਾ ਹੈ ਉਸ ਵਕਤ ਉਸ ਦੀ ਭਾਫ ਏਨੀ ਜ਼ਿਆਦਾ ਖ਼ਤਰਨਾਕ ਹੁੰਦੀ ਹੈ ਕਿ ਜੇਕਰ ਭਾਫ਼ ਹੱਥ ਦੇ ਉੱਤੇ ਲੱਗ ਜਾਵੇ ਤਾਂ ਹੱਥਾਂ ਵਿੱਚੋਂ ਖੂਨ ਵਗ ਪੈਂਦਾ ਹੈ।

ਸੀ ਐਨ ਐਨ ਸੁਤੰਤਰਤਾ ਪ੍ਰੋਜੈਕਟ ਤੋਂ ਆਧੁਨਿਕ ਸਮੇਂ ਦੀ ਗੁਲਾਮੀ ਬਾਰੇ ਜੋ ਹੋਰ ਜਾਣਕਾਰੀ ਮਿਲੀ ਉਸ ਵਿੱਚ ਕਿਹਾ ਗਿਆ ਕਿ ਨਸੀਬਾ ਦੀਆਂ ਗੱਲਾਂ ਤੋਂ ਪਤਾ ਚੱਲਦਾ ਹੈ ਕਿ ਇਨਾਂ ਔਰਤਾਂ ਦੀ ਗੁਲਾਮੀ ਇਸ ਕਦਰ ਸੀ ਕਿ ਜੇਕਰ ਇਹ ਕਰਜ਼ਾ ਵਾਪਸ ਨਹੀਂ ਦਿੰਦੀਆਂ ਤਾਂ ਜੋ ਵੀ ਇਨਾਂ ਔਰਤਾਂ ਨੂੰ ਕਰਨ ਲਈ ਕਿਹਾ ਜਾਵੇ ਉਨਾਂ ਨੂੰ ਕਰਨਾ ਹੀ ਪੈਣਾ ਹੈ। ਨਸੀਬਾ ਨੇ ਆਖਿਆ ਕਿ ਮੈਂ ਮਾਲਕ ਤੋਂ ਡਰਦੀ ਹਾਂ ਕਿਉਂਕਿ ਉਸ ਨੇ ਸਾਨੂੰ ਰਹਿਣ ਲਈ ਘਰ ਦਿੱਤਾ ਹੈ, ਅਸੀਂ ਆਪਣੀ ਜ਼ਿੰਦਗੀ ਨਹੀਂ ਜਿਊਂਦੀਆਂ ਕਿਉਂਕਿ ਸਾਨੂੰ ਨਹੀਂ ਪਤਾ, ਕਿੱਥੇ ਜਾਣਾ ਚਾਹੀਦਾ ਹੈ, ਅਸੀਂ ਕਿਤੇ ਨਹੀਂ ਜਾ ਸਕਦੀਆਂ। ਜਿਸ ਸਮੇਂ ਸੁਤੰਤਰਤਾ ਪ੍ਰੋਜੈਕਟ ਦੀ ਟੀਮ ਇਨਾਂ ਦਾ ਇੰਟਰਵਿਊ ਕਰ ਰਹੀ ਸੀ ਉਸ ਸਮੇਂ ਹਾਦੀਆ ਅਤੇ ਨਸੀਬਾ ਨੇ ਆਪਣੇ ਚਿਹਰੇ ਕੈਮਰੇ ਸਾਹਮਣੇ ਲੁਕਾਏ ਹੋਏ ਸਨ ਕਿਉਂਕਿ ਸੀ ਐਨ ਐਨ ਦੁਆਰਾ ਉਨਾਂ ਦੇ ਮਸਲੇ ਦਾ ਹੱਲ ਹੋਣ ਤੋਂ ਬਾਅਦ ਅਤੇ ਸਰਟੀਫਿਕੇਟ ਮਿਲਣ ਤੋਂ ਬਾਅਦ ਹੀ ਉਨਾਂ ਦੀ ਪਛਾਣ ਕਰਨ ਲਈ ਸਹਿਮਤੀ ਦਿੱਤੀ ਸੀ।

ਭਾਰਤ ਵਿਚ, ਬੰਧੂਆ ਮਜ਼ਦੂਰ ਰਿਹਾਈ ਦੇ ਸਰਟੀਫਿਕੇਟ ਦੀ ਮੰਗ ਕਰਨ ਵਾਲੇ ਇਨਾਂ ਅਧਿਕਾਰੀਆਂ ਕੋਲ ਜਾ ਸਕਦੇ ਹਨ। ਜੇ ਜਾਂਚ ਵਿਚ ਉਨਾਂ ਦਾ ਕੇਸ ਸੱਚਾ ਪਾਇਆ ਜਾਂਦਾ ਹੈ, ਤਾਂ ਉਨਾਂ ਨੂੰ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ, ਜਿਸ ਨਾਲ ਸਾਬਤ ਹੁੰਦਾ ਹੈ ਕਿ ਉਨਾਂ ਦਾ ਕਰਜ਼ਾ ਰੱਦ ਹੋ ਗਿਆ ਹੈ ਅਤੇ ਉਨਾਂ ਨੂੰ ਸਰਕਾਰੀ ਸਹਾਇਤਾ ਦਾ ਹੱਕਦਾਰ ਬਣਾਇਆ ਗਿਆ ਹੈ। ਇਹ ਪ੍ਰਕਿਰਿਆ ਲੰਬੀ ਹੋ ਸਕਦੀ ਹੈ, ਕਈ ਵਾਰ ਕਈ ਸਾਲ ਲੱਗ ਜਾਂਦੇ ਹਨ ਅਤੇ ਬੰਧੂਆ ਮਜ਼ਦੂਰਾਂ ਨੂੰ ਸਮਾਜਿਕ ਦਬਾਓ ਅਤੇ ਧਮਕੀਆਂ ਦੇ ਦੌਰਾਨ ਵੀ ਅਧਿਕਾਰੀਆਂ ਕੋਲ ਜਾਣ ਦੀ ਜ਼ਰੂਰਤ ਪੈ ਸਕਦੀ ਹੈ ਪਰ ਇਸ ਦੇ ਬਾਵਜੂਦ ਵੀ ਇਕ ਬੰਧੂਆ ਮਜ਼ਦੂਰ ਇਸ ਗੁਲਾਮੀ ਤੋਂ ਆਜ਼ਾਦੀ ਪਾ ਸਕਦਾ ਹੈ। ਬੰਧੂਆ ਮਜ਼ਦੂਰੀ ਨੂੰ ਖ਼ਤਮ ਕਰਨ ਲਈ ਕੰਮ ਕਰਨ ਵਾਲੀ ਇਕ ਸੰਸਥਾ ਦੇ ਸੰਸਥਾਪਕ ਕਿਰਨ ਕਮਲ ਪ੍ਰਸਾਦ ਨੇ ਕਿਹਾ, 'ਬੰਧੂਆ ਮਜ਼ਦੂਰਾਂ (ਅਧਿਕਾਰੀਆਂ ਕੋਲ ਜਾਣਾ) ਨੂੰ ਯਕੀਨ ਦਿਵਾਉਣਾ ਬਹੁਤ ਮੁਸ਼ਕਲ ਹੈ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਉਹ ਮਾਲਕਾਂ ਜਾਂ ਮਕਾਨ ਮਾਲਕਾਂ ਵੱਲ ਵੇਖ ਰਹੇ ਹਨ ਜਿਨਾਂ ਨੇ ਉਨਾਂ ਦੀ ਜ਼ਰੂਰਤ ਦੀ ਘੜੀ ਵਿੱਚ ਉਨਾਂ ਦੀ ਸਹਾਇਤਾ ਕੀਤੀ ਹੈ।' 'ਅਕਸਰ ਉਹ ਅਧਿਕਾਰੀ (ਬੌਂਡਡ ਲੇਬਰ ਸਿਸਟਮ) ਐਕਟ ਲਾਗੂ ਨਹੀਂ ਕਰਦੇ,' ਉਸਨੇ ਅੱਗੇ ਕਿਹਾ। 'ਸਾਡੇ ਵੱਲੋਂ ਜ਼ਬਰਦਸਤ ਯਤਨ ਕਰਨ ਦੀ ਲੋੜ ਹੈ ਤਾਂ ਜੋ ਅਧਿਕਾਰੀ ਉਹ ਕਰਨ ਜੋ ਉਨਾਂ ਨੂੰ ਕਰਨਾ ਚਾਹੀਦਾ ਹੈ।'

ਜਬਰੀ ਮਜ਼ਦੂਰੀ ਤੋਂ ਬਾਅਦ ਜ਼ਿੰਦਗੀ

ਜੀਵਿਕਾ ਦੇ ਸਿਡਲਾਘੱਟਾ ਵਿੱਚ ਇੱਕ ਸੀਨੀਅਰ ਸਥਾਨਕ ਸਰਕਾਰੀ ਅਧਿਕਾਰੀ ਸ਼ਿਵ ਕੁਮਾਰ ਵਰਗੇ ਲੋਕਾਂ ਵਿੱਚ ਸਹਿਯੋਗੀ ਹਨ। ਜਿਨਾਂ ਨੇ ਦੱਸਿਆ ਕਿ 'ਮੈਂ ਇੱਕ ਬੰਧੂਆ ਮਜ਼ਦੂਰ ਦੇ ਪੁੱਤਰ ਵਜੋਂ ਵੱਡਾ ਹੋਇਆ,' ਉਸਨੇ ਸੀ ਐਨ ਐਨ ਨੂੰ ਦੱਸਿਆ। 'ਪਿੰਡ ਵਿਚ (ਬੰਧੂਆ ਮਜ਼ਦੂਰ) ਸੋਚਦੇ ਹਨ ਕਿ ਇਹ ਉਨਾਂ ਦੀ (ਕਿਸਮਤ) ਹੈ। ਪਰ ਜੇਕਰ ਕੋਈ ਮਾਲਕਾਂ ਦੀ ਸ਼ਿਕਾਇਤ ਲੈ ਕੇ ਅੱਗੇ ਆਉਂਦਾ ਹੈ ਤਾਂ ਉਨਾਂ ਦੇ ਖ਼ਿਲਾਫ਼ ਅਪਰਾਧਿਕ ਕੇਸ ਦਾਇਰ ਕੀਤੇ ਜਾਣਗੇ। ਉਨਾਂ ਕਿਹਾ, 'ਅਸੀਂ ਬੰਧੂਆ ਮਜ਼ਦੂਰਾਂ ਦੀ ਏਜੰਸੀ ਬਣਾਉਣਾ ਚਾਹੁੰਦੇ ਹਾਂ ਤਾਂ ਜੋ ਉਨਾਂ ਨੂੰ ਇਨਸਾਫ ਦਿਵਾਉਣ ਲਈ ਸਹਾਇਤਾ ਕੀਤੀ ਜਾ ਸਕੇ।' ਗੁਲਾਮੀ ਦੀ ਵਿਰਾਸਤ ਨੂੰ ਖ਼ਤਮ ਕਰਨ ਲਈ ਪਿੰਡਾਂ ਵਿੱਚ ਪ੍ਰੋਗਰਾਮ ਉਲੀਕੇ ਜਾਣ, ਜਿੱਥੇ ਸਾਬਕਾ ਗੁਲਾਮਾਂ ਦੀਆਂ ਕਮੇਟੀਆਂ ਨੂੰ ਇੱਕਤਰ ਕਰ ਕੇ ਸੁਨੇਹਾ ਦੇਣਾ ਚਾਹੀਦਾ ਹੈ ਕਿ ਉਹ ਆਪਣੀ ਬੱਚਤ ਨੂੰ ਇਕ ਸਮੂਹਿਕ ਫੰਡ ਵਿਚ ਰੱਖਣ ਤਾਂ ਜੋ ਉਸ ਫੰਡ ਦਾ ਪ੍ਰਯੋਗ ਉਸ ਲੋੜਵੰਦ ਇਨਸਾਨ ਦੀ ਮਦਦ ਲਈ ਕੀਤਾ ਜਾ ਸਕੇ ਜੋ ਅਜਿਹੇ ਕਰਜ਼ੇ ਦੀ ਮਾਰ ਹੇਠ ਦੱਬਿਆ ਹੋਇਆ ਹੈ। ਇਸੇ ਸੰਸਥਾ ਨੇ ਪਿਛਲੇ ਛੇ ਸਾਲਾਂ ਵਿਚ ਭਾਰਤ ਵਿਚ ਤਕਰੀਬਨ 7,000 ਬੰਧੂਆਂ ਮਜ਼ਦੂਰਾਂ ਨੂੰ ਆਜ਼ਾਦ ਕਰਾਉਣ ਵਿਚ ਸਹਾਇਤਾ ਕੀਤੀ ਹੈ ਅਤੇ ਪਿਛਲੇ ਸਾਲ ਇਸ ਨੇ ਹਾਦੀਆ ਅਤੇ ਨਸੀਬਾ ਦੀ ਮਦਦ ਵੀ ਕੀਤੀ। ਇਸ ਮਾਂ ਅਤੇ ਧੀ ਨੇ ਮਈ 2020 ਵਿਚ ਆਪਣੇ ਕਾਗਜ਼ ਜਮਾਂ ਕੀਤੇ ਸਨ। ਉਨਾਂ ਦੀ ਇਸ ਬੰਧੂਆ ਮਜ਼ਦੂਰੀ ਦੀ ਜਾਂਚ ਪੜਤਾਲ ਕਰ ਕੇ ਉਨਾਂ ਨੂੰ ਰਿਹਾਈ ਦੇ ਸਰਟੀਫਿਕੇਟ ਰਿਲੀਜ਼ ਕੀਤੇ ਤੇ ਹਾਦੀਆ ਅਤੇ ਨਸੀਬਾ ਨੇ ਇਸ ਰੇਸ਼ਮੀ ਗੁਲਾਮੀ ਤੋਂ ਨਿਜਾਤ ਪਾਈ। ਸਰਕਾਰੀ ਅਧਿਕਾਰੀਆਂ ਨੇ ਉਨਾਂ ਨੂੰ ਇਸ ਰੇਸ਼ਮ ਦੀ ਫੈਕਟਰੀ ਤੋਂ ਬਾਹਰ ਕੱਢਿਆ ਜਿਸ ਵਿਚ ਉਹ ਸਾਲਾਂ ਤੋਂ ਸਖ਼ਤ ਮਿਹਨਤ ਕਰ ਕੇ ਗੁਲਾਮੀ ਦਾ ਜੀਵਨ ਬਤੀਤ ਕਰ ਰਹੀਆਂ ਸਨ। ਆਖ਼ਰਕਾਰ ਸੀ ਐਨ ਐਨ ਨੇ ਆਪਣੇ ਵਾਅਦੇ ਅਨੁਸਾਰ ਉਨਾਂ ਨੂੰ ਸਰਟੀਫਿਕੇਟ ਜਾਰੀ ਹੋਣ ਉਪਰੰਤ ਦੁਨੀਆ ਸਾਹਮਣੇ ਉਨਾਂ ਦਾ ਚਿਹਰਾ ਲਿਆਂਦਾ।

ਅਜਿਹੀ ਜ਼ਿੰਦਗੀ ਜਿਊਣ ਵਾਲੇ ਲੋਕ ਇਸ ਧਰਤੀ ਉੱਤੇ ਇਕ ਗੁਲਾਮੀ ਦੀ ਜ਼ਿੰਦਗੀ ਬਤੀਤ ਕਰਦੇ ਹਨ ਜੋ ਕਿ ਉਨਾਂ ਦੇ ਮਾਲਕਾਂ ਦੁਆਰਾ ਉਨਾਂ ਨੂੰ ਬਖ਼ਸ਼ੀ ਹੁੰਦੀ ਹੈ। ਭਾਰਤ ਵਿਚ ਇਸ ਬੰਧੂਆ ਮਜ਼ਦੂਰੀ ਦਾ ਅਜੋਕੇ ਸਮੇਂ ਵਿੱਚ ਵੀ ਚੱਲਣਾ ਇਸ ਪੱਖ ਨੂੰ ਜ਼ਾਹਿਰ ਕਰਦਾ ਹੈ ਕਿ ਲੋਕ ਅਜੇ ਵੀ ਮਾਨਸਿਕਤਾ ਦੀ ਗੁਲਾਮੀ ਸਹਿਣ ਕਰ ਰਹੇ ਹਨ।

# ਲੋਕਤੰਤਰੀ ਦੇਸ਼ ਵਿਚ ਹੱਕਾਂ ਦੀ ਜੰਗ ਜਾਰੀ




**ਸਰਬਜੀਤ ਕੌਰ 'ਸਰਬ'**

ਲੋਕਤੰਤਰੀ ਦੇਸ਼ ਵਿੱਚ ਰਹਿੰਦੇ ਹੋਏ ਵੀ ਸਾਨੂੰ ਅਜਿਹੀਆਂ ਤਸਵੀਰਾਂ ਵੇਖਣ ਨੂੰ ਮਿਲਣਗੀਆਂ, ਇਹ ਕਦੇ ਵੀ ਸਾਡੀ ਸੋਚ ਦਾ ਭਾਗ ਨਹੀਂ ਸੀ, ਜਿਸ ਵਿੱਚ ਆਪਣਾ ਹੱਕ ਮੰਗਦਾ ਹੋਇਆ ਆਮ ਇਨਸਾਨ ਇਸ ਤਰਾਂ ਸੜਕਾਂ 'ਤੇ ਰੁਲੇਗਾ। ਇਸ ਤਰਾਂ ਦਾ ਕਦੇ ਅਸੀਂ ਆਪਣੇ ਇਤਿਹਾਸ ਵਿੱਚ ਵੀ ਨਹੀਂ ਪੜਿਆ ਸੀ, ਮੰਨਦੇ ਹਾਂ ਅੰਦੋਲਨ ਹੋਏ, ਵੱਡੇ ਮੋਰਚੇ ਵੀ ਲੱਗੇ, ਪਰ ਘਰੋਂ ਬਾਹਰ ਸਾਰਾ ਪਰਿਵਾਰ, ਸਾਰੀ ਕੌਮ ਇਸ ਤਰਾਂ ਸੜਕਾਂ 'ਤੇ ਬੈਠੇਗੀ, ਇਸ ਪੱਖੋਂ ਅਨਜਾਣ ਸੀ। ਕਿਹਾ ਜਾਂਦਾ ਹੈ ਕਿ ਸਮੇਂ ਦੇ ਹਾਲਾਤ ਹੀ ਇਤਿਹਾਸ ਬਣਦੇ ਹਨ, ਅਜੋਕੇ ਸਮੇਂ ਵਿੱਚ ਜੋ ਇਤਿਹਾਸ ਬਣ ਰਿਹਾ ਹੈ ਇਸ ਵਿਚ ਤਾਨਾਸ਼ਾਹੀ ਦੀ ਤਸਵੀਰ ਸਾਡੇ ਸਾਹਮਣੇ ਬਣ ਰਹੀ ਹੈ। ਜਿਸ ਵਿੱਚ ਆਮ ਲੋਕਾਂ ਨੂੰ ਇਕ ਦੂਜੇ ਪ੍ਰਤੀ ਸਿਆਸਤੀ ਢੰਗ ਰਾਹੀਂ ਭੜਕਾਇਆ ਜਾ ਰਿਹਾ ਹੈ, ਪਰ ਫਿਰ ਵੀ ਇਸ ਦੇ ਬਾਵਜੂਦ ਆਮ ਇਨਸਾਨ ਦਾ ਇਕੱਠ ਕਿਸਾਨੀ ਸੰਘਰਸ਼ ਨੂੰ ਸਿਖਰ ਉੱਤੇ ਲੈ ਕੇ ਜਾ ਰਿਹਾ ਹੈ। ਸਰਕਾਰੀ ਮੀਡੀਆ ਬੇਸ਼ੱਕ ਇਸ ਅੰਦੋਲਨ ਨੂੰ ਠੰਢਾ ਦੱਸ ਰਿਹਾ ਹੈ, ਪਰ ਅਸਲੀਅਤ ਇਸ ਤੋਂ ਉਲਟ ਹੈ। ਦਿਨ ਪ੍ਰਤੀ ਦਿਨ ਕਿਸਾਨੀ ਮੋਰਚੇ ਦੇ ਆਗੂ ਇਸ ਅੰਦੋਲਨ ਨੂੰ ਚੜਦੀ ਕਲਾ ਵਿੱਚ ਰੱਖ ਰਹੇ ਹਨ। ਨੌਜਵਾਨਾਂ ਦਾ ਸਾਥ ਇਸ ਮੋਰਚੇ ਨੂੰ ਫਤਿਹ ਕਰਨ ਵਿੱਚ ਦਿਨ ਰਾਤ ਇੱਕ ਕਰ ਰਿਹਾ ਹੈ, ਔਰਤਾਂ ਅਤੇ ਬੱਚੇ 26 ਜਨਵਰੀ ਦੀ ਘਟਨਾ ਤੋਂ ਬਾਅਦ ਵੱਧ ਚੜ ਕੇ ਹਿੱਸਾ ਲੈ ਰਹੇ ਹਨ। ਕਿਸਾਨੀ ਸੰਘਰਸ਼ ਨੂੰ ਬਿਆਨ ਕਰਦੀ ਇਹ ਤਸਵੀਰ ਸਮੇਂ ਦੇ ਹਾਲਾਤ ਵੀ ਬਿਆਨ ਕਰ ਰਹੀ ਹੈ। ਸੰਸਾਰ ਭਰ ਵਿੱਚ ਕਿਸਾਨੀ ਅੰਦੋਲਨ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਸ਼ਾਂਤਮਈ ਅੰਦੋਲਨ ਦੱਸਿਆ ਜਾ ਰਿਹਾ ਹੈ। ਬੇਸ਼ੱਕ ਸਾਡੇ ਸਿਆਸਤੀ ਲੀਡਰਾਂ ਦੀ ਰਾਏ ਕਿਸਾਨੀ ਪੱਖ ਵਿੱਚ ਨਹੀਂ ਹੈ ਪਰ ਪੂਰੀ ਦੁਨੀਆਂ ਇਸ ਕਿਸਾਨੀ ਮੋਰਚੇ ਦਾ ਸਮਰਥਨ ਕਰ ਰਹੀ ਹੈ। ਅਜੋਕੇ ਸਮੇਂ ਵਿਚ ਪ੍ਰਚਾਰ ਦਾ ਅਤੇ ਆਪਣੀ ਗੱਲ ਰੱਖਣ ਦਾ ਸਭ ਤੋਂ ਵੱਡਾ ਸ਼ੋਸਲ ਮੀਡੀਆ ਦਾ ਕੇਂਦਰ ਬਿੰਦੂ ਟਵਿਟਰ 'ਤੇ ਨਿੱਤ ਨਵੇਂ ਦਿਨ ਦੁਨੀਆਂ ਵਿਚ ਵਿਲੱਖਣ ਸਥਾਨ ਪ੍ਰਾਪਤ ਕਰ ਚੁੱਕੇ ਚਿਹਰੇ ਕਿਸਾਨੀ ਸੰਘਰਸ਼ ਦੇ ਸਮਰਥਨ ਵਿਚ ਟਵੀਟ ਕਰ ਕੇ ਹਕੂਮਤ ਨੂੰ ਲਾਹਣਤਾਂ ਤੇ ਕਿਸਾਨੀ ਹੱਕ ਵਿਚ ਗੱਲ ਕਰ ਰਹੇ ਹਨ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ

# ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਸਖ਼ਤ ਚੁਣੌਤੀ

ਉਪੇਂਦਰ ਪ੍ਰਸਾਦ

ਪੰਜ ਰਾਜਾਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਜ਼ੋਰ ਫੜ ਚੁੱਕਾ ਹੈ। ਇਹ ਚੋਣਾਂ ਦੇਸ਼ ਪੱਧਰੀ ਕਿਸਾਨ ਅੰਦੋਲਨ ਵਿਚਾਲੇ ਹੋ ਰਹੀਆਂ ਹਨ ਅਤੇ ਕੁਝ ਰਾਜਾਂ ਵਿਚ ਨਵੇਂ ਖੇਤੀ ਕਾਨੂੰਨਾਂ ਖਿਲਾਫ਼ ਤੇਜ਼ ਅੰਦੋਲਨ ਵੀ ਹੋ ਰਹੇ ਹਨ। ਜਿਨਾਂ ਰਾਜਾਂ ਵਿਚ ਤੇਜ਼ ਅੰਦੋਲਨ ਹੋ ਰਹੇ ਹਨ, ਉਨਾਂ ਸਭ ਵਿਚ ਹੋਏ ਸਥਾਨਕ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਹਾਰੀ ਹੈ। ਉਹ ਹਰਿਆਣਾ ਦੇ ਨਗਰ ਨਿਗਮ ਦੀਆਂ ਦੋਵਾਂ ਵਿਚ ਹਾਰੀ, ਉਸ ਤੋਂ ਬਾਅਦ ਰਾਜਸਥਾਨ ਦੇ ਸਥਾਨਕ ਨਗਰ ਨਿਗਮ ਦੀਆਂ ਚੋਣਾਂ ਵਿਚ ਹਾਰੀ। ਪੰਜਾਬ ਵਿਚ ਤਾਂ ਉਸ ਦੀ ਬੁਰੀ ਹਾਲਤ ਹੋ ਗਈ ਹੈ। ਇਨਾਂ ਹਾਰਾਂ ਨੂੰ ਦੇਖਦੇ ਹੋਏ ਹਰਿਆਣਾ ਦੀ ਭਾਜਪਾ ਸਰਕਾਰ ਸੂਬੇ ਦੀਆਂ ਗ੍ਰਾਮ ਪੰਚਾਇਤ ਚੋਣਾਂ ਕਰਾਉਣ ਦੀ ਹਿੰਮਤ ਹੀ ਨਹੀਂ ਕਰ ਰਹੀ। ਉਥੋਂ ਦੀਆਂ ਪੰਚਾਇਤ ਚੋਣਾਂ ਪਾਰਟੀ ਆਧਾਰ ’ਤੇ ਹੁੰਦੀਆਂ ਹਨ ਅਤੇ ਪਾਰਟੀ ਦੀ ਹਾਰ ਦੇ ਡਰ ਨਾਲ ਖੱਟਰ ਸਰਕਾਰ ਗ੍ਰਾਮ ਪੰਚਾਇਤ ਦੀਆਂ ਚੋਣਾਂ ਹੀ ਨਹੀਂ ਕਰਵਾ ਰਹੀ ਹੈ ਜਦਕਿ ਹਰਿਆਣਾ ਦੀਆਂ ਗ੍ਰਾਮ ਪੰਚਾਇਤ, ਪ੍ਰਖੰਡ ਵਿਕਾਸ ਸਮਿਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦਾ ਕਾਰਜਕਾਲ ਪਿਛਲੀ 23 ਫਰਵਰੀ ਨੂੰ ਹੀ ਖ਼ਤਮ ਹੋ ਚੁੱਕਾ ਹੈ। ਪੰਚਾਇਤੀ ਚੋਣਾਂ ਦੇ ਮਾਮਲੇ ਵਿਚ ਖੱਟਰ ਸਰਕਾਰ ਦੇ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਹੋ ਸਕਦਾ ਹੈ ਹਾਈ ਕੋਰਟ ਦੇ ਆਦੇਸ਼ ਤੋਂ ਬਾਅਦ ਹਰਿਆਣਾ ਸਰਕਾਰ ਚੋਣਾਂ ਕਰਵਾਏ।

ਪਰ ਫਿਲਹਾਲ 5 ਸੂਬਿਆਂ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ। ਉਨਾਂ ਵਿਚੋਂ ਚਾਰ ਪੂਰਨ ਰਾਜ ਹਨ, ਜਦਕਿ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ। ਚੋਣਾਂ ਵਿਚਾਲੇ ਕੇਂਦਰ ਸਰਕਾਰ ਨੇ ਅੰਦੋਲਨ ਦੀ ਅਣਦੇਖੀ ਕਰਨੀ ਸ਼ੁਰੂ ਕਰ ਦਿੱਤੀ ਹੈ। ਭਾਵ ਅੰਦੋਲਨ ਨੂੰ ਖ਼ਤਮ ਕਰਾਉਣ ਦੀ ਫਿਲਹਾਲ ਉਸ ਨੂੰ ਕੋਈ ਹੜਬੜੀ ਨਹੀਂ ਹੈ। ਉਹ ਨਾ ਤਾਂ ਗੱਲਬਾਤ ਕਰ ਰਹੀ ਹੈ ਅਤੇ ਨਾ ਹੀ ਦਮਨਾਤਮਕ ਢੰਗ ਨਾਲ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਦੀ ਨਜ਼ਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ’ਤੇ ਹੈ। ਉਸ ਨੂੰ ਵਿਸ਼ਵਾਸ ਹੈ ਕਿ ਇਨਾਂ ਰਾਜਾਂ ਵਿਚ ਹੋ ਰਹੀਆਂ ਚੋਣਾਂ ਵਿਚ ਉਹ ਜਿੱਤ ਹਾਸਲ ਕਰੇਗੀ ਅਤੇ ਉਸ ਤੋਂ ਬਾਅਦ ਆਪਣੇ ਪ੍ਰਚਾਰ ਤੰਤਰ ਦੀ ਵਰਤੋਂ ਕਰਕੇ ਲੋਕਾਂ ਨੂੰ ਇਹ ਸੰਦੇਸ਼ ਭੇਜੇਗੀ ਕਿ ਅੰਦੋਲਨਕਾਰੀ ਲੋਕਾਂ ਦੀ ਮੂਲ ਭਾਵਨਾ ਦੀ ਅਗਵਾਈ ਨਹੀਂ ਕਰਦੇ, ਕਿਉਂਕਿ ਚੋਣਾਂ ਵਿਚ ਲੋਕਾਂ ਨੇ ਉਸ ਨੂੰ ਜਿੱਤ ਦਿਵਾ ਦਿੱਤੀ ਹੈ। ਉਹ ਕਹੇਗੀ ਕਿ ਜੇਕਰ ਲੋਕ ਇਨਾਂ ਖੇਤੀ ਕਾਨੂੰਨਾਂ ਵਿਰੁੱਧ ਹੁੰਦੇ ਤਾਂ ਉਹ ਉਸ ਨੂੰ ਹਰਾ ਦਿੰਦੇ। ਹਾਲਾਂਕਿ ਇਹ ਵੀ ਸੱਚ ਹੈ ਕਿ ਭਾਰਤੀ ਜਨਤਾ ਪਾਰਟੀ



ਕਿਸੇ ਰਾਜ ਦੀਆਂ ਚੋਣਾਂ ਵਿਚ ਇਨਾਂ ਤਿੰਨ ਖੇਤੀ ਕਾਨੂੰਨਾਂ ਨੂੰ ਮੁੱਦਾ ਨਹੀਂ ਬਣਾ ਰਹੀ। ਪਰ ਜੇਕਰ ਉਹ ਜਿੱਤੇਗੀ ਤਾਂ ਕਹੇਗੀ ਕਿ ਜਨਤਾ ਨੇ ਖੇਤੀ ਕਾਨੂੰਨਾਂ ਦੇ ਮਸਲੇ ’ਤੇ ਸਰਕਾਰ ਦੇ ਪੱਖ ਵਿਚ ਵੋਟਾਂ ਪਾਈਆਂ ਹਨ ਅਤੇ ਅੰਦੋਲਨਕਾਰੀਆਂ ਖਿਲਾਫ਼ ਵੋਟ ਦਿੱਤੀ ਹੈ। ਉਸ ਤੋਂ ਬਾਅਦ ਕਿਸਾਨ ਅੰਦੋਲਨ ਨਾਲ ਨਿਪਟਣਾ ਉਸ ਲਈ ਸੌਖਾ ਹੋ ਜਾਵੇਗਾ।

**ਰਾਜਨੀਤੀ**

ਪਰ ਸਵਾਲ ਉੱਠਦਾ ਹੈ ਕਿ ਕੀ ਭਾਰਤੀ ਜਨਤਾ ਪਾਰਟੀ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਸਕੇਗੀ ? ਆਸਾਮ ਵਿਚ ਪਹਿਲਾਂ ਤੋਂ ਹੀ ਉਸ ਦੀ ਸਰਕਾਰ ਹੈ। ਖੇਤਰੀ ਪ੍ਰੀਸ਼ਦ ਦੀਆਂ ਚੋਣਾਂ ਵਿਚ ਉਸ ਨੂੰ ਆਪਣੇ ਸਹਿਯੋਗੀਆਂ ਦੇ ਨਾਲ ਸਫਲਤਾ ਵੀ ਮਿਲੀ ਸੀ। ਇਸ ਲਈ ਉਹ ਉਮੀਦ ਕਰ ਰਹੀ ਹੈ ਕਿ ਉਹ ਉਥੇ ਦੁਬਾਰਾ ਸਰਕਾਰ ਬਣਾਉਣ ਵਿਚ ਸਫ਼ਲ ਹੋ ਜਾਵੇਗੀ। ਪਰ ਇਸ ਤਰਾਂ ਦੀ ਉਮੀਦ ਕਰਨਾ ਜਿੰਨਾ ਸੌਖਾ ਹੈ, ਉਸ ਉਮੀਦ ਦੀ ਸਫਲਤਾ ਓਨੀ ਹੀ ਮੁਸ਼ਕਿਲ ਭਰੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਵਾਰ ਭਾਜਪਾ ਦੇ ਗਠਜੋੜ ਦਾ ਮੁਕਾਬਲਾ ਕਾਂਗਰਸ ਨਾਲ ਨਹੀਂ ਸਗੋਂ ਇਕ ਗਠਜੋੜ ਨਾਲ ਹੈ, ਜਿਸ ਵਿਚ ਕਾਂਗਰਸ ਤੋਂ ਇਲਾਵਾ ਬੋਡੋ ਪੀਪਲਜ਼ ਫਰੰਟ, ਸੀ.ਪੀ.ਆਈ., ਸੀ.ਪੀ.ਐਮ. ਸੀ. ਪੀ. ਐਮ. ਐਲ. ਤੇ ਇਕ ਹੋਰ ਖੇਤਰੀ ਪਾਰਟੀ ਹੈ। ਜ਼ਾਹਿਰ ਹੈ ਉਥੇ ਮੁਕਾਬਲਾ ਬਹੁਤ ਸਖ਼ਤ ਹੈ ਅਤੇ ਨਤੀਜਾ ਆਉਣ ਤੋਂ ਪਹਿਲਾਂ ਜਿੱਤ ਜਾਂ ਹਾਰ ਦਾ ਕੋਈ ਦਾਅਵਾ ਸਿਰਫ਼ ਦਾਅਵਾ ਹੀ ਮੰਨਿਆ ਜਾਵੇਗਾ।

ਆਸਾਮ ਵਿਚ ਤਾਂ ਭਾਜਪਾ ਦੀ ਆਪਣੀ ਸਰਕਾਰ ਹੈ। ਇਸ ਲਈ ਕਿਸਾਨ ਅੰਦੋਲਨ ਨੂੰ ਲੈ ਕੇ ਉਥੇ ਦੀ ਜਿੱਤ ਉਸ ਨੂੰ ਆਪਣੇ ਪ੍ਰਚਾਰ ਤੰਤਰ ਲਈ ਜ਼ਰੂਰੀ ਗੋਲਾ ਬਾਰੂਦ ਨਹੀਂ ਮੁਹੱਈਆ ਕਰ ਸਕਦੀ। ਇਹ ਕੰਮ ਪੱਛਮੀ ਬੰਗਾਲ ਦੀ ਉਸ ਦੀ ਜਿੱਤ ਤੋਂ ਹੀ ਸੰਭਵ ਹੈ। ਉਥੇ ਜਿੱਤ ਲਈ ਉਸ ਨੇ ਦਲ-ਬਦਲ ਕਰਾਉਣ ਦਾ ਆਪਣਾ ਪੁਰਾਣਾ ਫਾਰਮੂਲਾ ਅਖ਼ਤਿਆਰ ਕੀਤਾ ਹੈ। ਉਸ ਨੇ ਆਪਣੇ ਪ੍ਰਚਾਰ ਤੰਤਰ ਨੂੰ ਲੋੜੀਂਦਾ ਸਾਜ਼ੋ-ਸਾਮਾਨ ਮੁਹੱਈਆ ਕਰਾਇਆ ਅਤੇ ਜਾਪਣ ਲੱਗਾ ਕਿ ਅਸਲ ਵਿਚ ਮਮਤਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ ਪਰ ਕੁਝ ਦਿਨਾਂ ਤੋਂ ਬਾਅਦ ਉਸ ਪ੍ਰਚਾਰ ਦਾ ਅਸਰ ਖ਼ਤਮ ਹੋ ਗਿਆ। ਹਾਲੇ ਕੁਝ ਦਿਨ ਪਹਿਲਾਂ ਦਿਨੇਸ਼ ਤ੍ਰਿਵੇਦੀ, ਜੋ ਟੀ. ਐਮ. ਸੀ. ਦੇ ਬਹੁਤ ਵੱਡੇ ਨੇਤਾ ਸਨ ਅਤੇ ਜੋ ਯੂ.ਪੀ.ਏ. ਦੀ ਸਰਕਾਰ ਵਿਚ ਰੇਲ ਮੰਤਰੀ ਸਨ, ਭਾਜਪਾ ਵਿਚ ਸ਼ਾਮਲ ਹੋਏ। ਕੋਸ਼ਿਸ਼ ਸੌਰਭ ਗਾਂਗੁਲੀ ਨੂੰ ਵੀ ਭਾਜਪਾ ਵਿਚ ਸ਼ਾਮਲ ਕਰਨ ਦੀ ਕੀਤੀ ਗਈ ਸੀ। ਬੰਗਾਲ ਵਿਚ ਉਹ ਬਹੁਤ ਹਰਮਨਪਿਆਰਾ ਹੈ ਅਤੇ ਉਥੇ ਦੇ ਲੋਕ ਉਸ ਨੂੰ ਬੰਗਾਲੀ ਸੱਭਿਆਚਾਰ ਨਾਲ ਵੀ ਜੋੜ ਕੇ ਦੇਖਦੇ ਹਨ ਪਰ ਗਾਂਗੁਲੀ ਨੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਮਨਾ ਕਰ ਦਿੱਤਾ, ਹਾਲਾਂਕਿ ਉਹ ਸ਼ੁਰੂ ਵਿਚ ਸ਼ਾਮਲ ਹੋਣ ਦੇ ਸੰਕੇਤ ਦੇ ਰਹੇ ਸਨ। ਮੋਦੀ ਦੀ ਰੈਲੀ ਵਿਚ ਮਿਥੁਨ ਚੱਕਰਵਰਤੀ ਜ਼ਰੂਰ ਭਾਜਪਾ ਵਿਚ ਸ਼ਾਮਿਲ ਹੋਏ, ਪਰ ਉਹ ਬੰਗਾਲ ਵਿਚ ਹੁਣ ਨਾ ਰਹਿੰਦੇ ਹਨ ਅਤੇ ਉਹ ਪੁਰਾਣੇ ਦਿਨਾਂ ਦੀ ਦਾਸਤਾਂ ਬਣ ਗਏ ਹਨ। ਸੌਰਭ ਗਾਂਗੁਲੀ ਦਾ ਭਾਜਪਾ ਵਿਚ ਸ਼ਾਮਲ ਨਾ ਹੋਣਾ ਇਹ ਸੰਕੇਤ ਦਿੰਦਾ ਹੈ ਕਿ ਬੰਗਾਲ ਵਿਚ ਲੋਕਾਂ ਦਾ ਕੀ ਮੂਡ ਹੈ। ਉਨਾਂ ਲੋਕਾਂ ਦਾ ਮੂਡ ਦੇਖਿਆ ਹੋਵੇਗਾ ਅਤੇ ਆਪਣੇ ਪ੍ਰਸ਼ੰਸਕਾਂ ਦੀ ਰਾਏ ਵੀ ਮੰਗੀ ਹੋਵੇਗੀ। ਜਦੋਂ ਉਨਾਂ ਨੂੰ ਲੱਗ ਗਿਆ ਕਿ ਭਾਜਪਾ ਦੀ ਜਿੱਤ ਦੀ ਦੂਰ-ਦੂਰ ਤੱਕ ਕੋਈ ਸੰਭਾਵਨਾ ਨਹੀਂ ਹੈ, ਤਦੇ ਉਨਾਂ ਨੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਮਨਾਂ ਕੀਤਾ ਹੋਵੇਗਾ। ਆਖਰ ਉਨਾਂ ਨੇ ਬੰਗਾਲ ਵਿਚ ਬੰਗਾਲੀਆਂ ਵਿਚਾਲੇ ਹੀ ਰਹਿਣਾ ਹੈ ਅਤੇ ਉਨਾਂ ਦੀਆਂ ਵੋਟਾਂ ਵਿਰੁੱਧ ਜਾ ਕੇ ਆਪਣੀ ਕਿਰਕਿਰੀ ਕਿਉਂ ਕਰਵਾਉਣਗੇ। ਦੂਜੇ ਪਾਸੇ ਮਿਥੁਨ ਚੱਕਰਵਰਤੀ ਦਾ ਬੰਗਾਲ ਵਿਚ ਕੁਝ ਵੀ ਦਾਅ ’ਤੇ ਨਹੀਂ ਹੈ, ਸਗੋਂ ਉਨਾਂ ਨੇ ਬੇਟੇ ਖਿਲਾਫ਼ ਇਕ ਔਰਤ ਨੇ ਜਬਰ ਜਨਾਹ ਦਾ ਦੋਸ਼ ਲਗਾਇਆ ਹੈ।

ਸੌਰਭ ਗਾਂਗੁਲੀ ਦਾ ਭਾਜਪਾ ਵਿਚ ਸ਼ਾਮਲ ਨਾ ਹੋਣਾ ਇਹ ਵੀ ਸੰਕੇਤ ਦਿੰਦਾ ਹੈ ਕਿ ਪੱਛਮੀ ਬੰਗਾਲ ਵਿਚ ਭਾਜਪਾ ਦੀ ਕਿਸ਼ਤੀ ਡੁੱਬ ਰਹੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਉਸ ਨੇ 18 ਸੀਟਾਂ ’ਤੇ ਜਿੱਤ ਜ਼ਰੂਰ ਹਾਸਲ ਕੀਤੀ ਸੀ ਅਤੇ 40 ਫ਼ੀਸਦੀ ਤੋਂ ਜ਼ਿਆਦਾ ਵੋਟਾਂ ਹਾਸਲ ਕੀਤੀਆਂ ਸਨ ਪਰ ਉਹ ਵੋਟਾਂ ਕਾਂਗਰਸ ਅਤੇ ਖੱਬੇ ਪੱਖੀਆਂ ਦੀ ਕੀਮਤ ’ਤੇ ਹੀ ਪਾਈਆਂ ਸਨ। ਇਨਾਂ ਦੋਵਾਂ ਦੇ ਗਠਜੋੜ ਨੂੰ ਸਿਰਫ਼ 13 ਫ਼ੀਸਦੀ ਵੋਟਾਂ ਹੀ ਮਿਲੀਆਂ ਸਨ। ਹੁਣ ਖੱਬੇ ਪੱਖੀ ਗਠਜੋੜ ਪਹਿਲਾਂ ਦੇ ਮੁਕਾਬਲੇ ਬਹੁਤ ਮਜ਼ਬੂਤ ਦਿਖਾਈ ਦੇ ਰਹੇ ਹਨ, ਕਿਉਂਕਿ ਉਸ ਵਿਚ ਇੰਡੀਅਨ ਸੈਕੂਲਰ ਫਰੰਟ ਨਾਂਅ ਦੀ ਇਕ ਪਾਰਟੀ ਵੀ ਸ਼ਾਮਲ ਹੋ ਗਈ ਹੈ। ਗਠਜੋੜ ਦੀ ਸੰਯੁਕਤ ਰੈਲੀ ਵਿਚ ਜੋ ਭੀੜ ਇਕੱਠੀ ਹੋਈ, ਉਸ ਤੋਂ ਲੱਗ ਰਿਹਾ ਹੈ ਕਿ ਉਹ ਆਪਣਾ ਆਧਾਰ ਵਾਪਸ ਪਾ ਰਹੀ ਹੈ। ਜੇਕਰ ਇਸ ਤਰਾਂ ਹੁੰਦਾ ਹੈ ਤਾਂ ਭਾਜਪਾ ਨੂੰ ਮਿਲਣ ਵਾਲੀਆਂ ਵੋਟਾਂ 2019 ਵਿਚ ਮਿਲੀਆਂ 40 ਫ਼ੀਸਦੀ ਵੋਟਾਂ ਤੋਂ ਕਾਫ਼ੀ ਹੇਠਾਂ ਡਿੱਗ ਜਾਣਗੀਆਂ।

# ਬੰਗਾਲ ਵਿੱਚ ਗੂੰਜਿਆ ਕਿਸਾਨ ਏਕਤਾ ਜਿੰਦਾਬਾਦ ਦਾ ਨਾਅਰਾ



ਹਰਕੀਰਤ ਕੌਰ
੯੭੭੯੧੧੮੦੬੬

ਭਾਰਤ ਨੂੰ ਲੋਕਤੰਤਰ ਤੋਂ ਹਿੰਸਾਤੰਤਰ ਵਿੱਚ ਤਬਦੀਲ ਕਰਨ ਲਈ ਦੇਸ਼ ਦੀ ਸਰਕਾਰ ਨੇ ਕੋਈ ਕਸਰ ਨਹੀ ਛੱਡੀ। ਦੇਸ਼ ਦੇ ਲੋਕਾਂ ਦਾ ਖ਼ੂਨ ਪੀਣ ਲਈ ਸਰਕਾਰ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਉਹ ਭਾਵੇਂ ਨੋਟਬੰਦੀ ਰਾਹੀਂ ਲੋਕਾਂ ਦੀ ਹੱਕ ਦੀ ਕਮਾਈ ਖਾਣੀ ਹੋਵੇ, ਨਾਗਰਿਕਤਾ ਸੋਧ ਬਿੱਲ ਹੋਣ, ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਜ਼ਿਆਦਤੀ ਹੋਵੇ, ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਬੰਦ ਕਰਨੀ ਹੋਵੇ, ਦੇਸ਼ ਦੀ ਰੱਖਿਆ ਕਰ ਰਹੇ ਜਵਾਨਾਂ ਦੀਆਂ ਤਨਖਾਹਾਂ ਵਿਚੋਂ ਕਟੌਤੀ ਹੋਵੇ ਜਾਂ ਫਿਰ ਖੇਤੀਬਾੜੀ ਨਾਲ ਸਬੰਧਤ ਤਿੰਨ ਕਾਲੇ ਕਾਨੂੰਨ ਹੋਣ। ਮੈਂ ਆਪਣੇ ਪਹਿਲੇ ਲੇਖਾਂ ਵਿੱਚ ਵੀ ਜ਼ਿਕਰ ਕਰ ਚੁੱਕੀ ਹਾਂ ਕਿ ਪੰਜਾਬ ਤੋਂ ਸ਼ੁਰੂ ਹੋਈ ਕਿਸਾਨੀ ਹੱਕਾਂ ਦੀ ਲਹਿਰ ਹੁਣ ਪੂਰੇ ਭਾਰਤ ਵਿੱਚ ਫੈਲ ਚੁੱਕੀ ਹੈ। ਪਿਛਲੇ ਦਿਨੀਂ ਕਿਸਾਨੀ ਆਗੂਆਂ ਦੁਆਰਾ ਕੀਤੀ ਇੱਕ ਕਾਨਫਰੰਸ ਵਿੱਚ ਕੁਝ ਅਹਿਮ ਫ਼ੈਸਲੇ ਲਏ ਗਏ ਸਨ। ਜਿਨਾਂ ਨਾਲ ਬੀ. ਜੇ. ਪੀ ਸਰਕਾਰ ਦੀਆਂ ਜੜਾਂ ਹਿਲ ਸਕਦੀਆਂ ਹਨ। ਉਸੇ ਯੋਜਨਾ ਅਧੀਨ ਕਿਸਾਨੀ ਨੇਤਾਵਾਂ ਨੇ ਬੰਗਾਲ ਵਿੱਚ ਕਿਸਾਨੀ ਰੈਲੀਆਂ ਕਰਨ ਦੀ ਸ਼ੁਰੂਆਤ ਕੀਤੀ ਹੈ। ਇਸ ਸਮੇਂ ਬੰਗਾਲ ਵਿੱਚ ਸਿਆਸੀ ਦੰਗਲ ਬਹੁਤ ਭਖਿਆ ਹੋਇਆ ਹੈ। ਰਾਜਨੀਤਕ ਪਾਰਟੀਆਂ ਆਪਣੀ ਕਿਸਮਤ ਅਜ਼ਮਾ ਰਹੀਆਂ ਹਨ ਅਤੇ ਬੰਗਾਲ ਦੇ ਲੋਕਾਂ ਨੂੰ ਇੰਦਰ ਦੇਵਤਾ ਵਾਂਗ ਖੁਸ਼ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਇਸੇ ਵਿੱਚ ਸਾਡੇ ਦੇਸ਼ ਦੇ ਸੂਝਵਾਨ ਨੇਤਾਵਾਂ ਨੇ ਉਸ ਸਮੇਂ ਬੰਗਾਲ ਵਿੱਚ ਕਿਸਾਨ ਰੈਲੀ ਕਰਨ ਦਾ ਫੈਸਲਾ ਲਿਆ ਜਦ ਉੱਥੋਂ ਦੇ ਲੋਕਾਂ ਨੂੰ ਨੇਤਾਵਾਂ ਨੇ ਝੂਠੇ ਲਾਰਿਆਂ ਵਿੱਚ ਫਸਾ ਆਪਣਾ ਮਤਲਬ ਪੂਰਾ ਕਰਨਾ ਸੀ।

ਜਦ ਕੋਲਕਾਤਾ ਵਿੱਚ ਹੋ ਰਹੇ ਕਿਸਾਨੀ ਸੰਮੇਲਨ ਦਾ ਨਿਊਜ਼ ਚੈਨਲ ਉੱਪਰ ਪ੍ਰਸਾਰਣ ਦੇਖਿਆ ਤਾਂ ਮਨ ਨੂੰ ਬਹੁਤ ਖੁਸ਼ੀ ਹੋਈ ਕਿ ਇੱਕ ਵੱਡੀ ਗਿਣਤੀ ਵਿੱਚ ਬੰਗਾਲੀ ਲੋਕ ਇਸ




ਅੰਦੋਲਨ ਦਾ ਹਿੱਸਾ ਬਣੇ। ਉਸ ਤੋਂ ਵੀ ਵੱਧ ਹੈਰਾਨਗੀ ਦੀ ਗੱਲ ਇਹ ਸੀ ਕਿ ਕਿਸਾਨ ਨੇਤਾਵਾਂ ਦੁਆਰਾ ਪੰਜਾਬੀ ਜਾਂ ਹਿੰਦੀ ਵਿੱਚ ਲੋਕਾਂ ਨੂੰ ਸੰਬੋਧਿਤ ਕੀਤਾ ਜਾ ਰਿਹਾ ਸੀ, ਪਰ ਕੋਲਕਾਤਾ ਦੇ ਬਹੁਤਾਤ ਲੋਕ ਬੰਗਾਲੀ ਬੋਲਦੇ ਅਤੇ ਸਮਝਦੇ ਹਨ, ਜਦੋਂ ਰਿਪੋਰਟ ਦੁਆਰਾ ਪੁੱਛਿਆ ਗਿਆ ਕਿ ਕੀ ਤੁਹਾਨੂੰ ਇਹ ਸਭ ਸਮਝ ਲੱਗ ਰਿਹਾ ਹੈ, ਤਾਂ ਬੰਗਾਲੀ ਲੋਕਾਂ ਦਾ ਉੱਤਰ ਸੀ ਕਿ ‘ਭਾਵੇਂ ਸਾਨੂੰ ਪੰਜਾਬੀ ਸਮਝ ਨਹੀਂ ਆ ਰਹੀ ਪਰ ਅਸੀਂ ਇੱਥੇ ਇਸ ਲਈ ਇਕੱਠੇ ਹੋਏ ਹਾਂ ਤਾਂ ਜੋ ਮੋਦੀ ਸਰਕਾਰ ਨੂੰ ਦੱਸ ਸਕੀਏ ਕਿ ਪੂਰਾ ਭਾਰਤ ਕਿਸਾਨਾਂ ਨਾਲ ਹੈ, ਅਤੇ ਅਸੀਂ ਏਥੇ ਕਿਸਾਨਾਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਇਕੱਤਰ ਹੋਏ ਹਾਂ।’ ਇਹ ਜਵਾਬ ਸੁਣ ਬਹੁਤ ਖੁਸ਼ੀ ਹੋਈ ਕਿ ਅੱਜ ਮੋਦੀ ਭਗਤਾਂ ਅਤੇ ਮਰੀਆਂ ਹੋਈਆਂ ਜਮੀਰਾਂ ਦਾ ਬੋਝ ਢਾਉਂਦੇ ਲੋਕਾਂ ਤੋਂ ਇਲਾਵਾ ਪੂਰਾ ਭਾਰਤ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਖੜਾ ਹੈ। ਸਾਨੂੰ ਇਸ ਗੱਲ ’ਤੇ ਵੀ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਕਿ ਸਾਡੇ ਕਿਸਾਨੀ ਅੰਦੋਲਨ ਦੇ ਆਗੂ ਬਹੁਤ ਸੂਝਵਾਨ ਅਤੇ ਰਾਜਨੀਤੀ ਸੂਝ ਰੱਖਣ ਵਾਲੇ ਹਨ। ਮੇਰਾ ਮੰਨਣਾ ਹੈ ਕਿ ਰਾਜਨੀਤੀ ਦਿਮਾਗ ਦੀ ਖੇਡ ਹੈ, ਇਸ ਖੇਡ ਨੂੰ ਦਿਮਾਗ ਨਾਲ ਹੀ ਜਿੱਤਿਆ ਜਾ ਸਕਦਾ ਹੈ। ਅੱਜ ਤੱਕ ਸਰਕਾਰਾਂ ਲੋਕਾਂ ਨਾਲ ਰਾਜਨੀਤੀ ਕਰਦੀਆਂ ਆਈਆਂ ਹਨ, ਆਪਣੀਆਂ ਗੱਲਾਂ ਕੋਝੀਆਂ ਚਾਲਾਂ ਚੱਲ ਲੋਕਾਂ ਦਾ ਖ਼ੂਨ ਪੀਂਦੀਆ ਆਈਆਂ ਹਨ। ਪਰ ਹੁਣ ਉਨਾਂ ਦੁਆਰਾ ਖੇਡੀਆਂ ਜਾਂਦੀਆਂ ਬਾਜੀਆਂ ਤੇ ਚਾਲਾਂ ਉਨਾਂ ਉੱਪਰ ਹੀ ਉੱਲਟ ਪੈ ਰਹੀਆਂ ਹਨ। ਸਰਕਾਰ ਨੇ ਆਪਣੇ ਮਨ ਵਿੱਚ ਇਹ ਵੀ ਸ਼ੰਕਾ ਪਾਲ ਰੱਖਿਆ ਸੀ ਖੋਰੇ ਫਸਲਾਂ ਦੀ ਕਟਾਈ ਵੇਲੇ ਕਿਸਾਨ ਇਹ ਅੰਦੋਲਨ ਸਮਾਪਤ ਕਰ ਆਪਣੇ ਘਰਾਂ ਨੂੰ ਪਰਤ ਜਾਣਗੇ। ਪਰ ਸਾਡੇ ਕਿਸਾਨ ਆਗੂਆਂ ਨੇ ਕਿਸਾਨਾਂ ਦੀਆਂ ਫਸਲਾਂ ਨੂੰ ਸਾਂਭਣ ਅਤੇ ਵਡਾਈ ਲਈ ਵੀ ਇੱਕ ਪੁਖਤਾ ਯੋਜਨਾ ਬਣਾਈ ਹੈ ਕਿ ਕਿਸਾਨੀ ਮੋਰਚਾ ਵਿੱਚ ਸ਼ਾਮਲ ਹਰ ਪਿੰਡ ਦੇ ਦਸਾਂ ਬੰਦਿਆਂ ਦਾ ਜਥਾ ਪਿੰਡ ਵਾਪਸ ਜਾਵੇਗਾ ਅਤੇ ਫਸਲ ਦੀ ਸਾਂਭ ਕਰੇਗਾ ਅਤੇ ਉਨਾਂ ਦੀ ਜਗਾ ਨਵਾਂ ਜਥਾ ਆਵੇਗਾ। ਇਸੇ ਤਰਾਂ ਇੱਕ ਜਥੇ ਦੇ ਬਦਲੇ ਇੱਕ ਨਵਾਂ ਜਥਾ ਆਉਦਾ ਰਹੇਗਾ। ਇਸ ਯੋਜਨਾ ਅਨੁਸਾਰ ਕਿਸਾਨਾਂ ਦੀ ਫਸਲ ਵੀ ਸਾਂਭੀ ਜਾਵੇਗੀ ਅਤੇ ਕਿਸਾਨੀ ਅੰਦੋਲਨ ਵੀ ਇਸੇ ਤਰਾਂ ਬਰਕਰਾਰ ਰਹੇਗਾ। ਇਹ ਸਭ ਯੋਜਨਾਵਾਂ ਕਿਸਾਨ ਆਗੂਆਂ ਦੀ ਸੂਝ-ਬੂਝ ਅਤੇ ਸਿਆਣਪ ਦਾ ਪ੍ਰਮਾਣ ਦਿੰਦੀਆਂ ਹਨ। ਇਸ ਤੋਂ ਇਲਾਵਾ ਬੰਗਾਲ ਦੇ ਲੋਕਾਂ ਤੋਂ ਮਿਲੇ ਭਰਵੇਂ ਹੁੰਗਾਰੇ ਨੇ ਕਿਸਾਨਾਂ ਦਾ ਹੌਂਸਲਾ ਹੋਰ ਵਧਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਭਾਵੇਂ ਕਿਸਾਨੀ ਅੰਦੋਲਨ ਵਿੱਚ ਬੀ. ਜੇ. ਪੀ ਦੇ ਵਿਰੁੱਧ ਪ੍ਰਚਾਰ ਹੋ ਰਿਹਾ, ਪਰ ਕਿਸੇ ਵੀ ਕਿਸਾਨ ਆਗੂ ਦੁਆਰਾ ਕਿਸੇ ਵੀ ਰਾਜਨੀਤਕ ਪਾਰਟੀ ਦੇ ਹੱਕ ਵਿੱਚ ਪ੍ਰਚਾਰ ਨਹੀਂ ਕੀਤਾ ਗਿਆ, ਜੋ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਇਹ ਅੰਦੋਲਨ ਹਰ ਤਰਾਂ ਦੀ ਰਾਜਨੀਤਕ ਦਖਲਅੰਦਾਜੀ ਤੋਂ ਉਪਰ ਉੱਠ ਕੇਵਲ ਕਿਸਾਨਾਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰ ਰਿਹਾ। ਬੰਗਾਲ ਵਿੱਚ ਹੋ ਰਹੀਆਂ ਇਨਾਂ ਕਿਸਾਨ ਰੈਲੀਆਂ ਨੇ ਅੰਦੋਲਨ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਹੈ, ਜਿਸ ਦੇ ਨਤੀਜੇ ਬਹੁਤ ਜਲਦ ਸਾਡੇ ਸਾਰਿਆਂ ਦੇ ਸਾਹਮਣੇ ਹੋਣਗੇ। ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਨੇ ਹਮੇਸ਼ਾ ਹਾਕਮਾਂ ਦੀਆਂ ਆਕੜਾਂ ਭੰਨੀਆਂ ਹਨ, ਝੂਠ ਨੂੰ ਹਮੇਸ਼ਾ ਸੱਚ ਅੱਗੇ ਹਥਿਆਰ ਸੁੱਟਣੇ ਪੈਂਦੇ ਹਨ।

ਉਹ ਸਮਾਂ ਦੂਰ ਨਹੀਂ ਜਦ ਪੂਰੇ ਭਾਰਤ ਵਿੱਚ ਇੱਕ ਹੀ ਨਾਅਰਾ ਗੂੰਜੇਗਾ ‘ਕਿਸਾਨ ਏਕਤਾ ਜਿੰਦਾਬਾਦ।’





# ਸਿਹਤ ਸੰਭਾਲ






# 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥'

## ਮਨੁੱਖੀ ਜੀਵਨ ਦਾ ਧੁਰਾ ਉਸ ਦੀ ਸੋਚ

**ਸਰਬਜੀਤ ਕੌਰ ਸਰਬ**

'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥' ਗੁਰੂ ਨਾਨਕ ਸਾਹਿਬ ਮਨ ਨੂੰ 'ਸਚਿਆਰਾ' ਕਰਨ ਦਾ ਤਰੀਕਾ ਦੱਸ ਰਹੇ ਹਨ। ਨਾਨਕ ਪਾਤਸ਼ਾਹ ਜੀ ਗੁਰਸਿੱਖੀ ਦਾ ਮੁੱਢਲਾ ਨਿਯਮ ਅਕਾਲ ਪੁਰਖ ਦੀ ਰਜ਼ਾ ਵਿਚ ਤੁਰਨਾ, ਨੂੰ ਆਖ ਰਹੇ ਹਨ ਜਿਸ 'ਤੇ ਚੱਲ ਕੇ ਮਨੁੱਖ ਅਨੰਦ ਦੀ ਪ੍ਰਾਪਤੀ ਕਰਦਾ ਹੈ। ਮਨੁੱਖੀ ਜੀਵਨ ਦਾ ਧੁਰਾ ਉਸ ਦੀ ਸੋਚ ਮੰਨੀ ਜਾਂਦੀ ਹੈ ਜੋ ਉਸ ਦੇ ਜੀਵਨ ਨੂੰ ਚੰਗੇ ਜਾਂ ਮਾੜੇ ਰਸਤੇ ਉੱਤੇ ਲੈ ਕੇ ਤੁਰ ਪੈਂਦੀ ਹੈ। ਇਸ ਸੋਚ ਵਿਚੋਂ ਹੀ ਮਨੁੱਖ ਦੇ ਸਰੀਰਿਕ ਢਾਂਚੇ ਦਾ ਵਿਕਾਸ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਮਨੁੱਖੀ ਜੀਵਨ ਨੂੰ ਸਿੱਧੇ ਰਸਤੇ ਹੀ ਨਹੀਂ ਪਾਉਂਦੀ ਸਗੋਂ ਉਸ ਦੀ ਸੋਚ ਨੂੰ ਅਕਾਲ ਪੁਰਖ ਨਾਲ ਜੋੜ ਕੇ ਉਸ ਦੇ ਅੰਦਰੂਨੀ ਮਾਨਸਿਕਤਾ ਦਾ ਵਿਕਾਸ ਕਰ ਕੇ ਇਕ ਤੰਦਰੁਸਤੀ ਵਾਲਾ ਜੀਵਨ ਬਖ਼ਸ਼ਦੀ ਹੈ। ਸਿੱਖ ਕੌਮ ਭਾਗਸ਼ਾਲੀ ਕੌਮ ਹੈ, ਜਿਸ ਕੋਲ ਧੁਰ ਕੀ ਬਾਣੀ ਦਾ ਅਨਮੋਲ ਖ਼ਜ਼ਾਨਾ ਹੈ, ਤੇ ਇਸ ਅਨਮੋਲ ਖ਼ਜ਼ਾਨੇ ਵਿੱਚ ਹਰ ਇੱਕ ਪੀੜ ਦੀ ਦਵਾਈ ਹੈ ਜੋ ਮਨੁੱਖ ਨੂੰ ਮਾਨਸਿਕ ਤੌਰ ਉੱਤੇ ਮਜ਼ਬੂਤ ਅਤੇ ਸਹਿਣਸ਼ੀਲਤਾ ਵਾਲਾ ਬਣਾਉਂਦੀ ਹੈ, ਜਿਸ ਨਾਲ ਮਨੁੱਖ ਦੀ ਮਾਨਸਿਕ ਸਥਿਤੀ ਮਜ਼ਬੂਤ ਹੁੰਦੀ ਹੈ ਤਦ ਉਸ ਨੂੰ ਸਰੀਰਿਕ ਤੌਰ 'ਤੇ ਕੋਈ ਵੀ ਬਿਮਾਰੀ ਨਹੀਂ ਲੱਗਦੀ। ਜੇਕਰ ਮਨੁੱਖ ਦੀ ਮਾਨਸਿਕ ਸਥਿਤੀ ਠੀਕ ਨਹੀਂ ਹੈ ਤਾਂ ਉਸ ਨੂੰ ਅੰਦਰੂਨੀ ਸਰੀਰਕ ਬਿਮਾਰੀਆਂ ਜਕੜ ਲੈਂਦੀਆਂ ਹਨ । ਗੁਰਬਾਣੀ ਦਾ ਇਹ ਫ਼ੁਰਮਾਨ ਹੈ 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥' ਜਦੋਂ ਅਸੀਂ ਗੁਰਬਾਣੀ ਦੀ ਇਸ ਪੰਕਤੀ ਨੂੰ ਗਹਿਰਾਈ ਵਿਚ ਸੋਚਦੇ ਹਾਂ, ਤਦ ਸਾਡੇ ਸਾਹਮਣੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਾਡੇ ਸੋਚਣ ਨਾਲ ਕੁਝ ਵੀ ਨਹੀਂ ਹੋਣਾ ਬੇਸ਼ੱਕ ਅਸੀਂ ਲੱਖਾਂ ਵਾਰ ਉਸ ਚੀਜ਼ ਬਾਰੇ ਸੋਚ ਲਈਏ। ਸੋਚ ਨਾਲੋਂ ਮਨੁੱਖ ਨੂੰ ਕਿਰਤ ਸੱਚ ਦੀ ਕਰਨੀ ਚਾਹੀਦੀ ਹੈ ਜਿਸ ਵਿੱਚ ਉਸ ਨੂੰ ਮਾਨਸਿਕ ਸਕੂਨ ਮਿਲੇ ਅਤੇ ਉਸ ਦੀ ਮਾਨਸਿਕ ਭਟਕਣਾ ਖ਼ਤਮ ਹੋ ਜਾਵੇ ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਅਸੀਂ ਗੁਰਬਾਣੀ ਨੂੰ ਪੜ ਕੇ ਉਸ ਉੱਤੇ ਵਿਚਾਰ ਕਰਦੇ ਹਾਂ।

**ਨਿਰਭਰਤਾ ਹੀ ਅਸਲ ਜੀਵਨ**

ਕੁਦਰਤ ਦੀ ਬਣਾਈ ਇਸ ਕਾਇਨਾਤ ਵਿੱਚ ਹਰ ਕੋਈ ਇੱਕ ਦੂਜੇ ਉੱਤੇ ਨਿਰਭਰ ਹੈ ਜਿਵੇਂ ਰੁੱਖ ਤਾਂ ਹੀ ਵੱਡੇ ਹੋ ਸਕਦੇ ਹਾਂ ਜੇ ਮਨੁੱਖ ਉਸ ਨੂੰ ਨਾ ਕੱਟੇ, ਮਨੁੱਖ ਇਸ ਧਰਤੀ ਉੱਤੇ ਸਾਹ ਤਾਂ ਹੀ ਲੈ ਸਕਦਾ ਹੈ ਜੇਕਰ ਰੁੱਖ ਹੋਣਗੇ ਜੇ ਇਸ ਧਰਤੀ ਉੱਤੇ ਰੁੱਖ ਹੀ ਨਾ ਰਹੇ ਤਾਂ ਮਨੁੱਖ ਦਾ ਇਸ ਧਰਤੀ ਉੱਤੇ ਰਹਿਣਾ ਅਸੰਭਵ ਹੈ, ਕਿਉਂਕਿ ਸਾਫ਼ ਹਵਾ ਨਾ ਮਿਲਣ ਦੇ ਕਾਰਨ ਹੀ ਮਨੁੱਖ ਦਾ ਸਰੀਰ ਬਿਮਾਰੀਆਂ ਨਾਲ ਜਕੜਿਆ ਹੋਇਆ ਹੈ। ਬੇਸ਼ੱਕ ਸਾਇੰਸ ਨੇ ਤਰੱਕੀ ਕਰ ਲਈ ਹੈ ਪਰ ਇਸ ਤਰੱਕੀ ਵਿੱਚ ਮਨੁੱਖ ਦਾ ਆਪਣਾ ਸਰੀਰ ਦਿਨ ਪ੍ਰਤੀ ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਜਿਵੇਂ ਸਾਇੰਸ ਨੇ ਤਰੱਕੀ ਕਰ ਕੇ ਨਵੀਆਂ ਕਾਢਾਂ ਕੱਢ ਲਈਆਂ ਉਵੇਂ ਹੀ ਮਨੁੱਖੀ ਸਰੀਰ ਵਿੱਚ ਅਨੇਕਾਂ ਨਵੀਆਂ ਬੀਮਾਰੀਆਂ ਨੇ ਆਪਣਾ ਘਰ ਬਣਾ ਲਿਆ ਹੈ। ਜੇਕਰ ਅਸੀਂ ਆਪਣੇ ਆਲੇ ਦੁਆਲੇ ਅੱਜ ਦੇ ਸਮੇਂ ਵਿਚ ਝਾਤ ਮਾਰਦੇ ਹਾਂ ਤਾਂ ਸਾਡੇ ਸਾਹਮਣੇ ਨਵਜੰਮੇ ਬੱਚੇ ਵੀ ਕਿਸੇ ਨਾ ਕਿਸੇ ਤਰਾਂ ਦੀ ਬਿਮਾਰੀ ਲੈ ਕੇ ਪੈਦਾ ਹੁੰਦੇ ਹਨ। ਸਭ ਤੋਂ ਪਹਿਲੀ ਗੱਲ ਜੇਕਰ ਜਨਮ ਦੇਣ ਵਾਲੀ ਮਾਂ ਹੀ ਸਰੀਰਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਹੋਵੇ ਤਾਂ ਉਹ ਕਦੇ ਵੀ ਇੱਕ ਤੰਦਰੁਸਤ



ਬੱਚੇ ਨੂੰ ਜਨਮ ਨਹੀਂ ਦੇ ਸਕਦੀ । ਸਮੇਂ ਦੀ ਦੌੜ ਵਿੱਚ ਅਤੇ ਫੈਸ਼ਨ ਦੇ ਦਿਖਾਵੇ ਕਾਰਨ ਅੱਜ ਦੀਆਂ 90ਫੀਸਦੀ ਕੁੜੀਆਂ ਚੰਗੀ ਖ਼ੁਰਾਕ ਨਹੀਂ ਲੈਂਦੀਆਂ ਜਿਸ ਦੇ ਨਤੀਜੇ ਉਨਾਂ ਨੂੰ ਵਿਆਹ ਤੋਂ ਬਾਅਦ ਭੁਗਤਣੇ ਪੈਂਦੇ ਹਨ। ਇੱਕ ਚੰਗੀ ਖ਼ੁਰਾਕ ਵਿਚ ਵੀ ਇਕ ਚੰਗੀ ਸਿਹਤ ਦਾ ਰਹੱਸ ਹੈ, ਪਰ ਇੱਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਅੱਜ ਅਸੀਂ ਜੋ ਵੀ ਖ਼ੁਰਾਕ ਖਾਂਦੇ ਹਾਂ ਉਸ ਵਿੱਚ ਵੀ ਰਸਾਇਣਿਕ ਪਦਾਰਥਾਂ ਦੀ ਮਾਤਰਾ ਬਹੁਤ ਜ਼ਿਆਦਾ ਪਾਈ ਜਾਂਦੀ ਹੈ। ਇਸੇ ਕਾਰਨ ਗੱਲ ਉੱਥੇ ਹੀ ਪਹੁੰਚ ਜਾਂਦੀ ਹੈ ਕਿ ਅਸੀਂ ਖ਼ੁਦ ਕੁਦਰਤੀ ਸਰੋਤਾਂ ਨੂੰ ਐਨਾ ਜ਼ਿਆਦਾ ਗੰਧਲਾ ਕਰ ਦਿੱਤਾ ਹੈ ਜਿਸ ਦੇ ਕਾਰਨ ਅਸੀਂ ਅੱਜ ਦਿਨ ਪ੍ਰਤੀ ਦਿਨ ਮੌਤ ਦੇ ਕਿਨਾਰੇ ਜਾ ਰਹੇ ਹਾਂ। ਸਭ ਤੋਂ ਪਹਿਲਾਂ ਸਾਨੂੰ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਜਿਸ ਵਿੱਚ ਉਸ ਕੁਦਰਤ ਦਾ ਵਾਸ ਹੈ। ਜੇਕਰ ਇਹ ਕੁਦਰਤ ਸਾਫ਼ ਰਹੇਗੀ ਤਾਂ ਹੀ ਸਾਡਾ ਸਰੀਰ ਤੰਦਰੁਸਤ ਰਹੇਗਾ । ਫਲਾਂ ਅਤੇ ਸਬਜ਼ੀਆਂ ਦੀ ਵਰਤੋਂ ਕਰਨ ਸਮੇਂ ਉਨਾਂ ਨੂੰ ਹਮੇਸ਼ਾ ਸਾਫ ਸੁਥਰੇ ਪਾਣੀ ਵਿੱਚ ਧੋ ਲੈਣਾ ਚਾਹੀਦਾ ਹੈ ਤਾਂ ਜੋ ਉਨਾਂ ਉਪਰ ਪਈ ਮਿੱਟੀ ਸਾਫ਼ ਹੋ ਜਾਵੇ । ਡਿਜੀਟਲ ਭਾਰਤ ਵਿਚ ਬੇਸ਼ੱਕ ਤਕਨੀਕ ਬਹੁਤ ਜ਼ਿਆਦਾ ਵਧ ਗਈ ਹੈ ਪਰ ਇਸ ਨੇ ਮਨੁੱਖੀ ਸਰੀਰ ਵਿੱਚ ਬਿਮਾਰੀਆਂ ਦਾ ਆਗਮਨ ਵੀ ਕਰ ਦਿੱਤਾ ਹੈ। ਅਜੋਕੇ ਸਮੇਂ ਵਿੱਚ ਜੇਕਰ ਗੱਲ ਪੰਜਾਬ ਦੀ ਕੀਤੀ ਜਾਵੇ ਤਾਂ ਬੀਤੇ ਦਿਨਾਂ ਵਿੱਚ ਬਹੁਤ ਸਾਰੇ ਨੌਜਵਾਨ ਜੋ ਸਿਹਤ ਪੱਖੋਂ ਤੰਦਰੁਸਤ ਨਜ਼ਰ ਆਉਂਦੇ ਸਨ ਉਹ ਵੀ ਦਿਲ ਦਾ ਦੌਰਾ ਪੈਣ ਕਾਰਨ ਦੁਨੀਆਂ ਤੋਂ ਰੁਖਸਤ ਹੋਏ ਹਨ, ਅਜਿਹੇ ਨੌਜਵਾਨਾਂ ਦੀ ਮੌਤ ਦਾ ਕੀ ਕਾਰਨ ਮੰਨਿਆ ਜਾ ਸਕਦਾ ਹੈ, ਇਸ ਬਾਰੇ ਕੁਝ ਵੀ ਕਹਿਣਾ ਸਪੱਸ਼ਟ ਨਹੀਂ। ਨਵਜੰਮੇ ਬੱਚੇ ਦਿਲ ਵਿੱਚ ਛੇਦ ਲੈ ਕੇ ਪੈਦਾ ਹੋ ਰਹੇ ਹਨ ਜਾਂ ਫੇਰ ਉਨਾਂ ਦਾ ਜਨਮ ਸਮੇਂ ਤੋਂ ਪਹਿਲਾਂ ਹੋ ਰਿਹਾ ਹੈ। ਇਸ ਸਭ ਦਾ ਕਾਰਨ ਇੱਕੋ ਇੱਕ ਸਾਹਮਣੇ ਇਹ ਹੀ ਆਉਂਦਾ ਹੈ ਕਿ ਗਰਭ ਅਵਸਥਾ ਦੌਰਾਨ ਔਰਤ ਵੱਲੋਂ ਸਹੀ ਖ਼ੁਰਾਕ ਦਾ ਸੇਵਨ ਨਹੀਂ ਕੀਤਾ ਗਿਆ । ਇਸ ਲਈ ਇਹ ਜ਼ਰੂਰੀ ਹੈ ਕਿ ਔਰਤ ਦੀ ਅਜਿਹੇ ਸਮੇਂ ਦੌਰਾਨ ਚੰਗੀ ਖ਼ੁਰਾਕ ਦੇ ਨਾਲ ਨਾਲ ਮਾਨਸਿਕ ਸਥਿਤੀ ਵੀ ਸਹੀ ਹੋਣੀ ਚਾਹੀਦੀ ਹੈ।

ਉਪਰੋਕਤ ਸਾਰੀਆਂ ਗੱਲਾਂ ਦਾ ਨਿਚੋੜ ਇਹ ਹੀ ਨਿਕਲਦਾ ਹੈ ਕਿ ਸਭ ਤੋਂ ਪਹਿਲਾਂ ਸਾਨੂੰ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਤਰਾਂ ਦੇ ਨਵੇਂ ਵਿਸ਼ਾਣੂ ਪੈਦਾ ਨਾ ਹੋਣ। ਬਹੁਤਾਤ ਮਾਤਰਾ ਵਿੱਚ ਰੁੱਖ ਲਾਉਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ ਤਾਂ ਜੋ ਧਰਤੀ ਉੱਤੇ ਹਵਾ ਦੀ ਮਾਤਰਾ ਵਧ ਸਕੇ, ਖੇਤੀ ਆਰਗੈਨਿਕ ਢੰਗ ਨਾਲ ਕੀਤੀ ਜਾਵੇ, ਬੇਸ਼ੱਕ ਉਸ ਦੀ ਪੈਦਾਵਾਰ ਘੱਟ ਹੁੰਦੀ ਹੈ ਪਰ ਇਸ ਢੰਗ ਨਾਲ ਕੀਤੀ ਹੋਈ ਖੇਤੀ ਸਰੀਰ ਲਈ ਲਾਹੇਵੰਦ ਹੈ, ਕਿਉਂਕਿ ਇਸ ਵਿਚ ਰਸਾਇਣਕ ਖਾਦਾਂ ਦੀ ਵਰਤੋਂ ਨਾ ਮਾਤਰ ਹੁੰਦੀ ਹੈ ਅਤੇ ਸਭ ਤੋਂ ਅਹਿਮ ਗੱਲ ਇਨਸਾਨ ਨੂੰ ਗੁਰਬਾਣੀ ਦੇ ਲੜ ਲੱਗਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਮਾਨਸਿਕ ਸ਼ਕਤੀ ਮਿਲ ਸਕੇ।

# ਕੁਦਰਤ ਦੀ ਗੋਦ ਵਿਚ ਛੁਪਿਐ ਚੰਗੀ ਸਿਹਤ ਦਾ ਗੁਹਜ


**ਹਰਫੂਲ ਭੁੱਲਰ ਮੰਡੀ ਕਲਾਂ**

**9876870157**


ਇਨਸਾਨ ਦੇ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਅੰਤ ਤੱਕ ਦੇ ਸਮੇਂ ਤੱਕ ਇਹ ਕੁਦਰਤ ਮਨੁੱਖ ਦਾ ਸਾਥ ਦਿੰਦੀ ਹੈ । ਮਨੁੱਖ ਦੀ ਚੰਗੀ ਸਿਹਤ ਵੀ ਇਸ ਕੁਦਰਤ ਦੇ ਕੁਦਰਤੀ ਗੁਣਾਂ ਕਾਰਨ ਹੀ ਵਧੀਆ ਰਹਿੰਦੀ ਹੈ, ਜੇਕਰ ਅਸੀਂ ਕੁਦਰਤ ਨੂੰ ਹੀ ਗੰਧਲਾ ਕਰ ਦਿੱਤਾ, ਫਿਰ ਅਸੀਂ ਆਪਣੀ ਚੰਗੀ ਸਿਹਤ ਲਈ ਕਿਸ ਨੂੰ ਸਹਾਰਾ ਬਣਾਵਾਂਗੇ। ਇਸੇ ਲਈ ਇਸ ਖ਼ੂਬਸੂਰਤ ਸੰਸਾਰ 'ਤੇ ਸਾਡਾ ਆਉਣਾ, ਉਨਾਂ ਅਨੇਕਾਂ ਜੀਵ-ਜੰਤੂਆਂ ਤੇ ਬਨਸਪਤੀ ਵਰਗਾ ਹੀ ਹੈ ਜੋ ਕਦੇ ਵੀ ਕੁਦਰਤ ਨਾਲ ਸ਼ਿਕਵੇ-ਸ਼ਿਕਾਇਤਾਂ ਕਰਕੇ ਨਹੀਂ ਜਿਉਂਦੇ! ਸਿਰਫ਼ ਇੱਕ ਅਸੀਂ ਮਨੁੱਖ ਹੀ ਹਾਂ ਜਿਨਾਂ ਨੇ ਜੀਵਨ ਨੂੰ ਕਿਸੇ ਅਣਕਿਆਸੇ ਢੰਗ ਨਾਲ ਲੈ ਰੱਖਿਆ ਹੈ, ਪ੍ਰਸੰਨ ਹੋਣ ਦੀ ਇੱਛਾ ਵਿਚ ਐਸੀ ਦੌੜ ਲਾ ਬੈਠਦੇ ਹਾਂ ਕਿ ਜੀਵਨ ਦਾ ਅਨੰਦ ਵੀ ਨਹੀਂ ਲੈ ਸਕਦੇ। ਪਤਾ ਨਹੀਂ ਅਸੀਂ ਕਿਉਂ ਨਹੀਂ ਸਮਝ ਸਕੇ ਕਿ ਜੀਵਨ ਵਿਚ ਰੌਣਕ ਸਾਡੇ ਅਧੂਰੇ ਹੋਣ ਕਰਕੇ ਹੁੰਦੀ ਹੈ, ਸੰਪੂਰਨ ਤਾਂ ਅਣਜੰਮੇ ਤੇ ਮੋਏ ਹੋਏ ਹੀ ਹੁੰਦੇ ਹਨ। ਜਦੋਂ ਅਸੀਂ ਸੋਚਦੇ ਹੀ ਉਦਾਸ ਜਾਂ ਮਾਯੂਸ ਹੋ ਕੇ ਹਾਂ ਤਾਂ ਸਾਨੂੰ ਸਾਡੇ ਕੋਲ ਕੁਝ ਵੀ ਨਹੀਂ ਮਹਿਸੂਸ ਹੋਵੇਗਾ, ਜੇ ਅਸੀਂ ਆਪਣੇ ਆਪ ਨੂੰ ਕੁਦਰਤ ਦੇ ਕਣ ਸਮਝਕੇ ਸੋਚੀਏ ਤਾਂ ਮਹਿਸੂਸ ਹੋਵੇਗਾ ਕਿ ਸਾਡੇ ਕੋਲ ਕੀ ਕੁਝ ਨਹੀਂ? ਅਸਲ ਵਿਚ ਸਾਡੇ ਵੇਖਣ, ਸੋਚਣ ਅਤੇ ਸਮਝਣ ਦੇ ਢੰਗ-ਤਰੀਕਿਆਂ ਵਿਚ ਜ਼ਿੰਦਗੀ ਭਰੀ ਹੋਈ ਜਾਂ ਖ਼ਾਲੀ ਨਜ਼ਰ ਆਉਣ ਦੇ ਕਾਰਨ ਹੁੰਦੇ ਹਨ। ਸੋਚਣ ਦੀ ਸੁਤੰਤਰਤਾ ਗੁਆ ਦੇਣ ਕਰਕੇ ਹੀ ਸਾਨੂੰ ਸੰਗਲਾਂ ਵਿਚ ਜਕੜਿਆ ਹੋਇਆ ਗੁਲਾਮ ਨਜ਼ਰ ਆਉਂਦਾ ਹੈ, ਅਸਲ ਵਿਚ ਉਹ ਬੇਵੱਸ ਹੁੰਦਾ ਹੈ। ਸੋ ਆਪਾਂ ਮੂਰਖ ਨਾ ਬਣੀਏ ਕਿਉਂਕਿ ਕੁਦਰਤ ਦੇ ਬਜ਼ਾਰ ਵਿਚ ਫ਼ਜ਼ੂਲ ਚੀਜ਼ਾਂ ਨਹੀਂ ਵਿਕਦੀਆਂ। ਅਸੀਂ ਮਨੁੱਖ ਕੁਦਰਤ ਦੇ ਬਹੁਤ ਹੀ ਲਾਡਲੇ ਜੀਵ ਹਾਂ, ਕੁਦਰਤ ਵੀ ਸਾਥੋਂ ਚਾਹੁੰਦੀ ਹੈ ਕਿ ਅਸੀਂ ਆਪਣੇ ਚਰਿੱਤਰ ਦੀ ਸੋਭਾ ਨੂੰ ਸੰਸਾਰ ਅੰਦਰ ਕਾਇਮ ਰੱਖੀਏ, ਕੁਦਰਤ ਅਨੇਕਾਂ ਫੁੱਲਾਂ ਤੇ ਬਨਸਪਤੀ ਰਾਹੀਂ ਸਾਨੂੰ ਸਮਝਾਉਂਦੀ ਹੈ ਕਿ

*ਗੁਆਚੀ ਹੋਈ ਖ਼ੁਸ਼ਬੂ, ਫੁੱਲਾਂ ਵਿਚ ਵਾਪਸ ਨਹੀਂ ਮੁੜਦੀ,
ਤੇ ਮਿੱਟੀ ਬਣੀ ਦੇਹ ਵਿਚ ਦੁਬਾਰਾ ਜਾਨ ਨਹੀਂ ਪੈਂਦੀ!

*ਜਿਉਂਦੇ ਜੀਅ ਦੂਜਿਆਂ ਦੇ ਅੱਥਰੂਆਂ ਦੇ ਅਰਥ ਸਮਝੀਏ,
ਆਪਣੀਆਂ ਅੱਖਾਂ ਰਾਹੀਂ ਵਰ-ਵਰ ਕੇ ਤਾਂ ਅਸੀਂ ਖ਼ੁਦ ਹਲਕੇ ਹੁੰਦੇ ਹਾਂ..।

**ਅਸਲ ਸੱਚ**

ਇਸ ਸੰਸਾਰ ਅੰਦਰ ਕੁਝ ਵੀ ਅਜਿਹਾ ਨਹੀਂ ਜਿਸ ਨੂੰ ਅਸੀਂ ਆਪਣਾ ਕਹਿ ਸਕੀਏ, ਕਿਉਂਕਿ ਅਸੀਂ ਤਾਂ ਖ਼ੁਦ ਹੀ ਸੰਸਾਰ ਦਾ ਭਾਗ ਹਾਂ। ਕੁਦਰਤ ਦੇ ਨਿਯਮਾਂ ਨੂੰ ਨਾ ਸਮਝਣਾ ਹੀ ਸਾਡੇ ਦੁੱਖਾਂ, ਕਲੇਸ਼ਾਂ ਅਤੇ ਰੋਸਿਆਂ ਦਾ ਕਾਰਨ ਹੈ। ਕੁਝ ਦੇਵਾਂਗੇ ਕੁਝ ਮਿਲੇਗਾ, ਕੁਝ-ਕੁਝ ਦੇਵਾਂਗੇ ਕੁਝ-ਕੁਝ ਮਿਲੇਗਾ, ਸਭ ਕੁਝ ਦੇਵਾਂਗੇ ਸਭ ਕੁਝ ਮਿਲੇਗਾ, ਕੁਦਰਤ ਕਦੇ ਗਲਤ ਨਹੀਂ ਤੋਲਦੀ ਜੋ ਅਸੀਂ ਸਮਾਜ ਨੂੰ ਦਿੰਦੇ ਹਾਂ ਉਹੀ ਅਨੁਪਾਤ ਅਨੁਸਾਰ ਸਾਨੂੰ ਵਾਪਸ ਮਿਲ ਰਿਹਾ ਹੈ। ਅਜੀਬ ਗੱਲ ਹੈ ਕਿ ਮਨੁੱਖ ਪਾਸ ਹਰ ਤਰਾਂ ਦੇ ਸੁੱਖ-ਸਾਧਨ ਹਨ, ਪਰ ਫਿਰ ਵੀ ਅੱਜ ਮਨੁੱਖ ਸੰਤੁਸ਼ਟ ਨਹੀਂ। ਜਦਕਿ ਮਨੁੱਖ ਤੋਂ ਬਗੈਰ ਕੁਦਰਤ ਦਾ ਹਰ ਜੀਵ ਇਨਾਂ ਸਾਧਨਾਂ ਦੀ ਅਣਹੋਂਦ ਦੇ ਬਾਵਜੂਦ ਵੀ ਕਿੰਨਾ ਸੰਤੁਸ਼ਟ ਹੈ। ਨਾ ਉਨਾਂ ਨੂੰ ਕੋਈ ਬੀਮਾਰੀ ਦਾ ਡਰ, ਨਾ ਕਿਸੇ ਡਾਕਟਰ ਦੀ ਲੋੜ ਜਾਂ ਚਿੰਤਾ। ਜਿੰਨੀ ਕੁ ਪੇਟ ਦੀ ਲੋੜ ਹੋਈ ਕੁਦਰਤ ਦੀ ਗੋਦ ਵਿਚੋਂ ਖਾ-ਪੀ ਲਿਆ, ਨਾ ਇਕੱਠਾ ਕਰਨ ਦੀ ਚਿੰਤਾ ਤੇ ਨਾ ਕੋਈ ਚੋਰੀ ਦਾ ਫਿਕਰ।

ਅਸੀਂ ਆਪਣੀ ਜ਼ਿੰਦਗੀ ਦਾ ਆਧਾਰ ਹੀ ਪੈਸੇ ਨੂੰ ਬਣਾ ਲਿਆ ਹੈ, ਪਿਆਰ, ਮੁਹੱਬਤ ਤੇ ਜਜ਼ਬਾਤਾਂ ਨੂੰ ਕੁਚਲ ਕੇ ਸਾਨੂੰ ਪੈਸਾ ਮਿਲਣਾ ਚਾਹੀਦਾ ਹੈ। ਜਦ ਕਿ ਮਨੁੱਖ ਤੋਂ ਬਿਨਾਂ ਸਾਰਿਆਂ ਜੀਵਾਂ ਦੀ ਜ਼ਿੰਦਗੀ ਦਾ ਆਧਾਰ ਕੁਦਰਤ ਹੈ। ਕੁਦਰਤ ਪ੍ਰਤੀ ਸਾਡੀ ਸੋਚ ਵਿਚ ਜਿੱਡਾ ਵੱਡਾ ਅੰਤਰ ਹੈ ਉਨਾਂ ਹੀ ਸਾਡੇ ਜੀਵਨ ਦੀਆਂ ਖੁਸ਼ੀਆਂ-ਗਮੀਆਂ ਵਿਚ ਹੈ। ਅਸੀਂ ਪੈਸੇ ਨਾਲ ਜੀਵਨ ਵਿਚ ਸੁੱਖਾਂ ਦੇ ਬੇਅੰਤ ਸਾਧਨ ਤਾਂ ਇਕੱਠੇ ਕਰ ਲਏ, ਪਰ ਖ਼ੁਦ ਮੰਦਬੁੱਧੀ ਹੋ ਗਏ, ਕੁਦਰਤ ਨਾਲ ਦੁਸ਼ਮਣੀ ਪਾ ਕੇ ਆਪਣੇ ਪੈਰ 'ਤੇ ਕੁਹਾੜਾ ਖ਼ੁਦ ਮਾਰ ਲਿਆ ਹੈ, ਨਾਲੇ ਸਾਨੂੰ ਪਤਾ ਕਿ ਕੁਦਰਤ ਦੇ ਪ੍ਰਕੋਪ ਅੱਗੇ ਅਸੀਂ ਸ਼ਕਤੀਸ਼ਾਲੀ ਹੁੰਦੇ ਹੋਏ ਵੀ ਬੇਬੱਸ, ਕਮਜ਼ੋਰ ਤੇ ਮਜਬੂਰ ਹਾਂ। ਸਾਨੂੰ ਕਦੋ ਪਤਾ ਲੱਗੂ ਕੇ ਮੁਸਕਰਾਉਣ ਨਾਲ ਕੋਈ ਪ੍ਰਸੰਨ ਨਹੀਂ ਹੁੰਦਾ, ਅਸਲ ਵਿਚ ਅੰਦਰੋਂ ਪ੍ਰਸੰਨ ਹੋਣ ਕਰਕੇ ਹੀ ਸਾਡੇ ਚਿਹਰੇ ਮੁਸਕਰਾਹਟ ਆਉਂਦੀ ਹੈ। ਆਪਣਿਆਂ ਨਾਲੋਂ ਟੁੱਟ ਕੇ ਇਕੱਲਿਆਂ ਮਨਾਈ ਖ਼ੁਸ਼ੀ, ਉਦਾਸੀ ਦੀ ਇੱਕ ਕਿਸਮ ਹੁੰਦੀ ਹੈ। ਸਦਾ ਖ਼ੁਸ਼ ਆਪਣਿਆਂ ਨਾਲ ਰਿਹਾ ਜਾ ਸਕਦੈ ਆਕੜਾਂ ਜਾਂ ਦੌਲਤ ਨਾਲ ਨਹੀਂ..। ਮਨੁੱਖੀ ਸਰੀਰ ਦੀ ਤੰਦਰੁਸਤੀ ਦਾ ਰਾਜ਼ ਇਨਾਂ ਸਭ ਗੱਲਾਂ ਵਿੱਚ ਹੈ, ਬਿਨਾਂ ਕਿਸੇ ਦਵਾਈ ਦੇ ਖਾਧੇ ਹੋਏ ਜੇਕਰ ਅਸੀਂ ਇਨਾਂ ਗੱਲਾਂ ਨੂੰ ਆਪਣੇ ਜੀਵਨ ਵਿੱਚ ਢਾਲ ਲੈਂਦੇ ਹਾਂ ਤਾਂ ਕਿਸੇ ਵੀ ਤਰਾਂ ਦੀ ਕੋਈ ਵੀ ਬਿਮਾਰੀ ਮਨੁੱਖ ਨੂੰ ਆਪਣੀ ਬੁੱਕਲ ਵਿੱਚ ਨਹੀਂ ਲੈ ਸਕਦੀ, ਅੱਜ ਕੱਲ ਤਾਂ ਅਸੀਂ ਹੈਲਥ ਕਲੀਨਿਕਾਂ ਉੱਤੇ ਵੀ ਗੁਰਬਾਣੀ ਦੀਆਂ ਅਜਿਹੀਆਂ ਪੰਕਤੀਆਂ ਨੂੰ ਲੱਗਿਆ ਹੋਇਆ ਵੇਖ ਸਕਦੇ ਹਾਂ ਜੋ ਸਾਨੂੰ ਇਨਸਾਨ ਤੇ ਇਨਸਾਨੀਅਤ ਨਾਲ ਪਿਆਰ ਕਰਨਾ ਸਿਖਾਉਂਦੀਆਂ ਹਨ।

# ਇਨਸਾਨੀ ਸੋਚ ਵਿਚ ਬਦਲਾਅ ਤੰਦਰੁਸਤ ਜੀਵਨ ਦੀ ਸ਼ੁਰੂਆਤ

**ਡਾ. ਸੁਖਦੇਵ ਸਿੰਘ ਝੰਡ**

ਇਹ ਆਮ ਧਾਰਨਾ ਹੈ ਕਿ ਮਨੁੱਖ ਲਈ ਆਪਣੀਆਂ ਆਦਤਾਂ ਨੂੰ ਬਦਲਣਾ ਆਸਾਨ ਨਹੀਂ ਹੈ, ਬਚਪਨ ਅਤੇ ਜਵਾਨੀ ਦੀਆਂ ਆਦਤਾਂ ਬੁਢਾਪੇ ਤਕ ਨਾਲ ਹੀ ਜਾਂਦੀਆਂ ਹਨ। ਪੰਜਾਬੀਆਂ ਦਾ ਹਰਮਨ-ਪਿਆਰਾ ਮਹਾਂਕਾਵਿ 'ਹੀਰ' ਜੋ ਹੀਰ ਅਤੇ ਰਾਂਝੇ ਦੀ ਪ੍ਰੇਮ-ਗਾਥਾ ਨੂੰ ਬਾਖ਼ੂਬੀ ਬਿਆਨਦਾ ਹੈ, ਦੇ ਰਚਨਹਾਰੇ ਮੀਆਂ ਵਾਰਸ ਸ਼ਾਹ ਜੀ ਆਪਣੇ ਇਸ ਸ਼ਾਹਕਾਰ ਵਿੱਚ ਫ਼ਰਮਾਉਂਦੇ ਹਨ:

'ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ।'

ਵਾਰਸ ਸ਼ਾਹ ਹੋਰਾਂ ਦੇ ਇਸ ਕਥਨ ਦਾ ਸਾਰ-ਅੰਸ਼ ਹੈ ਕਿ ਮਨੁੱਖੀ ਆਦਤਾਂ ਨੂੰ ਬਦਲਣਾ ਮੁਸ਼ਕਲ ਹੀ ਨਹੀਂ, ਸਗੋਂ ਇਹ ਅਸੰਭਵ ਹੈ ਅਤੇ ਇਹ ਮਨੁੱਖ ਦੇ ਨਾਲ ਹੀ ਉਸ ਦੇ ਅੰਤ ਤਕ ਨਿਭਦੀਆਂ ਹਨ। ਉਨ੍ਹਾਂ ਦੇ ਇਸ ਕਥਨ ਦੀ ਪ੍ਰੋੜ੍ਹਤਾ ਪ੍ਰਚੱਲਤ ਲੋਕ-ਅਖਾਣ 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਵੀ ਪੂਰੀ ਤਰ੍ਹਾਂ ਕਰਦਾ ਹੈ। ਆਦਤਾਂ ਦੋ ਤਰ੍ਹਾਂ ਦੀਆਂ ਹਨ, ਚੰਗੀਆਂ ਅਤੇ ਮਾੜੀਆਂ। ਇਹ ਵੀ ਹੋ ਸਕਦਾ ਹੈ ਕਿ ਵਾਰਸ ਸ਼ਾਹ ਹੋਰਾਂ ਨੇ ਇਹ ਗੱਲ ਮਾੜੀਆਂ ਆਦਤਾਂ ਦੇ ਨਾਲ-ਨਾਲ ਚੰਗੀਆਂ ਆਦਤਾਂ ਲਈ ਵੀ ਆਖੀ ਹੋਵੇ। ਵੈਸੇ, ਆਮ ਲੋਕਾਂ ਦਾ ਮਾੜੀਆਂ ਆਦਤਾਂ ਬਾਰੇ ਖ਼ਿਆਲ ਹੈ ਕਿ ਮਨੁੱਖ ਲਈ ਬਚਪਨ ਜਾਂ ਜਵਾਨੀ ਵਿੱਚ ਪਈਆਂ ਮਾੜੀਆਂ ਆਦਤਾਂ ਨੂੰ ਬਦਲਣਾ ਬੜਾ ਮੁਸ਼ਕਲ ਹੈ ਅਤੇ ਇਹ ਉਸ ਦੇ ਨਾਲ ਜੀਵਨ-ਭਰ ਚੱਲਦੀਆਂ ਹਨ। ਉਨ੍ਹਾਂ ਅਨੁਸਾਰ ਝੂਠ ਬੋਲਣ, ਲੜਨ- ਝਗੜਨ, ਲੋਭ, ਲਾਲਚ, ਈਰਖਾ ਜਾਂ ਸਾੜਾ ਕਰਨ ਵਰਗੀਆਂ ਆਦਤਾਂ ਮਨੁੱਖ ਦੇ ਮਰਨ ਤਕ ਉਸ ਦਾ ਪਿੱਛਾ ਨਹੀਂ ਛੱਡਦੀਆਂ ਅਤੇ ਇਹ ਉਸ ਦੇ ਨਾਲ ਹੀ ਨਿਭਦੀਆਂ ਹਨ।

ਕਰੋਨਾ ਦੇ ਇਸ ਚੱਲ ਰਹੇ ਅਜੋਕੇ ਪ੍ਰਕੋਪ ਦੌਰਾਨ ਮਹੀਨਾ ਕੁ ਪਹਿਲਾਂ ਮੈਂ ਮਨੁੱਖੀ ਆਦਤਾਂ ਬਾਰੇ ਜੇਮਜ਼ ਕਲੀਅਰ ਦੀ 306 ਪੰਨਿਆਂ ਦੀ ਵੱਡ-ਆਕਾਰੀ ਪੁਸਤਕ 'ਐਟੌਮਿਕ ਹੈਬਿਟਸ' 'ਐਮਾਜ਼ੋਨ' ਵਾਲਿਆਂ ਕੋਲੋਂ ਡਾਕ ਰਾਹੀਂ ਮੰਗਵਾ ਕੇ ਅੱਖਰ-ਅੱਖਰ ਪੜ੍ਹੀ ਹੈ। ਇਸ ਪੁਸਤਕ ਦਾ ਸਬ-ਟਾਈਟਲ ਹੈ - **An Easy Proven Way to Build Good Habits Break Bad Ones** - ਇਸ ਵਿੱਚ ਚੰਗੀਆਂ ਆਉਣ ਅਤੇ ਮਾੜੀਆਂ ਆਦਤਾਂ ਛੁਡਵਾਉਣ ਬਾਰੇ ਇਸ ਵਿੱਚ ਦਰਸਾਏ ਗਏ ਢੰਗਾਂ-ਤਰੀਕਿਆਂ ਦੀ ਖ਼ੂਬਸੂਰਤ ਝਲਕ ਪਵਾਉਂਦਾ ਹੈ। ਲੇਖਕ ਨੇ ਜਿੱਥੇ ਇਸ ਪੁਸਤਕ ਵਿੱਚ ਮਨੁੱਖ ਦੀਆਂ ਛੋਟੀਆਂ-ਛੋਟੀਆਂ ਆਦਤਾਂ ਦਾ ਬਾਖ਼ੂਬੀ ਜ਼ਿਕਰ ਕੀਤਾ ਹੈ, ਉੱਥੇ ਇਸ ਵਿੱਚ ਚੰਗੀਆਂ ਆਦਤਾਂ ਨੂੰ ਅਪਨਾਉਣ ਅਤੇ ਮਾੜੀਆਂ ਨੂੰ ਛੱਡਣ ਦੇ ਢੰਗ-ਤਰੀਕਿਆਂ ਬਾਰੇ ਵੀ ਵਡਮੁੱਲੀ ਜਾਣਕਾਰੀ ਦਰਜ ਕੀਤੀ ਹੈ। ਉਸ ਦਾ ਕਹਿਣਾ ਕਿ ਮਨੁੱਖੀ ਆਦਤਾਂ ਬਦਲੀਆਂ ਵੀ ਜਾ ਸਕਦੀਆਂ ਹਨ। ਇਸਦੇ ਲਈ ਮਨੁੱਖ ਨੂੰ ਆਪਣਾ ਮਨ ਪੱਕਾ ਕਰਨ ਅਤੇ ਲੋੜੀਂਦਾ ਫ਼ੈਸਲਾ ਲੈ ਕੇ ਉਸ ਨੂੰ ਦੁਹਰਾਉਣ ਅਤੇ ਫਿਰ ਉਸ ਨੂੰ ਆਪਣੇ ਉੱਪਰ ਲਾਗੂ ਕਰਨ ਲਈ ਅਭਿਆਸ ਕਰਨ ਦੀ ਲੋੜ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਪੁਸਤਕ ਦੇ ਲੇਖਕ ਜੇਮਜ਼ ਕਲੀਅਰ ਦੇ ਆਰਟੀਕਲ ਸੰਸਾਰ ਪ੍ਰਸਿੱਧ ਰਿਸਾਲਿਆਂ 'ਟਾਈਮ', 'ਐਂਟਰਪ੍ਰੀਨੀਅਰ' ਅਤੇ 'ਨਿਊ ਯੌਰਕ ਟਾਈਮਜ਼' ਵਰਗੀਆਂ ਮਿਆਰੀ ਅਖ਼ਬਾਰਾਂ ਵਿੱਚ ਅਕਸਰ ਛਪਦੇ ਰਹਿੰਦੇ ਹਨ, ਅਤੇ ਉਸ ਨੂੰ ਵੱਡੇ-ਵੱਡੇ ਪਲੇਟਫ਼ਾਰਮਾਂ 'ਤੇ ਵੱਖ-ਵੱਖ ਵਿਸ਼ਿਆਂ ਉੱਪਰ ਬੋਲਣ ਦੀ ਮੁਹਾਰਤ ਹਾਸਲ ਹੈ।

ਜੇਮਜ਼ ਕਲੀਅਰ ਅਨੁਸਾਰ 'ਆਦਤ' ਇੱਕ ਅਜਿਹਾ ਵਰਤਾਰਾ ਹੈ ਜਿਸ ਨੂੰ ਮਨੁੱਖ ਜਾਂ ਕਿਸੇ ਜੀਵ ਵੱਲੋਂ ਵਾਰ-ਵਾਰ ਦੁਹਰਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਚੱਲਦਾ ਚੱਲਦਾ ਇਹ ਵਰਤਾਰਾ 'ਸਵੈਚਾਲਕ' ਹੋ ਜਾਂਦਾ ਹੈ। ਮਨੁੱਖੀ ਆਦਤਾਂ ਚੰਗੀਆਂ ਵੀ ਹੋ ਸਕਦੀਆਂ ਅਤੇ ਮਾੜੀਆਂ ਵੀ। ਇਹ 'ਦੋ-ਧਾਰੀ ਤਲਵਾਰ' ਹਨ। ਉਦਾਹਰਣ ਵਜੋਂ, ਸਿਗਰਟ-ਨੋਸ਼ੀ ਜਾਂ ਤੰਮਾਕੂ ਪੀਣ ਦੀ ਆਦਤ ਦਮੇ ਦੀ ਬੀਮਾਰੀ ਦੇ ਮਰੀਜ਼ ਲਈ ਉਸ ਨੂੰ ਸਾਹ ਸੌਖੀ ਤਰ੍ਹਾਂ ਲੈਣ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ ਪਰ ਇਸਦੇ ਨਾਲ



ਹੀ ਇਹ ਉਸ ਦੇ ਫੇਫੜਿਆਂ ਉੱਪਰ ਬਹੁਤ ਬੁਰਾ ਅਸਰ ਪਾ ਸਕਦੀ ਹੈ ਜੋ ਫੇਫੜਿਆਂ ਦੇ ਕੈਂਸਰ ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਚੰਗੀਆਂ ਆਦਤਾਂ ਮਨੁੱਖ ਦੇ ਸੁਧਾਰ ਰੂਪੀ ਮੂਲਧੰਨ ਵਿੱਚ ਇਨ੍ਹਾਂ ਦੇ ਵਿਆਜ ਨੂੰ ਜਮ੍ਹਾਂ ਕਰਕੇ ਉਸ ਨੂੰ ਵਧੀਆ ਜੀਵਨ-ਜਾਚ ਦੇ 'ਮਿਸ਼ਰ ਧਨ' ਵਿੱਚ ਬਦਲ ਦਿੰਦੀਆਂ ਹਨ ਅਤੇ ਮਾੜੀਆਂ ਆਦਤਾਂ ਦੇ ਸੰਦਰਭ ਵਿੱਚ ਇਹ ਉਸ ਦੇ 'ਵਿਗਾੜਾਂ ਦਾ ਮਿਸ਼ਰ ਧਨ' ਵੀ ਬਣ ਜਾਂਦੀਆਂ ਹਨ। ਮਨੁੱਖੀ ਮਨ ਮਾੜੀਆਂ ਆਦਤਾਂ ਨੂੰ ਬੜੀ ਜਲਦੀ ਸਵੀਕਾਰਦਾ ਹੈ, ਜਦਕਿ ਚੰਗੀਆਂ ਆਦਤਾਂ ਅਪਨਾਉਣ ਲਈ ਉਸ ਨੂੰ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਵੱਡੇ-ਵੱਡੇ ਫ਼ੈਸਲਿਆਂ ਦੀ ਸ਼ੁਰੂਆਤ ਛੋਟੀਆਂ-ਛੋਟੀਆਂ ਗੱਲਾਂ ਤੋਂ ਹੀ ਹੁੰਦੀ ਹੈ। ਹਰੇਕ ਆਦਤ ਦਾ ਬੀਜ ਸਾਡੇ ਮਨ ਦੇ ਨਿੱਕੇ ਜਿਹੇ ਫ਼ੈਸਲੇ ਵਿੱਚ ਛੁਪਿਆ ਹੁੰਦਾ ਹੈ। ਇਹ ਫ਼ੈਸਲਾ ਸਾਡੇ ਵੱਲੋਂ ਆਪਣੇ ਮਨ ਵਿੱਚ ਅੰਦਰੇ ਅੰਦਰ ਦੁਹਰਾਇਆ ਜਾਂਦਾ ਹੈ ਅਤੇ ਹੌਲੀ-ਹੌਲੀ ਇਹ ਮਜ਼ਬੂਤ ਹੁੰਦਾ ਜਾਂਦਾ ਹੈ। ਕਿਸੇ ਮਾੜੀ ਆਦਤ ਨੂੰ ਛੱਡਣਾ ਮਨ ਵਿੱਚੋਂ 'ਵੱਡੇ ਰੁੱਖ' (ਬੋਹੜ ਜਾਂ ਓਕ) ਨੂੰ ਜੜ੍ਹੋਂ ਪੁੱਟਣ ਵਾਂਗ ਹੈ ਅਤੇ ਚੰਗੀ ਆਦਤ ਨੂੰ ਮਨ ਵਿੱਚ ਵਸਾਉਣਾ ਕੋਈ ਖ਼ੂਬਸੂਰਤ ਖ਼ੁਸ਼ਬੂਦਾਰ ਫੁੱਲ ਉਗਾਉਣਾ ਹੈ। ਇਹ ਸਾਡੀ ਆਪਣੀ ਮਰਜ਼ੀ ਹੈ ਕਿ ਅਸੀਂ ਕੀ ਕਰਨਾ ਚਾਹੁੰਦੇ ਹਾਂ। ਕੀ ਅਸੀਂ ਮਾੜੀ ਆਦਤ ਨੂੰ ਛੱਡ ਕੇ ਕਿਸੇ ਚੰਗੀ ਆਦਤ ਨੂੰ ਅਪਨਾਉਣਾ ਚਾਹੁੰਦੇ ਹਾਂ ਜਾਂ ਫਿਰ ਉਸੇ ਤਰ੍ਹਾਂ ਉਸੇ ਹੀ ਹਾਲਤ ਵਿੱਚ ਜਿਊਣਾ ਚਾਹੁੰਦੇ ਹਾਂ। ਉਦਾਹਰਣ ਵਜੋਂ, ਲੇਖਕ ਬਣਨ ਲਈ ਕਿਸੇ ਵਿਅਕਤੀ ਨੂੰ ਰੋਜ਼ ਕੁਝ ਨਾ ਕੁਝ, ਭਾਵੇਂ ਇੱਕ ਸਫ਼ਾ ਹੀ ਸਹੀ, ਲਿਖਣਾ ਜ਼ਰੂਰੀ ਹੈ ਅਤੇ ਖਿਡਾਰੀ ਬਣਨ ਦੇ ਇੱਛਕ ਨੂੰ ਆਪਣੀ ਮਨ-ਪਸੰਦ ਖੇਡ ਦੀ ਹਰ ਰੋਜ਼ ਪ੍ਰੈਕਟਿਸ ਕਰਨੀ ਜ਼ਰੂਰੀ ਹੈ। ਇਸੇ ਤਰ੍ਹਾਂ ਕਿਸੇ ਮਾੜੀ ਆਦਤ ਨੂੰ ਛੱਡਣ ਲਈ ਉਸ ਦੇ ਲਈ ਪਹਿਲਾਂ ਆਪਣਾ ਮਨ ਪੱਕਾ ਬਣਾਉਣਾ ਅਤੀ ਜ਼ਰੂਰੀ ਹੈ ਕਿ ਮੈਂ ਇਹ ਹਰ ਹਾਲਤ ਵਿੱਚ ਛੱਡਣੀ ਹੀ ਹੈ ਅਤੇ ਫਿਰ ਇਹ ਛੱਡੀ ਹੋਈ ਆਦਤ ਆਪਣੇ ਤੋਂ ਪਰੇ ਰੱਖਣਾ ਵੀ ਜ਼ਰੂਰੀ ਹੈ। ਆਦਤਾਂ ਸਾਡੇ ਜੀਵਨ ਵਿੱਚ ਛੋਟੇ-ਛੋਟੇ 'ਅਣੂਆਂ' ਵਾਂਗ ਹਨ ਜੋ ਵਿਖਾਈ ਨਹੀਂ ਦਿੰਦੀਆਂ ਪਰ ਇਹ ਸਾਡੀ ਸ਼ਖ਼ਸੀਅਤ ਉੱਪਰ ਡੂੰਘਾ ਅਸਰ ਪਾਉਂਦੀਆਂ ਹਨ। ਅਣੂ ਮਿਲ ਕੇ ਜਿਵੇਂ ਇੱਕ ਵੱਡੇ ਯੂਨਿਟ 'ਮੌਲੀਕਿਊਲ' ਦਾ ਰੂਪ ਧਾਰਨ ਕਰ ਲੈਂਦੇ ਹਨ, ਇਸੇ ਤਰ੍ਹਾਂ ਸਾਡੀਆਂ ਆਦਤਾਂ ਵੀ ਮਿਲ ਕੇ ਸਾਡੀ ਸਮੁੱਚੀ ਸ਼ਖ਼ਸੀਅਤ ਦਾ ਪ੍ਰਤੀਕ ਬਣ ਜਾਂਦੀਆਂ ਹਨ। ਜੇਮਜ਼ ਕਲੀਅਰ ਨੇ ਛੋਟੀਆਂ-ਛੋਟੀਆਂ ਆਦਤਾਂ ਨੂੰ 'ਐਟੌਮਿਕ ਹੈਬਿਟਸ' ਦਾ ਨਾਂ ਦਿੱਤਾ ਹੈ। ਉਸ ਦੇ ਅਨੁਸਾਰ ਇਹ ਅਣੂ-ਆਦਤਾਂ ਬੜੀਆਂ ਹੀ ਸੂਖ਼ਮ, ਪਰ ਬੜੀਆਂ ਤਾਕਤਵਰ ਹੁੰਦੀਆਂ ਹਨ। ਸ਼ੁਰੂ-ਸ਼ੁਰੂ ਵਿੱਚ ਇਹ ਬੜੀਆਂ ਮਾਮੂਲੀ ਜਿਹੀਆਂ ਲੱਗਦੀਆਂ ਹਨ ਅਤੇ ਕਾਫ਼ੀ ਕਮਜ਼ੋਰ ਜਾਪਦੀਆਂ ਹਨ, ਪਰ ਫਿਰ ਇਹ ਆਪਸ ਵਿੱਚ ਜਮ੍ਹਾਂ ਅਤੇ ਜ਼ਰਬ (ਗੁਣਾ) ਹੋ ਕੇ ਕਈ ਗੁਣਾਂ ਸ਼ਕਤੀਸ਼ਾਲੀ ਹੋ ਜਾਂਦੀਆਂ ਹਨ ਅਤੇ ਮਨੁੱਖ ਦੇ ਸੁਭਾਅ ਅਤੇ ਉਸ ਦੀ ਸ਼ਖ਼ਸੀਅਤ ਦਾ ਅਹਿਮ ਅੰਗ ਬਣ ਜਾਂਦੀਆਂ ਹਨ।

ਮਨੁੱਖੀ ਆਦਤਾਂ ਨੂੰ ਬਦਲਣ ਲਈ ਚਾਰ ਨਿਯਮ:

ਮਨੁੱਖੀ ਆਦਤਾਂ ਨੂੰ ਬਦਲਣ ਲਈ ਜਿਨ੍ਹਾਂ ਵਿੱਚ ਚੰਗੀਆਂ ਆਦਤਾਂ ਨੂੰ ਅਪਣਾਉਣਾ ਅਤੇ ਮਾੜੀਆਂ ਆਦਤਾਂ ਨੂੰ ਤਿਆਗਣਾ ਸ਼ਾਮਲ ਹੈ, ਦੇ ਲਈ ਜੇਮਜ਼ ਕਲੀਅਰ ਨੇ ਚਾਰ ਨਿਯਮ ਦੱਸੇ ਹਨ ਅਤੇ ਇਹ ਚਾਰੇ ਹੀ ਬੜੇ ਮਹੱਤਵਪੂਰਨ ਹਨ। ਪਹਿਲਾ ਨਿਯਮ ਹੈ, ਕੋਈ ਵੀ ਕੰਮ ਕਰਨ ਲਈ ਮਨ ਬਣਾਉਣਾ ਅਤੇ ਇਸ ਪਹਿਲੇ ਨਿਯਮ ਨੂੰ ਉਸ ਨੇ ਚਾਰ ਪੜਾਵਾਂ ਵਿੱਚ ਵੰਡਿਆ ਹੈ:

1. ਕਿਸੇ ਖ਼ਿਆਲ ਦਾ ਮਨ ਵਿੱਚ ਆਉਣਾ।
2. ਮਨ ਵਿੱਚ ਚਾਹਤ ਪੈਦਾ ਹੋਣੀ।
3. ਚਾਹਤ ਦਾ ਮਨ ਅਤੇ ਸਰੀਰ 'ਤੇ ਅਸਰ ਹੋਣਾ।
4. ਹੋਏ ਅਸਰ ਦਾ ਇਨਾਮ ਮਿਲਣਾ।

ਕੋਈ ਵੀ ਚੰਗਾ ਜਾਂ ਮਾੜਾ ਕੰਮ ਕਰਨ ਲਈ ਸਭ ਤੋਂ ਪਹਿਲਾਂ ਇਸਦਾ ਖ਼ਿਆਲ ਸਾਡੇ ਮਨ (ਦਿਮਾਗ਼) ਵਿੱਚ ਆਉਂਦਾ ਹੈ ਕਿ ਮੈਂ ਇਹ ਕੰਮ ਕਰਨਾ ਹੈ। ਆਮ ਪ੍ਰਚੱਲਤ ਭਾਸ਼ਾ ਵਿੱਚ ਇਸ ਨੂੰ 'ਫੁਰਨਾ' ਵੀ ਕਿਹਾ ਜਾ ਸਕਦਾ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸਦਾ ਸਮਾਨੰਤਰ ਸ਼ਬਦ 'ਕਿਊ' ਹੈ ਜਿਸ ਨੂੰ ਵਿਗਿਆਨਕ ਭਾਸ਼ਾ ਵਿੱਚ 'ਸਟਿਮੂਲੱਸ' ਕਿਹਾ ਜਾਂਦਾ ਹੈ ਅਤੇ ਮਨੋਵਿਗਿਆਨਕ ਭਾਸ਼ਾ ਵਿੱਚ 'ਉਤਸ਼ਾਹੀ-ਇਸ਼ਾਰੇ' ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਸਾਡਾ ਦਿਮਾਗ਼ ਸੋਚਾਂ ਦੀ ਮਸ਼ੀਨ ਹੈ। ਇਸ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਸੋਚਾਂ ਜਨਮ ਲੈਂਦੀਆਂ ਹਨ। ਰਾਤ ਨੂੰ ਸੁੱਤੇ ਪਿਆਂ ਵੀ ਸੁਪਨਿਆਂ ਵਿੱਚ ਅਚੇਤ ਮਨ ਵਿੱਚ ਘੁੰਮਦੀਆਂ ਰਹਿੰਦੀਆਂ ਹਨ। ਇਸ ਖ਼ਿਆਲ ਦਾ ਚਾਹਤ ਵਿੱਚ ਬਦਲਣਾ ਸਾਡੇ ਦਿਮਾਗ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਚੱਲ ਰਹੇ ਵੱਖ-ਵੱਖ ਹਾਰਮੋਨਾਂ ਅਤੇ ਰਸਾਇਣ-ਪਦਾਰਥਾਂ ਦੇ ਕਾਰਨ ਹੈ।

ਦੂਸਰੇ ਨਿਯਮ ਵਿੱਚ ਜੇਮਜ਼ ਕਲੀਅਰ ਵੱਲੋਂ ਚੰਗੀਆਂ ਆਦਤਾਂ ਨੂੰ ਦਿਲਕਸ਼ ਭਾਵ ਮਨ-ਭਾਉਂਦੀਆਂ ਬਣਾਉਣ ਅਤੇ ਮਾੜੀਆਂ ਆਦਤਾਂ ਨੂੰ ਨਫ਼ਰਤਯੋਗ ਬਣਾਉਣ ਦੀ ਗੱਲ ਕੀਤੀ ਗਈ ਹੈ। ਆਦਤ ਜਿੰਨੀ ਮਨ-ਭਾਉਂਦੀ ਹੋਵੇਗੀ, ਉਸ ਨੂੰ ਅਪਨਾਉਣ ਵਿੱਚ ਉਨਾ ਹੀ ਘੱਟ ਸਮਾਂ ਲੱਗੇਗਾ। ਮਾੜੀ ਆਦਤ ਛੱਡਣ ਲਈ ਇਸਦਾ ਉਨਾ ਹੀ ਨਫ਼ਰਤਯੋਗ ਹੋਣਾ ਜ਼ਰੂਰੀ ਹੈ। ਸਾਡੇ ਦਿਮਾਗ਼ ਵਿੱਚ ਖ਼ਾਸ ਕਿਸਮ ਦੇ ਰਸਾਇਣ 'ਡੋਪਾਮੀਨ' ਦੀ ਵੱਧ ਜਾਂ ਘੱਟ ਮਾਤਰਾ ਦਾ ਰਿਸਣਾ ਇਨ੍ਹਾਂ ਆਦਤਾਂ ਦੇ ਜਲਦੀ ਜਾਂ ਦੇਰੀ ਨਾਲ ਅਪਨਾਉਣ ਜਾਂ ਛੱਡਣ ਵਿੱਚ ਆਪਣਾ ਭਰਪੂਰ ਯੋਗਦਾਨ ਪਾਉਂਦਾ ਹੈ।

ਆਦਤਾਂ ਨੂੰ ਬਦਲਣ ਵਿੱਚ ਪਰਿਵਾਰ ਦਾ ਵੀ ਵੱਡਾ ਯੋਗਦਾਨ ਹੈ। ਇਸ ਦੁਨੀਆਂ ਦੇ ਛੋਟੇ ਜਿਹੇ ਦੇਸ਼ ਹੰਗਰੀ ਦੇ ਇੱਕ ਵੱਡੇ ਵਿਦਵਾਨ ਲੈਜ਼ਲੋ ਪੋਲਗਰ ਦਾ ਕਹਿਣਾ ਹੈ, 'ਕੋਈ ਵੀ ਵਿਦਵਾਨ ਉਸ ਦੇ ਜਨਮ ਤੋਂ ਨਹੀਂ ਹੁੰਦਾ, ਪ੍ਰੰਤੂ ਇੰਝ ਦਾ ਉਸ ਨੂੰ ਪੜ੍ਹਾ-ਲਿਖਾ ਕੇ ਅਤੇ ਸਿਖਲਾਈ ਦੇ ਕੇ ਬਣਾਇਆ ਜਾਂਦਾ ਹੈ। (**A genius is not born, but is educated and trained**) ... ਤੇ ਇਸ ਸਾਰੇ ਕੁਝ ਵਿੱਚ ਉਸ ਦੇ ਪਰਿਵਾਰ ਦੀ ਬੜੀ ਵੱਡੀ ਭੂਮਿਕਾ ਹੁੰਦੀ ਹੈ ਜਿੱਥੇ ਉਸ ਦੀ ਪੜ੍ਹਾਈ ਦਾ ਅਤੇ ਅਗਲੇਰੀ ਲੋੜੀਂਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਿਸ ਵਾਤਾਵਰਣ ਅਤੇ ਸੱਭਿਆਚਾਰ ਵਿੱਚ ਉਹ ਵਿਚਰਦਾ ਹੈ, ਉਸ ਦਾ ਵੀ ਉਸ ਦੇ ਮਨ 'ਤੇ ਡੂੰਘਾ ਅਸਰ ਹੁੰਦਾ ਹੈ, ਕਿਉਂਕਿ ਉਹ ਸਮਾਜ ਵਿੱਚ ਰਹਿੰਦਿਆਂ ਹੋਇਆਂ ਦੋਸਤਾਂ-ਮਿੱਤਰਾਂ, ਗਵਾਂਢੀਆਂ ਅਤੇ ਆਲੇ-ਦੁਆਲੇ ਤੋਂ ਬੜਾ ਕੁਝ ਸਿੱਖਦਾ ਹੈ। ਆਸੇ-ਪਾਸੇ ਦਾ ਮਾਹੌਲ ਅਤੇ ਵਾਤਾਵਰਣ ਇਸ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਮਨੁੱਖ ਆਲੇ-ਦੁਆਲੇ ਦੀ ਸੰਗਤ ਤੋਂ ਬੜਾ ਕੁਝ ਸਿੱਖਦਾ ਹੈ। ਪੰਜਾਬੀ ਵਿੱਚ ਆਮ ਕਹਾਵਤ ਪ੍ਰਚੱਲਤ ਹੈ, 'ਜਿਹੀ ਸੰਗਤ, ਤਿਹੀ ਰੰਗਤ', ਭਾਵ ਜਿਨ੍ਹਾਂ ਲੋਕਾਂ ਨਾਲ ਮਨੁੱਖ ਦਾ ਮੇਲ-ਜੋਲ ਹੈ, ਉਸ ਦਾ ਅਸਰ ਉਸ ਮਨੁੱਖ 'ਤੇ ਜ਼ਰੂਰ ਹੁੰਦਾ ਹੈ ਅਤੇ ਇਹ ਸੰਗਤ ਚੰਗੀ ਅਤੇ ਮਾੜੀ ਦੋਹਾਂ ਤਰ੍ਹਾਂ ਦੀ ਹੀ ਹੋ ਸਕਦੀ ਹੈ। ਫਿਰ ਸੰਗਤ ਜ਼ਰੂਰੀ ਨਹੀਂ ਕਿ ਮਨੁੱਖੀ ਰੂਪ ਵਿੱਚ ਹੀ ਹੋਵੇ, ਇਹ ਆਲੇ-ਦੁਆਲੇ ਪਈਆਂ ਚੀਜ਼ਾਂ-ਵਸਤਾਂ, ਪੁਸਤਕਾਂ, ਖੇਡਣ-ਮੱਲਣ ਦੇ ਸਮਾਨ ਅਤੇ ਮਨੋਰੰਜਨ ਦੇ ਸਾਧਨਾਂ ਦੇ ਰੂਪ ਵਿੱਚ ਵੀ ਹੋ ਸਕਦੀ ਹੈ। ਵੇਖਣ ਵਿੱਚ ਆਇਆ ਹੈ ਕਿ ਚੰਗੀ ਸੰਗਤ ਨਾਲੋਂ ਮਾੜੀ ਸੰਗਤ ਦਾ ਅਸਲ ਬੜੀ ਜਲਦੀ ਹੁੰਦਾ ਅਤੇ ਇਹ ਹੁੰਦਾ ਵੀ ਵਧੇਰੇ ਤੀਬਰਤਾ ਨਾਲ ਹੈ। ਚੰਗੀਆਂ ਆਦਤਾਂ ਸਿੱਖਣ ਲਈ ਆਲੇ-ਦੁਆਲੇ ਦਾ ਮਾਹੌਲ ਖ਼ੁਸ਼ਗੁਆਰ ਹੋਣਾ ਚਾਹੀਦਾ ਹੈ, ਕਿਉਂਕਿ ਮਾੜਾ ਮਾਹੌਲ ਹਮੇਸ਼ਾ ਮਾੜੀਆਂ ਆਦਤਾਂ ਨੂੰ ਹੀ ਜਨਮ ਦਿੰਦਾ ਹੈ। ਮਨ ਵਿੱਚ ਉਪਜੀ ਕਿਸੇ ਵੀ ਚਾਹਤ ਦਾ ਸਾਡੇ ਸਰੀਰ ਉੱਤੇ ਡੂੰਘਾ ਅਸਰ ਹੁੰਦਾ ਹੈ ਅਤੇ ਉਹ ਅੱਗੋਂ ਉਸ ਚਾਹਤ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰਦਾ ਹੈ। ਮਨ ਅਤੇ ਸਰੀਰ ਉੱਪਰ ਹੋਏ ਇਸ ਅਸਰ ਦਾ ਇਨਾਮ (ਪ੍ਰਭਾਵ) ਵੀ ਉਸ ਨੂੰ ਮਿਲਣ ਦੀ ਪੂਰੀ ਸੰਭਾਵਨਾ ਬਣਦੀ ਹੈ।

ਤੀਸਰੇ ਨਿਯਮ ਵਿੱਚ ਜੇਮਜ਼ ਨੇ ਮਨੁੱਖ ਨੂੰ ਚੰਗੀਆਂ ਆਦਤਾਂ ਨੂੰ ਆਸਾਨ ਬਣਾਉਣ ਅਤੇ ਮਾੜੀਆਂ ਨੂੰ ਮੁਸ਼ਕਲ ਕਰਾਰ ਦੇਣ ਦੀ ਗੱਲ ਕੀਤੀ ਹੈ। ਇਸਦੇ ਲਈ ਉਹ ਆਪਣੀ ਮੰਜ਼ਲ ਵੱਲ ਹੌਲੀ-ਹੌਲੀ ਅੱਗੇ ਵਧਣ ਅਤੇ ਪਿੱਛੇ ਮੁੜ ਕੇ ਨਾ ਵੇਖਣ ਦੀ ਸਲਾਹ ਦਿੰਦਾ ਹੈ। ਮਨੁੱਖ ਦਾ ਕੇਂਦਰ-ਬਿੰਦੂ 'ਕਰਮ' ਹੋਣਾ ਚਾਹੀਦਾ ਹੈ, ਨਾ ਕਿ 'ਚੱਲਣ ਦੀ ਤਿਆਰੀ ਵਿੱਚ'। ਕਿਸੇ ਵੀ ਚੰਗੀ ਆਦਤ ਨੂੰ ਅਪਨਾਉਣ ਤੋਂ ਬਾਅਦ ਇਸਦੇ ਲਈ ਅਭਿਆਸ ਜ਼ਰੂਰੀ ਹੈ। ਬਾਰ-ਬਾਰ ਅਭਿਆਸ ਕਰਨ ਤੋਂ ਬਾਅਦ ਹੀ ਉਹ ਆਦਤ ਪੱਕ ਜਾਂਦੀ ਹੈ ਅਤੇ ਸਾਡੇ ਸੁਭਾਅ ਦਾ ਅੰਗ ਬਣ ਜਾਂਦੀ ਹੈ। ਮਨੁੱਖੀ ਸੁਭਾਅ ਹੈ ਕਿ ਉਹ ਥੋੜ੍ਹੀ ਜਿਹੀ ਮਿਹਨਤ ਨਾਲ ਬਹੁਤਾ ਕੁਝ ਹਾਸਲ ਕਰਨਾ ਚਾਹੁੰਦਾ ਹੈ ਅਤੇ ਇਸਦੇ ਲਈ ਉਹ 'ਛੋਟੇ-ਰਸਤੇ' ਅਪਨਾਉਂਦਾ ਹੈ। ਪਰ ਜ਼ਰੂਰੀ ਨਹੀਂ ਕਿ ਇਹ ਛੋਟੇ ਰਸਤੇ ਉਸ ਨੂੰ ਸਫ਼ਲਤਾ ਵੱਲ ਲਿਜਾਣ ਵਿੱਚ ਸਹਾਈ ਹੋਣ ਅਤੇ ਬਹੁਤੀ ਵਾਰ ਇਹ ਸਹੀ ਸਾਬਤ ਨਹੀਂ ਹੁੰਦੇ। ਆਪਣੇ ਨਿੱਜੀ ਤਜਰਬੇ ਤੋਂ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਹੌਲੀ-ਹੌਲੀ ਅੱਗੇ ਵਧ ਕੇ ਹੀ ਸਫ਼ਲਤਾ ਦੀ ਪੌੜੀ ਦੇ ਉੱਪਰਲੇ ਡੰਡੇ ਵੱਲ ਵਧਿਆ ਜਾ ਸਕਦਾ ਹੈ। ਮੈਂ ਆਪਣੀ ਸਵੇਰ ਦੀ ਸੈਰ ਦੋ ਕਿਲੋਮੀਟਰ ਤੋਂ ਸ਼ੁਰੂ ਕੀਤੀ ਅਤੇ ਕਈ ਮਹੀਨੇ ਇਹ ਦੋ ਕਿਲੋਮੀਟਰ ਹੀ ਚੱਲਦੀ ਰਹੀ। ਫਿਰ ਆਪਣੇ ਮਨ ਨਾਲ ਫ਼ੈਸਲਾ ਕਰਕੇ ਮੈਂ ਇਸ ਨੂੰ ਪਹਿਲਾਂ ਚਾਰ ਅਤੇ ਫਿਰ ਪੰਜ ਕਿਲੋਮੀਟਰ ਤਕ ਵਧਾਇਆ।

ਬਾਕੀ ਸਫ਼ਾ 31 'ਤੇ

# ਕੁਦਰਤ ਦੀ ਬਖਸ਼ੀ ਹੋਈ ਅਨਮੋਲ ਜ਼ਿੰਦਗੀ ਦੀ ਸੰਭਾਲ

**ਸਿੱਕੀ ਝੱਜੀ ਪਿੰਡ ਵਾਲਾ (ਇਟਲੀ)**

ਕੁਦਰਤ ਦੀ ਬਖਸ਼ੀ ਹੋਈ ਅਨਮੋਲ ਜ਼ਿੰਦਗੀ ਜਦੋਂ ਵੀ ਸਿੱਧੇ ਰਸਤੇ ਉੱਤੇ ਪੈਂਦੀ ਹੈ, ਤਦ ਉਸ ਦੀ ਸਿਹਤ ਵੀ ਚੰਗੀ ਰਹਿੰਦੀ ਹੈ ਕਹਿਣ ਤੋਂ ਭਾਵ, ਸੱਚ ਦੇ ਰਸਤੇ ਉੱਤੇ ਚੱਲਿਆ ਮਨੁੱਖ ਚਿੰਤਾਮੁਕਤ ਹੁੰਦਾ ਹੈ, ਕਿਉਂਕਿ ਉਸ ਦਾ ਭਰੋਸਾ ਉਸ ਅਕਾਲ ਪੁਰਖ ਉੱਤੇ ਐਨਾ ਪ੍ਰਪੱਕ ਹੁੰਦਾ ਹੈ, ਕਿ ਆਉਣ ਵਾਲੀਆਂ ਮੁਸ਼ਕਲਾਂ ਵੀ ਉਸ ਤੋਂ ਰਸਤਾ ਮੋੜ ਲੈਂਦੀਆਂ ਹਨ, ਇਸੇ ਲਈ ਜਦੋਂ ਮਨੁੱਖ ਚਿੰਤਾਮੁਕਤ ਹੁੰਦਾ ਹੈ ਤਾਂ ਉਸ ਦੀ ਸਰੀਰਕ ਸਿਹਤ ਵੀ ਚੰਗੀ ਹੁੰਦੀ ਹੈ ਅਤੇ ਮਾਨਸਿਕ ਤੇ ਸੋਚਣ ਸ਼ਕਤੀ ਦੂਜਿਆਂ ਤੋਂ ਵਧੇਰੇ ਹੁੰਦੀ ਹੈ। ਅਜਿਹਾ ਚੰਗਾ ਸਿਹਤਮੰਦ ਵਿਅਕਤੀ ਤੰਦਰੁਸਤ ਜੀਵਨ ਬਤੀਤ ਕਰਨ ਦੇ ਨਾਲ ਲੰਮੀ ਉਮਰ ਭੋਗਦਾ ਹੈ। ਪ੍ਰਮਾਤਮਾ ਦੇ ਬਖਸ਼ੇ ਸਰੀਰ ਨੂੰ ਸਾਂਭਣਾ ਸਾਡਾ ਆਪਣਾ ਫਰਜ਼ ਹੈ। ਸਮੇਂ ਸਮੇਂ ਆਉਂਦੇ ਬਦਲਾਅ ਨੇ ਆਮ ਜ਼ਿੰਦਗੀ 'ਤੇ ਵੀ ਆਪਣਾ ਡੂੰਘਾ ਪ੍ਰਭਾਵ ਪਾਇਆ ਹੈ। ਜਿਸਦਾ ਅਸਰ ਸਿੱਧਾ ਸਾਡੇ ਸਰੀਰ 'ਤੇ ਪੈਂਦਾ ਹੈ। ਤਾਜ਼ਾ ਅਤੇ ਪ੍ਰੋਟੀਨ ਖਾਣਾ ਚੰਗੀ ਸਿਹਤ ਲਈ ਬਹੁਤ ਲਾਹੇਵੰਦ ਹੈ। ਰੋਜ਼ਾਨਾ ਤੜਕਸਾਰ ਉੱਠ ਕੇ ਅੰਮ੍ਰਿਤ ਬਾਣੀ ਨਾਲ ਜੁੜਦਾ ਹੈ ਉਸ ਤੋਂ ਬਾਅਦ ਰੋਜ਼ਾਨਾ ਦੀ ਜ਼ਿੰਦਗੀ ਨਾਲ ਦਸਤ ਪੰਜਾ ਲੈਂਦਾ ਹੋਇਆ ਵੀ ਫੁੱਲ ਵਾਂਗ ਖਿੜਿਆ ਰਹਿੰਦਾ ਹੈ।

ਅਧਿਆਤਮਿਕ ਪੱਖ ਤੋਂ ਬਾਅਦ ਜੇਕਰ ਦੁਨਿਆਵੀ ਪੱਖ ਵਿੱਚ ਸਿਹਤ ਦੀ ਗੱਲ ਕੀਤੀ ਜਾਵੇ ਤਾਂ ਮਨੁੱਖੀ ਜੀਵਨ ਵਿੱਚ ਸਵੇਰ ਦੀ ਸੈਰ ਅਤੇ ਕਸਰਤ ਵੀ ਸਰੀਰ ਨੂੰ ਦਿਨੋਂ ਦਿਨ ਤਰੋਤਾਜ਼ਾ ਰੱਖਦੀ ਹੈ ਅਤੇ ਉਸ ਦੇ ਨਾਲ ਖਾਣਾ ਵੀ ਸੌਖੇ ਢੰਗ ਨਾਲ ਪਚਦਾ ਹੈ ਜੋ ਕਿ ਬੇਹੱਦ ਜਰੂਰੀ ਹੈ। ਕੋਸ਼ਿਸ਼ ਕਰੋ ਕਿ ਤਲਿਆ ਹੋਇਆ ਭੋਜਨ ਨਾ ਖਾਧਾ ਜਾਵੇ ਜੋ ਕਿ ਮੋਟਾਪੇ ਦੇ ਨਾਲ ਬਿਮਾਰੀਆਂ ਨੂੰ ਵੀ ਸੱਦਾ ਦਿੰਦਾ ਹੈ। ਤਾਜਾ ਮੌਸਮੀ ਫਲ ਅਤੇ ਹਰੀਆਂ ਸਬਜੀਆਂ ਹੀ ਖਾਣੀਆਂ ਚਾਹੀਦੀਆਂ ਹਨ। ਬਜਾਰਾਂ ਵਿਚ ਵਿਕਦੇ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਤੋਂ ਵੀ ਪ੍ਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਮਸਾਲੇਦਾਰ ਖਾਣਾ ਜਿਸਨੂੰ ਪਚਾਉਣਾ ਔਖਾ ਹੁੰਦਾ ਹੈ ਜੋ ਕਿ ਸਿਹਤ ਲਈ ਹਾਨੀਕਾਰਕ ਵੀ ਹੈ। ਇਹ ਗੱਲ ਤਾਂ ਸਭ ਜਾਣਦੇ ਹਨ ਕਿ ਸਰੀਰ ਇੱਕ ਕਿਰਾਏ ਦੇ ਮਕਾਨ ਦੇ



ਵਾਂਗਰਾ ਹੈ ਪਰ ਇਸ ਦੀ ਕਿਸ ਤਰ੍ਹਾਂ ਸੰਭਾਲ ਕਰਨੀ ਸਾਡੇ ਆਪਣੇ ਤੇ ਨਿਰਭਰ ਕਰਦਾ ਹੈ।

ਹੱਥੀਂ ਮਿਹਨਤ ਕਰਦੇ ਕਿਰਤੀ ਕਾਮਿਆਂ ਦੀ ਜਿੱਥੇ ਇੱਕ ਤਰ੍ਹਾਂ ਕਸਰਤ ਹੁੰਦੀ ਰਹਿੰਦੀ ਹੈ ਉਥੇ ਹੀ ਮਸ਼ੀਨੀ ਯੁੱਗ ਨੇ ਇਨਸਾਨ ਨੂੰ ਸਰੀਰਕ ਤੌਰ 'ਤੇ ਕਮਜ਼ੋਰ ਕਰਕੇ ਰੱਖ ਦਿੱਤਾ ਹੈ। ਮੋਬਾਇਲ ਅਤੇ ਕੰਪਿਊਟਰ ਦੀ ਵਰਤੋਂ ਬਿਨਾਂ ਲੋੜ ਤੋਂ ਨਹੀਂ ਕਰਨੀ ਚਾਹੀਦੀ। ਜ਼ਿਆਦਾ ਦੇਰ ਮੋਬਾਇਲ ਵੇਖਣ ਨਾਲ ਵੀ ਸਾਡੀਆਂ ਅੱਖਾਂ 'ਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਰੋਜ਼ਾਨਾ ਸਾਈਕਲ ਚਲਾਉਣਾ ਵੀ ਇੱਕ ਚੰਗੇ ਸਿਹਤਮੰਦ ਵਿਅਕਤੀ ਲਈ ਬਹੁਤ ਹੀ ਚੰਗਾ ਸਿੱਧ ਹੁੰਦਾ ਹੈ ਜਿਸ ਨਾਲ ਗੋਡਿਆਂ ਦੀ ਕਸਰਤ ਹੁੰਦੀ ਰਹਿੰਦੀ ਹੈ। ਮਾਨਸਿਕ ਤੌਰ 'ਤੇ ਵੀ ਆਪਣੇ ਆਪ ਨੂੰ ਤੰਦਰੁਸਤ ਰੱਖਣਾ ਬਹੁਤ ਜ਼ਰੂਰੀ ਹੈ। ਤਣਾਅ ਨਾਲ ਭਰੀ ਜ਼ਿੰਦਗੀ ਬਹੁਤੀ ਲੰਮੀ ਨਹੀਂ ਹੁੰਦੀ। ਹੱਥਾਂ ਨੂੰ ਵਾਰ ਵਾਰ ਧੋਣਾ ਚਾਹੀਦਾ ਹੈ ਤਾਂ ਕਿ ਖਾਣਾ ਖਾਣ ਵੇਲੇ ਗੰਦਗੀ ਸਾਡੇ ਸਰੀਰ ਅੰਦਰ ਨਾ ਜਾਵੇ। ਕੁਦਰਤ ਦੀ ਇਸ ਅਨਮੋਲ ਦਾਤ ਨੂੰ ਅਸੀਂ ਆਪਣੇ ਆਪ ਹੀ ਸੁਚੱਜੇ ਢੰਗ ਨਾਲ ਤੰਦਰੁਸਤ ਰੱਖ ਕੇ ਇਕ ਖੁਸ਼ੀ ਭਰਪੂਰ ਜੀਵਨ ਬਤੀਤ ਕਰ ਸਕਦੇ ਹਾਂ। ਆਓ ਉਪਰੋਕਤ ਗੱਲਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਕੇ ਇੱਕ ਚੰਗਾ ਤੇ ਤੰਦਰੁਸਤ ਜੀਵਨ ਬਤੀਤ ਕਰੀਏ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਮੋਦੀ ਸਰਕਾਰ ਦੀਆਂ ਕਾਰਪੋਰੇਟ ਨੀਤੀਆਂ ਤੇ ਜਨਤਕ ਇਕਾਈਆਂ ਦਾ ਨਿੱਜੀਕਰਨ ਭਾਰਤੀ ਰਾਜਨੀਤੀ

### ਰਾਜੀਵ ਖੋਸਲਾ

ਇਤਿਹਾਸ ਗਵਾਹ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਹੀ ਉਸ ਸਮੇਂ ਦੇ ਮੁੱਖ ਸਨਅਤਕਾਰਾਂ (ਜੇਆਰਡੀ ਟਾਟਾ, ਜੀਡੀ ਬਿਰਲਾ, ਲਾਲਾ ਸ੍ਰੀ ਰਾਮ, ਜੌਨ ਮਥਾਈ ਆਦਿ) ਨੇ 1944 ਦੇ 'ਬੰਬੇ ਪਲੈਨ' ਤਹਿਤ ਇਹ ਐਲਾਨ ਕਰ ਦਿੱਤਾ ਸੀ ਕਿ ਆਜ਼ਾਦ ਭਾਰਤ ਵਿਚ ਆਰਥਿਕ ਵਿਕਾਸ ਦਰ ਵਧਾਉਣ ਲਈ ਅਤੇ ਅਜਿਹੇ ਪ੍ਰਾਜੈਕਟਾਂ ਜਿਨਾਂ ਨੂੰ ਕਾਰਜਸ਼ੀਲ ਹੋਣ ਵਿਚ ਲੰਮਾ ਸਮਾਂ ਲੱਗਦਾ ਹੈ, ਸਰਕਾਰੀ ਨਿਵੇਸ਼ ਹੀ ਕੀਤਾ ਜਾਵੇਗਾ। ਇਸ ਦਾ ਮੁੱਖ ਕਾਰਨ ਉਨਾਂ ਨੇ ਆਪਣੇ ਕੋਲ ਪੂੰਜੀ ਦੀ ਘਾਟ ਦੱਸੀ। ਭਾਰਤੀ ਉਦਯੋਗਾਂ ਨੂੰ ਬਚਾਉਣ ਲਈ ਉਨਾਂ ਨੇ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ ਭਾਰੀ ਟੈਕਸ ਲਗਾਉਣ ਦੀ ਵੱਖਰੀ ਸਿਫਾਰਸ਼ ਕੀਤੀ। ਭਾਰਤੀ ਰਾਜਨੀਤਕ ਲੀਡਰਾਂ ਨੇ ਆਜ਼ਾਦੀ ਤੋਂ ਬਾਅਦ ਪ੍ਰਾਈਵੇਟ ਅਤੇ ਜਨਤਕ ਖੇਤਰ, ਦੋਹਾਂ ਵਿਚ ਚੱਲਣ ਵਾਲਾ ਮਿਸ਼ਰਤ ਅਰਥਚਾਰੇ ਵਾਲਾ ਮਾਡਲ ਅਪਣਾਇਆ ਅਤੇ ਸਰਵ ਵਿਆਪਕ ਵਿਕਾਸ ਲਈ ਜਨਤਕ ਖੇਤਰ ਨੂੰ ਆਰਥਿਕ ਤਰੱਕੀ ਲਈ ਮੋਹਰੀ ਬਣਾਇਆ। ਵਸਤੂਆਂ ਅਤੇ ਸੇਵਾਵਾਂ ਸਸਤੇ ਰੱਖਣ, ਅਸਮਾਨਤਾਵਾਂ ਘਟਾਉਣ, ਕੁਸ਼ਲਤਾ ਵਿਚ ਸੁਧਾਰ ਲਿਆਉਣ, ਲੋੜੀਂਦੀ ਵਿੱਤ ਮੁਹੱਈਆ ਕਰਨ ਅਤੇ ਜਨਤਾ ਦੀ ਸੇਵਾ ਲਈ ਸਰਕਾਰ ਨੇ ਵੱਖ ਵੱਖ ਖੇਤਰਾਂ ਦਾ ਸਮੇਂ ਸਮੇਂ 'ਤੇ ਰਾਸ਼ਟਰੀਕਰਨ ਦਾ ਫੈਸਲਾ ਵੀ ਕੀਤਾ।

ਸਭ ਤੋਂ ਪਹਿਲਾਂ 28 ਮਈ 1953 ਨੂੰ ਏਅਰ ਕਾਰਪੋਰੇਸ਼ਨਜ਼ ਐਕਟ ਤਹਿਤ ਭਾਰਤੀ ਸੰਸਦ ਨੇ 9 ਏਅਰਲਾਈਨਾਂ ਦਾ ਰਾਸ਼ਟਰੀਕਰਨ ਕਰਕੇ ਕੇਵਲ 2 ਏਅਰਲਾਈਨਾਂ ਇੰਡੀਅਨ ਏਅਰ ਲਾਈਨਜ਼ ਅਤੇ ਏਅਰ ਇੰਡੀਆ ਇੰਟਰਨੈਸ਼ਨਲ ਬਣਾਈਆਂ। 19 ਜੂਨ 1956 ਨੂੰ ਉਸ ਵੇਲੇ ਦੀ ਸਰਕਾਰ ਨੇ ਜੀਵਨ ਬੀਮਾ ਨਿਗਮ (ਐੱਲਆਈਸੀ) ਐਕਟ ਬਣਾਇਆ ਜਿਸ ਤਹਿਤ ਸਰਕਾਰ ਨੇ 154 ਭਾਰਤੀ ਬੀਮਾਕਰਤਾਵਾਂ, 16 ਗੈਰ-ਭਾਰਤੀ ਬੀਮਾਕਰਤਾਵਾਂ ਅਤੇ 75 ਪ੍ਰਾਵੀਡੈਂਟ ਸੁਸਾਇਟੀਆਂ ਦਾ ਰਾਸ਼ਟਰੀਕਰਨ ਕਰਕੇ ਪਹਿਲੀ ਸਤੰਬਰ 1956 ਨੂੰ ਹੋਂਦ ਵਿਚ ਆਈ ਸਰਕਾਰੀ ਇਕਾਈ ਐੱਲਆਈਸੀ ਹੇਠ ਲਿਆਂਦਾ। ਇਸ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਨੇ 19 ਜੁਲਾਈ 1969 ਨੂੰ 14 ਬੈਂਕਾਂ ਦੇ ਰਾਸ਼ਟਰੀਕਰਨ ਦਾ ਫੈਸਲਾ ਕੀਤਾ ਜਿਨਾਂ ਵਿਚ ਉਸ ਵੇਲੇ ਦੀ ਕੁਲ ਜਮਾਂ ਰਕਮ ਦਾ 85 ਫ਼ੀਸਦ ਹਿੱਸਾ ਰੱਖਿਆ ਸੀ। 1980 ਵਿਚ ਮੁੜ 6 ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ। 1971 ਤੋਂ 1975 ਤੱਕ ਸੰਸਦ ਦੁਆਰਾ ਬਣਾਏ ਚਾਰ ਵੱਖ ਵੱਖ ਐਕਟਾਂ ਦੁਆਰਾ ਕੋਲਾ ਖਾਣਾਂ ਦਾ ਰਾਸ਼ਟਰੀਕਰਨ ਕੀਤਾ ਗਿਆ ਜਿਸ ਤਹਿਤ 937 ਖਾਣਾਂ, 226 ਕੋਕਿੰਗ (ਪੱਥਰ) ਕੋਲਾ ਖਾਣਾਂ ਅਤੇ 711 ਨਾਨ-ਕੋਕਿੰਗ ਕੋਲਾ ਖਾਣਾਂ ਨੂੰ ਸਰਕਾਰ ਨੇ ਆਪਣੇ ਕੰਟਰੋਲ ਵਿਚ ਲਿਆ। 20 ਸਤੰਬਰ 1972 ਨੂੰ ਸੰਸਦ ਨੇ ਬੀਮਾ ਕਾਰੋਬਾਰ ਦੀਆਂ 107 ਕੰਪਨੀਆਂ ਦਾ ਰਾਸ਼ਟਰੀਕਰਨ ਕੀਤਾ ਅਤੇ ਇਨਾਂ ਕੰਪਨੀਆਂ ਨੂੰ ਚਾਰ ਵੱਖਰੀਆਂ ਕੰਪਨੀਆਂ-ਨੈਸ਼ਨਲ ਇੰਸ਼ੋਰੈਂਸ ਕੰਪਨੀ ਲਿਮਟਿਡ, ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਟਿਡ, ਨਿਊ ਇੰਡੀਆ ਇੰਸ਼ੋਰੈਂਸ ਕੰਪਨੀ ਅਤੇ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ ਵਿਚ ਸ਼ਾਮਲ ਕੀਤਾ। ਇਨਾਂ ਮੁੱਖ ਖੇਤਰਾਂ ਤੋਂ ਪਰੇ ਵੀ 1980ਵਿਆਂ ਤੱਕ ਰਾਸ਼ਟਰੀਕਰਨ ਦਾ ਇਹ ਦੌਰ ਚਲਦਾ ਰਿਹਾ ਹੈ। 1991 ਦੇ ਉਦਾਰੀਕਰਨ ਤੋਂ ਪਹਿਲਾਂ ਦੀਆਂ ਲਗਭਗ ਸਾਰੀਆਂ ਸਰਕਾਰਾਂ ਜਨਤਕ ਖੇਤਰ ਦੇ ਦਬਦਬੇ ਅਤੇ ਆਰਥਿਕ ਸਵੈ-ਨਿਰਭਰਤਾ ਦੇ ਬੁਨਿਆਦੀ ਸਿਧਾਂਤਾਂ ਤੇ ਕੇਂਦ੍ਰਿਤ ਰਹੀਆਂ ਹਨ।

1991 ਤੋਂ ਬਾਅਦ ਆਈਆਂ ਸਰਕਾਰਾਂ ਨੇ ਕਦੇ ਉਦਾਰੀਕਰਨ, ਕਦੇ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਅਤੇ ਕਦੇ ਵਿੱਤੀ ਘਾਟੇ ਦੀ ਪੂਰਤੀ ਵਿਚ ਸਹਾਇਤਾ ਦੀ ਦਲੀਲ ਦੇ ਕੇ, ਜਨਤਕ ਇਕਾਈਆਂ ਦੀ ਵਿਕਰੀ ਦੀ ਲੜੀ ਸ਼ੁਰੂ ਕੀਤੀ। 1991 ਤੋਂ 1998 ਤੱਕ ਕਾਂਗਰਸ ਜਾਂ ਸੰਯੁਕਤ ਮੋਰਚੇ ਦੀਆਂ ਸਰਕਾਰਾਂ ਨੇ ਜਨਤਕ ਇਕਾਈਆਂ ਦੇ ਕੁਝ ਹਿੱਸੇ ਹੀ ਵੇਚੇ ਸਨ। ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ (1999 ਵਿਚ) ਅਪਨਿਵੇਸ਼ ਵੱਲ ਵੱਡੇ ਕਦਮ ਚੁੱਕੇ। ਬੀਜੇਪੀ ਸਰਕਾਰ ਨੇ ਭਾਰਤ ਐਲੂਮੀਨੀਅਮ ਕੰਪਨੀ (ਬਾਲਕੋ), ਹਿੰਦੁਸਤਾਨ ਜਿੰਕ, ਵੀਐੱਸਐੱਨਐੱਲ ਅਤੇ ਇੰਡੀਅਨ ਪੈਟਰੋ ਕੈਮੀਕਲ ਕਾਰਪੋਰੇਸ਼ਨ ਲਿਮਿਟਡ ਵਿਚ ਵੱਡੇ ਪੱਧਰ ਤੇ ਅਪਨਿਵੇਸ਼ ਕੀਤਾ। ਅੰਕੜੇ ਦਰਸਾਉਂਦੇ ਹਨ ਕਿ ਗੈਰ-ਭਾਜਪਾ ਸਰਕਾਰਾਂ ਦੀ ਬਜਾਏ, ਭਾਜਪਾ ਸਰਕਾਰਾਂ ਦੇ ਸ਼ਾਸਨ ਦੌਰਾਨ ਅਪਨਿਵੇਸ਼ ਦਾ ਵੇਗ ਤੇਜ਼ ਰਿਹਾ ਹੈ। 1991 ਤੋਂ ਲੈ ਕੇ ਹੁਣ ਤਕ ਕੁਲ ਅਪਨਿਵੇਸ਼ ਤੋਂ ਪ੍ਰਾਪਤੀਆਂ ਰਹੀਆਂ ਹਨ 507346.84 ਕਰੋੜ ਰੁਪਏ ਜਿਸ ਵਿਚੋਂ 381950.69 ਕਰੋੜ ਰੁਪਏ (75%) ਭਾਜਪਾ ਦੇ ਸ਼ਾਸਨ ਦੌਰਾਨ ਪ੍ਰਾਪਤ ਹੋਏ ਹਨ। ਜੇਕਰ ਮੋਦੀ ਸਰਕਾਰ ਦੇ ਸ਼ਾਸਨ ਦੀ ਗੱਲ ਕਰੀਏ ਤਾਂ 2014 ਤੋਂ ਲੈ ਕੇ ਹੁਣ ਤੱਕ ਸਰਕਾਰ ਕੋਲ ਅਪਨਿਵੇਸ਼ ਤੋਂ ਪ੍ਰਾਪਤੀਆਂ ਰਹੀਆਂ ਹਨ 348294.96 ਕਰੋੜ ਜੋ ਰਿਕਾਰਡ ਹੈ। ਹੁਣ ਤਾਂ ਅਪਨਿਵੇਸ਼ ਤੋਂ ਵੀ ਅੱਗੇ ਵੱਧ ਕੇ 'ਸੌਗੰਧ ਮੁਝੇ ਇਸ ਮਿੱਟੀ ਕੀ, ਮੈਂ ਦੇਸ਼ ਨਹੀਂ ਮਿਟਨੇ ਦੂੰਗਾ, ਮੈਂ ਦੇਸ਼ ਨਹੀਂ ਰੁਕਨੇ ਦੂੰਗਾ, ਮੈਂ ਦੇਸ਼ ਨਹੀਂ ਝੁਕਨੇ ਦੂੰਗਾ' ਦਾ ਨਾਅਰਾ ਲਾਉਣ ਵਾਲੇ 4 ਰਾਜਨੀਤਕ ਖੇਤਰਾਂ ਨੂੰ ਛੱਡ ਕੇ ਸਾਰੇ ਖੇਤਰਾਂ ਦੀਆਂ ਜਨਤਕ ਇਕਾਈਆਂ ਦੇ ਨਿੱਜੀਕਰਨ ਕਰਨ ਦੀ ਯੋਜਨਾ ਦੱਸ ਰਹੇ ਹਨ।

ਨਿੱਜੀਕਰਨ ਦੀ ਇਸ ਹਨੇਰੀ ਦਰਮਿਆਨ, ਬੈਂਕਾਂ ਦੇ ਨਿੱਜੀਕਰਨ ਵਾਲੀ ਪ੍ਰਕਿਰਿਆ ਬਹੁਤ ਘਾਤਕ ਹੈ ਤੇ ਇਸ ਵਿਲੱਖਣ ਮਾਡਲ ਅਤੇ ਇਸ ਦੇ ਨਤੀਜਿਆਂ ਨੂੰ ਡੂੰਘਾਈ ਵਿਚ ਸਮਝਣ ਦੀ ਬਹੁਤ ਜ਼ਿਆਦਾ ਲੋੜ ਹੈ। ਇੱਕੋ ਝਟਕੇ ਵਿਚ ਬੈਂਕਾਂ ਦੇ ਨਿੱਜੀਕਰਨ ਦੀ ਬਜਾਏ ਸਰਕਾਰ ਦਿਨ ਪ੍ਰਤੀ ਦਿਨ ਬੈਂਕਾਂ ਨੂੰ ਨਿੱਜੀਕਰਨ ਦੇ ਨੇੜੇ ਲਿਜਾ ਰਹੀ ਹੈ ਜਾਂ ਅਜਿਹੇ ਹਾਲਾਤ ਬਣਾਏ ਜਾ ਰਹੇ ਹਨ ਤਾਂ ਜੋ ਨਿੱਜੀਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਹੀ ਨਜ਼ਰ ਨਾ ਆਵੇ।

ਪਹਿਲਾਂ ਤਾਂ ਪਿਛਲੇ ਸਾਲ ਨਵੰਬਰ ਮਹੀਨੇ ਭਾਰਤੀ ਰਿਜ਼ਰਵ ਬੈਂਕ ਦੇ ਬਣਾਏ ਅੰਦਰੂਨੀ ਕੰਮਕਾਜ਼ੀ ਸਮੂਹ (ਆਈਡਬਲਿਊਜੀ) ਨੇ ਸਿਫਾਰਸ਼ ਕੀਤੀ ਕਿ ਬੈਂਕਿੰਗ ਰੈਗੂਲੇਸ਼ਨਜ਼ ਐਕਟ ਵਿਚ ਲੋੜੀਂਦੀਆਂ ਸੋਧਾਂ ਮਗਰੋਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਪ੍ਰਾਈਵੇਟ ਬੈਂਕਾਂ ਨੂੰ ਪ੍ਰੋਮੋਟ ਕਰਨ ਦੀ ਆਗਿਆ ਦਿੱਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਗੈਰ-ਬੈਂਕ ਵਿੱਤੀ ਕੰਪਨੀਆਂ ਜਿਵੇਂ ਟਾਟਾ ਕੈਪੀਟਲ, ਅਦਿਤਿਯ ਬਿਰਲਾ ਕੈਪੀਟਲ, ਮੁਥੂਟ ਫਾਇਨਾਂਸ ਆਦਿ ਜਿਨਾਂ ਦੀ ਸੰਪਤੀ ੫੦,੦੦੦ ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ, ਬੈਂਕਿੰਗ ਲਾਇਸੈਂਸ ਲੈ ਸਕਣ। ਜਨਤਕ ਖੇਤਰ ਦੇ ਬੈਂਕ ਖਾਸ ਕਰ ਕੇ ਡੁੱਬੇ ਕਰਜ਼ਿਆਂ (ਐੱਨਪੀਏ) ਨਾਲ ਬੁਰੀ ਤਰਾਂ ਨਾਲ ਜੂਝ ਰਹੇ ਹਨ, ਇਸ ਲਈ ਸਰਕਾਰ ਬੈਂਕਾਂ ਦੇ ਖਾਤਿਆਂ ਨੂੰ ਸਾਫ ਸੁਥਰਾ ਰੱਖਣ ਲਈ ਬੈਡ (ਮਾੜਾ) ਬੈਂਕ ਬਣਾਉਣ ਜਾ ਰਹੀ ਹੈ ਜੋ ਬੈਂਕਾਂ ਦੇ ਮਾੜੇ ਕਰਜ਼ਿਆਂ ਨੂੰ ਸਵੀਕਾਰ ਕਰੇਗਾ। ਰਿਜ਼ਰਵ ਬੈਂਕ ਨੇ ਆਪਣੀ ਤਾਜ਼ਾ ਵਿੱਤੀ ਸਥਿਰਤਾ ਰਿਪੋਰਟ ਵਿਚ ਕਿਹਾ ਹੈ ਕਿ ਭਾਰਤ ਵਿਚ ਬੈਂਕਾਂ ਦੇ ਕੁਲ ਐੱਨਪੀਏ ਸਤੰਬਰ 2021 ਤਕ, ਸਤੰਬਰ 2020 ਦੇ ਮੁਕਾਬਲੇ 7.5% ਤੋਂ ਵਧ ਕੇ 14.8% ਹੋ ਸਕਦੇ ਹਨ। ਜਨਤਕ ਖੇਤਰ ਦੇ ਬੈਂਕਾਂ ਦੇ ਐੱਨਪੀਏ ਇਸੇ ਸਮੇਂ ਦੌਰਾਨ 9.7% ਤੋਂ ਵਧ ਕੇ 16.2% ਹੋ ਸਕਦੇ ਹਨ। ਆਮ ਤੌਰ ਤੇ, ਸੰਪਤੀ ਪੁਨਰ ਨਿਰਮਾਣ ਕੰਪਨੀਆਂ (ਮਾੜੇ ਬੈਂਕ) ਡੁੱਬਣ ਵਾਲੇ ਕਰਜਿ.ਆਂ ਦੀ ਵਿੱਤ ਸੰਸਥਾਵਾਂ ਤੋਂ ਖਰੀਦ ਕਰ ਕੇ (ਵਿੱਤ ਸੰਸਥਾਨ ਨੂੰ 15% ਨਕਦ ਅਤੇ ਬਾਕੀ 85% ਪ੍ਰਾਪਤੀਆਂ ਰਾਖਵੀਆਂ ਕਰ ਕੇ ਹੌਲੀ ਹੌਲੀ ਵੰਡਦੀਆਂ ਹਨ) ਬਰਾਮਦ ਹੋਣ ਵਾਲੀ ਰਕਮ ਅਨੁਸਾਰ ਰਿਟਰਨ ਪ੍ਰਾਪਤ ਕਰਦੀਆਂ ਹਨ। ਅਜਿਹਾ ਮਾਡਲ ਹੀ ਸਾਨੂੰ ਹੁਣ ਵੀ ਦੇਖਣ ਨੂੰ ਮਿਲੇਗਾ ਜਿੱਥੇ ਸਰਕਾਰ ਭਾਵੇਂ ਕੋਈ ਸਿੱਧੀ ਰਕਮ ਤਾਂ ਮਾੜੇ ਬੈਂਕ ਲਈ ਨਹੀਂ ਮੁਹੱਈਆ ਕਰਵਾਏਗੀ ਪਰ ਸਰਕਾਰ ਇਸ ਬੈਂਕ ਨੂੰ ਸਰਬ-ਤੰਤਰ ਗਾਰੰਟੀ ਦੇ ਸਕਦੀ ਹੈ ਜਿਹੜੀ ਨਿਯਮਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਹੋਵੇਗੀ। ਸਰਕਾਰ ਦੁਆਰਾ ਇਹ ਲਗਨ ਇਸ ਲਈ ਦਿਖਾਈ ਜਾ ਰਹੀ ਹੈ ਤਾਂ ਜੋ ਜਨਤਕ ਬੈਂਕਾਂ ਦੇ ਖਾਤਿਆਂ ਨੂੰ ਸਾਫ ਸੁਥਰਾ ਰੱਖਿਆ ਜਾ ਸਕੇ ਅਤੇ ਕੱਲ ਨੂੰ ਇਨਾਂ ਨੂੰ ਵੇਚਣ ਲੱਗੇ ਖਰੀਦਦਾਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਇਸੇ ਮੁਹਿੰਮ ਵਿਚ ਸਰਕਾਰ ਦਾ ਅਗਲਾ ਕਦਮ ਪ੍ਰਾਈਵੇਟ ਬੈਂਕਾਂ ਨੂੰ ਸਰਕਾਰ ਨਾਲ ਸਬੰਧਤ ਬੈਂਕਿੰਗ ਲੈਣ-ਦੇਣ ਦੀ ਆਗਿਆ ਨਾਲ ਜੁੜਿਆ ਹੈ। ਪ੍ਰਾਈਵੇਟ ਬੈਂਕਾਂ ਨੂੰ ਸਰਕਾਰ ਸਬੰਧਤ ਬੈਂਕਿੰਗ ਲੈਣ-ਦੇਣ ਦੀ ਮਨਾਹੀ ਦਾ ਮਤਲਬ ਹੈ ਜਨਤਕ ਬੈਂਕਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਪਹੁੰਚਾਉਣ ਤੋਂ ਬਾਅਦ ਉਨਾਂ ਦੇ ਪਹਿਲਾਂ ਤੋਂ ਅੰਜਾਮ ਦਿੱਤੇ ਜਾ ਰਹੇ ਸਰਕਾਰੀ ਲੈਣ ਦੇਣ ਦੇ ਕਾਰਜਾਂ ਦੀ ਮਨਾਹੀ ਜੋ ਅਸਲ ਵਿਚ ਸੰਭਵ ਨਹੀਂ ਹੈ। ਹੁਣ ਤੱਕ ਸਮਾਜਿਕ ਯੋਜਨਾਵਾਂ ਜਿਵੇਂ ਮਗਨਰੇਗਾ, ਪ੍ਰਧਾਨ ਮੰਤਰੀ ਕਿਸਾਨ ਯੋਜਨਾ, ਬੁਢਾਪਾ ਪੈਨਸ਼ਨਾਂ ਆਦਿ ਦੀ ਵੰਡ ਕੇਵਲ ਜਨਤਕ ਜਾਂ ਸਹਿਕਾਰੀ ਬੈਂਕਾਂ ਰਾਹੀਂ ਕੀਤੀ ਜਾਂਦੀ ਸੀ, ਹੁਣ ਪ੍ਰਾਈਵੇਟ ਬੈਂਕਾਂ ਨੂੰ ਇਹ ਸਾਰੇ ਕੰਮ ਕਰਨ ਦੀ ਆਗਿਆ ਦੇ ਕੇ, ਪ੍ਰਾਈਵੇਟ ਬੈਂਕਾਂ ਦੀਆਂ ਸ਼ਾਖਾਵਾਂ ਪੇਂਡੂ ਖੇਤਰ ਵਿਚ ਵਧਾਉਣ ਦਾ ਵੀ ਟੀਚਾ ਸਰਕਾਰ ਨੇ ਮਿੱਥ ਲਿਆ ਜਾਪਦਾ ਹੈ। ਸਰਕਾਰ ਦੇ ਸਾਰੇ ਮੰਤਰਾਲੇ ਜਾਂ ਵਿਭਾਗ ਤਨਖਾਹਾਂ, ਪੈਨਸ਼ਨਾਂ, ਟੈਕਸ ਕਟੌਤੀ ਆਦਿ ਲਈ ਕਿਸੇ ਨਾ ਕਿਸੇ ਜਨਤਕ ਬੈਂਕ ਨਾਲ ਜੁੜੇ ਹੋਏ ਹਨ ਜੋ ਜਨਤਕ ਬੈਂਕਾਂ ਦੀ ਗੀੜ ਦੀ ਹੱਡੀ ਵੀ ਮੰਨੇ ਜਾਂਦੇ ਹਨ, ਇਸ ਲਈ ਸਰਕਾਰ ਨੇ ਹੁਣ ਇਸ ਗੀੜ ਦੀ ਹੱਡੀ ਨੂੰ ਤੋੜ ਕੇ ਜਨਤਕ ਬੈਂਕਾਂ ਨੂੰ ਕਮਜ਼ੋਰ ਕਰਨ ਦੀ ਪ੍ਰਕਿਰਿਆ ਮਿੱਥੀ ਹੈ।

ਜਨਤਕ ਖੇਤਰ ਦੇ ਬੈਂਕਾਂ ਦੇ ਪ੍ਰਾਈਵੇਟ ਹੱਥਾਂ ਵਿਚ ਜਾਣ ਨਾਲ ਆਮ ਜਨਤਾ ਲਈ ਕਈ ਮਹੱਤਵਪੂਰਨ ਸਵਾਲ ਖੜੇ ਹੁੰਦੇ ਹਨ। ਕੀ ਹੁਣ ਆਮ ਲੋਕਾਂ ਨੂੰ ਵੀ ਮਹੀਨਾਵਾਰ ਔਸਤਨ ਰਕਮ ਪ੍ਰਾਈਵੇਟ ਖੇਤਰ ਦੇ ਬੈਂਕਾਂ ਵਾਂਗ ਆਪਣੇ ਬੈਂਕ ਵਿਚ ਵੱਧ ਰੱਖਣੀ ਪਵੇਗੀ ? ਕੀ ਪ੍ਰਾਈਵੇਟ ਬੈਂਕਾਂ ਦੀਆਂ ਸੇਵਾਵਾਂ ਵਾਂਗ ਹੁਣ ਪ੍ਰਾਈਵੇਟ ਹੱਥਾਂ ਵਿਚ ਗਏ ਜਨਤਕ ਬੈਂਕਾਂ ਦੀਆਂ ਸੇਵਾਵਾਂ ਵੀ ਮਹਿੰਗੀਆਂ ਹੋ ਜਾਣਗੀਆਂ ? ਕੀ ਕੱਲ ਨੂੰ ਉਧਾਰ ਦੇਣ ਲਈ ਪ੍ਰਾਈਵੇਟ ਬੈਂਕਾਂ ਕਿਸੇ ਖਾਸ ਖੇਤਰ ਨੂੰ ਤਰਜ਼ੀਹ ਦੇਣਗੀਆਂ ? ਇਹ ਕੁਝ ਅਜਿਹੇ ਸਵਾਲ ਹਨ ਜਿਨਾਂ ਦਾ ਜਵਾਬ ਦੇਣ ਤੋਂ ਸਰਕਾਰ ਜਾਂ ਸਰਕਾਰ ਦੇ ਨੁਮਾਇੰਦੇ ਕੰਨੀ ਕੱਟਦੇ ਦਿਸਦੇ ਹਨ। ਜਦੋਂ ਅਸੀਂ ਅੱਜ ਬੈਂਕਿੰਗ ਰੈਗੂਲੇਸ਼ਨ ਐਕਟ ਦੇ ਮਜ਼ਬੂਤ ਹਾਲਤ ਵਿਚ ਰਹਿੰਦੇ ਪ੍ਰਾਈਵੇਟ ਬੈਂਕਾਂ ਦੀਆਂ ਮਹਿੰਗੀਆਂ ਸੇਵਾਵਾਂ 'ਤੇ ਠੱਲ ਪਾਉਣ ਵਿਚ ਅਸਮਰਥ ਹਾਂ, ਤਾਂ ਭਵਿੱਖ ਵਿਚ ਕੀ ਹੋਵੇਗਾ, ਇਸ ਦਾ ਅਨੁਮਾਨ ਲਾਉਣਾ ਮੁਸ਼ਕਿਲ ਨਹੀਂ। ਸਰਕਾਰਾਂ ਦਾ ਅਪਨਿਵੇਸ਼ ਜਾਂ ਨਿੱਜੀਕਰਨ ਦੇ ਰਾਹ ਤੁਰਨਾ ਭਾਵੇਂ ਸਰਕਾਰ ਦੀ ਵਿੱਤੀ ਹਾਲਤ ਨੂੰ ਥੋੜੇ ਸਮੇਂ ਲਈ ਤਾਂ ਸੰਭਾਲ ਸਕਦਾ ਹੈ ਪਰ ਸਰਕਾਰ ਦਾ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਖਹਿੜਾ ਛੁਡਾਉਣਾ ਆਮ ਜਨਤਾ ਨੂੰ ਡੂੰਘਾ ਨੁਕਸਾਨ ਪਹੁੰਚਾਏਗਾ ਜਿਸ ਦੀ ਭਰਪਾਈ ਕਦੇ ਨਹੀਂ ਹੋ ਸਕਦੀ।

# ਭਾਰਤ-ਚੀਨ ਵਿਚਾਲੇ ਕੁੜੱਤਣ ਜਾਰੀ

## ਮਾਮਲਾ ਮੁੰਬਈ ਵਿਚ 12 ਅਕਤੂਬਰ ਨੂੰ ਸਾਰੇ ਬਿਜਲੀ ਗਰਿੱਡ ਇਕਦਮ ਫੇਲ ਹੋ ਜਾਣ ਦਾ



### ਡਾ. ਦਲਵਿੰਦਰ ਸਿੰਘ ਗਰੇਵਾਲ

ਮੁੰਬਈ ਵਿਚ 12 ਅਕਤੂਬਰ, 2020 ਨੂੰ ਸਾਰੇ ਬਿਜਲੀ ਗਰਿੱਡ ਇਕਦਮ ਇਕੱਠਿਆਂ ਹੀ ਫੇਲ ਹੋ ਜਾਣਾ 'ਤੇ ਇਸ ਮਹਾਂਨਗਰ ਵਿਚ ਅਚਾਨਕ ਹਰ ਕੰਮਕਾਰ ਵਿਚ ਖੜੋਤ ਆ ਜਾਣਾ ਕੋਈ ਆਮ ਗੱਲ ਨਹੀਂ ਸੀ। ਇਸ ਘਟਨਾ ਬਾਰੇ ਅਮਰੀਕਾ ਦੀ ਰਿਕਾਰਡਡ ਫਿਊਚਰ ਕੰਪਨੀ ਦਾ ਇੰਕਸ਼ਾਫ, ਨਿਊਯਾਰਕ ਟਾਈਮਜ਼ ਵਿਚ ਛਪਿਆ ਹੈ, ਜੋ ਚੀਨ ਵਲੋਂ ਛੇੜੇ ਹੋਏ ਮੱਠੇ ਯੁੱਧ ਵੱਲ ਇਸ਼ਾਰਾ ਕਰਦਾ ਹੈ, ਕਿਉਂਕਿ ਇਹ ਘਟਨਾ ਉਦੋਂ ਵਾਪਰੀ ਜਦੋਂ ਭਾਰਤ-ਚੀਨ ਦੀਆਂ ਫ਼ੌਜਾਂ ਇਕ ਦੂਜੇ ਦੇ ਸਾਹਮਣੇ ਡਟੀਆਂ ਹੋਈਆਂ ਸਨ। ਰਿਕਾਰਡਡ ਫਿਊਚਰ ਕੰਪਨੀ ਨੇ ਇਸ ਨੂੰ ਸਾਈਬਰ ਯੁੱਧ ਦਾ ਹਿੱਸਾ ਮੰਨਿਆ ਹੈ।

12 ਅਕਤੂਬਰ ਨੂੰ ਮੁੰਬਈ ਵਿਚ ਇਕ ਗਰਿੱਡ ਫੇਲ ਹੋਣ ਦੇ ਨਤੀਜੇ ਵਜੋਂ ਵੱਡੀ ਪੱਧਰ 'ਤੇ ਬਿਜਲੀ ਚਲੀ ਗਈ, ਰੇਲ ਗੱਡੀਆਂ ਨੂੰ ਟਰੈਕਾਂ 'ਤੇ ਰੋਕਣਾ ਪਿਆ। ਕੋਵਿਡ-19 ਮਹਾਂਮਾਰੀ ਦੇ ਵਿਚਕਾਰ ਘਰਾਂ ਤੋਂ ਕੰਮ ਕਰਨ ਵਾਲਿਆਂ ਦੇ ਕੰਮ ਵਿਚ ਰੁਕਾਵਟ ਪਈ ਅਤੇ ਆਰਥਿਕ ਸਰਗਰਮੀਆਂ 'ਤੇ ਵੀ ਅਸਰ ਪਿਆ। ਜ਼ਰੂਰੀ ਸੇਵਾਵਾਂ ਲਈ ਬਿਜਲੀ ਸਪਲਾਈ ਮੁੜ ਚਾਲੂ ਹੋਣ ਵਿਚ ਦੋ ਘੰਟੇ ਲੱਗੇ। ਵਨ ਬੈਲਟ-ਵਨ ਰੋਡ ਪ੍ਰੋਜੈਕਟ, ਦੁਨੀਆ ਦੇ ਰਣਨੀਤਕ ਮਹੱਤਵ ਵਾਲੇ ਥਾਵਾਂ 'ਤੇ ਆਪਣੇ ਅੱਡੇ ਬਣਾਉਣੇ, ਜ਼ਮੀਨ ਆਪਣੇ ਕਬਜ਼ੇ ਵਿਚ ਕਰਨ ਲਈ 'ਸਲਾਮੀ ਸਲਾਈਸਿੰਗ' ਤਕਨੀਕ, ਆਰਥਿਕ ਗਲਿਆਰੇ, ਜੀਵਾਣੂ-ਕੀਟਾਣੂ ਜੰਗ ਤੇ ਹੁਣ ਸਾਈਬਰ ਸੁਰੱਖਿਆ ਵਿਚ ਹੈਕਰਾਂ ਰਾਹੀਂ ਘੁਸਪੈਠ ਆਦਿ ਚੀਨ ਵਲੋਂ ਯੁੱਧ ਦੇ ਅਪਣਾਏ ਜਾ ਰਹੇ ਨਵੇਂ-ਨਵੇਂ ਤਰੀਕੇ ਭਾਰਤ ਸਣੇ ਸਾਰੀ ਦੁਨੀਆ ਨੂੰ ਫ਼ਿਕਰ ਵਿਚ ਪਾ ਰਹੇ ਹਨ। ਕੁਝ ਵਰਿਆਂ ਤੋਂ ਦੇਖਿਆ ਗਿਆ ਹੈ ਕਿ ਚੀਨ ਨੇ ਆਪਣਾ ਸਿੱਕਾ ਸਾਰੀ ਦੁਨੀਆ ਵਿਚ ਜਮਾਉਣ ਲਈ ਆਪਣਾ ਯੁੱਧ ਢੰਗ ਤੇ ਰੰਗ ਬਦਲ ਲਏ ਹਨ, ਜਿੱਥੇ ਹਥਿਆਰਾਂ ਨਾਲ ਯੁੱਧ ਨਹੀਂ ਚਲਾਕੀ ਤੇ ਮੱਕਾਰੀ ਨਾਲ ਯੁੱਧ ਕੀਤਾ ਜਾ ਰਿਹਾ ਹੈ, ਜੋ ਅੱਜ ਤੱਕ ਲਗਾਤਾਰ ਚਾਲੂ ਹੈ। ਉਸ ਨੇ ਉਹ ਨਵੇਂ ਢੰਗ ਖੁੱਲੇ ਤੌਰ 'ਤੇ ਵਰਤਣੇ ਸ਼ੁਰੂ ਕਰ ਦਿੱਤੇ ਹਨ, ਜਿਨਾਂ ਦੀਆਂ ਤਿਆਰੀਆਂ ਉਹ ਲੰਬੇ ਸਮੇਂ ਤੋਂ ਕਰਦਾ ਆ ਰਿਹਾ ਸੀ।

ਉਪਰੋਕਤ ਸਭ ਸਾਧਨਾਂ ਵਿਚੋਂ ਤਾਜ਼ਾ ਜਾਣਕਾਰੀ ਸਾਈਬਰ ਸੁਰੱਖਿਆ ਵਿਚ ਹੈਕਰਾਂ ਰਾਹੀਂ ਘੁਸਪੈਠ ਬਾਰੇ ਹੈ। ਚੀਨ ਦੀ ਸਰਕਾਰ ਨਾਲ ਜੁੜੀ ਰੈਡੀਕੋ ਕੰਪਨੀ ਦੇ ਹੈਕਰਾਂ ਦੇ ਇਕ ਸਮੂਹ ਨੇ ਮਾਲਵੇਅਰ ਸਾਫਟਵੇਅਰ ਰਾਹੀਂ ਅਪਰੇਸ਼ਨ ਬਲੈਕ ਪਾਵਰ ਕਰਕੇ ਭਾਰਤ ਦੀ ਨਾਜ਼ੁਕ ਬਿਜਲੀ ਗਰਿੱਡ ਪ੍ਰਣਾਲੀ ਨੂੰ ਨਿਸ਼ਾਨਾ ਬਣਾਇਆ।

ਅਮਰੀਕਾ ਦੀ ਮੈਸੇਚਿਉਸੇਟਸ ਆਧਾਰਤ ਰਿਕਾਰਡਡ ਫਿਊਚਰ ਕੰਪਨੀ ਦੀ ਇਹ ਰਿਪੋਰਟ ਨਿਊਯਾਰਕ ਟਾਈਮਜ਼ ਵਿਚ ਉਦੋਂ ਛਪੀ ਜਦੋਂ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਪੂਰਬੀ ਲੱਦਾਖ ਵਿਚ ਅੱਠ ਮਹੀਨਿਆਂ ਦੇ ਵੱਧ ਸਮੇਂ ਤੋਂ ਆਹਮੋ-ਸਾਹਮਣੇ ਖੜੀਆਂ ਸਨ ਤੇ ਦੋਵਾਂ ਵਿਚ ਕਿਸੇ ਵੀ ਸਮੇਂ ਝੜਪ ਹੋ ਜਾਣ ਦਾ ਖ਼ਤਰਾ ਸੀ। ਰਿਕਾਰਡਡ ਫਿਊਚਰ ਕੰਪਨੀ, ਜਿਸ ਨੇ ਚੀਨ ਦੀ ਇਹ ਸਰਗਰਮੀ ਨੋਟ ਕੀਤੀ ਹੈ, ਅਮਰੀਕਾ ਦੇ ਨਾਲ-ਨਾਲ ਦੂਜੇ ਦੇਸ਼ਾਂ ਦੁਆਰਾ ਇੰਟਰਨੈੱਟ ਦੀ ਕੀਤੀ ਜਾ ਰਹੀ ਵਰਤੋਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ। ਇਸ ਦੀ ਪਛਾਣ ਵੱਡੇ ਪੱਧਰ 'ਤੇ ਆਟੋਮੈਟਿਕ ਨੈੱਟਵਰਕ ਟ੍ਰੈਫਿਕ ਵਿਸ਼ਲੇਸ਼ਣ ਵਜੋਂ ਹੈ। ਅੰਕੜਿਆਂ ਦੇ ਸਰੋਤਾਂ ਨੂੰ ਰਿਕਾਰਡ ਕਰਨ ਲਈ ਫਿਊਚਰ ਕੰਪਨੀ ਮੁਤਾਬਕ ਚੀਨ ਵਲੋਂ ਸਕਿਓਰਿਟੀ ਟਰੇਲਜ਼, ਸਪੂਰ, ਫਾਰਸਾਈਟ ਅਤੇ ਓਪਨ-ਸੋਰਸ ਟੂਲ ਆਦਿ ਤਕਨੀਕਾਂ, ਇਸ ਸਾਈਬਰ ਹਮਲੇ ਵਿਚ ਵਰਤੀਆਂ ਗਈਆਂ। 2020 ਦੇ ਸ਼ੁਰੂ ਤੋਂ, ਰਿਕਾਰਡਡ ਫਿਊਚਰ ਕੰਪਨੀ ਦੇ ਇਕ ਗਰੁੱਪ ਨੇ ਚੀਨ ਦੇ ਹੈਕਰ ਸਮੂਹ ਵਲੋਂ ਭਾਰਤੀ ਸੰਗਠਨਾਂ ਅਤੇ ਅਦਾਰਿਆਂ ਵਿਚ ਘੁਸਪੈਠ ਕਰਨ ਦੀਆਂ ਸਰਗਰਮੀਆਂ ਵਿਚ ਹੋਏ ਵੱਡੇ ਵਾਧੇ ਨੂੰ ਵੇਖਿਆ ਹੈ। ਅਮਰੀਕੀ ਰਾਸ਼ਟਰਪਤੀ ਦੇ ਬਿਆਨ ਅਨੁਸਾਰ ਅਮਰੀਕਾ ਚੀਨ-ਭਾਰਤ ਹੱਦ ਉਤੇ ਹੋ ਰਹੀਆਂ ਸਰਗਰਮੀਆਂ ਉਤੇ ਲਗਾਤਾਰ ਅੱਖ ਰੱਖ ਰਿਹਾ ਸੀ ਤੇ ਇਹ ਪੜਤਾਲ ਵੀ ਇਸੇ ਦਾ ਇਕ ਹਿੱਸਾ ਹੈ।

ਮੈਸੇਚਿਉਸੇਟਸ ਆਧਾਰਤ ਇਸ ਕੰਪਨੀ ਦੀ ਇਹ ਰਿਪੋਰਟ ਉਦੋਂ ਆਈ ਜਦੋਂ ਦੋਵਾਂ ਦੇਸ਼ਾਂ ਨੇ ਪੂਰਬੀ ਲੱਦਾਖ ਵਿਚ ਅੱਠ ਮਹੀਨਿਆਂ ਤੋਂ ਬਾਅਦ ਫ਼ੌਜਾਂ ਨੂੰ ਪਿੱਛੇ ਹਟਾਉਣਾ ਸ਼ੁਰੂ ਕੀਤਾ ਸੀ।

ਪੈਂਗੋਗ ਝੀਲ ਦੇ ਉੱਤਰੀ ਅਤੇ ਦੱਖਣੀ ਕੰਢਿਆਂ ਦੇ ਸਭ ਤੋਂ ਵਿਵਾਦਪੂਰਨ ਖੇਤਰਾਂ ਤੋਂ ਫ਼ੌਜਾਂ ਹਟਾਉਣ ਲਈ ਪਿਛਲੇ ਮਹੀਨੇ ਦੋਵੇਂ ਦੇਸ਼ ਆਪਸੀ ਸਮਝੌਤੇ 'ਤੇ ਪਹੁੰਚੇ ਸਨ।

ਨਿਊਯਾਰਕ ਟਾਈਮਜ਼ ਨੇ ਇਕ ਰਿਪੋਰਟ ਵਿਚ ਕਿਹਾ ਹੈ ਕਿ ਇਹ ਖੋਜ ਇਸ ਪ੍ਰਸ਼ਨ ਨੂੰ ਉਠਾਉਂਦੀ ਹੈ ਕਿ, ਕੀ ਮੁੰਬਈ ਦੀ ਬਿਜਲੀ ਗੁੱਲ ਕਰਨ ਦਾ ਅਰਥ ਬੀਜਿੰਗ ਵਲੋਂ ਇਹ ਸੰਦੇਸ਼ ਦੇਣਾ ਸੀ ਕਿ ਜੇ ਭਾਰਤ ਆਪਣੇ ਸਰਹੱਦੀ ਦਾਅਵਿਆਂ ਨੂੰ ਜ਼ੋਰ-ਸ਼ੋਰ ਨਾਲ ਪੇਸ਼ ਕਰੇਗਾ ਤਾਂ ਕੀ ਹੋ ਸਕਦਾ ਹੈ ?

ਇਸ ਦੋਸ਼ ਦੇ ਜਵਾਬ ਵਿਚ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੈਨਬਿਨ ਨੇ ਭਾਰਤ ਦੇ ਬਿਜਲੀ ਗਰਿੱਡ ਦੀ ਹੈਕਿੰਗ ਵਿਚ ਚੀਨ ਦੀ ਸ਼ਮੂਲੀਅਤ ਬਾਰੇ ਕੀਤੀ ਗਈ ਆਲੋਚਨਾ ਨੂੰ ਖਾਰਜ ਕਰਦਿਆਂ ਕਿਹਾ ਕਿ ਬਿਨਾਂ ਸਬੂਤ ਦੇ ਦੋਸ਼ ਲਾਉਣਾ ਗ਼ੈਰ-ਜ਼ਿੰਮੇਵਾਰਾਨਾ ਹੈ।

ਇਕ ਰਸਾਲੇ ਚਾਈਨੀਜ਼ ਹੈਕਰਜ਼ ਆਰਮੀ ਅਨੁਸਾਰ 2020 ਵਿਚ ਹੀ ਚੀਨ ਦੀ ਹੈਕਰ ਫ਼ੌਜ ਵਿਚ 50,000 ਤੋਂ ਇਕ ਲੱਖ ਦੇ ਵਿਚਕਾਰ ਹੈਕਰ (ਇਲੈਕਟ੍ਰਾਨਿਕ ਡਾਟਾ ਚੋਰੀ ਕਰਨ ਵਾਲੇ) ਸਨ। ਏਨੀ ਵੱਡੀ ਟੀਮ ਦਾ ਕੰਮ ਦੁਨੀਆ ਦੇ ਹਰ ਵੱਡੇ ਦੇਸ਼ ਦੇ ਕੰਪਿਊਟਰਾਂ, ਮੋਬਾਈਲਾਂ ਤੇ ਹੋਰ ਬਿਜਲੀ ਸੋਮਿਆਂ 'ਤੇ ਲਗਾਤਾਰ ਨਜ਼ਰ ਰੱਖ ਕੇ ਲੋੜੀਂਦੀ ਜਾਣਕਾਰੀ ਰਿਕਾਰਡ ਕਰਨਾ ਅਤੇ ਖ਼ਾਸ ਜਾਣਕਾਰੀ ਚੁਰਾ ਕੇ ਉਸ ਨੂੰ ਆਪਣੇ ਫਾਇਦੇ ਲਈ ਵਰਤਣਾ ਹੈ। ਜਿੱਥੇ ਲੋੜ ਹੋਵੇ ਸੰਚਾਰ ਪ੍ਰਣਾਲੀ ਨੂੰ ਜਾਮ ਕਰਨਾ ਜਾਂ ਲੋੜ ਅਨੁਸਾਰ ਦੂਜੇ ਦੇਸ਼ਾਂ ਦੇ ਕੰਪਿਊਟਰ ਸਾਫਟਵੇਅਰਾਂ ਵਿਚ ਤਬਦੀਲੀਆਂ ਕਰ ਦੇਣਾ ਵੀ ਇਸ ਹਾਕਰ ਟੀਮ ਦਾ ਕੰਮ ਹੈ। ਇਹੋ ਹੀ ਸਾਈਬਰ ਯੁੱਧ ਹੈ ਜਿਸ ਨੂੰ ਚੀਨ ਲਗਾਤਾਰ ਵਿਰੋਧੀ ਦੇਸ਼ਾਂ ਵਿਰੁੱਧ ਵਰਤ ਰਿਹਾ ਹੈ, ਜਿਸ ਦੀ ਤਾਜ਼ਾ ਉਦਾਹਰਨ ਅਮਰੀਕਾ ਦੀ ਫਿਊਚਰ ਕੰਪਨੀ ਨੇ ਦਿੱਤੀ ਹੈ। ਇਸ ਤੋਂ ਪਹਿਲਾਂ ਭਾਰਤ ਨੇ 300 ਦੇ ਕਰੀਬ ਚੀਨੀ ਸਾਈਬਰ ਕੰਪਨੀਆਂ 'ਤੇ ਪਾਬੰਦੀ ਲਗਾ ਦਿੱਤੀ ਸੀ।

# ਅਜੋਕੇ ਸਮੇਂ ’ਚ ਸ਼੍ਰੋਮਣੀ ਕਮੇਟੀ ਦਾ ਯੋਗਦਾਨ

**ਤਲਵਿੰਦਰ ਸਿੰਘ ਬੁੱਟਰ**

ਸੌ ਸਾਲ ਪਹਿਲਾਂ ਜਦੋਂ ਸਿੱਖ ਪੰਥ ’ਚ ਇਹ ਅਹਿਸਾਸ ਪੈਦਾ ਹੋਣਾ ਸ਼ੁਰੂ ਹੋਇਆ ਕਿ ਗੁਰਦੁਆਰਿਆਂ ’ਚੋਂ ਆਏ ਯਾਤਰੂਆਂ ਨੂੰ ਉਹ ਦਾਤ ਨਹੀਂ ਮਿਲ ਰਹੀ ਜਿਸ ਦੇ ਵੰਡਣ ਲਈ ਇਹ ਬਣਾਏ ਗਏ ਸਨ ਤਾਂ ਚਾਰ-ਚੁਫੇਰੇ ਸਿੱਖ ਪੰਥ ’ਚ ਆਪ-ਮੁਹਾਰਾ ਜਜ਼ਬਾ ਠਾਠਾਂ ਮਾਰਨ ਲੱਗ ਪਿਆ ਕਿ ਸਾਡੇ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੇ ਆਪਣੇ ਹੱਥਾਂ ’ਚ ਹੋਣਾ ਚਾਹੀਦਾ ਹੈ।

ਜਿਉਂ-ਜਿਉਂ ਸਿੱਖ ਪੰਥ ਜਥੇਬੰਦ ਹੋ ਕੇ ਗੁਰਦੁਆਰਿਆਂ ਦੇ ਪ੍ਰਬੰਧਾਂ ਨੂੰ ਸੁਧਾਰਨ ਲਈ ਕੁਰਬਾਨੀਆਂ ਦੇਣ ਲਈ ਤਤਪਰ ਹੋਣ ਲੱਗਾ, ਤਿਉਂ-ਤਿਉਂ ਪ੍ਰਚਾਰ-ਲਗਨ ਵਾਲੇ ਸਿੱਖਾਂ ਦੇ ਦਿਲਾਂ ’ਚ ਇਹ ਹੁਲਾਰੇ ਆਉਣੇ ਸ਼ੁਰੂ ਹੋ ਗਏ ਕਿ ਜਦੋਂ ਗੁਰਦੁਆਰੇ ਪੰਥ ਦੇ ਆਪਣੇ ਅਤੇ ਸਾਂਝੇ ਪ੍ਰਬੰਧਾਂ ਹੇਠ ਆ ਜਾਣਗੇ ਤਾਂ ‘ਗੁਰੂ ਕੀ ਗੋਲਕ’ ਦੀ ਵਰਤੋਂ ਗੁਰੂ ਸਾਹਿਬਾਨ ਦੇ ਸਰਬ-ਕਲਿਆਣਕਾਰੀ ਆਦਰਸ਼ਾਂ ਦੀ ਪੂਰਤੀ ਲਈ ਕੀਤੀ ਜਾਵੇਗੀ।

ਇਸੇ ਭਾਵਨਾ ’ਤੇ ਕੇਂਦਰਿਤ ਲਹਿਰ ’ਚੋਂ 15 ਨਵੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ 10 ਹਜ਼ਾਰ ਦੇ ਲਗਭਗ ਰਹਿਤਵਾਨ ਸਿੱਖਾਂ ਦੇ ਇਕੱਠ ’ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ। ਅੱਜ ਇਕ ਸਦੀ ਬਾਅਦ ਮੁੜ ਸਿੱਖ ਧਰਮ ਦੇ ਪ੍ਰਚਾਰ ਦੀ ਲਹਿਰ ਨੂੰ ਨਵੇਂ ਹਾਲਾਤ, ਨਵੀਆਂ ਲੋੜਾਂ ਅਤੇ ਧਰਮ ਦੀ ਅਜੋਕੇ ਮਨੁੱਖੀ ਸਰੋਕਾਰਾਂ ਦੇ ਪ੍ਰਸੰਗ ’ਚ ਅਹਿਮੀਅਤ ਨੂੰ ਸਾਹਮਣੇ ਰੱਖ ਕੇ ਉਸੇ ਤਰਾਂ ਦੇ ਜਜ਼ਬੇ ਅਤੇ ਉਤਸ਼ਾਹ ਦੇ ਨਾਲ ਪੁਨਰ-ਸੁਰਜੀਤ ਕਰਨ ਦੀ ਲੋੜ ਭਾਸ ਰਹੀ ਹੈ, ਜਿਸ ਤਰਾਂ ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਨੇ ਸਦੀ ਪਹਿਲਾਂ ਇਕ ਨਵੇਂ ਯੁੱਗ ਦਾ ਆਗਾਜ਼ ਕੀਤਾ ਸੀ। ਅੱਜ ਸਿੱਖ ਸਮਾਜ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ‘ਸਿਧਾਂਤ’ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ) ਅਤੇ ‘ਜੀਵਨ ਅਮਲ’ ਵਿਚ ਵੱਡਾ ਅੰਤਰ ਆ ਚੁੱਕਾ ਹੈ। ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਇਕ ਜੱਜ ਨੇ ਨਵੀਂ ਦਿੱਲੀ ਵਿਚ ਇਕ ਸੈਮੀਨਾਰ ਦੌਰਾਨ ਹੈਰਾਨ ਹੁੰਦਿਆਂ ਕਿਹਾ ਸੀ ਕਿ ਸਿੱਖ ਧਰਮ ਵਿਚ ਜਿੰਨੇ ਪਵਿੱਤਰ, ਪਕੇਰੇ ਅਤੇ ਸਾਦੇ ਨੈਤਿਕ ਜੀਵਨ ਸਿਧਾਂਤ ਦਿੱਤੇ ਗਏ ਹਨ, ਉਸ ਦੇ ਬਾਵਜੂਦ ਭਾਰਤੀ ਅਦਾਲਤਾਂ ’ਚ ਸਭ ਤੋਂ ਵੱਧ ਤਲਾਕ ਦੇ ਮਾਮਲੇ ਸਿੱਖ ਪਰਿਵਾਰਾਂ ’ਚੋਂ ਹੀ ਆ ਰਹੇ ਹਨ। ਇਹੀ ਹਾਲ ਜੀਵਨ ਦੇ ਦੂਜੇ ਪੱਖਾਂ ਵਿਚ ਹੈ। ਇਖ਼ਲਾਕੀ ਤੌਰ ’ਤੇ ਸਿੱਖ ਸਮਾਜ ਤੇਜ਼ੀ ਨਾਲ ਨਿਵਾਣਾਂ ਵੱਲ ਵੱਧ ਰਿਹਾ ਹੈ। ਪਦਾਰਥਕ ਤਮਾ ਨੇ ਮਨੁੱਖ ਨੂੰ ਇੰਨਾ ਸਵਾਰਥੀ, ਲੋਭੀ ਅਤੇ ਨੀਰਸ ਬਣਾ ਦਿੱਤਾ ਹੈ ਕਿ ਜ਼ਿੰਦਗੀ, ਤ੍ਰਿਸ਼ਨਾਵਾਂ ਅੱਗੇ ਬੌਣੀ ਜਿਹੀ ਹੋ ਗਈ ਹੈ।

ਸਵੈ-ਨਫ਼ਰਤ ’ਚੋਂ ਉਪਜੀ ਨਿਰਾਸ਼ਾ ਦੀ ਲਹਿਰ ਨੇ ਪੰਜਾਬ ਨੂੰ ਇਕ ਤਰਾਂ ਨਾਲ ਅਣਚਿਤਵੀ ਹਿਜ਼ਰਤ ਵੱਲ ਤੋਰ ਦਿੱਤਾ ਹੈ। ਨਵੀਂ ਪੀੜੀ ਤਾਂ ਜ਼ਮੀਨਾਂ-ਜਾਇਦਾਦਾਂ ਵੇਚ-ਵੱਟ ਕੇ,



ਆਪਣੀ ਜਨਮ ਭੋਂਇ ਤੋਂ ਬੇਦਖ਼ਲ ਹੋ ਕੇ ਵਾਹੋਦਾਹੀ ਪੱਛਮੀ ਮੁਲਕਾਂ ਵੱਲ ਦੌੜ ਰਹੀ ਹੈ। ਰੋਜ਼ਾਨਾ ਪੰਜਾਬ ਵਿਚ ਔਸਤਨ ਇਕ ਦਰਜਨ ਲੋਕ ਆਤਮ-ਹੱਤਿਆਵਾਂ ਕਰ ਰਹੇ ਹਨ। ਪੰਜਾਬ ਦੀ ਕਿਸਾਨੀ ਇਕ ਵੱਡੇ ਇਤਿਹਾਸਕ ਸੰਕਟ ਦਾ ਸਾਹਮਣਾ ਕਰ ਰਹੀ ਹੈ।

ਇਕ ਪਾਸੇ ਕਰਜ਼ੇ ਦੇ ਮਾਰੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲੇ ’ਚ ਪੰਜਾਬ ਮਹਾਰਾਸ਼ਟਰ ਤੋਂ ਬਾਅਦ ਭਾਰਤ ਦਾ ਦੂਜੇ ਨੰਬਰ ਦਾ ਸੂਬਾ ਹੈ ਅਤੇ ਦੂਜੇ ਪਾਸੇ ਕੇਂਦਰ ਸਰਕਾਰ ਕਥਿਤ ਕਾਲੇ ਖੇਤੀ ਕਾਨੂੰਨ ਬਣਾ ਕੇ ਪੰਜਾਬ ਦੀ ਖੇਤੀਬਾੜੀ ਨੂੰ ਕਾਰਪੋਰੇਟ ਘਰਾਣਿਆਂ ਦੀ ਗ਼ੁਲਾਮ ਬਣਾਉਣ ਦੇ ਰਾਹ ’ਤੇ ਤੁਰੀ ਹੋਈ ਹੈ। ਪੰਜਾਬ ’ਚ ਇਸ ਵੇਲੇ 32 ਫ਼ੀਸਦੀ ਛੋਟੀ ਤੇ ਦਰਮਿਆਨੀ ਕਿਸਾਨੀ ਕੋਲ ਸਿਰਫ਼ 8 ਫ਼ੀਸਦੀ ਜ਼ਮੀਨ ਹੈ। ਉਕਤ ਕਾਨੂੰਨ ਲਾਗੂ ਹੋ ਗਏ ਤਾਂ ਛੋਟੀ ਕਿਸਾਨੀ ਖ਼ਤਮ ਹੋਣ ਦੇ ਖ਼ਦਸ਼ੇ ਹਨ।

ਮੁਨਾਫ਼ੇ ਦੀ ਹੋੜ ’ਚ ਮਨੁੱਖੀ ਸੰਵੇਦਨਾਵਾਂ ਖ਼ਤਮ ਹੋ ਰਹੀਆਂ ਹਨ ਜਿਸ ਕਾਰਨ ਮਨੁੱਖੀ ਸਿਹਤ ਅਤੇ ਕੁਦਰਤੀ ਵਾਤਾਵਰਨ ਨੂੰ ਹੋਣ ਵਾਲੇ ਭਿਆਨਕ ਨੁਕਸਾਨ ਨੂੰ ਨਜ਼ਰਅੰਦਾਜ਼ ਕਰ ਕੇ ਦੇਸ਼ ’ਚ ਵਰਤੀਆਂ ਜਾਂਦੀਆਂ ਕੀਟਨਾਸ਼ਕ ਜ਼ਹਿਰਾਂ ਦਾ 19 ਫ਼ੀਸਦੀ ਹਿੱਸਾ ਸਿਰਫ਼ ਪੰਜਾਬ ’ਚ ਵਰਤਿਆ ਜਾ ਰਿਹਾ ਹੈ ਜਦੋਂਕਿ ਦੇਸ਼ ਦੀ ਕੁੱਲ ਭੋਂਇ ਦਾ ਸਿਰਫ਼ ਸਵਾ ਫ਼ੀਸਦੀ ਹਿੱਸਾ ਹੀ ਪੰਜਾਬ ਕੋਲ ਹੈ। ਫ਼ਲ, ਸਬਜ਼ੀਆਂ, ਦੁੱਧ, ਅਨਾਜ, ਗੱਲ ਕੀ ਹਰ ਚੀਜ਼ ਵਿਚ ਵੱਧ ਝਾੜ ਅਤੇ ਵੱਧ ਮੁਨਾਫ਼ੇ ਦੀ ਹੋੜ ’ਚ ਜ਼ਹਿਰ ਭੁੱਕਿਆ ਜਾ ਰਿਹਾ ਹੈ। ਪੰਜਾਬ ’ਚ ਰੋਜ਼ਾਨਾ 48 ਲੋਕ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਮਰ ਰਹੇ ਹਨ।

ਵਿਸ਼ਵ ਵਿਚ ਇਕ ਲੱਖ ਪਿੱਛੇ ਇਕ ਵਿਅਕਤੀ ਕੈਂਸਰ ਪੀੜਤ ਹੈ ਜਦੋਂਕਿ ਪੰਜਾਬ ’ਚ ਇਕ ਲੱਖ ਪਿੱਛੇ 100 ਲੋਕ ਕੈਂਸਰ ਪੀੜਤ ਹਨ। ਸਪੱਸ਼ਟ ਹੈ ਕਿ ਪੰਜਾਬ ’ਚ ਵਿਸ਼ਵ ਨਾਲੋਂ 100 ਗੁਣਾ ਜ਼ਿਆਦਾ ਦਰ ਨਾਲ ਕੈਂਸਰ ਫੈਲ ਰਿਹਾ ਹੈ। ਸਾਡੇ ਗੁਰੂ ਸਾਹਿਬਾਨ ਦੁਆਰਾ ਦਰਸਾਈ ਸਬਰ-ਸੰਤੋਖ ਵਾਲੀ ਸਾਦੀ ਜੀਵਨ-ਜਾਚ, ਪੌਸ਼ਟਿਕ ਤੇ ਸਾਦੇ ਖਾਣ-ਪੀਣ ਅਤੇ ਰਹਿਣ-ਸਹਿਣ ਦੀ ਮਹੱਤਤਾ ਇਸ ਵੇਲੇ ਪੰਜਾਬ ਦੇ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ ਜਿਸ ਨੂੰ ਅਪਨਾ ਕੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਜਿਹੜੀਆਂ ਕਿ ਮਨੁੱਖੀ ਜੀਵਨ-ਜਾਚ ਵਿਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਕਾਰਨ ਫੈਲ ਰਹੀਆਂ ਹਨ, ਤੋਂ ਬਚਾਅ ਕੀਤਾ ਜਾ ਸਕਦਾ ਹੈ।

ਹਾਲਾਂਕਿ ਸਮੇਂ-ਸਮੇਂ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਦੀ ਰਹੀ ਹੈ ਅਤੇ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਨੂੰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ ਹੈ ਪਰ ਸਿੱਖ ਸਮਾਜ ਨੂੰ ਨੈਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਨਿਵਾਣਾਂ ਵੱਲ ਜਾਣ ਤੋਂ ਰੋਕਣ ਅਤੇ ਪੰਜਾਬ ’ਚ ਸਿੱਖੀ ਨੂੰ ਜਲਵਾਗਰ ਕਰਨ ਲਈ ਰਵਾਇਤੀ ਕਿਸਮ ਦੇ ਸਟੇਜੀ ਪ੍ਰਚਾਰ ਤੋਂ ਹਟ ਕੇ ਨਵੀਂ ਪ੍ਰਚਾਰ ਵਿਧੀ ਨੂੰ ਅਪਨਾਉਣ ਦੀ ਲੋੜ ਹੈ। ਪਦਾਰਥਕ ਤਮਾ ਕਾਰਨ ਜ਼ਿੰਦਗੀ ਤੋਂ ਬੇਮੁਖ ਹੋ ਰਹੇ ਲੋਕਾਂ ਨੂੰ ਜਿਊਣ ਦੀ ਕਲਾ ਸਿਖਾਉਣੀ ਪਵੇਗੀ। ਜਿਹੋ ਜਿਹੀ ਕੁਦਰਤੀ ਬਿਪਤਾ ’ਚੋਂ ਇਸ ਵੇਲੇ ਵਿਸ਼ਵ ਦਾ ਮਨੁੱਖੀ ਭਾਈਚਾਰਾ ਨਿਕਲ ਰਿਹਾ ਹੈ, ਉਸ ਦੇ ਹਾਲਾਤ ਮਨੁੱਖਤਾ ਅੰਦਰ ਵੱਡੇ ਪੱਧਰ ’ਤੇ ਨਿਰਾਸ਼ਾ ਅਤੇ ਬੇਚੈਨੀ ਪੈਦਾ ਕਰਨ ਵਾਲੇ ਹਨ।

ਇਸ ਕਾਰਨ ਗੁਰਮਤਿ ਸੱਭਿਆਚਾਰ ’ਚੋਂ ਲੋਕਾਂ ਨੂੰ ਉਨਾਂ ਦੀਆਂ ਸਮੱਸਿਆਵਾਂ ਦੇ ਹੱਲ, ਜਿਨਾਂ ਲੋੜਾਂ ਮੁਤਾਬਕ ਉਹ ਜ਼ਿੰਦਗੀ ਜਿਊਣਾ ਚਾਹੁੰਦੇ ਹਨ, ਉਨਾਂ ਦੀ ਪੂਰਤੀ ਦਾ ਸਹੀ ਰਾਹ, ਜ਼ਿੰਦਗੀ ਪ੍ਰਤੀ ਉਤਸ਼ਾਹ, ਸੱਭਿਅਤਾ ਅਤੇ ਸੁਹਜ-ਸਲੀਕੇ ਦੀ ਰੌਸ਼ਨੀ ਦਿਖਾਉਣੀ ਪਵੇਗੀ। ਅੱਜ ਦੇ ਪ੍ਰਸੰਗ ’ਚ ਗੁਰਮਤਿ ਫ਼ਲਸਫ਼ੇ ਅਤੇ ਗੁਰਮਤਿ ਸੱਭਿਆਚਾਰ ਦੀ ਮਹੱਤਤਾ ਸਮਝਾਉਣੀ ਪਵੇਗੀ।

ਗੁਰੂ ਸਾਹਿਬਾਨ ਨੂੰ ਮਨੁੱਖ ਨੂੰ ਪੂਰਨ ਮਨੁੱਖ (ਖ਼ਾਲਸਾ) ਬਣਾਉਣ ਲਈ 239 ਸਾਲ ਦਾ ਸਮਾਂ ਲੱਗਾ ਪਰ ਅੱਜ ਦੇ ਸਾਡੇ ਪ੍ਰਚਾਰਕ ਇਕ ਦਿਨ ’ਚ ਹੀ ਲੱਖਾਂ ਲੋਕਾਂ ਨੂੰ ‘ਅੰਮ੍ਰਿਤਧਾਰੀ’ ਬਣਾ ਕੇ ਗਿਣਤੀ ਦੀ ਮਾਅਰਕੇਬਾਜ਼ੀ ਪਿੱਛੇ ਦੌੜ ਰਹੇ ਹਨ। ਇਸ ਪਾਸੇ ਵੀ ਗ਼ੌਰ ਕਰਨੀ ਪਵੇਗੀ। ‘ਅੰਮ੍ਰਿਤ ਛਕਾਉਣ’ ਤੋਂ ਪਹਿਲਾਂ ਮਨੁੱਖ ਨੂੰ ‘ਚੰਗਾ ਮਨੁੱਖ’ ਬਣਾਉਣ ਲਈ ਲੰਬੇ ਅਭਿਆਸ ’ਚੋਂ ਲੰਘਣਾ ਪਵੇਗਾ। ਵਿਦੇਸ਼ਾਂ ਵੱਲ ਬੇਰੋਕ ਹਿਜ਼ਰਤ ਦਾ ਰੁਝਾਨ ਠੱਲਣ ਲਈ ਕਿਰਤ ਕਰਨੀ, ਵੰਡ ਛਕਣਾ, ਸ਼ਿਸ਼ਟਾਚਾਰ, ਨੈਤਿਕ ਗੁਣ, ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਸਤਿਕਾਰ, ਔਰਤ ਪ੍ਰਤੀ ਸਤਿਕਾਰ, ਕੁਦਰਤ ਪ੍ਰਤੀ ਪਿਆਰ, ਵਾਤਾਵਰਨ ਲਈ ਸੰਵੇਦਨਸ਼ੀਲਤਾ ਆਦਿ ਗੁਣਾਂ ਦਾ ਪ੍ਰਸਾਰ ਕਰਨ ਵੱਲ ਧਰਮ ਪ੍ਰਚਾਰ ਲਹਿਰ ਸੇਧਿਤ ਹੋਣੀ ਚਾਹੀਦੀ ਹੈ। ਪੰਜਾਬ ਦਾ ਬਹੁ-ਗਿਣਤੀ ਕਿਸਾਨੀ ਤਬਕਾ ਸਿੱਖ ਧਰਮ ਦਾ ਅਨੁਯਾਈ ਹੈ, ਇਸ ਲਈ ਸ਼੍ਰੋਮਣੀ ਕਮੇਟੀ ਦਾ ਅਹਿਮ ਫ਼ਰਜ਼ ਬਣਦਾ ਹੈ ਕਿ ਉਹ ਕਿਸਾਨ ਵਰਗ ਨੂੰ ਕਰਜ਼ਿਆਂ, ਖ਼ੁਦਕੁਸ਼ੀਆਂ ਦੇ ਜੰਜਾਲ ਅਤੇ ਮੌਜੂਦਾ ਕਿਸਾਨੀ ਸੰਕਟ ’ਚੋਂ ਕੱਢਣ ਲਈ ਗੁਰਮਤਿ ਫ਼ਲਸਫ਼ੇ ’ਚੋਂ ਰਾਹ ਦਿਖਾਵੇ।

ਜ਼ਮੀਨਾਂ ਦੀ ਤਾਸੀਰ ’ਚ ਸ਼ੁੱਧਤਾ ਲਿਆ ਕੇ ਰਸਾਇਣਕ ਖਾਦਾਂ ਤੋਂ ਮੁਕਤ ਕੁਦਰਤੀ ਖੇਤੀ, ਸਾਂਝੀ ਖੇਤੀ ਅਤੇ ਸਹਿਕਾਰੀ ਖੇਤੀ ਵਰਗੇ ਬਦਲ ਅਪਨਾਉਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਦੀ ਲੋੜ ਹੈ। ਅਜੋਕੀਆਂ ਮਨੁੱਖੀ ਸਮੱਸਿਆਵਾਂ ਦੇ ਮੁਖ਼ਾਤਬ ਹੁੰਦਿਆਂ ਗੁਰਮਤਿ ਦੀ ਵਿਸਮਾਦੀ ਪੂੰਜੀ ਨੂੰ ਵਰਤਣ ਲਈ ਨਵੀਆਂ ਅੰਤਰ-ਦ੍ਰਿਸ਼ਟੀਆਂ ਦੇਣ ਵਾਲੇ ਵਿਦਵਾਨ ਤੇ ਪ੍ਰਚਾਰਕ ਤਿਆਰ ਕਰਨੇ ਪੈਣਗੇ। ਭਰੂਣ ਹੱਤਿਆ, ਪਰਾਇਆ ਹੱਕ (ਵੱਢੀਖ਼ੋਰੀ), ਦਾਜ-ਦਹੇਜ, ਤਲਾਕ, ਅਨੈਤਿਕਤਾ ਅਤੇ ਬਜ਼ੁਰਗਾਂ ਪ੍ਰਤੀ ਘੱਟ ਰਹੇ ਸਤਿਕਾਰ ਵਰਗੀਆਂ ਸਮਾਜਿਕ ਅਲਾਮਤਾਂ ਨੂੰ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਸਿਰਫ਼ ਸਟੇਜੀ ਨਹੀਂ, ਸਗੋਂ ਅਮਲੀ ਪ੍ਰਚਾਰ ਵਿਧੀ ਅਪਨਾਉਣੀ ਪਵੇਗੀ।

ਪ੍ਰਚਾਰ ਲਈ ਸਿਰਫ਼ ਗੁਰਦੁਆਰਿਆਂ ਦੀਆਂ ਸਟੇਜਾਂ ਹੀ ਨਹੀਂ, ਸ਼ਹਿਰਾਂ ਦੀਆਂ ਸਾਂਝੀਆਂ ਥਾਵਾਂ ਅਤੇ ਪਿੰਡਾਂ ਦੀਆਂ ਸੱਥਾਂ ਵਿਚ ਜਾ ਕੇ ਲੋਕਾਂ ਨਾਲ, ਖ਼ਾਸ ਕਰ ਕੇ ਨੌਜਵਾਨ ਪੀੜੀ ਨਾਲ ਸਿੱਧਾ ਸੰਵਾਦ ਰਚਾਉਣ ਦੇ ਸਾਰਥਕ ਵਸੀਲੇ ਵੀ ਵਰਤਣੇ ਪੈਣਗੇ। ਸ਼੍ਰੋਮਣੀ ਕਮੇਟੀ ਕੋਲ ਪ੍ਰਚਾਰਕਾਂ ਦੀ ਕੋਈ ਘਾਟ ਨਹੀਂ ਹੈ। ਪ੍ਰਬੰਧਾਂ ਦੀ ਕੋਈ ਕਮੀ ਨਹੀਂ ਹੈ। ਸਿਰਫ਼ ਲੋੜ ਹੈ ਦ੍ਰਿੜ ਇੱਛਾ-ਸ਼ਕਤੀ ਅਤੇ ਪੰਥਕ ਨਿਸ਼ਾਨੇ ਮਿੱਥ ਕੇ ਧਰਮ ਪ੍ਰਚਾਰ ਨੂੰ ਸਿੱਟਾਮੁਖੀ ਸੇਧ ਦੇਣ ਦੀ। ਸਿੱਖ ਧਰਮ ਦੀ ਪ੍ਰਚਾਰ ਵਿਧੀ ਨੂੰ ਸਮੇਂ ਦੇ ਹਾਣ ਦੀ ਬਣਾਉਣਾ ‘ਵੇਲੇ’ ਦੀ ਲੋੜ ਹੈ।



# ਦਰਬਾਰ ਸਾਹਿਬ ਦੀ ਪਰਿਕਰਮਾ ਅਤੇ ਰੈੱਡ ਟਾਵਰ

**ਜੋਰਾਵਰ ਸਿੰਘ ਤਰਸਿੱਕਾ**

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਲਗਾਤਾਰ ਵਧ ਰਹੀ ਮਾਨਤਾ ਨੂੰ ਵੇਖਦਿਆਂ ਅੰਗਰੇਜ਼ਾਂ ਨੇ ਪੰਜਾਬ 'ਤੇ ਆਪਣੀ ਹਕੂਮਤ ਕਾਇਮ ਹੁੰਦਿਆਂ ਹੀ ਅੰਮ੍ਰਿਤਸਰ ਵਿੱਚ ਈਸਾਈ ਧਰਮ ਨਾਲ ਸਬੰਧਤ ਕਈ ਇਮਾਰਤਾਂ ਦਾ ਨਿਰਮਾਣ ਕਰਵਾਇਆ। ਇਸ ਸਭ ਦੀ ਸ਼ੁਰੂਆਤ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਲਹਿੰਦੇ ਵੱਲ ਨੂੰ ਮੌਜੂਦ ਵਾਈ ਮੰਜ਼ਿਲਾ ਬੁੰਗਾ ਸਰਕਾਰ ਬਨਾਮ ਬੁੰਗਾ ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਮਿਸ਼ਨ ਸਕੂਲ ਦੀ ਕ੍ਰਿਸ਼ਚਿਨ ਮਿਸ਼ਨਰੀ ਦੀ ਮਲਕੀਅਤ ਘੋਸ਼ਿਤ ਕਰ ਕੇ ਕੀਤੀ ਗਈ। ਜਲਦ ਹੀ ਇਸ ਬੁੰਗੇ ਵਿੱਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਮ. ਸੀ. ਸੌਂਡਰਜ਼ ਨੇ ਪੁਲਿਸ ਥਾਣਾ, ਛੋਟੀ ਜੇਲ ਅਤੇ ਕਚਹਿਰੀ ਕਾਇਮ ਕਰਾ ਦਿੱਤੀ। ਇਸ ਤੋਂ 10 ਵਰੇ ਬਾਅਦ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਮੌਜੂਦ ਬਾਕੀ ਸਭ ਬੁੰਗਿਆਂ ਵਿੱਚੋਂ ਆਲੀਸ਼ਾਨ ਤੇ ਖ਼ੂਬਸੂਰਤ ਇਸ ਬੁੰਗੇ ਦਾ ਵੱਡਾ ਹਿੱਸਾ ਜ਼ਮੀਨਦੋਜ਼ ਕਰ ਦਿੱਤਾ ਗਿਆ। ਇਸ ਪਿੱਛੋਂ ਇਸ ਦੇ ਨਾਲ ਲੱਗਦੇ ਬੁੰਗਾ ਕੰਵਰ ਨੌਨਿਹਾਲ ਸਿੰਘ ਅਤੇ ਬੁੰਗਾ ਲਾਡੂਵਾਲੀਆ ਨੂੰ ਡੇਗ ਕੇ ਉਨਾਂ ਦੀ ਥਾਂ 'ਤੇ 1863 ਵਿੱਚ ਗਿਰਜਾ-ਘਰ ਦੀ ਦਿੱਖ ਵਾਲੇ ਇੱਕ ਚਬੂਤਰੇ ਦਾ ਨਿਰਮਾਣ ਸ਼ੁਰੂ ਕੀਤਾ ਗਿਆ, ਜੋ 50,000 ਰੁਪਏ ਦੀ ਲਾਗਤ ਨਾਲ 1874 ਵਿੱਚ ਮੁਕੰਮਲ ਹੋਇਆ।

ਇਹ ਸਮਾਰਕ ਅੰਗਰੇਜ਼ਾਂ ਦੇ ਖੁਰਾਫ਼ਾਤੀ ਦਿਮਾਗ ਦੀ ਅਜਿਹੀ ਉਪਜ ਸੀ, ਜਿਸ ਰਾਹੀਂ ਉਹ ਨਾ ਸਿਰਫ਼ ਸ੍ਰੀ ਦਰਬਾਰ ਸਾਹਿਬ ਵਿੱਚ ਆਪਣੀ ਦਖ਼ਲਅੰਦਾਜ਼ੀ ਵਧਾਉਣਾ ਚਾਹੁੰਦੇ ਸਨ, ਸਗੋਂ ਇਸ ਸਮਾਰਕ ਦੀ ਮਾਰਫ਼ਤ ਉਹ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਸਿੱਖਾਂ ਦੀਆਂ ਗਤੀਵਿਧਿਆਂ 'ਤੇ ਨਜ਼ਰ ਵੀ ਰੱਖ ਰਹੇ ਸਨ। ਯੂਰਪੀਅਨ ਗੋਥਿਕ ਕਲਾ ਦੇ ਨਮੂਨੇ ਵਾਲਾ ਇਹ ਚਬੂਤਰਾ ਬ੍ਰਿਟਿਸ਼ ਹਕੂਮਤ ਦੁਆਰਾ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਬੇਰੀ ਬਾਬਾ ਬੁੱਢਾ ਸਾਹਿਬ ਦੇ ਬਿਲਕੁਲ ਪਿੱਛੇ ਇੱਕ ਉੱਚੇ ਥੜੇ 'ਤੇ ਉਸਾਰਿਆ ਗਿਆ ਸੀ। ਮੰਨਿਆ ਜਾਂਦਾ ਹੈ ਕਿ ਉਨਾਂ ਦੀ ਇਸ ਵਿੱਚ ਇਕ ਛੋਟਾ ਗਿਰਜਾ ਸ਼ੁਰੂ ਕਰਨ ਦੀ ਯੋਜਨਾ ਸੀ।

ਇਸ ਚਬੂਤਰੇ ਦਾ ਡਿਜ਼ਾਈਨ ਅੰਮ੍ਰਿਤਸਰ ਦੀ ਮਿਊਂਸਪਲ ਕਮੇਟੀ ਦੇ ਪੀ.ਡਬਲਯੂ.ਡੀ. (ਡਿਪਾਰਟਮੈਂਟ ਆਫ਼ ਪਬਲਿਕ ਵਰਕਸ) ਵਿਭਾਗ ਦੇ ਐਗਜ਼ੀਕਿਊਟਿਵ ਚੀਫ਼ ਇੰਜੀਨੀਅਰ ਜੌਹਨ ਗਾਰਡਨ ਨੇ ਕੀਤਾ ਅਤੇ ਇਸ ਦੀ ਘੜਾਈ ਦਾ



ਲਾਲ ਚਬੂਤਰਾ ਜਾਂ ਰੈਡ ਟਾਵਰ, ਇਸ ਇਤਿਹਾਸ ਬਾਰੇ ਬਹੁਤ ਹੀ ਵਿਰਲੇ ਸੱਜਣਾਂ ਨੂੰ ਹੀ ਪਤਾ ਹੋਵੇਗਾ। ਕਿਸ ਤਰਾਂ ਘੰਟਾ ਘਰ ਹੋਂਦ ਵਿੱਚ ਆਇਆ ਕੀ ਅੰਗਰੇਜ਼ਾਂ ਦੀ ਚਾਲ ਸੀ।

ਸਾਰਾ ਕੰਮ ਅੰਮ੍ਰਿਤਸਰ ਦੇ ਰਾਜ ਮਿਸਤਰੀ ਸ਼ਰਫ਼ਦੀਨ ਕੋਲੋਂ ਕਰਵਾਇਆ ਗਿਆ। ਇਸ 145 ਫੁੱਟ ਉੱਚੇ ਟਾਵਰ 'ਤੇ ਲਾਲ ਰੰਗ ਕੀਤਾ ਗਿਆ ਹੋਣ ਕਰਕੇ ਪਹਿਲਾਂ-ਪਹਿਲ ਸਥਾਨਕ ਲੋਕ ਇਸ ਨੂੰ 'ਲਾਲ ਚਬੂਤਰਾ' ਜਾਂ 'ਰੈੱਡ ਟਾਵਰ' ਕਹਿ ਕੇ ਸੰਬੋਧਤ ਕਰਦੇ ਸਨ। ਬਾਅਦ ਵਿੱਚ ਇਸ ਉੱਤੇ ਘੜੀ ਲਗਾਏ ਜਾਣ ਕਰਕੇ ਇਸ ਨੂੰ ਘੰਟਾ-ਘਰ ਅਤੇ ਚਬੂਤਰਾ ਘੰਟਾ-ਘਰ ਕਿਹਾ ਜਾਣ ਲੱਗਾ।

ਉਸ ਸਮੇਂ ਦੌਰਾਨ ਭਾਰਤ ਦੇ ਵੱਖ- ਵੱਖ ਸ਼ਹਿਰਾਂ ਫ਼ਾਜ਼ਿਲਕਾ, ਲੁਧਿਆਣਾ, ਅੰਮ੍ਰਿਤਸਰ, ਮੁੰਬਈ, ਹੈਦਰਾਬਾਦ, ਦੇਹਰਾਦੂਨ, ਪਿਲਾਨੀ, ਊਟੀ, ਹੁਸੈਨਾਬਾਦ (ਲਖਨਊ), ਸਬਜ਼ੀ ਮੰਡੀ ਤੇ ਹਰੀ ਨਗਰ (ਦਿੱਲੀ), ਅਲੀਗੜ, ਮਿਰਜ਼ਾਪੁਰ (ਯੂ.ਪੀ.) ਅਤੇ ਫ਼ੈਸਲਾਬਾਦ (ਲਾਇਲਪੁਰ), ਸਿਆਲਕੋਟ, ਮੁਲਤਾਨ, ਹੈਦਰਾਬਾਦ, ਸੱਖਰ (ਸਿੰਧ) ਆਦਿ ਵਿੱਚ ਘੰਟਾ-ਘਰ ਦਾ ਨਿਰਮਾਣ ਕਰਵਾਇਆ ਗਿਆ, ਜਿੱਥੇ ਇਨਾਂ ਦੇ ਨਿਰਮਾਣ ਸਬੰਧੀ ਕਿਸੇ ਨੇ ਵੀ ਵਿਰੋਧ ਜ਼ਾਹਰ ਨਹੀਂ ਕੀਤਾ। ਜਦੋਂਕਿ ਅੰਮ੍ਰਿਤਸਰ ਵਿੱਚ ਘੰਟਾ-ਘਰ ਦੇ ਨਿਰਮਾਣ ਨੂੰ ਲੈ ਕੇ ਅੰਗਰੇਜ਼ਾਂ ਨੂੰ ਸ਼ਹਿਰ ਦੇ ਹਿੰਦੂ-ਸਿੱਖਾਂ ਦਾ ਵਿਰੋਧ ਸਹਿਣਾ ਪਿਆ। ਇਸ ਦਾ ਕਾਰਨ ਇਹ ਸੀ ਕਿ ਬਾਕੀ ਸ਼ਹਿਰਾਂ ਵਿੱਚ ਘੰਟਾ-ਘਰ ਉੱਥੋਂ ਦੇ ਚੌਕਾਂ ਜਾਂ ਸਰਕਾਰੀ ਇਮਾਰਤਾਂ ਵਿੱਚ ਉਸਾਰੇ ਗਏ ਸਨ ਜਦੋਂਕਿ ਅੰਮ੍ਰਿਤਸਰ ਵਿੱਚ ਇਸ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਬਣਾਇਆ ਗਿਆ ਸੀ। ਅੰਮ੍ਰਿਤਸਰੀਆਂ ਦੇ ਇਸ ਵਿਰੋਧ ਨੂੰ ਅਣਗੌਲਿਆਂ ਕਰ ਕੇ ਭਾਵੇਂ ਅੰਗਰੇਜ਼ ਹਕੂਮਤ ਨੇ ਘੰਟਾ-ਘਰ ਦਾ ਨਿਰਮਾਣ ਜਾਰੀ ਰੱਖਿਆ ਪਰ ਉਹ ਇਸ ਵਿੱਚ ਗਿਰਜਾ-ਘਰ ਸ਼ੁਰੂ ਕਰਨ ਦੀ ਹਿੰਮਤ ਨਾ ਕਰ ਸਕੇ। ਕਿਉਂਕਿ ਜਿਸ ਦਿਨ ਗਿਰਜਾ ਘਰ ਬਣਾਉਣ ਦਾ ਦਿਨ ਸੀ ਉਸ ਦਿਨ ਸਿੱਖਾਂ ਦੀ ਹਲਚਲ ਦੇਖਣ ਲਈ ਅੰਮ੍ਰਿਤ ਵੇਲੇ ਅੰਗਰੇਜ਼ ਅਫਸਰ ਜੋ ਅੰਮ੍ਰਿਤਸਰ ਜ਼ਿਲੇ ਦਾ ਕਰਤਾ ਧਰਤਾ ਸੀ ਦਰਬਾਰ ਸਾਹਿਬ ਦੇ ਅੰਦਰ ਬੈਠਾ ਸੀ। ਅਚਾਨਕ ਇਕ ਘਟਨਾ ਵਾਪਰੀ ਜੋ ਹੁਣ ਵੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਊੜੀ ਦੇ ਬਾਹਰ ਇਕ ਪਤਰੇ ਤੇ ਲਿਖੀ ਹੋਈ ਹੈ। ਸਭਨਾਂ ਦੀ ਗਿਆਤ ਲਈ ਦੱਸਿਆ ਜਾਂਦਾ ਹੈ ਕਿ 30 ਅਪ੍ਰੈਲ 1877 ਦੇ ਦਿਨ ਸਵੇਰ ਦੇ 4.30 ਵਜੇ ਇਕ ਅਜਬ ਖੇਲ ਵਰਤਿਆ । ਕੋਈ ਚਾਰ ਕੁ ਸੌ ਪ੍ਰੇਮੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੀਰਤਨ ਦਾ ਅਨੰਦ ਲੈ ਰਹੇ ਸਨ, ਜਦ ਅਚਨਚੇਤ ਹੀ ਬਿਜਲੀ ਦੀ ਇਕ ਲਿਸ਼ਕ ਦਿੱਸੀ । ਉਹ ਇਕ ਵੱਡੀ ਰੌਸ਼ਨੀ ਦੀ ਸ਼ਕਲ ਵਿਚ ਪਹਾੜ ਦੀ ਬਾਹੀ ਦੇ ਦਰਵਾਜ਼ੇ ਵਿਚੋਂ ਆਈ, ਠੀਕ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਗੋਲਾ ਜਿਹਾ ਬਣ ਕੇ ਫਟੀ ਅਤੇ ਚਾਨਣ ਹੀ ਚਾਨਣ ਕਰ ਕੇ ਦੱਖਣੀ ਦਰਵਾਜ਼ੇ ਥਾਣੀ ਇਕ ਰੌਸ਼ਨੀ ਦੀ ਲੀਕ ਬਣ ਕੇ ਨਿਕਲ ਗਈ । ਭਾਵੇਂ ਇਸ ਦੇ ਫੱਟਣ ਸਮੇਂ ਭਿਆਨਕ ਤੇ ਜ਼ੋਰ ਦੀ ਆਵਾਜ਼ ਆਈ, ਪਰ ਅੰਦਰ ਬੈਠੇ ਕਿਸੇ ਪ੍ਰੇਮੀ, ਇਮਾਰਤ ਜਾਂ ਚੀਜ਼ ਨੂੰ ਕਿਸੇ ਪ੍ਰਕਾਰ ਦਾ ਨੁਕਸਾਨ ਨਾ ਪੁੱਜਾ । ਇਸ ਅਲੌਕਿਕ ਦ੍ਰਿਸ਼ ਨੂੰ ਸਭ ਲੋਕੀਂ ਸ੍ਰੀ ਗੁਰੂ ਰਾਮਦਾਸ ਜੀ ਦਾ ਕੌਤਕ ਦਸਦੇ ਹਨ । ਇਹ ਕੌਤਕ ਦੇਖ ਕੇ ਅੰਗਰੇਜ਼ ਅਫਸਰ ਏਨਾ ਡਰ ਗਿਆ ਕਿ ਉਸ ਗਿਰਜਾ ਘਰ ਬਣਾਉਣ ਦਾ ਵਿਚਾਰ ਹੀ ਛੱਡ ਦਿੱਤਾ।

ਘੰਟਾ-ਘਰ ਦੇ ਹੇਠਲੇ ਹਾਲ ਕਮਰੇ ਦੀ ਲੰਬਾਈ-ਚੌੜਾਈ 20 ਗੁਣਾ 20 ਫੁੱਟ ਸੀ। ਜਿੱਥੇ ਹਰਿਮੰਦਰ ਸਾਹਿਬ ਦਾ ਨਿਰਮਾਣ ਸਿੱਖੀ ਦੀ ਸਹਿਜ-ਸੁਭਾਅ ਵਾਲੀ ਸੋਚ ਸਦਕਾ ਨੀਵੇਂ ਸਥਾਨ 'ਤੇ ਕੀਤਾ ਗਿਆ ਸੀ, ਉਸ ਦੇ ਉਲਟ ਅੰਗਰੇਜ਼ਾਂ ਨੇ ਆਪਣੀ ਘਮੰਡੀ ਸੋਚ ਕਾਰਨ ਰੈੱਡ ਟਾਵਰ ਦਾ ਨਿਰਮਾਣ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਧਰਤੀ ਤੋਂ 10 ਫੁੱਟ ਉੱਚਾ ਰੱਖ ਕੇ ਕੀਤਾ। ਪਹਿਲਾਂ-ਪਹਿਲ ਟਾਵਰ ਦੀ ਉੱਚਾਈ ਜ਼ਿਆਦਾ ਨਹੀਂ ਸੀ।

ਬਾਕੀ ਸਫ਼ਾ 31 'ਤੇ

# ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਇਤਿਹਾਸ

**ਡਾੱ ਗੁਰਤੇਜ ਸਿੰਘ ਠੀਕਰੀਵਾਲਾ**

ਨਵੰਬਰ 1920 ਈ: ਵਿਚ ਖ਼ਾਲਸਾ ਕਾਲਜ ਦਾ ਪ੍ਰਬੰਧ ਸਿੱਖ ਪੰਥ ਦੇ ਹਵਾਲੇ ਹੋਇਆ। ਇਕ ਆਰਜ਼ੀ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਮਹਾਰਾਜਾ ਪਟਿਆਲਾ, ਉਪ-ਪ੍ਰਧਾਨ ਸ: ਸੁੰਦਰ ਸਿੰਘ ਮਜੀਠੀਆ ਅਤੇ ਸ: ਖੜਕ ਸਿੰਘ ਬਣੇ, ਹਰਬੰਸ ਸਿੰਘ ਅਟਾਰੀ, ਜੋਧ ਸਿੰਘ ਐਮ. ਏ. ਅਤੇ ਸ: ਜੋਗਿੰਦਰ ਸਿੰਘ ਮੈਂਬਰ ਲਏ ਗਏ।

19ਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ ਸਿੱਖ ਵਿੱਦਿਅਕ ਸੰਸਥਾ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਹੋਣੀ ਅਤੇ ਇਸ ਦੀ ਇਮਾਰਤੀ ਬਣਾਵਟ ਦੀ ਖ਼ੂਬਸੂਰਤੀ ਜਗਤ ਪ੍ਰਸਿੱਧ ਹੈ। ਇਸ ਕਾਲਜ ਦੀ ਸਥਾਪਨਾ 5 ਮਾਰਚ, 1892 ਈ: ਨੂੰ ਪੰਜਾਬ ਦੇ ਗਵਰਨਰ ਸਰ ਜੇ. ਬੀ. ਲਾਇਲ ਦੁਆਰਾ ਨੀਂਹ ਪੱਥਰ ਰੱਖਣ ਨਾਲ ਹੋਈ ਸੀ। ਖ਼ਾਲਸਾ ਕਾਲਜ ਬੋਰਡਿੰਗ ਦੀ ਪਹਿਲੀ ਇਮਾਰਤ ਉਸਾਰੀ ਦਾ ਕਾਰਜ ਸ: ਧਰਮ ਸਿੰਘ ਇੰਜੀਨੀਅਰ ਦੀ ਦੇਖ-ਰੇਖ ਵਿਚ ਬਾਬੂ ਨੱਥਾ ਸਿੰਘ ਸਬ ਓਵਰਸੀਅਰ ਨੇ ਕੀਤਾ ਸੀ। ਅੰਗਰੇਜ਼ ਸਰਕਾਰ ਦੁਆਰਾ ਖ਼ਾਲਸਾ ਕਾਲਜ ਦੀ ਬਹੁਪੱਖੀ ਉੱਨਤੀ ਵਾਸਤੇ 10 ਹਜ਼ਾਰ ਸਾਲਾਨਾ ਮਾਲੀ ਸਹਾਇਤਾ, ਪ੍ਰਿੰਸੀਪਲ ਦੀ ਤਨਖ਼ਾਹ ਦਾ ਕੁਝ ਹਿੱਸਾ ਅਤੇ ਤਿੰਨ ਪ੍ਰੋਫ਼ੈਸਰਾਂ ਦੀ ਵੀ ਤਨਖ਼ਾਹ ਦਿੱਤੀ ਜਾਂਦੀ ਰਹੀ।

12 ਅਪ੍ਰੈਲ, 1904 ਈ: ਨੂੰ ਖ਼ਾਲਸਾ ਕਾਲਜ ਵਿਚ ਕਾਲਜ ਦੇ ਪ੍ਰਧਾਨ ਡਾ: ਡਬਲਿਊ. ਐਚ. ਰੈਟਿੰਗਨ ਦੀ ਪ੍ਰਧਾਨਗੀ ਹੇਠ ਸਿੱਖ ਸਰਦਾਰਾਂ ਦਾ ਵਿਸ਼ਾਲ ਜਲਸਾ ਹੋਇਆ, ਜੋ ਸਿੱਖ ਪੁਨਰ-ਜਾਗ੍ਰਿਤੀ ਦੇ ਦੌਰ ਦਾ ਪਹਿਲਾ ਵੱਡਾ ਇਕੱਠ ਸੀ। ਇਸ ਜਲਸੇ ਵਿਚ ਕਾਲਜ ਦੇ ਪ੍ਰਿੰਸੀਪਲ ਮਿ: ਕੌਲ (ਇਕ ਅੰਗਰੇਜ਼ ਅਧਿਕਾਰੀ) ਨੇ ਕਾਲਜ ਦੀ ਰਿਪੋਰਟ ਪੜੀ, ਜਿਸ ਵਿਚ ਖ਼ੁਲਾਸਾ ਕੀਤਾ ਗਿਆ ਕਿ ਬੀ. ਏ. ਦੇ ਇਮਤਿਹਾਨ ਵਿਚੋਂ ਕਾਲਜ ਦੇ ਵਿਦਿਆਰਥੀ ਜੋਧ ਸਿੰਘ (ਭਾਈ, ਪਹਿਲੇ ਵੀ. ਸੀ. ਪੰਜਾਬੀ ਯੂਨੀਵਰਸਿਟੀ ਪਟਿਆਲਾ) ਸਾਰੇ ਪੰਜਾਬ ਵਿਚੋਂ ਅੱਵਲ ਰਹੇ। 18 ਨਵੰਬਰ 1904 ਈ: ਨੂੰ ਖ਼ਾਲਸਾ ਕਾਲਜ ਦੀ ਵੱਡੀ ਇਮਾਰਤ ਦਾ ਨੀਂਹ ਪੱਥਰ ਗਵਰਨਰ ਪੰਜਾਬ ਚਾਰਲਸ ਰਿਵਾਜ਼ ਨੇ ਰੱਖਿਆ। 11 ਦਸੰਬਰ, 1905 ਈ: ਨੂੰ ਗਵਰਨਰ ਪੰਜਾਬ ਦਾ ਪੁੱਤਰ ਪ੍ਰਿੰਸ ਆਫ਼ ਵੇਲਜ਼ ਖ਼ਾਲਸਾ ਕਾਲਜ ਆਇਆ। ਇਸ ਨੇ ਵਿਦੇਸ਼ਾਂ ਵਿਚ ਸਿੱਖ ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਸਮੇਤ ਪੜਾਈ ਕਰਨ ਲਈ ਮੌਕਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ।

ਦਿੱਲੀ ਦਰਬਾਰ ਦੇ ਅਵਸਰ 'ਤੇ ਚੀਫ਼ ਖ਼ਾਲਸਾ ਦੀਵਾਨ ਦੇ ਉੱਦਮਾਂ ਨਾਲ 2800 ਰੁਪਏ ਖ਼ਾਲਸਾ ਕਾਲਜ ਵਾਸਤੇ ਦਿੱਤੇ ਗਏ। ਕਾਲਜ ਦੀ ਮਾਲੀ ਹਾਲਤ ਨੂੰ ਸੁਧਾਰਨ ਹਿਤ ਕੁਝ ਪੰਥ ਦਰਦੀਆਂ ਨੇ ਜੁਲਾਈ 1903 ਵਿਚ ਮਾਸਿਕ ਚੰਦੇ ਦੇਣੇ ਵੀ ਸ਼ੁਰੂ ਕੀਤੇ ਜਿਨਾਂ ਵਿਚ ਸ: ਭਗਵਾਨ ਸਿੰਘ ਜੱਜ ਚੀਫ਼



ਕੋਰਟ ਪਟਿਆਲਾ, ਸ: ਧਰਮ ਸਿੰਘ ਇੰਜੀਨੀਅਰ, ਭਾਈ ਸੰਤ ਸਿੰਘ ਜੀ ਗ੍ਰੰਥੀ, ਭਾਈ ਪ੍ਰਤਾਪ ਸਿੰਘ ਤਹਿਸੀਲਦਾਰ, ਸ: ਸੁੰਦਰ ਸਿੰਘ ਮਜੀਠੀਆ ਸਨ। ਬਾਅਦ ਵਿਚ ਸ: ਹੀਰਾ ਸਿੰਘ ਸਬ ਓਵਰਸੀਅਰ ਕਾਲਾ ਬਾਗ, ਸ: ਬਿਸ਼ਨ ਸਿੰਘ ਸਬ ਓਵਰਸੀਅਰ ਮਰਦਾਨ, ਡਾ: ਮਈਆ ਸਿੰਘ, ਸ: ਗੋਕਲ ਸਿੰਘ ਸਬ ਓਵਰਸੀਅਰ ਉਨਾਓਂ, ਭਾਈ ਗੇਹਲ ਸਿੰਘ ਮਸੂਰੀ, ਸ: ਕਾਨ ਸਿੰਘ ਨਾਭਾ ਅਤੇ ਭਾਈ ਹਰਨਾਮ ਸਿੰਘ ਆਟੇ ਵਾਲੇ ਲਾਹੌਰ ਇਨਾਂ ਨੇ ਵੀ ਮਾਸਿਕ ਚੰਦੇ ਦੇਣੇ ਸ਼ੁਰੂ ਕੀਤੇ। ਕਾਲਜ ਦੇ ਵਿਕਾਸ ਲਈ 1904 ਤੱਕ 1749171 ਰੁਪਏ ਇਕੱਤਰ ਹੋ ਗਏ ਸਨ। ਕੇਵਲ ਕਾਲਜ ਦੀ ਇਮਾਰਤ ਵਾਸਤੇ 256331 ਰੁਪਏ 10 ਆਨੇ ਅਤੇ 5 ਪਾਈ ਇਕੱਤਰ ਹੋਏ ਸਨ।

ਪ੍ਰਬੰਧਕ ਕਮੇਟੀ, ਨਾਮਵਰ ਅਧਿਆਪਕ ਅਤੇ ਕੋਰਸ : ਕਾਲਜ ਦੇ ਪਹਿਲੇ ਸਕੱਤਰ ਸ: ਸੁੰਦਰ ਸਿੰਘ ਮਜੀਠੀਆ ਚੁਣੇ ਗਏ। ਕੁਝ ਲਿਖਤਾਂ ਵਿਚ ਭਾਈ ਜਵਾਹਰ ਸਿੰਘ ਦਾ ਪਹਿਲਾ ਸਕੱਤਰ ਨਿਯੁਕਤ ਹੋਣ ਦੀ ਸੂਚਨਾ ਹੈ। ਅਪ੍ਰੈਲ 1905 ਈ: ਵਿਚ ਖ਼ਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਵਿਚ ਹਰਬੰਸ ਸਿੰਘ ਅਟਾਰੀ, ਭਗਵਾਨ ਸਿੰਘ ਜੱਜ ਚੀਫ਼ ਕੋਰਟ ਪਟਿਆਲਾ, ਅਜੀਤ ਸਿੰਘ ਪਟਿਆਲਾ, ਭਾਈ ਕਾਨ ਸਿੰਘ ਨਾਭਾ, ਸ਼ਮਸ਼ੇਰ ਸਿੰਘ ਜੀਂਦ, ਨਰੈਣ ਸਿੰਘ ਕਪੂਰਥਲਾ, ਰਾਮ ਸਿੰਘ ਫ਼ਰੀਦਕੋਟ, ਕੈਪਟਨ ਹਿਲ ਅਤੇ ਮੇਜਰ ਡਨਲਪ ਸਮਿਥ ਬਤੌਰ ਮੈਂਬਰ ਸ਼ਾਮਿਲ ਕੀਤੇ ਗਏ। 10 ਮਈ 1908 ਦੀ ਇਕ ਮੀਟਿੰਗ ਵਿਚ ਕਾਲਜ ਕੌਂਸਲ ਦੇ 25 ਮੈਂਬਰ ਰਿਆਸਤਾਂ ਵਿਚੋਂ ਅਤੇ 26 ਮੈਂਬਰ ਸਰਕਾਰੀ ਇਲਾਕਿਆਂ (ਬਾਰੀ ਦੁਆਬ, ਰਾਵੀ ਪਾਰ ਅਤੇ ਬਿਆਸ ਉਰਾਰ) ਵਿਚੋਂ ਨਿਯੁਕਤ ਕੀਤੇ ਗਏ। ਬਾਰੀ ਦੁਆਬ ਦੇ ਮੈਂਬਰਾਂ ਵਿਚ ਭਾਈ ਵੀਰ ਸਿੰਘ ਨੂੰ ਵੀ ਲਿਆ ਗਿਆ, ਤਾਂ ਆਪ ਨੇ ਇਕ ਵੱਡੇ ਲਿਖਤੀ ਨੋਟ ਰਾਹੀਂ ਇਲਾਕਾਈ ਵੰਡ 'ਤੇ ਆਧਾਰਤ ਇਨਾਂ ਨਿਯੁਕਤੀਆਂ ਤੋਂ ਸਿੱਖ ਪੰਥ ਵਿਚ ਧੜੇਬੰਦੀ ਪੈਦਾ ਹੋਣ ਦਾ ਖ਼ਦਸ਼ਾ ਜ਼ਾਹਰ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਪ੍ਰਿੰਸੀਪਲ ਮਿ: ਕੌਲ ਤੋਂ ਇਲਾਵਾ ਕਲਾਜ ਦੇ ਸਟਾਫ਼ ਵਿਚ ਸ: ਨਰਾਇਣ ਸਿੰਘ ਐਮ. ਏ., ਐਲ. ਬੀ. ਬੀ., ਹੈੱਡਮਾਸਟਰ ਸਨ। ਭਾਈ ਹਰੀ ਸਿੰਘ ਧਾਰਮਿਕ ਅਧਿਆਪਕ, ਮਈ 1905 ਵਿਚ ਪ੍ਰੋ: ਜੋਧ ਸਿੰਘ ਦੀ ਨਿਯੁਕਤੀ ਵੀ ਬਤੌਰ ਧਾਰਮਿਕ ਪ੍ਰੋਫ਼ੈਸਰ ਕੀਤੀ ਗੀ। ਸ: ਨਿਰੰਜਨ ਸਿੰਘ ਸੀਨੀਅਰ ਪ੍ਰੋਫ਼ੈਸਰ, ਸ: ਤਾਰਾ ਸਿੰਘ ਬੀ.ਏ., ਐਲ. ਐਲ. ਬੀ. ਤੋਂ ਇਲਾਵਾ ਹੋਰ ਕਈ ਅਧਿਆਪਕ ਰੱਖੇ ਗਏ। 2 ਦਸੰਬਰ 1923 ਈ: ਨੂੰ ਡਾ: ਬਲਬੀਰ ਸਿੰਘ (ਭਰਾਤਾ ਭਾਈ ਵੀਰ ਸਿੰਘ) ਬਤੌਰ ਕੈਮਿਸਟਰੀ ਅਧਿਆਪਕ ਨਿਯੁਕਤ ਹੋਏ।

ਨਵੰਬਰ 1904 ਵਿਚ ਵਿਦਿਆਰਥੀਆਂ ਦੀ ਕੁੱਲ ਗਿਣਤੀ 448 ਸੀ। ਆਰੰਭ ਵਿਚ ਧਾਰਮਿਕ ਵਿੱਦਿਆ ਦੇ ਨਾਲ-ਨਾਲ ਡਰਾਇੰਗ ਅਤੇ ਸਾਇੰਸ ਦੇ ਕੋਰਸ ਹੀ ਸ਼ੁਰੂ ਕੀਤੇ ਗਏ ਸਨ।

ਕਾਲਜ ਦਾ ਪ੍ਰਬੰਧ ਸਿੱਖ ਪੰਥ ਅਧੀਨ : ਨਵੰਬਰ 1920 ਈ: ਵਿਚ ਖ਼ਾਲਸਾ ਕਾਲਜ ਦਾ ਪ੍ਰਬੰਧ ਸਿੱਖ ਪੰਥ ਦੇ ਹਵਾਲੇ ਹੋਇਆ। ਇਕ ਆਰਜ਼ੀ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਮਹਾਰਾਜਾ ਪਟਿਆਲਾ, ਉਪ-ਪ੍ਰਧਾਨ ਸ: ਸੁੰਦਰ ਸਿੰਘ ਮਜੀਠੀਆ ਬਣੇ ਅਤੇ ਸ: ਖੜਕ ਸਿੰਘ ਬਣੇ, ਹਰਬੰਸ ਸਿੰਘ ਅਟਾਰੀ, ਜੋਧ ਸਿੰਘ ਐਮ. ਏ. ਅਤੇ ਸ: ਜੋਗਿੰਦਰ ਸਿੰਘ ਮੈਂਬਰ ਲਏ ਗਏ। ਅੱਗੇ ਤੋਂ ਕੌਂਸਲ ਵਿਚ 56 ਦੀ ਜਗਾ 80 ਮੈਂਬਰਾਂ ਦੀ ਵਿਵਸਥਾ ਕੀਤੀ ਗਈ। ਇਨਾਂ ਦੀ ਵੰਡ ਇਸ ਤਰਾਂ ਕੀਤੀ ਗਈ :

(ੳ) 40 ਮੈਂਬਰ ਪੰਜਾਬ ਦੀਆਂ ਰਿਆਸਤਾਂ ਵਿਚੋਂ ਹੇਠ ਲਿਖੇ ਅਨੁਸਾਰ ਨਾਮਜ਼ਦ ਹੋਣੇ ਨਿਸ਼ਚਿਤ ਕੀਤੇ ਗਏ

ਪਟਿਆਲਾ-17, ਜੀਂਦ-7, ਨਾਭਾ-7, ਕਪੂਰਥਲਾ-4, ਫ਼ਰੀਦਕੋਟ-4, ਕਲਸੀਆ-11

(ਅ) 40 ਮੈਂਬਰਾਂ ਵਿਚੋਂ 20 ਮੈਂਬਰ ਬਰਤਾਨਵੀ ਜ਼ਿਲਿਆਂ ਦੇ ਸਿੱਖ ਕੌਂਸਲਾਂ ਵਿਚੋਂ ਹੇਠ ਲਿਖੇ ਅਨੁਸਾਰ ਨਾਮਜ਼ਦ ਕੀਤੇ ਜਾਣੇ ਤੈਅ ਕੀਤੇ ਗਏ

10 ਬਾਰੀ ਦੁਆਬ ਵਿਚੋਂ, 5 ਰਾਵੀ ਦੇ ਇਲਾਕੇ ਵਿਚੋਂ, 5 ਬਿਆਸ ਦੇ ਇਲਾਕੇ ਵਿਚੋਂ। ਬਾਕੀ 20 ਮੈਂਬਰਾਂ ਦੀਆਂ ਨਾਮਜ਼ਦਗੀਆਂ ਹੇਠ ਲਿਖੇ ਅਨੁਸਾਰ ਕਰਨੀਆਂ ਤੈਅ ਹੋਈਆਂ ਸਨ

ਕਾਲਜ ਦੇ ਤਿੰਨ ਸਾਲ ਤੋਂ ਪੁਰਾਣੇ ਗ੍ਰੈਜੂਏਟਾਂ ਵਿਚੋਂ 7, ਸਿੱਖ ਕਾਲਜਾਂ (ਖ਼ਾਲਸਾ ਕਾਲਜ ਛੱਡ ਕੇ) ਅਤੇ ਸਿੱਖ ਹਾਈ ਸਕੂਲਾਂ ਵਲੋਂ 4, ਖ਼ਾਲਸਾ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਵਲੋਂ 3, ਸਿੱਖ ਐਜੂਕੇਸ਼ਨਲ ਕਮੇਟੀ ਖ਼ਾਲਸਾ ਦੀਵਾਨ ਵਲੋਂ 3, ਸਿੱਖ ਲੀਗ ਵਲੋਂ 3, ਕੌਂਸਲ ਆਪਣੇ ਮੈਂਬਰਾਂ ਵਿਚੋਂ ਪ੍ਰਧਾਨ, ਉਪ-ਪ੍ਰਧਾਨ ਅਤੇ ਆਨਰੇਰੀ ਸਕੱਤਰ ਚੁਣੇਗੀ।

ਕੌਂਸਲ ਦਾ ਕੋਈ ਤਨਖਾਹਦਾਰ ਮੈਂਬਰ ਨਾ ਬਣਾਉਣ ਦਾ ਫ਼ੈਸਲਾ ਵੀ ਹੋਇਆ। ਪ੍ਰਬੰਧਕ ਕਮੇਟੀ ਦੇ 26 ਮੈਂਬਰ ਹੋਣਗੇ, ਜਿਨਾਂ ਵਿਚ ਕੌਂਸਲ ਦੇ ਪ੍ਰਧਾਨ, ਉਪ-ਪ੍ਰਧਾਨ ਅਤੇ ਸਕੱਤਰ ਵੀ ਸ਼ਾਮਿਲ ਹੋਣਗੇ। ਰਿਆਸਤਾਂ ਵਿਚੋਂ 13 ਮੈਂਬਰ ਹੇਠ ਲਿਖੇ ਅਨੁਸਾਰ ਲੈਣੇ ਨਿਸਚਿਤ ਹੋਏ : ਪਟਿਆਲਾ ਤੋਂ 5, ਜੀਂਦ, ਨਾਭਾ, ਫ਼ਰੀਦਕੋਟ, ਕਪੂਰਥਲਾ ਤੋਂ 2-2, ਬਾਕੀ ਰਹਿੰਦੇ ਮੈਂਬਰ ਬਰਤਾਨਵੀ ਜ਼ਿਲਿਆਂ ਵਿਚੋਂ ਸਨ।

# ਭਾਰਤ ਦੀ ਜਮਹੂਰੀਅਤਾਂ ਦੇ ਵਿਗਾੜ ਬਨਾਮ ਇੰਗਲੈਂਡ ਸਰਕਾਰ

### ਰਜਿੰਦਰ ਸਿੰਘ ਪਰੇਵਾਲ

ਬਰਤਾਨੀਆ ਦੇ ਉੱਪਰਲੇ ਸਦਨ ਹਾਊਸ ਆਫ ਲਾਰਡਜ਼ ਦੇ ਮੈਂਬਰਾਂ ਨੇ ਭਾਰਤ ਵਿਚਲੀਆਂ ਗ਼ੈਰ ਸਰਕਾਰੀ ਸੰਸਥਾਵਾਂ, ਅਕਾਦਮੀਆਂ ਤੇ ਹੋਰਨਾਂ ਗਰੁੱਪਾਂ ਦੀ ਆਜ਼ਾਦੀ ਦੇ ਮੁੱਦੇ 'ਤੇ ਚਰਚਾ ਕੀਤੀ ਅਤੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਤੋਂ ਮੰਗ ਕੀਤੀ ਕਿ ਉਹ ਅਗਲੇ ਮਹੀਨੇ ਭਾਰਤ ਫੇਰੀ ਦੌਰਾਨ ਆਪਣੇ ਭਾਰਤੀਹਮਰੁਤਬਾਨਰਿੰਦਰਮੋਦੀਕੋਲਇਹਮੁੱਦਾਜ਼ਰੂਰਚੁੱਕਣ। ਉੱਪਰਲੇ ਸਦਨ 'ਚ ਕਰਾਸਬੈਂਚ ਤੋਂ ਸੰਸਦ ਮੈਂਬਰ ਲਾਰਡ ਰਿਚਰਡ ਹੈਰਿਸ ਨੇ 'ਭਾਰਤ: ਆਜ਼ਾਦੀ 'ਤੇ ਪਾਬੰਦੀਆਂ' ਦੇ ਮੁੱਦੇ 'ਤੇ ਬਹਿਸ ਦਾ ਸੱਦਾ ਦਿੱਤਾ ਸੀ ਅਤੇ ਬਰਤਾਨਵੀ ਮੰਤਰੀ ਲਾਰਡ ਜ਼ੈਕ ਗੋਲਡਸਮਿੱਥ ਨੇ ਸਰਕਾਰ ਵੱਲੋਂ ਭਾਰਤ ਤੇ ਬਰਤਾਨੀਆ ਵਿਚਾਲੇ ਨਜ਼ਦੀਕੀ ਰਿਸ਼ਤਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਰਿਸ਼ਤੇ ਬਰਤਾਨੀਆ ਨੂੰ ਭਾਰਤ ਕੋਲ ਇਹ ਮਸਲਾ ਚੁੱਕਣ ਦੀ ਇਜਾਜ਼ਤ ਦਿੰਦੇ ਹਨ। ਮਨੁੱਖੀ ਅਧਿਕਾਰਾਂ ਦੇ ਮੁੱਦੇ 'ਤੇ ਅਸੀਂ ਭਾਰਤ ਨਾਲ ਸਿੱਧੀ ਵਾਰਤਾ ਜਾਰੀ ਰੱਖਾਂਗੇ ਅਤੇ ਮੰਤਰਾਲਾ ਪੱਧਰ ਤੋਂ ਇਲਾਵਾ ਜਿਸ ਵੀ ਤਰਾਂ ਹੋ ਸਕਿਆ ਅਸੀਂ ਭਾਰਤ ਕੋਲ ਆਪਣੀ ਆਵਾਜ਼ ਚੁੱਕਦੇ ਰਹਾਂਗੇ।' ਉਨਾਂ ਕਿਹਾ ਸੀ ਕਿ, 'ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਜਲਦੀ ਹੀ ਭਾਰਤ ਜਾ ਰਹੇ ਹਨ। ਭਾਰਤ ਸਰਕਾਰ ਨਾਲ ਦੁਵੱਲੇ ਤੇ ਬਹੁ-ਪੱਖੀ ਮੁੱਦਿਆਂ 'ਤੇ ਚਰਚਾ ਕਰਨ ਦਾ ਇਹ ਵੱਡਾ ਮੌਕਾ ਹੈ। ਬੇਸ਼ੱਕ ਸਾਡੇ ਕੁਝ ਵਿਸ਼ੇਸ਼ ਮਸਲੇ ਵੀ ਹਨ ਪਰ ਪ੍ਰਧਾਨ ਮੰਤਰੀ ਭਾਰਤ 'ਚ ਆਜ਼ਾਦੀ 'ਤੇ ਪਾਬੰਦੀਆਂ ਬਾਰੇ ਮਸਲਾ ਆਪਣੇ ਭਾਰਤੀ ਹਮਰੁਤਬਾ ਕੋਲ ਜ਼ਰੂਰ ਚੁੱਕਣਗੇ।' ਉੱਪਰਲੇ ਸਦਨ 'ਚ ਹੋਈ ਚਰਚਾ ਦੌਰਾਨ ਤਕਰੀਬਨ ਅੱਠ ਸੰਸਦ ਮੈਂਬਰਾਂ ਨੇ ਜੌਹਨਸਨ ਦੀ ਅਗਵਾਈ ਹੇਠਲੀ ਸਰਕਾਰ ਨੂੰ ਭਾਰਤ 'ਚ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦਾ ਦਫ਼ਤਰ ਬੰਦ ਹੋਣ ਤੇ ਇਸ ਦੇ ਬੈਂਕ ਖਾਤਿਆਂ ਨਾਲ ਲੈਣ-ਦੇਣ ਰੋਕੇ ਜਾਣ, ਕਸ਼ਮੀਰ ਦੀ ਸਥਿਤੀ, ਪੱਤਰਕਾਰਾਂ ਨੂੰ ਕੈਦ ਕਰਨਾ, ਗ਼ੈਰ-ਹਿੰਦੂ ਘੱਟ ਗਿਣਤੀਆਂ, ਦਲਿਤ ਕਾਰਕੁਨਾਂ, ਐਨਜੀਓ ਤੇ ਮਨੁੱਖੀ ਅਧਿਕਾਰ ਦੀ ਉਲੰਘਣਾ ਖ਼ਿਲਾਫ਼ ਮੁਹਿੰਮ ਛੇੜਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤੇ ਜਾਣ ਦੇ ਡਰ ਜਿਹੇ ਮਸਲੇ ਚੁੱਕਣ ਦੀ ਅਪੀਲ ਕੀਤੀ ਗਈ ਸੀ। ਹਾਲਾਂਕਿ ਕਸ਼ਮੀਰ ਮਸਲੇ 'ਤੇ ਬਰਤਾਨਵੀ ਸਰਕਾਰ ਦਾ ਕਹਿਣਾ ਹੈ ਕਿ ਇਹ ਪੂਰੀ ਤਰਾਂ ਭਾਰਤ ਦਾ ਅੰਦਰੂਨੀ ਮਾਮਲਾ ਹੈ।

ਹੁਣੇ ਜਿਹੇ ਊਭਾਰਤੀ ਚੋਣ ਸੁਧਾਰਾਂ ਲਈ ਕੰਮ ਕਰਨ ਵਾਲੇ ਸੰਗਠਨ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਨੇ ਆਪਣੀ ਤਾਜ਼ਾ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ 2016 ਤੋਂ 2020 ਤੱਕ ਕਾਂਗਰਸ ਦੇ 170 ਵਿਧਾਇਕ ਦਲਬਦਲੀ ਕਰਕੇ ਦੂਜੀਆਂ ਪਾਰਟੀਆਂ ਵਿਚ ਗਏ, ਜਦਕਿ ਭਾਜਪਾ ਦੇ ਸਿਰਫ 18 ਵਿਧਾਇਕਾਂ ਨੇ ਦਲਬਦਲੀ ਕੀਤੀ । ਸੰਗਠਨ ਨੇ ਆਪਣੀ ਰਿਪੋਰਟ ਵਿਚ 443 ਵਿਧਾਇਕਾਂ ਤੇ ਸਾਂਸਦਾਂ ਦੇ ਚੋਣ ਹਲਫਨਾਮਿਆਂ ਦਾ ਵਿਸ਼ਲੇਸ਼ਣ ਕੀਤਾ, ਜਿਨਾਂ ਨੇ ਪੰਜ ਸਾਲਾਂ ਵਿਚ ਪਾਰਟੀਆਂ ਨੂੰ ਛੱਡਿਆ ਤੇ ਫਿਰ ਚੋਣ ਲੜੀ । ਪਾਲਾ ਬਦਲ ਕੇ ਮੁੜ ਚੋਣ ਲੜਨ ਵਾਲੇ 405 ਵਿਧਾਇਕਾਂ ਵਿਚੋਂ 182 (44.9 ਪ੍ਰਤੀਸ਼ਤ) ਭਾਜਪਾ ਵਿਚ ਸ਼ਾਮਲ ਹੋਏ ਤਾਂ 38 ਵਿਧਾਇਕ (9.4 ਪ੍ਰਤੀਸ਼ਤ) ਕਾਂਗਰਸ ਤੇ 25 ਵਿਧਾਇਕ ਤੇਲੰਗਾਨਾ ਰਾਸ਼ਟਰ ਸਮਿਤੀ ਵਿਚ ਸ਼ਾਮਲ ਹੋਏ । ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਪੰਜ ਲੋਕ ਸਭਾ ਮੈਂਬਰ ਪਾਰਟੀ ਛੱਡ ਕੇ ਦੂਜੀਆਂ ਪਾਰਟੀਆਂ ਵਿਚ ਸ਼ਾਮਲ ਹੋਏ, ਜਦਕਿ 2016-20 ਦੌਰਾਨ ਕਾਂਗਰਸ ਦੇ 7 ਰਾਜ ਸਭਾ ਮੈਂਬਰ ਦੂਜੀਆਂ ਪਾਰਟੀਆਂ ਵਿਚ ਗਏ । ਪਾਰਟੀ ਬਦਲ ਕੇ ਰਾਜ ਸਭਾ ਚੋਣ ਮੁੜ ਲੜਨ ਵਾਲੇ 16 ਰਾਜ ਸਭਾ ਮੈਂਬਰਾਂ ਵਿਚੋਂ 10 ਭਾਜਪਾ ਵਿਚ ਸ਼ਾਮਲ ਹੋਏ। ਵਿਧਾਇਕਾਂ ਦੇ ਪਾਰਟੀ ਬਦਲਣ ਦਾ ਹੀ ਇਹ ਨਤੀਜਾ ਨਿਕਲਿਆ ਕਿ ਮੱਧ ਪ੍ਰਦੇਸ਼, ਮਨੀਪੁਰ, ਗੋਆ, ਅਰੁਣਾਚਲ ਪ੍ਰਦੇਸ਼ ਤੇ ਕਰਨਾਟਕ ਦੀਆਂ ਸਰਕਾਰ ਡਿੱਗੀਆਂ । ਸਭ ਥਾਈਂ ਭਾਜਪਾ ਨੇ ਫਾਇਦਾ ਉਠਾਇਆ। ਏ ਡੀ ਆਰ ਦੇ ਅੰਕੜਿਆਂ ਮੁਤਾਬਕ ਜਿਨਾਂ 357 ਵਿਧਾਇਕਾਂ ਨੇ ਪਾਰਟੀ ਬਦਲ ਕੇ ਚੋਣ ਲੜੀ, ਉਨਾਂ ਵਿਚੋਂ 170 (48 ਪ੍ਰਤੀਸ਼ਤ) ਨੇ ਜਿੱਤ ਦਰਜ ਕੀਤੀ ।ਅਸੰਬਲੀਆਂ ਦੀਆਂ ਉਪ-ਚੋਣਾਂ ਵਿਚ ਦਲਬਦਲੂਆਂ ਦੀ ਸਫਲਤਾ ਰੇਟ ਕਾਫੀ ਰਹੀ । 48 ਦਲਬਦਲੂਆਂ ਵਿਚੋਂ 39 ਯਾਨੀ 81 ਫੀਸਦੀ ਮੁੜ ਚੁਣੇ ਗਏ। ਕਿਹਾ ਜਾਂਦਾ ਹੈ ਕਿ ਲੋਕਤੰਤਰ ਵਿਚ ਨਾਗਰਿਕਾਂ ਦੇ ਹਿੱਤ ਨੇਤਾਵਾਂ ਦੇ ਨਿੱਜੀ ਹਿੱਤਾਂ ਨਾਲੋਂ ਉੱਤੇ ਹੁੰਦੇ ਹਨ, ਪਰ ਪਿਛਲੇ ਪੰਜ ਸਾਲਾਂ ਵਿਚ ਜਿਵੇਂ ਥੋਕ ਵਿਚ ਦਲਬਦਲੀਆਂ ਹੋਈਆਂ ਹਨ, ਉਸ ਤੋਂ ਤਾਂ ਇਹੀ ਲੱਗਦਾ ਹੈ ਕਿ ਲੋਕਤੰਤਰ ਨੇਤਾਵਾਂ ਦੀ ਜਗੀਰ ਬਣ ਗਈ ਹੈ । ਇਸ ਵੇਲੇ ਭਾਰਤ ਦੇ ਚਾਰ ਰਾਜਾਂ ਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਚੋਣਾਂ ਹੋਣ ਜਾ ਰਹੀਆਂ ਹਨ । ਪਿਛਲੇ ਦਿਨੀਂ ਹੀ ਕਾਂਗਰਸੀ ਵਿਧਾਇਕਾਂ ਦੇ ਪਾਰਟੀ ਛੱਡਣ ਕਾਰਨ ਪੁੱਡੂਚੇਰੀ ਦੀ ਸਰਕਾਰ ਡਿੱਗ ਪਈ । ਪੱਛਮੀ ਬੰਗਾਲ ਵਿਚ ਦਲਬਦਲੀ ਦਾ ਜਿਹੜਾ ਨੰਗਾ ਨਾਚ ਖੇਡਿਆ ਜਾ ਰਿਹਾ ਹੈ, ਉਸ ਨੂੰ ਦੇਖ ਕੇ ਤਾਂ ਲੋਕਤੰਤਰ ਵੀ ਸਿਰ ਲੁਕੋਂਦਾ ਫਿਰ ਰਿਹਾ ਹੈ । ਉਥੇ ਭਾਜਪਾ ਨੇ ਤ੍ਰਿਣਮੂਲ ਕਾਂਗਰਸ ਦੇ ਨਾਲ-ਨਾਲ ਹੋਰਨਾਂ ਪਾਰਟੀਆਂ ਦੇ ਵਿਧਾਇਕ ਤੋੜਨ ਦਾ ਸਿਲਸਿਲਾ ਕਾਫੀ ਪਹਿਲਾਂ ਸ਼ੁਰੂ ਕਰ ਦਿੱਤਾ ਸੀ, ਪਰ ਚੋਣਾਂ ਦੇ ਐਲਾਨ ਤੋਂ ਕੁਝ ਪਹਿਲਾਂ ਤਾਂ ਤ੍ਰਿਣਮੂਲ ਛੱਡਣ ਵਾਲੇ ਵਿਧਾਇਕਾਂ ਤੇ ਮੰਤਰੀਆਂ ਨੇ ਤਾਂ ਇਕ ਤਰਾਂ ਲਾਈਨ ਹੀ ਲਾ ਲਈ । ਇਹ ਉਹੀ ਸਨ, ਜਿਨਾਂ ਨੂੰ ਭਾਜਪਾ ਆਪਣੇ ਨਾਲ ਰਲਣ ਤੋਂ ਪਹਿਲਾਂ ਮਹਾਂ ਕੁਰੱਪਟ ਦੇ ਤਮਗੇ ਦਿੰਦੀ ਆ ਰਹੀ ਸੀ । ਭਾਜਪਾ ਵਿਚ ਆਉਣ ਤੋਂ ਬਾਅਦ ਲੱਗਦਾ ਹੈ ਕਿ ਜਿਵੇਂ ਸਾਰਿਆਂ ਦੇ ਦਾਗ ਧੋਤੇ ਗਏ । ਪੈਸੇ ਤੇ ਸੱਤਾ ਦੀ ਭੁੱਖ ਵਿਧਾਇਕਾਂ, ਸਾਂਸਦਾਂ ਤੇ ਸਿਆਸੀ ਪਾਰਟੀਆਂ ਵਿਚ ਆਮ ਨਜ਼ਰ ਆਉਂਦੀ ਹੈ। ਇਸੇ ਕਰਕੇ ਭਾਰਤੀ ਜਮਹੂਰੀਅਤ ਖਤਰੇ ਵਿਚ ਪਈ ਹੋਈ ਹੈ।

ਬੀਤੇ ਦਿਨੀਂ ਯੂਨਾਈਡਿ ਨੇਸ਼ਨਜ਼ (ਯੂਐਨ) ਹਿਊਮਨ ਰਾਇਟਸ ਵੱਲੋਂ ਨਿਰਧਾਰਿਤ ਖੋਜ-ਵਿਧੀ ਜਿਸ ਵਿੱਚ ਭੂਗੋਲਿਕ ਵੰਡ, ਧਾਰਮਿਕ ਅਤੇ ਭਾਸ਼ਾਈ ਗਰੁੱਪਾਂ ਦੀ ਬਣਤਰ ਦੇ ਨਾਲ-ਨਾਲ ਆਰਥਿਕ ਵਿਕਾਸ ਦੇ ਪੈਮਾਨੇ ਆਦਿ ਵੀ ਸ਼ਾਮਿਲ ਕੀਤੇ ਗਏ ਹਨ। ਇਸ ਵਿੱਚ ਕਿਸੇ ਦੇਸ਼ ਦਾ ਪੱਧਰ ਅੰਕਾਂ ਦੀ ਵੰਡ ਅਨੁਸਾਰ ਪੂਰੀ ਤਰਾਂ ਆਜ਼ਾਦ, ਸੀਮਿਤ ਆਜ਼ਾਦ ਅਤੇ ਉੱਕਾ ਹੀ ਆਜ਼ਾਦੀ ਨਹੀਂ ਆਦਿ ਵਿੱਚ ਵੰਡਿਆ ਹੈ। ਇਸ ਰਿਪੋਰਟ ਨੇ ਭਾਰਤ ਨੂੰ ਸੀਮਿਤ ਆਜ਼ਾਦੀ ਵਾਲੇ ਘੇਰੇ ਵਿੱਚ ਵੱਖ-ਵੱਖ ਪੈਮਾਨਿਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਨਿਰਧਾਰਤ ਕੀਤਾ ਹੈ। ਇਸ ਕਰਕੇ ਇਸ ਰਿਪੋਰਟ ਵਿੱਚ ਸਪੱਸ਼ਟ ਦਰਜ ਹੈ ਕਿ ਪਹਿਲਾਂ ਜਿਨਾਂ ਮੁਲਕਾਂ ਨੂੰ ਆਰਥਿਕ ਖੇਤਰ ਦੇ ਮੰਦਵਾੜੇ ਵਾਲੇ ਮੁਲਕ ਦੇ ਤੌਰ 'ਤੇ ਕਿਹਾ ਜਾਂਦਾ ਸੀ, ਹੁਣ ਉਹ ਨੂੰ ਜਮਹੂਰੀਅਤ ਦੇ ਤੌਰ 'ਤੇ ਵੱਖ-ਵੱਖ ਪੱਧਰ 'ਤੇ ਨਿਵਾਣਾਂ ਛੂਹ ਰਹੇ ਅਤੇ ਉਨਾਂ ਨੂੰ ਸੰਕਟਗ੍ਰਸਤ ਮੰਦਵਾੜੇ ਵਾਲੇ ਮੁਲਕ ਕਿਹਾ ਜਾ ਰਿਹਾ ਹੈ।

ਭਾਰਤ ਦੇ ਸਬੰਧ ਵਿੱਚ ਰਿਪੋਰਟ ਨੇ ਸਪੱਸ਼ਟ ਕੀਤਾ ਹੈ ਕਿ ਜੋ ਮੁਲਕ ਦੁਨੀਆਂ ਵਿੱਚ ਆਪਣੇ-ਆਪ ਨੂੰ ਸਭ ਤੋਂ ਵੱਧ ਲੋਕ ਜਮਹੂਰੀਅਤ ਦਾ ਝੰਡਾ ਬਰਦਾਰ ਸਮਝਦਾ ਸੀ ਉਹ ਹੁਣ ਬਹੁਤ ਹੀ ਸੀਮਿਤ ਸੁਤੰਤਰਤਾ ਪ੍ਰਦਾਨ ਕਰਨ ਵਾਲੇ ਮੁਲਕ ਦੇ ਪੱਧਰ ਤੱਕ ਸੁੰਗੜ ਗਿਆ ਹੈ। ਮੋਦੀ ਸਰਕਾਰ ਅਤੇ ਉਸਦੇ ਵੱਖ-ਵੱਖ ਰਾਜਾਂ ਵਿੱਚ ਭਾਈਵਾਲ ਹਿੱਸਿਆਂ ਨੇ ਲਗਾਤਾਰ 2020 ਤੋਂ ਆਲੋਚਕਾਂ ਉੱਪਰ ਕਹਿਰ ਵਰਤਾਇਆ। ਇਸ ਦੇ ਨਾਲ ਹੀ ਕੋਰੋਨਾ ਦੀ ਮਾਰ ਹੇਠ ਆਏ ਲੋਕਾਂ ਨੂੰ ਬੜੀ ਬੇਰਹਿਮੀ, ਭਿਆਨਕਤਾ ਅਤੇ ਗੈਰ-ਯੋਜਨਾਬੱਧ ਢੰਗ ਨਾਲ ਰਾਤੋ-ਰਾਤ ਲੌਕਡਾਊਨ ਦਾ ਐਲਾਨ ਕਰਕੇ ਲੱਖਾਂ ਲੋਕਾਂ, ਵਿਸ਼ੇਸ਼ ਕਰਕੇ ਪਰਵਾਸੀ ਮਜ਼ਦੂਰਾਂ ਨੂੰ ਆਪਣੇ ਕੰਮ ਸਥਾਨਾਂ ਤੋਂ ਉਖੇੜ ਦਿੱਤਾ ਸੀ। ਮੁਸਲਿਮ ਭਾਈਚਾਰੇ ਨੂੰ ਦੋਸ਼ੀ ਠਹਿਰਾ ਕੇ ਇੱਕ ਕਿਸਮ ਨਾਲ ਹਿੰਦੂ ਰਾਸ਼ਟਰੀ ਲਹਿਰ ਨੂੰ ਉਤਸ਼ਾਹਤ ਕਰਨ ਦਾ ਕਾਰਜ ਕੀਤਾ। ਦਹਾਕਿਆ ਤੋਂ ਸਥਾਪਤ ਵੱਡੀਆਂ ਸੰਸਥਾਵਾਂ ਅੰਦਰੋ-ਅੰਦਰੀ ਖੋਖਲੀਆਂ ਕਰ ਦਿੱਤੀਆਂ ਗਈਆਂ। ਲੋਕਾਂ ਨੂੰ ਆਜ਼ਾਦ ਤੌਰ 'ਤੇ ਆਪਣੀਆਂ ਮੰਗਾਂ ਮਨਾਉਣ ਲਈ ਬੇਹੱਦ ਔਖੇ ਅਤੇ ਗੁੰਝਲਦਾਰ ਦੌਰ ਵਿੱਚੋਂ ਗੁਜ਼ਰਨ ਲਈ ਮਜਬੂਰ ਕਰ ਦਿੱਤਾ। ਸੱਤਾ ਉੱਤੇ ਕਾਬਜ਼ ਹੁਕਮਰਾਨਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੋ ਆਜ਼ਾਦੀ ਦੀ ਗੱਲ ਕਰਦੇ ਹਨ, ਉਹ ਸਮਾਜ ਵਿੱਚ ਗਲਤ ਧਾਰਾ ਸਿਰਜ ਰਹੇ ਹਨ, ਇਨਾਂ ਪਹਿਲੂਆਂ ਕਾਰਨ ਹੀ 15 ਸਾਲਾਂ ਦੌਰਾਨ ਭਾਰਤ ਦੀ ਜਮੂਹਰੀਅਤ ਦਾ ਪੱਧਰ 15 ਪ੍ਰਤੀਸ਼ਤ ਹੇਠਾਂ ਡਿੱਗ ਗਿਆ ਹੈ, ਜੋ 2005 ਵਿੱਚ ਹਾਲਾਤ ਸਨ ਉਹ 2020 ਵਿੱਚ ਸੀਮਿਤ ਆਜ਼ਾਦੀ ਪ੍ਰਦਾਨ ਕਰਨ ਦੇ ਪੱਧਰ ਤੱਕ ਸੁੰਗੜ ਗਏ ਹਨ। ਉਸ ਭਾਰਤ ਵਿਚ, ਜਿਸ ਵਿੱਚ ਦੁਨੀਆਂ ਦੀ ਆਬਾਦੀ ਦਾ 20 ਪ੍ਰਤੀਸ਼ਤ ਹਿੱਸਾ ਰਹਿੰਦਾ ਹੈ।

ਪੱਤਰਕਾਰਾਂ ਅਤੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੂੰ ਦਹਿਸ਼ਤਜ਼ਦਾ ਕੀਤਾ, ਨਾਗਰਿਕਤਾ ਸੋਧ ਕਾਨੂੰਨ ਦੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਜੇਲਾਂ ਵਿੱਚ ਸੁੱਟਿਆ ਗਿਆ। ਰਿਪੋਰਟ ਵਿੱਚ ਸਪੱਸ਼ਟ ਦਰਜ ਹੈ ਕਿ ਦਸੰਬਰ, 2020 ਵਿੱਚ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਨੇ ਧਾਰਮਿਕ ਤਬਦੀਲੀ, ਅੰਤਰਜਾਤੀ ਵਿਆਹ ਆਦਿ ਕਾਰਜ ਗੈਰ-ਜਮੂਹਰੀ ਢੰਗ ਨਾਲ ਕਾਨੂੰਨੀ ਦਾਇਰਿਆਂ ਵਿੱਚ ਪਾ ਦਿੱਤੇ। ਇਸ ਦੇ ਨਾਲ ਹੀ ਲਿੰਗ ਗੈਰ-ਬਰਾਬਰੀ, ਨਸਲੀ ਵਿਤਕਰਾ ਅਤੇ ਆਜ਼ਾਦ ਤੌਰ 'ਤੇ ਸਿਆਸਤ ਕਰਨ ਦੀਆਂ ਸਥਿਤੀਆਂ ਗੁੰਝਲਦਾਰ ਬਣਾ ਦਿੱਤੀਆਂ।

ਪਿਛਲੇ ਸਾਲ ਪੈਰਿਸ ਸਥਿਤ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਨਾਂ ਦੀ ਸੰਸਥਾ ਵੱਲੋਂ ਅਪ੍ਰੈਲ ਵਿਚ ਜਾਰੀ ਕੀਤੀ ਗਈ ਸੰਸਾਰ ਪ੍ਰੈੱਸ ਆਜ਼ਾਦੀ ਇੰਡੈਕਸ **(World Press Freedom Index 2020)** ਨਾਂ ਦੀ ਰਿਪੋਰਟ ਅਨੁਸਾਰ ਭਾਰਤ 180 ਦੇਸ਼ਾਂ ਵਿਚੋਂ142 ਨੰਬਰ 'ਤੇ ਸੀ। ਇਸ ਸਬੰਧ ਵਿਚ ਭਾਰਤ ਦੀ ਸਥਿਤੀ ਕਦੇ ਵੀ ਜ਼ਿਆਦਾ ਵਧੀਆ ਨਹੀਂ ਰਹੀ। 2005 ਵਿਚ ਭਾਰਤ ਇਸ ਦਰਜਾਬੰਦੀ ਵਿਚ 106ਵੇਂ ਨੰਬਰ 'ਤੇ ਸੀ, 2020 ਵਿਚ 122ਵੇਂ ਨੰਬਰ 'ਤੇ, 2014 ਵਿਚ 144ਵੇਂ ਨੰਬਰ 'ਤੇ ਅਤੇ ਹੁਣ 142ਵੇਂ ਨੰਬਰ 'ਤੇ ਹੈ। ਇਸ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿਚ ਜਮਹੂਰੀਅਤ ਦਾ ਪੱਧਰ ਵੱਡੀ ਪੱਧਰ ਉਪਰ ਡਿੱਗ ਰਿਹਾ ਹੈ।

# ਸੰਸਾਰ ਨੂੰ ਤਬਦੀਲ ਕੀਤਾ ਕਵਾਡ ਨੇ

### ਹਰਸ਼ ਵੀ. ਪੰਤ

ਬੀਤੇ ਇਕ ਹਜ਼ਾਰ ਸਾਲ ਤੋਂ ਦੁਨੀਆ ਵਿਚ ਓਨਾ ਬਦਲਾਅ ਨਹੀਂ ਆਇਆ ਜਿੰਨਾ ਬੀਤੇ ਦਸ ਸਾਲਾਂ ਵਿਚ ਆਇਆ ਹੈ। ਇਸੇ ਤਰਾਂ ਬੀਤੇ ਇਕ ਸਾਲ ਵਿਚ ਦੁਨੀਆ ਬਦਲਾਅ ਦੇ ਉਸ ਤੋਂ ਵੀ ਵੱਡੇ ਦੌਰ ਤੋਂ ਗੁਜ਼ਰੀ ਹੈ ਜਿੰਨਾ ਬੀਤੇ ਦਸ ਸਾਲਾਂ ਦੌਰਾਨ ਹੋਇਆ। ਕਵਾਡ (ਚਾਰ ਦੇਸ਼ਾਂ-ਅਮਰੀਕਾ, ਜਾਪਾਨ, ਆਸਟ੍ਰੇਲੀਆ ਤੇ ਭਾਰਤ ਦਾ ਗਠਜੋੜ) ਵੀ ਅਜਿਹੇ ਪਰਿਵਰਤਨਾਂ ਦਾ ਇਕ ਅਹਿਮ ਪੜਾਅ ਅਤੇ ਨਤੀਜਾ ਹੈ।

ਇਹ ਚਾਰ ਦੇਸ਼ਾਂ ਦਾ ਇਕ ਅਜਿਹਾ ਉੱਭਰਦਾ ਹੋਇਆ ਸਮੂਹ ਹੈ ਜੋ ਵਿਸਥਾਰਵਾਦੀ, ਵਿਗੜੈਲ ਅਤੇ ਅੜੀਅਲ ਚੀਨ ਨੂੰ ਚੁਣੌਤੀ ਦੇਣ ਦਾ ਮਾਦਾ ਰੱਖਦਾ ਹੈ। ਭਾਰਤ, ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ ਦੀ ਚੌਕੜੀ ਨਾਲ ਬਣੇ ਇਸ ਸਮੂਹ ਦੇ ਰਾਸ਼ਟਰ ਮੁਖੀਆਂ ਨੇ ਬੀਤੇ ਸ਼ੁੱਕਰਵਾਰ ਨੂੰ ਆਪਣੇ ਵਿਚਾਰ ਸਾਂਝੇ ਕੀਤੇ। ਮੌਜੂਦਾ ਦੌਰ ਵਿਚ ਇਹ ਘਟਨਾ ਚੱਕਰ ਆਪਣੇ-ਆਪ ਵਿਚ ਅਤਿਅੰਤ ਮਹੱਤਵਪੂਰਨ ਹੈ। ਇਸ ਨੂੰ ਠੰਢੀ ਜੰਗ ਦੀ ਸਮਾਪਤੀ ਮਗਰੋਂ ਸਭ ਤੋਂ ਕਾਬਿਲੇਗ਼ੌਰ ਵਿਸ਼ਵ ਪੱਧਰੀ ਪਹਿਲ ਕਿਹਾ ਜਾ ਰਿਹਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦ-ਪ੍ਰਸ਼ਾਂਤ ਖੇਤਰ ਸਮਕਾਲੀ ਭੂ-ਰਾਜਨੀਤੀ ਦਾ ਕੇਂਦਰ ਬਿੰਦੂ ਹੈ। ਲੰਬੇ ਸਮੇਂ ਤੱਕ ਇਸ ਖੇਤਰ ਨੂੰ ਅਣਦੇਖਿਆ ਹੀ ਕੀਤਾ ਗਿਆ। ਕੁਝ ਸਮਾਂ ਪਹਿਲਾਂ ਹੀ ਇਸ ਨੂੰ ਮਾਨਤਾ ਮਿਲਣੀ ਸ਼ੁਰੂ ਹੋਈ ਹੈ ਪਰ ਅਜੇ ਵੀ ਉਸ ਦੇ ਲਈ ਸੰਸਥਾਗਤ ਢਾਂਚੇ ਦੀ ਘਾਟ ਹੈ। ਇਸ ਦੀ ਪੂਰਤੀ ਕਰਨ ਵਿਚ ਕਵਾਡ ਪੂਰੀ ਤਰਾਂ ਸਮਰੱਥ ਹੈ। ਹੁਣ ਇਹ ਇਕ ਰਸਮੀ ਮੰਚ ਦੇ ਰੂਪ ਵਿਚ ਆਕਾਰ ਲੈਂਦਾ ਦਿਖਾਈ ਦੇ ਰਿਹਾ ਹੈ। ਇਸ ਨੂੰ ਮਿਲ ਰਹੀ ਮਹੱਤਤਾ ਦਾ ਅੰਦਾਜ਼ਾ ਇਸੇ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਬਣਨ ਤੋਂ ਬਾਅਦ ਜੋਅ ਬਾਈਡਨ ਨੇ ਆਪਣੀ ਪਹਿਲੀ ਬਹੁ-ਪੱਖੀ ਵਾਰਤਾ ਲਈ ਕਵਾਡ ਵਰਗੇ ਸੰਗਠਨ ਨੂੰ ਚੁਣਿਆ ਜੋ ਅਜੇ ਤੱਕ ਗ਼ੈਰ-ਰਸਮੀ ਸਰੂਪ ਵਿਚ ਹੀ ਹੈ। ਬਾਇਡਨ ਦਾ ਇਹ ਦਾਅ ਉਨਾਂ ਲੋਕਾਂ ਲਈ ਕਿਸੇ ਝਟਕੇ ਤੋਂ ਘੱਟ ਨਹੀਂ ਜੋ ਇਹ ਅਨੁਮਾਨ ਲਗਾ ਰਹੇ ਸਨ ਕਿ ਟਰੰਪ ਪ੍ਰਸ਼ਾਸਨ ਤੋਂ ਬਾਅਦ ਬਾਈਡਨ ਹਿੰਦ-ਪ੍ਰਸ਼ਾਂਤ ਖੇਤਰ ਲਈ ਇਕ ਅਲੱਗ ਰਾਹ ਚੁਣ ਸਕਦੇ ਹਨ। ਬਾਈਡਨ ਨੇ ਕਵਾਡ ਦੇ ਸਹਿਯੋਗੀਆਂ ਦੇ ਨਾਲ ਇਕ ਸੁਤੰਤਰ ਅਤੇ ਮੁਕਤ ਹਿੰਦ-ਪ੍ਰਸ਼ਾਂਤ ਖੇਤਰ ਦੀ ਵਚਨਬੱਧਤਾ ਜ਼ਾਹਿਰ ਕਰ ਕੇ ਆਪਣੇ ਪੱਤੇ ਖੋਲ ਦਿੱਤੇ ਹਨ। ਕਵਾਡ ਦਾ ਵਿਚਾਰ ਨਵਾਂ ਨਹੀਂ ਹੈ। ਸੰਨ 2007 ਵਿਚ ਜਾਪਾਨ ਨੇ ਇਸ ਦੀ ਪਹਿਲ ਕੀਤੀ ਸੀ ਪਰ ਭਾਰਤ ਅਤੇ ਆਸਟ੍ਰੇਲੀਆ ਵਰਗੇ ਦੇਸ਼ ਇਸ ਨੂੰ ਲੈ ਕੇ ਝਿਜਕ ਰਹੇ ਸਨ। ਉਨਾਂ ਦੀ ਝਿਜਕ ਦੀ ਮੁੱਖ ਵਜਾ ਇਹ ਸੀ ਕਿ ਕਿਤੇ ਚੀਨ ਇਸ ਤੋਂ ਨਾਰਾਜ਼ ਨਾ ਹੋ ਜਾਵੇ, ਪਰ ਬੀਤੇ ਇਕ ਸਾਲ ਦੇ ਘਟਨਾਚੱਕਰ ਨੇ ਇਨਾਂ ਦੋਵਾਂ ਦੇਸ਼ਾਂ ਦੀ ਬੀਜਿੰਗ ਨੂੰ ਲੈ ਕੇ ਸੋਚ ਬਦਲ ਦਿੱਤੀ। ਕੇਵਲ ਭਾਰਤ ਅਤੇ ਆਸਟ੍ਰੇਲੀਆ ਹੀ ਨਹੀਂ, ਸਗੋਂ ਅਮਰੀਕਾ ਦੀ ਵੀ ਹਾਲੀਆ ਦੌਰ ਵਿਚ ਵਪਾਰ, ਤਾਇਵਾਨ ਅਤੇ ਵਿਸ਼ਵ ਸਿਹਤ ਸੰਗਠਨ ਵਰਗੇ ਕਈ ਮਸਲਿਆਂ 'ਤੇ ਚੀਨ ਨਾਲ ਤਨਾਤਣੀ ਵਧੀ ਹੈ। ਇਸੇ ਲਈ ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਦੀ ਵਧਦੀ ਦਖ਼ਲਅੰਦਾਜ਼ੀ ਵਿਰੁੱਧ ਗਲੋਬਲੀ ਪੱਧਰ 'ਤੇ ਵੱਧ ਰਹੀਆਂ ਚਿੰਤਾਵਾਂ ਦਰਮਿਆਨ 'ਕਵਾਡ' ਦੀ ਬੈਠਕ ਦਾ ਆਯੋਜਨ ਹੋਇਆ ਸੀ।

ਕੋਵਿਡ-19 ਟੀਕੇ ਦੇ ਨਿਰਮਾਣ ਅਤੇ ਵੱਖ-ਵੱਖ ਦੇਸ਼ਾਂ ਨੂੰ ਉਸ ਦੀ ਸਪਲਾਈ ਰਾਹੀਂ ਸੰਕਟਮਈ ਸਮੇਂ ਭੂਮਿਕਾ ਨਿਭਾਉਣ ਲਈ ਭਾਰਤ ਦੀ ਸ਼ਲਾਘਾ ਕਰਦੇ ਹੋਏ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਦੀ ਮੁੱਖ ਅਰਥ-ਸ਼ਾਸਤਰੀ ਗੀਤਾ ਗੋਪੀਨਾਥ ਨੇ ਕਿਹਾ ਸੀ ਕਿ ਕੋਰੋਨਾ ਮਹਾਂਮਾਰੀ ਵਿਰੁੱਧ ਭਾਰਤ ਨੇ ਅਹਿਮ ਭੂਮਿਕਾ ਨਿਭਾਈ ਹੈ। ਦੂਜੇ ਬੰਨੇ ਕੋਰੋਨਾ ਕਾਲ ਵਿਚ ਆਪਣੀ ਹੇਠੀ ਦਿਖਾਉਣ ਦੇ ਨਾਲ-ਨਾਲ ਚੀਨ ਨੇ ਆਸਟ੍ਰੇਲੀਆ 'ਤੇ ਵਪਾਰਕ ਅਤੇ ਭਾਰਤ 'ਤੇ ਫ਼ੌਜੀ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਕੀਤੀ। ਜਾਪਾਨ ਦੇ ਨਾਲ ਤਾਂ ਉਸ ਦੇ ਸਪਸ਼ਟ ਵਿਵਾਦ ਅਤੇ ਸਮੁੰਦਰੀ ਸਰਹੱਦ ਦੇ ਮੁੱਦੇ ਫਸੇ ਹੀ ਹੋਏ ਹਨ। ਇਸੇ ਤਰਾਂ ਬੀਤੇ ਇਕ ਸਾਲ ਦੇ ਘਟਨਾਚੱਕਰ ਨੇ ਕਵਾਡ ਦੇ ਉਭਰਨ ਵਿਚ ਫ਼ੈਸਲਾਕੁੰਨ ਭੂਮਿਕਾ ਨਿਭਾਈ ਕਿਉਂਕਿ ਇਸ ਨਾਲ ਜੁੜੇ ਦੇਸ਼ਾਂ ਨੂੰ ਇਹ ਅਹਿਸਾਸ ਹੋਇਆ ਕਿ ਚੀਨ ਨੂੰ ਉਸ ਦੀ ਭਾਸ਼ਾ ਵਿਚ ਜਵਾਬ ਦੇਣਾ ਜ਼ਰੂਰੀ ਹੋ ਗਿਆ ਹੈ। ਇਸ ਤਰਾਂ ਕੋਰੋਨਾ ਕਾਲ ਵਿਚ ਨਵਾਂ ਆਕਾਰ ਲੈਂਦਾ ਵਿਸ਼ਵ ਪੱਧਰੀ ਢਾਂਚਾ ਕਵਾਡ ਦੀ ਨੀਅਤੀ ਵਿਚ ਨਾਟਕੀ ਤਬਦੀਲੀ ਦਾ ਕਾਰਨ ਬਣਿਆ। ਇਨਾਂ ਚਾਰ ਦੇਸ਼ਾਂ ਦੇ ਨਾਲ ਆਉਣ ਕਾਰਨ ਹੁਣ ਬੀਜਿੰਗ ਦੇ ਤੇਵਰ ਵੀ ਬਦਲੇ ਹੋਏ ਹਨ। ਉਸ ਨੂੰ ਸਮਝ ਆ ਗਿਆ ਹੈ ਕਿ ਜਦ ਦੁਨੀਆ ਦੀਆਂ ਵੱਡੀਆਂ ਸ਼ਕਤੀਆਂ ਲਾਮਬੰਦ ਹੋਣਗੀਆਂ ਤਾਂ ਉਸ ਦੇ ਕੀ ਨਤੀਜੇ ਨਿਕਲ ਸਕਦੇ ਹਨ ? ਇਹੀ ਕਾਰਨ ਹੈ ਕਿ ਕੁਝ ਸਮਾਂ ਪਹਿਲਾਂ ਤਕ ਕਵਾਡ ਨੂੰ ਲੈ ਕੇ ਅੱਖਾਂ ਦਿਖਾਉਣ ਵਾਲਾ ਚੀਨ ਹੁਣ ਸਹਿਯੋਗ ਅਤੇ ਮਿੱਤਰਤਾ ਦੀ ਜ਼ੁਬਾਨ ਬੋਲ ਰਿਹਾ ਹੈ। ਚੀਨ ਦੀਆਂ ਅਜਿਹੀਆਂ ਚਿਕਨੀਆਂ-ਚੋਪੜੀਆਂ ਗੱਲਾਂ 'ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਉਣ ਦੇ ਹੋਰ' ਵਾਲੀ ਕਹਾਵਤ ਨੂੰ ਸਹੀ ਸਿੱਧ ਕਰਨ ਵਰਗੀਆਂ ਹਨ। ਅਜਿਹਾ ਇਸ ਲਈ ਕਿਉਂਕਿ ਬੀਤੇ ਕੁਝ ਦਹਾਕਿਆਂ ਤੋਂ ਦੁਨੀਆ ਚੀਨ ਦੀ ਦਬੰਗਾਈ ਦੇਖ ਚੁੱਕੀ ਹੈ ਅਤੇ ਬੀਤੇ ਇਕ ਸਾਲ ਵਿਚ ਚੀਨ ਦਾ ਪੂਰਾ ਚਰਿੱਤਰ ਦੁਨੀਆ ਦੇ ਸਾਹਮਣੇ ਉਜਾਗਰ ਹੋ ਚੁੱਕਾ ਹੈ। ਉਸ ਦੇ ਵੱਧ ਰਹੇ ਦਬਦਬੇ ਅਤੇ ਹਿਮਾਕਤ 'ਤੇ ਵਿਰਾਮ ਲਗਾਉਣ ਲਈ ਕਵਾਡ ਉਹੀ ਵਿਚਾਰ ਹੈ ਜਿਸ ਦੇ ਸਾਕਾਰ ਰੂਪ ਲੈਣ ਦਾ ਸਮਾਂ ਹੁਣ ਆ ਗਿਆ ਹੈ। ਚੰਗੀ ਗੱਲ ਇਹ ਹੈ ਕਿ ਇਸ ਨਾਲ ਜੁੜੇ ਅੰਸ਼ਭਾਗੀ ਵੀ ਇਹ ਭਲੀ-ਭਾਂਤ ਸਮਝ ਰਹੇ ਹਨ। ਉਨਾਂ ਵਿਚਾਲੇ ਵੱਧਦਾ ਸਹਿਯੋਗ ਇਸ ਦਾ ਸੂਚਕ ਹੈ। ਬੀਤੇ ਸਾਲ ਮਾਲਾਬਾਰ ਸਾਂਝੀਆਂ ਜੰਗੀ ਮਸ਼ਕਾਂ ਵਿਚ ਅਮਰੀਕਾ ਅਤੇ ਜਾਪਾਨ ਦੇ ਨਾਲ ਆਸਟ੍ਰੇਲੀਆ ਦੀ ਸਰਗਰਮ ਭਾਗੀਦਾਰੀ ਇਸ ਸੰਗਠਨ ਲਈ ਸ਼ੁਭ ਸੰਕੇਤ ਅਤੇ ਵਿਸ਼ਵ ਪੱਧਰੀ ਭੂ-ਰਾਜਨੀਤੀ ਵਿਚ ਇਕ ਨਵੀਂ ਧਮਕ ਦੇ ਰੂਪ ਵਿਚ ਦੇਖੀ ਗਈ। ਇਨਾਂ ਦੇਸ਼ਾਂ ਦੀ ਸਾਂਝੇਦਾਰੀ ਵੀ ਬਹੁਤ ਸੁਭਾਵਿਕ ਹੈ ਕਿਉਂਕਿ ਇਹ ਸਾਰੇ ਮੂਲ ਰੂਪ ਵਿਚ ਜਮਹੂਰੀ ਅਤੇ ਉਦਾਰ ਵਿਵਸਥਾ ਵਾਲੇ ਮੁਲਕ ਹਨ ਜਿਨਾਂ ਦੀ ਤਮਾਮ ਮਹੱਤਵਪੂਰਨ ਮੁੱਦਿਆਂ 'ਤੇ ਸੋਚ ਇਕ-ਦੂਜੇ ਨਾਲ ਮੇਲ ਖਾਂਦੀ ਹੈ।

ਜਿਵੇਂ ਇਹ ਸਾਰੇ ਇਕਮਤ ਹਨ ਕਿ ਧਰਤੀ 'ਤੇ ਮੌਜੂਦ ਉਨਾਂ ਦੁਰਲੱਭ ਸੋਮਿਆਂ ਦੀ ਹਿਫ਼ਾਜ਼ਤ ਲਈ ਕੋਈ ਕਾਰਗਰ ਪਹਿਲ ਕਰਨੀ ਹੀ ਹੋਵੇਗੀ ਜਿਨਾਂ ਦਾ ਚੀਨ ਬੇਹਿਸਾਬ ਇਸਤੇਮਾਲ ਕਰਨ ਲੱਗਾ ਹੋਇਆ ਹੈ। ਜਲਵਾਯੂ ਪਰਿਵਰਤਨ ਦੀ ਗੰਭੀਰਤਾ ਨੂੰ ਵੀ ਇਹ ਬਾਖ਼ੂਬੀ ਸਮਝਦੇ ਹਨ। ਵਿਸ਼ਵ ਪੱਧਰੀ ਸਪਲਾਈ ਚੇਨ ਨੂੰ ਚੀਨ ਤੋਂ ਬਦਲਣ ਦੀ ਦਿਸ਼ਾ ਵਿਚ ਵੀ ਇਹ ਯਤਨਸ਼ੀਲ ਹਨ। ਇਸ ਦਾ ਸਭ ਤੋਂ ਸੁਖਦ ਨਤੀਜਾ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ ਕੋਰੋਨਾ ਵੈਕਸੀਨ ਦੇ ਉਤਪਾਦਨ ਵਿਚ ਭਾਰਤ ਦੀਆਂ ਸਮਰੱਥਾਵਾਂ ਨੂੰ ਹੋਰ ਵਧਾਉਣ ਦੇ ਪੱਖ ਵਿਚ ਹਨ। ਅਜਿਹੇ ਪਰਸਪਰ ਸਹਿਯੋਗ ਨੂੰ ਦੇਖਦੇ ਹੋਏ ਕਵਾਡ ਵਿਚ ਕਿਸੇ ਕਿਸਮ ਦੀ ਖਿੱਚੋਤਾਣ ਵਰਗਾ ਕੋਈ ਖ਼ਦਸ਼ਾ ਨਹੀਂ ਰਹਿ ਜਾਂਦਾ। ਬੇਜਾਨ ਪਏ ਕਵਾਡ ਸੰਗਠਨ ਵਿਚ ਇਕਦਮ ਨਵੀਂ ਜਾਨ ਪੈਣੀ ਜਿੰਨਾ ਹੈਰਾਨਕੁੰਨ ਵਰਤਾਰਾ ਹੈ, ਓਨਾ ਹੀ ਭਾਰਤ ਨੂੰ ਲੈ ਕੇ ਇਸ ਦਾ ਰਵੱਈਆ ਵੀ।

ਇਕ ਸਮੇਂ ਜੋ ਭਾਰਤ ਕਵਾਡ ਦੇ ਮੰਚ 'ਤੇ ਇਨਫਰਾ-ਫਾਇਨਾਂਸਿੰਗ ਅਤੇ ਸੱਭਿਆਚਾਰਕ ਵਟਾਂਦਰੇ ਵਰਗੇ ਸਾਫਟ ਮਸਲਿਆਂ ਤਕ ਹੀ ਸੀਮਤ ਰਹਿੰਦਾ ਸੀ, ਉਹੀ ਹੁਣ ਇਸ ਦੀ ਕੇਂਦਰੀ ਭੂਮਿਕਾ ਵਿਚ ਆਉਂਦਾ ਪ੍ਰਤੀਤ ਹੁੰਦਾ ਹੈ। ਅਰਥਾਤ ਜਿਸ ਨੂੰ ਕਵਾਡ ਦੀ ਕਮਜ਼ੋਰ ਕੜੀ ਮੰਨਿਆ ਜਾ ਰਿਹਾ ਸੀ, ਉਹੀ ਉਸ ਦੀ ਤਾਕਤ ਬਣਦਾ ਦਿਸ ਰਿਹਾ ਹੈ। ਅਤੀਤ ਵਿਚ ਭਾਰਤ ਦੇ ਰਵੱਈਏ ਨੂੰ ਢਿੱਲਾ-ਮੱਠਾ ਮੰਨਿਆ ਜਾਂਦਾ ਸੀ ਪਰ ਚੀਨ ਦੇ ਨਾਲ ਸਰਹੱਦ 'ਤੇ ਤਲਖ਼ੀ ਦੌਰਾਨ ਆਪਣੇ ਸਖ਼ਤ ਤੇਵਰਾਂ ਦੇ ਇਲਾਵਾ ਕਈ ਹੋਰ ਕਦਮਾਂ ਨਾਲ ਉਸ ਨੇ ਦੁਨੀਆ ਦਾ ਭਰੋਸਾ ਜਿੱਤਿਆ ਹੈ।

ਆਉਣ ਵਾਲੇ ਸਮੇਂ ਵਿਚ ਇਹ ਸਮੂਹ ਵਿਸ਼ਵ ਪੱਧਰੀ ਭੂ-ਰਾਜਨੀਤੀ ਨੂੰ ਦਿਸ਼ਾ ਦੇਣ ਵਾਲਾ ਸਿੱਧ ਹੋ ਸਕਦਾ ਹੈ। ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਤੋਂ ਡਰੇ ਦੇਸ਼ਾਂ ਨੂੰ ਇਸ ਨਾਲ ਬਹੁਤ ਵੱਡਾ ਸਹਾਰਾ ਅਤੇ ਚੀਨ ਦੇ ਮੁਕਾਬਲੇ ਇਕ ਢੁੱਕਵਾਂ ਬਦਲ ਮਿਲੇਗਾ। ਇਸ ਦੀ ਮਹੱਤਤਾ ਅਤੇ ਪ੍ਰਸੰਗਿਕਤਾ ਇਸੇ ਤੋਂ ਸਮਝੀ ਜਾ ਸਕਦੀ ਹੈ ਕਿ ਆਸੀਆਨ ਦੇਸ਼ਾਂ ਦੇ ਇਲਾਵਾ ਬਰਤਾਨੀਆ ਅਤੇ ਫਰਾਂਸ ਵਰਗੇ ਦੇਸ਼ ਵੀ ਇਸ ਦਾ ਦਾਇਰਾ ਵਧਾ ਕੇ ਉਸ ਵਿਚ ਸ਼ਾਮਲ ਹੋਣ ਦੀ ਉਤਸੁਕਤਾ ਦਿਖਾ ਰਹੇ ਹਨ ਜਿਸ ਦੇ ਲਈ ਕਵਾਡ ਪਲੱਸ ਵਰਗਾ ਨਾਂ ਵੀ ਸੋਚ ਲਿਆ ਗਿਆ ਹੈ। ਇਹ ਲਗਭਗ ਤੈਅ ਹੈ ਕਿ ਆਉਣ ਵਾਲੇ ਸਮੇਂ ਵਿਚ ਕਵਾਡ ਦਾ ਵਿਸਤਾਰ ਹੋਵੇਗਾ ਅਤੇ ਇਹ ਹੋਰ ਵੱਧ ਮਜ਼ਬੂਤੀ ਨਾਲ ਉੱਭਰੇਗਾ। ਇਹੀ ਇਸ ਦੇ ਉਜਵਲ ਭਵਿੱਖ ਨੂੰ ਦਰਸਾਉਣ ਲਈ ਢੁੱਕਵਾਂ ਹੈ। ਕਵਾਡ ਦੀ ਸਾਰਥਿਕਤਾ ਇਸੇ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਇਸ ਕਾਰਨ ਤਾਕਤ ਦੇ ਨਸ਼ੇ 'ਚ ਚੂਰ ਕਿਸੇ ਵੀ ਮੁਲਕ ਨੂੰ ਸਹਿਜੇ ਹੀ ਨੱਥ ਪਵੇਗੀ ਜਿਵੇਂ ਕਿ ਚੀਨ ਨੂੰ ਪਈ ਹੈ।

**(ਲੇਖਕ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਵਿਚ ਰਣਨੀਤਕ ਅਧਿਐਨ ਪ੍ਰੋਗਰਾਮ ਦਾ ਨਿਰਦੇਸ਼ਕ ਹੈ)।**

# ਘੱਟੋ-ਘੱਟ ਸਮਰਥਨ ਮੁੱਲ ਕਾਨੂੰਨੀ ਹੋਣਾ ਜ਼ਰੂਰੀ ਕਿਉਂ ਹੈ ?

**ਡਾਕਟਰ ਧਰਮ ਸਿੰਘ**

ਪੰਜਾਬ ਅਤੇ ਹਰਿਆਣੇ (ਜੋ ਕਦੇ ਪੰਜਾਬ ਦਾ ਹੀ ਹਿੱਸਾ ਸੀ) ਦੇ ਮੰਡੀਕਰਨ ਦੇ ਢਾਂਚੇ ਬਾਰੇ ਇਹ ਅਕਸਰ ਕਿਹਾ ਜਾਂਦਾ ਹੈ ਕਿ ਇਹ ਬਹੁਤ ਚੰਗਾ ਅਤੇ ਕਿਸਾਨ-ਪੱਖੀ ਹੈ। ਇਹ ਗੱਲ ਸਹੀ ਵੀ ਹੋ ਸਕਦੀ ਹੈ ਪਰ ਇਸ ਵਿਚਲੀ ਵੱਡੀ ਘਾਟ ਇਹ ਹੈ ਕਿ ਜਿਣਸ ਦਾ ਜੋ ਮੁੱਲ ਕਿਸਾਨ ਨੂੰ ਮਿਲਦਾ ਹੈ, ਖ਼ਪਤਕਾਰ ਨੂੰ ਇਸ ਤੋਂ ਕਈ ਗੁਣਾ ਵੱਧ ਖ਼ਰੀਦ ਮੁੱਲ ਤਾਰਨਾ ਪੈਂਦਾ ਹੈ। ਸਪੱਸ਼ਟ ਹੈ ਕਿ ਵਿਚੋਲੇ, ਆੜ੍ਹਤੀਏ, ਦਲਾਲ ਅਤੇ ਦੁਕਾਨਦਾਰ ਰਲ ਕੇ ਕਿਸਾਨ ਅਤੇ ਖਪਤਕਾਰ ਦੋਵਾਂ ਦੀ ਖੱਲ ਲਾਹੁੰਦੇ ਹਨ। ਉਂਝ ਤਾਂ ਹਰ ਖ਼ਪਤਕਾਰ ਨੂੰ ਇਹ ਅਹਿਸਾਸ ਹੈ ਕਿ ਉਸ ਨੂੰ ਮੰਡੀ ਵਿਚ ਪਸਰ ਰਹੇ ਅਦ੍ਰਿਸ਼ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਪਰ ਇਕ ਦੋ ਵਿਹਾਰਕ ਗੱਲਾਂ ਮੈਂ ਵੀ ਪਾਠਕਾਂ ਦੀ ਨਜ਼ਰ ਕਰਨੀਆਂ ਚਾਹੁੰਦਾ ਹਾਂ।

ਸਭ ਤੋਂ ਪਹਿਲਾਂ ਸਬਜ਼ੀਆਂ ਦੀ ਗੱਲ ਕਰਦੇ ਹਾਂ। ਮੌਸਮੀ ਸਬਜ਼ੀਆਂ ਦਾ ਹੜ ਆਉਣ ਤੋਂ ਪਹਿਲਾਂ ਸਰਦੀਆਂ ਦੀਆਂ ਸਬਜ਼ੀਆਂ ਠੰਢੇ ਮੌਸਮ ਵਾਲੇ ਸੂਬਿਆਂ ਜਿਵੇਂ ਹਿਮਾਚਲ ਅਤੇ ਜੰਮੂ ਕਸ਼ਮੀਰ ਵਿਚੋਂ ਆਉਂਦੀਆਂ ਹਨ। ਪੰਜਾਬ ਦੇ ਪ੍ਰਸੰਗ ਵਿਚ ਬੇਮੌਸਮੇ ਮਟਰ ਇਕ ਸੌ ਵੀਹ ਰੁਪਏ ਪ੍ਰਤੀ ਕਿਲੋ ਅੰਮ੍ਰਿਤਸਰ ਦੀ ਪ੍ਰਚੂਨ ਮੰਡੀ ਵਿਚ ਵਿਕੇ ਅਤੇ ਉਦੋਂ ਚਿਕਨ ਦਾ ਵੀ ਇਹੋ ਭਾਅ ਸੀ। ਸਾਂਭ-ਸੰਭਾਲ ਅਤੇ ਢੋਆ-ਢੋਆਈ ਦੇ ਖ਼ਰਚੇ ਵੀ ਏਨੇ ਨਹੀਂ ਕਿ ਮੂਲ ਨਾਲੋਂ ਕਈ ਗੁਣਾਂ ਭਾਅ ਵਧ ਜਾਵੇ। ਫੁੱਲ ਗੋਭੀ ਪੰਜਾਹ ਰੁਪਏ ਕਿਲੋ ਵਿਕਦੀ ਰਹੀ ਹੈ। ਹੁਣ ਇਨਾਂ ਸਬਜ਼ੀਆਂ ਦਾ ਮੁੱਲ ਪੈ ਗਿਆ ਹੈ। ਚੰਗੇ ਹਰੇ ਮਟਰ ਪ੍ਰਚੂਨ ਮੰਡੀ ਵਿਚ ਵੀਹ ਤੋਂ ਪੰਝੀ ਰੁਪਏ ਕਿਲੋ ਹਨ ਅਤੇ ਫੁੱਲ ਗੋਭੀ ਦਸਾਂ ਰੁਪਈਆਂ ਦੀ ਡੇਢ ਤੋਂ ਦੋ ਕਿਲੋ। ਸ਼ਿਮਲਾ ਮਿਰਚ ਵੀ ਤੀਹ ਤੋਂ ਚਾਲੀ ਰੁਪਏ ਹੈ ਅਤੇ ਫਲੀਆਂ ਵੀ। ਸ਼ਲਗਮ ਦਸਾਂ ਦੇ ਕਿਲੋ ਜਾਂ ਡੇਢ ਕਿਲੋ ਹਨ। ਕਹਿਣ ਦੀ ਲੋੜ ਨਹੀਂ ਕਿਸਾਨ ਕੋਲੋਂ ਕੌਡੀਆਂ ਦੇ ਭਾਅ ਖ਼ਰੀਦੀ ਹੋਈ ਚੀਜ਼ ਦੀ ਕੀਮਤ ਮੰਡੀ ਦੇ ਕਾਰਿੰਦਿਆਂ ਦੀਆਂ ਚਲਾਕੀਆਂ ਜਾਂ ਬੇਈਮਾਨੀਆਂ ਕਰਕੇ ਅਸਮਾਨ ਨੂੰ ਛੂਹਣ ਲੱਗ ਜਾਂਦੀ ਹੈ। ਥੋੜੀ ਜੇਹੀ ਗੱਲ ਫਲਾਂ ਬਾਰੇ। ਵਧੀਆ ਕਿਸਮ ਦਾ ਪਪੀਤਾ ਵੀਹ ਰੁਪਏ ਕਿਲੋ ਹੈ ਜਾਂ ਇਸ ਤੋਂ ਘੱਟ ਪਰ ਇਹੋ ਪਪੀਤਾ ਜਿਥੇ ਪੈਦਾ ਹੁੰਦਾ ਹੈ, ਉਥੇ ਇਸ ਨੂੰ ਕੋਈ ਦੋ ਰੁਪਏ ਕਿਲੋ ਵੀ ਨਹੀਂ ਖ਼ਰੀਦਦਾ। ਪਿਛਲੇ ਦਿਨੀਂ ਵੇਖੀ ਇਕ ਵੀਡੀਓ ਅਨੁਸਾਰ ਇਕ ਕਿਸਾਨ ਫਲਾਂ ਨਾਲ ਲੱਦੇ ਹੋਏ ਪਪੀਤੇ ਦੇ ਬੂਟਿਆਂ ਨੂੰ ਰੋਟਾਵੇਟਰ ਨਾਲ ਵਾਹ ਕੇ ਮਿੱਟੀ ਵਿਚ ਮਿਲਾ ਰਿਹਾ ਸੀ। ਜ਼ਾਹਰ ਹੈ ਕਿ ਉਤਪਾਦਕ ਨੂੰ ਫ਼ਸਲ ਪਾਲ ਕੇ, ਵੱਢ ਕੇ ਅਤੇ ਇਸ ਦੀ ਢੋਆ ਢੁਆਈ ਦਾ ਖ਼ਰਚ ਏਨਾ ਜਾਪ ਰਿਹਾ ਸੀ ਕਿ ਉਸ ਨੂੰ ਖੜੀ ਫ਼ਸਲ ਵਾਹੁਣੀ ਪਈ। ਦੋ ਰੁਪਏ ਤੋਂ ਵੀਹ ਰੁਪਏ ਵਿਚਲੇ ਪੈਸੇ ਕੌਣ ਹੜੱਪ ਕਰਦਾ ਹੈ, ਇਸ ਬਾਰੇ ਦੱਸਣ ਪੁੱਛਣ ਦੀ ਕੋਈ ਲੋੜ ਨਹੀਂ।

ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਸੇਬਾਂ ਦਾ ਹਾਲ ਵੀ ਇਸ ਤੋਂ ਵੱਖ ਨਹੀਂ। ਪਤਾ ਲੱਗਾ ਹੈ ਕਿ ਹਿਮਾਚਲ ਵਿਚ ਅਡਾਨੀਆਂ/ਅੰਬਾਨੀਆਂ ਦੇ ਵੱਡੇ-ਵੱਡੇ ਗੋਦਾਮ ਅਤੇ ਸਟੋਰ ਹਨ। ਭਰਪੂਰ ਫ਼ਸਲ ਸਮੇਂ ਉਹ ਦਰਜਾਬੰਦੀ ਦੇ ਅਨੁਸਾਰ ਛੇ ਰੁਪਏ ਤੋਂ ਦਸ ਰੁਪਏ ਖ਼ਰੀਦ ਕੇ ਪ੍ਰਤੀ ਕਿਲੋ ਬਿਨਾਂ ਜ਼ਿਆਦਾ ਚਿਰ ਸਟੋਰ ਕੀਤਿਆਂ, ਉਸੇ ਮੌਸਮ ਵਿਚ ਪੰਜਾਹ/ਸੱਠ ਰੁਪਏ ਕਿੱਲੋ ਜਾਂ ਇਸ ਤੋਂ ਵੱਧ ਨਿਰਖ ਉੱਪਰ ਵੇਚਦੇ ਹਨ। ਅੰਮ੍ਰਿਤਸਰ ਤੋਂ ਪਠਾਨਕੋਟ ਜਾਂ ਅੰਮ੍ਰਿਤਸਰ ਤੋਂ ਚੰਡੀਗੜ ਜਾਂਦਿਆਂ ਅੱਜ ਕਲ ਇਕ ਨਹੀਂ, ਅਨੇਕ ਥਾਵਾਂ ਉੱਪਰ ਗੁੜ ਬਣਾਉਣ ਵਾਲੇ ਵੇਲਣੇ ਚੱਲ ਰਹੇ ਹਨ। ਵੇਲਣਿਆਂ ਵਾਲੇ ਵਧੇਰੇ ਕਰਕੇ ਪਰਵਾਸੀ ਹਨ ਜੋ ਕਮਾਦ ਦੀ ਖੜੀ ਫ਼ਸਲ ਖ਼ਰੀਦ ਕੇ ਸਹਿਜੇ-ਸਹਿਜੇ ਉਸ ਦਾ ਗੁੜ/ਸ਼ੱਕਰ ਬਣਾ ਕੇ ਵੇਚਦੇ ਰਹਿੰਦੇ ਹਨ। ਅੱਜ ਕਲ ਗੁੜ ਦਾ ਭਾਅ ਔਸਤ ਪੰਜਾਹ ਰੁਪਏ ਪ੍ਰਤੀ ਕਿਲੋ ਚਲ ਰਿਹਾ ਹੈ। ਗਿਰੀਆਂ ਅਤੇ ਹੋਰ ਡਰਾਈਫਰੂਟ ਆਦਿ ਲੱਗਾ ਗੁੜ ਇਸ ਤੋਂ ਮਹਿੰਗਾ ਹੈ। ਪਿਛਲੇ ਦਿਨੀਂ ਇਕ ਹੋਰ ਨਜ਼ਾਰਾ ਵੇਖਣ ਨੂੰ ਮਿਲਿਆ। ਉਹ ਇਹ ਸੀ ਕਿ ਵੱਡੀਆਂ-ਵੱਡੀਆਂ ਪੇਸੀਆਂ ਦੀਆਂ ਧਾਕਾਂ ਲੱਗੀ ਇਕ ਟਰਾਲੀ ਵਿਚ ਕੁਇੰਟਲਾਂ ਦੇ ਹਿਸਾਬ ਨਾਲ ਗੁੜ ਲੱਦਿਆ ਹੋਇਆ ਸੀ ਅਤੇ ਵਿਕਰੇਤਾ ਉਹ ਗੁੜ ਚਾਲੀ ਰੁਪਏ ਦੇ ਹਿਸਾਬ ਨਾਲ ਵੇਚ ਰਿਹਾ ਸੀ। ਉਹ ਇਹ ਦਾਅਵਾ ਵੀ ਕਰ ਰਿਹਾ ਸੀ ਕਿ ਜੇਕਰ ਕੋਈ ਚਾਹਵੇ ਤਾਂ ਇਸ ਗੁੜ ਦੀ ਚਾਹ ਵੀ ਬਣਾ ਕੇ ਪੀ ਸਕਦਾ ਹੈ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਇਹ ਟਰਾਲੀ ਯੂ. ਪੀ. ਦੇ ਕਿਸੇ ਸ਼ਹਿਰ ਤੋਂ ਭਰ ਕੇ ਲਿਆਇਆ ਸੀ ਅਤੇ ਪਿੰਡੋ-ਪਿੰਡ ਫਿਰ ਕੇ ਉਹ ਕੁਝ ਹੀ ਦਿਨਾਂ ਵਿਚ ਇਹ ਗੁੜ ਵੇਚ ਕੇ ਫਿਰ ਟਰਾਲੀ ਭਰ ਕੇ ਲਿਆਏਗਾ। ਜ਼ਾਹਰ ਹੈ ਕਿ ਉਸ ਨੂੰ ਆਪਣੇ ਸ਼ਹਿਰ ਵਿਚ ਘੱਟ ਭਾਅ ਮਿਲ ਰਿਹਾ ਹੋਵੇਗਾ, ਤਾਂ ਹੀ ਤਾਂ ਉਹ ਸੈਂਕੜੇ ਮੀਲਾਂ ਦਾ ਸਫ਼ਰ ਅਤੇ ਇਸ ਦੀਆਂ ਮੁਸੀਬਤਾਂ ਝਾਗ ਕੇ ਪੰਜਾਬ ਵਿਚ ਗੁੜ ਵੇਚਣ ਆਇਆ ਸੀ।

ਇਸ ਸਾਲ ਪੰਜਾਬ ਵਿਚ ਝੋਨੇ ਦੀ ਖ਼ਰੀਦ ਦੇ ਸਰਕਾਰੀ ਅੰਕੜੇ ਵੀ ਸਾਡੀ ਉਪਰੋਕਤ ਧਾਰਨਾ ਦੀ ਪੁਸ਼ਟੀ ਕਰ ਰਹੇ ਹਨ। ਖੇਤੀ ਮਾਹਰਾਂ ਨੇ ਝੋਨੇ ਦੀ ਪੈਦਾਵਰ ਦਾ ਜੋ ਟੀਚਾ ਮਿੱਥਿਆ ਸੀ, ਖ਼ਰੀਦ ਉਸ ਤੋਂ ਵੱਧ ਹੋਈ। ਉਸ ਦਾ ਕਾਰਨ ਇਹ ਸੀ ਕਿ ਦੂਜੇ ਸੂਬਿਆਂ ਦੇ ਕਿਸਾਨਾਂ ਨੂੰ ਭਾਅ ਸਮਰਥਨ ਮੁੱਲ ਨਾਲੋਂ ਵੀ ਘੱਟ ਮਿਲ ਰਿਹਾ ਸੀ। ਕਿਰਾਇਆ ਭਾੜਾ ਅਤੇ ਹੋਰ ਖ਼ਰਚੇ ਪਾ ਕੇ ਬਾਹਰਲੇ ਸੂਬਿਆਂ ਦੇ ਕਿਸਾਨਾਂ ਨੂੰ ਪੰਜਾਬ ਵਿਚ ਪੰਜ ਤੋਂ ਸੱਤ ਸੌ ਰੁਪਏ ਪ੍ਰਤੀ ਕੁਵਿੰਟਲ ਵੱਧ ਮਿਲ ਰਹੇ ਸਨ। ਹਾੜੀ ਦੀ ਸਭ ਤੋਂ ਵੱਡੀ ਫ਼ਸਲ ਕਣਕ ਨਾਲ ਵੀ ਇਹੋ ਕੁਝ ਵਾਪਰੇਗਾ। ਰਾਜਸਥਾਨ ਦੀ ਸਰੋਂ ਪੰਜਾਬ ਵਿਚਲੇ ਲਾਗਲੇ ਸ਼ਹਿਰਾਂ ਵਿਚ ਹਰ ਸਾਲ ਵਿਕਦੀ ਹੈ। ਅਜਿਹਾ ਸਭ ਕੁਝ ਤਾਂ ਹੀ ਹੋ ਰਿਹਾ ਹੈ ਕਿਉਂਕਿ ਫ਼ਸਲ ਦਾ ਮੁੱਲ ਦੂਜੇ ਸੂਬਿਆਂ ਵਿਚ ਜ਼ਿਆਦਾ ਮਿਲਦਾ ਹੈ। ਕੇਵਲ ਸਮਰਥਨ ਮੁੱਲ ਮਿੱਥ ਦੇਣਾ ਕਾਫ਼ੀ ਨਹੀਂ, ਕਿਸਾਨ ਨੂੰ ਉਹ ਦੁਆਉਣਾ ਵੀ ਜ਼ਰੂਰੀ ਹੈ। ਸਾਰੰਸ਼ ਇਹ ਕਿ ਕਿਸਾਨ ਦੀ ਪੈਦਾ ਕੀਤੀ ਖੇਤੀ ਵਸਤੂ ਕਿਵੇਂ ਸਸਤੀ ਲੈ ਕੇ ਖਪਤਕਾਰ ਤੱਕ ਜਾਂਦੀ ਜਾਂਦੀ ਅੱਗ ਦੇ ਭਾਅ ਵਿਕਣ ਲੱਗ ਜਾਂਦੀ ਹੈ ? ਇਹ ਕਿਸੇ ਪਾਂਧੇ ਤੋਂ ਪੁੱਛਣ ਦੀ ਲੋੜ ਨਹੀਂ। ਦੁੱਧ ਅਤੇ ਦੁੱਧ ਪਦਾਰਥਾਂ ਦੀ ਗੱਲ ਕਿਸੇ ਹੋਰ ਮੌਕੇ ਕਰਾਂਗੇ। ਸਾਰੀ ਚਰਚਾ ਦਾ ਸਿੱਟਾ ਇਹ ਹੈ ਕਿ ਇਸ ਭੇੜ ਦਾ ਇਕੋ ਇਕ ਹੱਲ ਹਰ ਖੇਤੀ ਵਸਤ ਦਾ ਘੱਟੋ-ਘੱਟ ਸਮਰਥਨ ਮੁੱਲ ਮਿੱਥਣਾ ਅਤੇ ਉਸ ਮਿੱਥੇ ਹੋਏ ਮੁੱਲ ਨੂੰ ਕਿਸਾਨ ਤੱਕ ਪਹੁੰਚਾਉਣਾ ਵੀ ਜ਼ਰੂਰੀ ਹੈ। ਇਹ ਸਭ ਕੁਝ ਇਸ ਨੂੰ ਕਾਨੂੰਨੀ ਰੂਪ ਦੇਣ ਨਾਲ ਹੀ ਸੰਭਵ ਹੈ।

# ਕਿਸੇ ਸਮੇਂ ਹੋਇਆ ਸੀ 'ਖੁਸ਼ਹੈਸੀਅਤੀ ਟੈਕਸ' ਵਿਰੁੱਧ ਸੰਘਰਸ਼



**ਹਰਮਨਪ੍ਰੀਤ ਸਿੰਘ,**
**੯੮੫੫੦੧੦੦੦੫**

ਸਾਨੂੰ ਭਾਰਤ ਦੀ ਵਿਭਿੰਨਤਾ ਅਤੇ ਸੱਭਿਆਚਾਰ ਨੂੰ ਬਚਾਉਣ ਲਈ ਸਭ ਤੋਂ ਪਹਿਲਾਂ ਕਿਸਾਨ ਨੂੰ ਬਚਾਉਣਾ ਪਵੇਗਾ। ਅਸੀਂ ਦੇਖ ਰਹੇ ਹਾਂ ਕਿ ਦਿੱਲੀ ਦੇ ਬਾਰਡਰਾਂ 'ਤੇ ਤਕਰੀਬਨ 100 ਦਿਨ ਤੋਂ ਵੱਧ ਸਮੇਂ ਤੋਂ ਕਿਸਾਨ ਅੰਦੋਲਨ ਉਪਰ ਬੈਠੇ ਹਨ ਅਤੇ ਉਨਾਂ ਦਾ ਸਬਰ, ਸੰਤੋਖ ਤੇ ਸਹਿਣਸ਼ੀਲਤਾ ਨਾਲ ਹੀ ਅਸੀਂ ਦੇਖ ਰਹੇ ਹਾਂ ਦਿੱਲੀ ਦੇ ਬਾਰਡਰਾਂ 'ਤੇ ਹਰ ਦਿਨ ਕਿਸਾਨਾਂ ਦੀਆਂ ਸ਼ਹੀਦੀਆਂ ਹੋ ਰਹੀਆਂ ਹਨ ਅਤੇ ਲਗਭਗ 200 ਤੋਂ ਵੱਧ ਕਿਸਾਨ, ਮਜਦੂਰ, ਤੇ ਅੰਦੋਲਨ ਨਾਲ ਜੁੜੇ ਮਰਦ ਤੇ ਔਰਤਾਂ ਸ਼ਹੀਦੀਆਂ ਪਾਅ ਚੁੱਕੇ ਹਨ। ਅੱਜ ਹਰ ਇਕ ਦੀ ਨਿਗਾ ਕਿਸਾਨ ਅੰਦੋਲਨ 'ਤੇ ਹੈ ਦੇਸ਼, ਵਿਦੇਸ਼ ਤੇ ਹਰ ਤਬਕੇ ਦੇ ਲੋਕ ਇਸ ਕਿਸਾਨ ਅੰਦੋਲਨ ਨੂੰ ਬਹੁਤ ਗਹੁ ਨਾਲ ਦੇਖ ਰਹੇ ਹਨ, ਪ੍ਰੰਤੂ ਬੇਹੱਦ ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਖੁੱਲੇ ਅਸਮਾਨ ਹੇਠ ਬੈਠੇ ਕਿਸਾਨ, ਮਜ਼ਦੂਰ, ਬੀਬੀਆਂ ਤੇ ਬੱਚੇ ਕੇਂਦਰ ਸਰਕਾਰ ਨੂੰ ਕਿਉਂ ਨਜ਼ਰ ਨਹੀਂ ਆ ਰਹੇ ?

ਖੇਤੀ ਕਾਨੂੰਨ ਦੇ ਨੀਤੀਘਾੜਿਆਂ ਤੇ ਮਾਹਿਰਾਂ ਦੇ ਧਿਆਨ ਵਿਚ ਇਹ ਗੱਲ ਆਉਣੀ ਬੇਹੱਦ ਜ਼ਰੂਰੀ ਹੈ ਤੇ ਉਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਖੇਤੀ ਤੇ ਖੁਰਾਕ ਪਦਾਰਥ ਕਾਰਪੋਰੇਟਾਂ ਦੇ ਹੱਥ ਵਿਚ ਚਲੇ ਜਾਣ ਨਾਲ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਦਾ ਇਕ ਵੱਡਾ ਵਰਗ ਭੁੱਖਮਰੀ ਦਾ ਸ਼ਿਕਾਰ ਹੋ ਜਾਵੇਗਾ। ਹੁਣ ਦੇਸ਼ ਦੇ ਹਰ ਵਰਗ ਦੇ ਲੋਕਾਂ ਨੂੰ ਚੰਗੀ ਤਰਾਂ ਜਾਣ, ਸਮਝ ਲੈਣਾ ਚਾਹੀਦਾ ਹੈ ਕਿ ਇਹ ਖੇਤੀ ਕਾਨੂੰਨ ਸਿਰਫ ਕਿਸਾਨਾਂ ਦੇ ਖ਼ਿਲਾਫ਼ ਹੀ ਨਹੀਂ, ਸਗੋਂ ਹਰ ਉਸ ਵਰਗ ਦੇ ਖ਼ਿਲਾਫ਼ ਹਨ ਜੋ ਦੋ ਵਕਤ ਦੀ ਰੋਟੀ ਖ਼ਾਤਰ ਆਪਣੇ ਜੀਵਨ ਵਿਚ ਸੰਘਰਸ਼ ਕਰ ਰਿਹਾ ਹੈ। ਇਸ ਖੇਤੀ ਕਾਨੂੰਨ ਨਾਲ ਸਮੁੱਚੀ ਖੇਤੀ ਤੇ ਖੁਰਾਕ ਪਦਾਰਥ ਕਾਰਪੋਰੇਟਾਂ ਦੇ ਹੱਥ ਵਿਚ ਚਲੇ ਜਾਣ ਨਾਲ ਜਨਤਕ ਵੰਡ ਪ੍ਰਣਾਲੀ 'ਤੇ ਭਾਰੀ ਅਸਰ ਹੋ ਸਕਦਾ ਹੈ, ਜਿਸ ਰਾਹੀਂ ਦੇਸ਼ ਦੀ ਇਕ ਵੱਡੀ ਆਬਾਦੀ ਨੂੰ ਮਿਲ ਰਹੇ ਸਸਤੇ ਰਾਸ਼ਨ ਤੋਂ ਵਾਂਝਾ ਹੋਣਾ ਪਵੇਗਾ ਅਤੇ ਮਹਿੰਗਾਈ ਦਰ ਵੱਧਣ ਨਾਲ ਕਰੋੜਾਂ ਲੋਕ ਭੁੱਖਮਰੀ ਦੇ ਸ਼ਿਕਾਰ ਹੋਣਗੇ।

ਕਿਸਾਨਾਂ, ਮਜ਼ਦੂਰਾਂ ਦਾ ਜੀਵਨ ਤਾਂ ਮੁੱਢ ਤੋਂ ਹੀ ਸੰਘਰਸ਼ੀ ਰਿਹਾ ਹੈ ਤੇ ਇਤਿਹਾਸ ਗ਼ਵਾਹ ਹੈ ਕਿ ਹਰ ਸੰਘਰਸ਼ ਵਿਚ ਜਿੱਤ ਕਿਸਾਨ ਦੀ ਹੀ ਹੋਈ ਹੈ। ਇਕ ਸਮੇਂ ਪੰਜਾਬ ਵਿੱਚ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਵੱਲੋਂ 1959 ਵਿੱਚ ਕਿਸਾਨਾਂ 'ਤੇ ਇਕ 'ਖੁਸ਼ਹੈਸੀਅਤੀ ਟੈਕਸ' ਲਗਾ ਦਿੱਤਾ ਗਿਆ ਸੀ। ਕਿਸਾਨਾਂ ਨੇ ਪੰਜਾਬ ਸਰਕਾਰ ਦੁਆਰਾ ਲਗਾਏ ਇਸ ਖੁਸ਼ਹੈਸੀਅਤੀ ਟੈਕਸ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ ਜੋ ਕਿ 21 ਜਨਵਰੀ 1959 ਨੂੰ ਸ਼ੁਰੂ ਹੋਇਆ ਸੀ । ਇਸ ਸੰਘਰਸ਼ ਵਿਚ ਔਰਤਾਂ ਸਮੇਤ ਕਿਸਾਨਾਂ ਨੇ ਸ਼ਹੀਦੀ ਵੀ ਪ੍ਰਾਪਤ ਕੀਤੀ ਸਨ। ਉਸ ਸਮੇਂ ਕਿਸਾਨ ਸਭਾਵਾਂ ਨੇ ਇਕਜੁਟ ਹੋ ਕੇ ਸਰਕਾਰ ਖ਼ਿਲਾਫ਼ ਕਿਸਾਨ ਅੰਦੋਲਨ ਆਰੰਭ ਕਰ ਦਿਤਾ। ਕਿਸਾਨਾਂ ਤੇ ਲਗਾਏ ਖੁਸ਼ਹੈਸੀਅਤੀ ਟੈਕਸ ਵਿਰੁੱਧ ਅੰਦੋਲਨ ਅੱਗੇ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੂੰ ਝੁਕਣਾ ਪਿਆ ਤੇ ਖੁਸ਼ਹੈਸੀਅਤੀ ਟੈਕਸ ਰੱਦ ਕਰਨਾ ਪਿਆ ਅਤੇ ਸਰਕਾਰ ਦੇ ਇਸ ਖੁਸ਼ਹੈਸੀਅਤੀ ਟੈਕਸ ਕਾਨੂੰਨ ਵਾਪਸ ਲੈਣ ਨਾਲ 22 ਮਾਰਚ1959 ਨੂੰ ਕਿਸਾਨਾਂ ਵੱਲੋਂ ਅੰਦੋਲਨ ਸਮਾਪਤ ਕਰ ਦਿੱਤਾ ਗਿਆ ਸੀ।

ਅੱਜ ਦਿੱਲੀ ਦੇ ਬਾਰਡਰ 'ਤੇ ਮੌਜੂਦਾ ਕਿਸਾਨ ਅੰਦੋਲਨ ਦੀ ਕਾਮਯਾਬੀ ਇਹ ਦਰਸਾਉਂਦੀ ਹੈ ਕਿ ਕੇਂਦਰ ਸਰਕਾਰ ਵੱਲੋਂ ਲਗਾਏ ਇਹ ਤਿੰਨ ਖੇਤੀ ਕਾਨੂੰਨਾਂ ਰੱਦ ਕਰਵਾਉਣ ਤੋਂ ਬਿਨਾਂ ਕਿਸਾਨ ਘਰ ਵਾਪਸੀ ਨਹੀਂ ਕਰਨਗੇ। ਹੁਣ ਤੱਕ ਵੱਖ-ਵੱਖ ਝੰਡਿਆਂ ਨਾਲ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਕਰ ਰਹੇ ਇਨਾਂ ਕਿਸਾਨ, ਮਜ਼ਦੂਰਾਂ ਨਾਲ ਹੁਣ ਦੇਸ਼ ਦੇ ਅਲੱਗ -ਅਲੱਗ ਵਰਗਾਂ ਦੇ ਲੋਕ ਵੀ ਜੁੜਦੇ ਰਹੇ ਹਨ ਜੋ ਕਿ ਰੋਸ ਵਜੋਂ ਕਾਲੇ ਝੰਡੇ ਹੱਥ ਵਿੱਚ ਲੈ ਕੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰ ਰਹੇ ਹਨ। ਆਪਣੇ-ਆਪਣੇ ਢੰਗ ਨਾਲ ਹਰ ਵਰਗ ਦੇ ਲੋਕ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਵਿਚ ਹਿੱਸਾ ਪਾ ਰਹੇ ਹਨ। ਇਕ ਨਾ ਇਕ ਦਿਨ ਲੋਕ ਰੋਹ ਅੱਗੇ ਝੁਕਦਿਆਂ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਵਾਪਸ ਲੈਣੇ ਹੀ ਪੈਣਗੇ।

## ਸਵਾ ਲੱਖ

ਕਿਉਂ ਜਾਣ ਜਾਣ ਤੂੰ ਛੇੜੇਂ ਦਿੱਲੀਏ ਸਿੰਘ ਸਰਦਾਰਾਂ ਨੂੰ
ਧੌਣੋਂ ਫੜਕੇ ਸੁੱਟ ਲੈਣਗੇ ਬਾਜ ਕਾਵਾਂ ਦੀਆਂ ਡਾਰਾਂ ਨੂੰ
ਸਿਕੰਦਰ ਅੱਤ ਜਦੋਂ ਨੇ ਕਰਦੇ ਨਿੱਤਰਾ ਪੋਰਸ ਜੰਮਦੇ ਨੇ
ਸਵਾ ਲੱਖ ਨਾਲ ਸੀ ਇੱਕ ਲੜਾਏ ਤਾਂ ਹੀ ਵੈਰੀ ਕੰਬਦੇ ਨੇ...

ਜਜ਼ਬੇ ਵਿੱਚ ਬਲੱਡ ਦੇ ਬੋਲਣ ਮਿੱਟ ਨਾ ਹੋਣੇ ਆਂ
ਜੋ ਪੱਥਰਾਂ ਵਿੱਚੋਂ ਉੱਗਦੇ ਉਹ ਸਿੱਟ ਨਾ ਹੋਣੇ ਆਂ
ਜੇ ਦੁਸ਼ਮਣ ਅੱਖ ਚੱਕ ਦੇਖੇ ਜਾ ਪੁੱਠਾ ਟੰਗਦੇ ਨੇ
ਸਵਾ ਲੱਖ ਨਾਲ ਸੀ ਇੱਕ ਲੜਾਏ ਤਾਂ ਹੀ ਵੈਰੀ ਕੰਬਦੇ ਨੇ...

ਵਿੱਚ ਦਿੱਲੀ ਦੇ ਫੋਰਡ ਦੇਖਲਾ ਚੀਕਾਂ ਮਾਰਦੇ ਆ
ਤੇ ਬੋਲ ਮੱਕੜ ਦੇ ਓਨ ਏਅਰ ਤੇ ਸੀਨਾ ਠਾਰਦੇ ਆ
ਪਰ ਮਾੜੇ ਮੀਡੀਏ ਵਾਲੇ ਨਿੱਤ ਕਿਸਾਨ ਨੂੰ ਭੰਡਦੇ ਨੇ
ਸਵਾ ਲੱਖ ਨਾਲ ਸੀ ਇੱਕ ਲੜਾਏ ਤਾਂ ਹੀ ਵੈਰੀ ਕੰਬਦੇ ਨੇ...

ਟਿਕੈਤ ਦੇ ਹੰਝੂਆਂ ਨੇ ਤਾਂ ਹਨੇਰੀ ਲਿਆਤੀ ਉਏ
ਲੋਕ ਏਕਤਾ ਦੀ ਕਹਿੰਦੇ ਮਿਸਾਲ ਬਣਾਤੀ ਉਏ
ਇਹ ਹਿੰਦੂ ਭਰਾ ਵੀ ਸਾਡੇ ਤੇ ਖ਼ੂਨ ਵੀ ਇੱਕੋ ਰੰਗ ਦੇ ਨੇ
ਸਵਾ ਲੱਖ ਨਾਲ ਸੀ ਇੱਕ ਲੜਾਏ ਤਾਂ ਹੀ ਵੈਰੀ ਕੰਬਦੇ ਨੇ...

ਤੇਰੇ ਕਰੋੜ ਸਲਾਮੀ ਦੇਣਗੇ ਉਏ ਸਾਡੇ ਹਜਾਰਾਂ ਨੂੰ
ਬੇਲੀਆ ਬੰਦੇ ਦੇ ਪੁੱਤ ਬਣਾਉਣੇ ਜੋ ਰੱਖਦੇ ਖਾਰਾਂ ਨੂੰ
ਪਿੰਡ ਸਾਉਂਕੇ ਵਿੱਚ ਵੇਖੀਂ ਤਲਵਿੰਦਰ ਕਿਹੜੇ ਖੰਘਦੇ ਨੇ
ਸਵਾ ਲੱਖ ਨਾਲ ਸੀ ਇੱਕ ਲੜਾਏ ਤਾਂ ਹੀ ਵੈਰੀ ਕੰਬਦੇ ਨੇ...

# ਕਾਂਗਰੈਸ਼ਨਲ ਰਿਸਰਚ ਸਰਵਿਸ ਦੀ ਤਾਜ਼ਾ ਰਿਪੋਰਟ ਨੇ ਅਮਰੀਕਾ ਨੂੰ ਕੀਤਾ ਖਬਰਦਾਰ

## ਕਿਹਾ ਕਿ ਮੌਜੂਦਾ ਸੰਘਰਸ਼ਾਂ ਦਾ ਅਸਰ ਭਾਰਤ-ਅਮਰੀਕਾ ਰਿਸ਼ਤਿਆਂ ਅਤੇ ਵਿਦੇਸ਼ ਨੀਤੀਆਂ 'ਤੇ ਪੈ ਸਕਦਾ ਹੈ

**ਵਾਸ਼ਿੰਗਟਨ /ਏ.ਟੀ.ਨਿਊਜ਼:** ਅਮਰੀਕੀ ਕਾਂਗਰਸ ਦੇ ਨਿਰਪੱਖ ਤੇ ਖ਼ੁਦਮੁਖ਼ਤਿਆਰ ਖੋਜ ਅਦਾਰੇ ਨੇ ਭਾਰਤ ਵਿੱਚ ਚੱਲ ਰਹੇ ਕਿਸਾਨੀ ਘੋਲ ਦੇ ਨਤੀਜਿਆਂ ਤੋਂ ਅਮਰੀਕੀ ਸਰਕਾਰ ਨੂੰ ਖ਼ਬਰਦਾਰ ਕੀਤਾ ਹੈ। ਰਿਪੋਰਟ ਵਿੱਚ ਰਾਸ਼ਟਰਪਤੀ ਜੋ ਬਾਈਡਨ ਦੀ ਸਰਕਾਰ ਨੂੰ ਸੁਚੇਤ ਕੀਤਾ ਗਿਆ ਹੈ ਕਿ ਮੌਜੂਦਾ ਸੰਘਰਸ਼ਾਂ ਦਾ ਅਸਰ ਭਾਰਤ-ਅਮਰੀਕਾ ਰਿਸ਼ਤਿਆਂ ਅਤੇ ਅਮਰੀਕਾ ਦੀਆਂ ਵਿਦੇਸ਼ ਨੀਤੀਆਂ 'ਤੇ ਪੈ ਸਕਦਾ ਹੈ।

ਕਾਂਗਰੈਸ਼ਨਲ ਰਿਸਰਚ ਸਰਵਿਸ ਵੱਲੋਂ ਛਾਪੀ ਗਈ ਰਿਪੋਰਟ ਨਾਲ ਅਸਿੱਧੇ ਢੰਗ ਨਾਲ ਕਿਸਾਨਾਂ ਦੀ ਹਮਾਇਤ ਕਰਨ ਵਾਲੇ ਅਮਰੀਕੀ ਸਿਆਸਤਦਾਨਾਂ ਜਾਂ ਕਾਨੂੰਨਘਾੜਿਆਂ ਦੀ ਆਵਾਜ਼ ਨੂੰ ਹੋਰ ਤਾਕਤ ਮਿਲ ਸਕਦੀ ਹੈ। ਸੀਆਰਐਸ ਦੇ ਇੱਕ ਮੈਂਬਰ ਨੇ ਗੁਪਤ ਤਰੀਕੇ ਨਾਲ ਸਿਰਫ ਇੰਨਾ ਹੀ ਦੱਸਿਆ ਕਿ ਜੇਕਰ

### ਮਾਮਲਾ ਕਿਸਾਨੀ ਸੰਘਰਸ਼ ਦੇ ਨਤੀਜਿਆਂ ਦਾ

ਸੀਆਰਐਸ ਨੇ ਰਿਪੋਰਟ ਛਾਪੀ ਹੈ ਤਾਂ ਇਸ ਮੁੱਦੇ ਵਿੱਚ ਇਸ ਦੀ ਰੁਚੀ ਜ਼ਰੂਰ ਹੋਵੇਗੀ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਸ ਮਸਲੇ ਦੇ ਹੱਕ ਵਿੱਚ ਉੱਠ ਰਹੀਆਂ ਆਵਾਜ਼ਾਂ ਕਿਸੇ ਹੱਦ ਤੱਕ ਭਾਰਤ ਦੀ ਜਮਹੂਰੀਅਤ ਸਥਿਤੀ ਨੂੰ ਸਵਾਲਾਂ ਦੇ ਘੇਰੇ ਵਿੱਚ ਖੜਾ ਕਰਦੀਆਂ ਹਨ। ਰਿਪੋਰਟ ਦਾ ਆਧਾਰ, ਕੌਮਾਂਤਰੀ ਅਤੇ ਭਾਰਤੀ ਮੀਡੀਆ ਵਿੱਚ ਛਪੀਆਂ ਰਿਪੋਰਟਾਂ ਨੂੰ ਬਣਾਇਆ ਗਿਆ ਹੈ। ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਭਾਰਤੀ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਹਾਲਾਤਾਂ ਵਿੱਚ ਆਏ ਨਿਘਾਰ ਕਾਰਨ ਬਾਈਡਨ ਪ੍ਰਸ਼ਾਸਨ ਨੂੰ ਆਪਣੀਆਂ ਭਾਰਤ ਪ੍ਰਤੀ ਨੀਤੀਆਂ ਸੋਚ ਸਮਝ ਕੇ ਬਣਾਉਣੀਆਂ ਪੈਣਗੀਆਂ। ਦੱਸਣਾ ਬਣਦਾ ਹੈ ਕਿ ਟਰੰਪ ਪ੍ਰਸ਼ਾਸਨ ਨੇ ਭਾਰਤੀ ਕਿਸਾਨਾਂ ਦੇ ਸੰਘਰਸ਼ ਬਾਰੇ ਆਪਣਾ ਕੋਈ ਪੱਖ ਨਹੀਂ ਸੀ ਰੱਖਿਆ ਜਿਸ ਪਿੱਛੇ ਕੋਵਿਡ-19 ਮਹਾਂਮਾਰੀ ਅਤੇ ਰਾਸ਼ਟਰਪਤੀ ਦੀਆਂ ਚੋਣਾਂ ਜਿਹੇ ਕਾਰਨ ਹੋ ਸਕਦੇ ਹਨ ਪਰ ਕਿਸਾਨੀ ਸੰਘਰਸ਼ ਨੂੰ ਮਿਲੀ ਕੌਮਾਂਤਰੀ ਮਾਨਤਾ ਕਾਰਨ ਬਾਈਡਨ ਪ੍ਰਸ਼ਾਸਨ ਨੇ ਵੀ ਮਸਲੇ ਦਾ ਹੱਲ ਗੱਲਬਾਤ ਰਾਹੀਂ ਕੱਢਣ ਦੀ ਗੱਲ ਆਖੀ ਸੀ। ਹੁਣ ਇਸ ਰਿਪੋਰਟ ਦੇ ਆਉਣ ਤੋਂ ਬਾਅਦ ਜਾਪਦਾ ਹੈ ਕਿ ਜੋ ਬਾਈਡਨ ਦੀ ਸਰਕਾਰ ਆਉਂਦੇ ਦਿਨਾਂ ਵਿੱਚ ਆਪਣੀ ਵਿਦੇਸ਼ ਨੀਤੀ ਵਿੱਚ ਤਬਦੀਲੀਆਂ ਕਰ ਸਕਦੀ ਹੈ

# ਭਿੰਨਤਾ (ਇੱਕ ਗੁਣ)

ਸੰਜੀਵ ਸਿੰਘ ਝੱਜ
ਸ੍ਰੀ ਅਨੰਦਪੁਰ ਸਾਹਿਬ
੯੭੧੫੧੫੦੫੪੨

ਅਸਲ ਵਿੱਚ ਭਿੰਨਤਾ ਇੱਕ ਗੁਣ ਹੈ ਜਿਸ ਨੂੰ ਅਕਸਰ ਇਨਸਾਨ ਈਰਖਾਲੀ ਬਿਰਤੀ ਨਾਲ ਵੇਖਦਾ ਹੈ।ਕੁਦਰਤ ਨੇ ਜੇ ਕਿਧਰੇ ਧਰਤੀ 'ਤੇ ਉੱਚੇ ਉੱਚੇ ਪਠਾਰ ਤੇ ਪਹਾੜ ਸਥਾਪਤ ਕੀਤੇ ਹਨ ਉੱਥੇ ਹੀ ਇਸੇ ਧਰਤੀ 'ਤੇ ਖੁਲੇ ਮੈਦਾਨੀ ਇਲਾਕੇ ਵੀ ਇਨਸਾਨੀ ਝੋਲੀ ਪਾਏ ਹਨ।ਕਿਧਰੇ ਬਰਫ ਨਾਲ ਲਬਰੇਜ਼ ਗਲੇਸ਼ੀਅਰ ਇਸ ਧਰਤੀ 'ਤੇ ਮੌਜੂਦ ਹਨ ਤੇ ਕਿਧਰੇ ਅੱਗ ਉਗਲਦਾ ਲਾਵਾ ਇਸ ਧਰਤੀ 'ਚੋਂ ਪੈਦਾ ਹੋ ਰਿਹਾ ਹੈ। ਧਰਤੀ ਦੇ ਕਿਸੇ ਹਿੱਸੇ 'ਤੇ ਵਰਖਾ ਦੀ ਲੜੀ ਨਹੀਂ ਟੁੱਟਦੀ ਤੇ ਕਿਧਰੇ ਬੂੰਦ ਬੂੰਦ ਨੂੰ ਤਰਸਦੇ ਰੇਗਿਸਤਾਨ ਵੀ ਧਰਤੀ 'ਤੇ ਮੌਜੂਦ ਹਨ। ਆਦਮ ਜਾਤ ਦੀ ਬਣਤਰ ਵੀ ਕੁਦਰਤ ਨੇ ਇਕ ਸਾਰ ਨਹੀਂ ਰਹਿਣ ਦਿੱਤੀ। ਸਰੀਰਕ ਬਣਤਰ, ਸੁਭਾਅ ਅਤੇ ਬੋਲਣ ਚੱਲਣ ਦੇ ਢੰਗ ਤਰੀਕੇ ਵੀ ਕਾਦਰ ਨੇ ਹਰ ਇਨਸਾਨ ਅੰਦਰ ਅਲੱਗ ਅਲੱਗ ਹੀ ਰੱਖੇ ਹਨ। ਇਸ ਧਰਤੀ 'ਤੇ ਹਰ ਸ਼ੈਅ ਜੋੜੇ ਦੇ ਰੂਪ ਵਿਚ ਆਈ ਹੈ। ਧੁੱਪ ਦੇ ਨਾਲ ਨਾਲ ਛਾਂ, ਦਿਨ ਦੇ ਨਾਲ ਰਾਤ ਤੇ ਐਵੇਂ ਹੀ ਹਰ ਦਿਸਣ ਮਹਿਸੂਸ ਹੋਣ ਵਾਲੀ ਚੀਜ਼ ਇੱਕ ਦੂਸਰੇ ਤੋਂ ਭਿੰਨ ਭਿੰਨ ਹੀ ਇਸ ਧਰਤੀ ਤੇ ਵਰਤ ਰਹੀ ਹੈ। ਭਾਵੇਂ ਉਹ ਵਿਚਾਰਾਂ ਦੀ ਭਿੰਨਤਾ ਹੋਵੇ ਭਾਵੇਂ ਰੰਗ ਰੂਪ ਪਹਿਰਾਵੇ ਦੀ ਭਿੰਨਤਾ ਹੋਵੇ ਜਦੋਂ ਭਿੰਨਤਾ ਨੂੰ ਨਾ ਸਵਿਕਾਰ ਕਰਦਿਆਂ ਤੁਸੀਂ ਉਸਦਾ ਜਵਾਬ ਦੇਣ ਲਈ ਸਪੱਸ਼ਟੀਕਰਨ ਦੇਣ ਦੀ ਕੋਸ਼ਿਸ਼ ਕਰੋਗੇ ਤਾਂ ਮਨੋਵਿਗਿਆਨ ਕਹਿੰਦਾ ਕਿ ਤੁਸੀਂ ਮਾਨਸਿਕ ਤੌਰ 'ਤੇ ਬਿਮਾਰ ਹੋ ਤੇ ਤੁਹਾਨੂੰ ਵੱਡੇ ਲੈਵਲ 'ਤੇ ਇਲਾਜ਼ ਦੀ ਲੋੜ ਹੈ। ਭਿੰਨਤਾ ਨੂੰ ਸਵੀਕਾਰ ਕਰਨਾ ਸਿੱਖੀਏ ਕਿਉਂਕਿ ਭਿੰਨਤਾ ਦੇ ਕਾਰਨ ਹੀ ਇਸ ਧਰਤੀ 'ਤੇ ਵਿਕਾਸ ਸੰਭਵ ਹੋਇਆ ਹੈ।ਜੇਕਰ ਵਖਰੇਵੇਂ ਤੇ ਭਿੰਨਤਾ ਦੀ ਹੋਂਦ ਨਾ ਹੁੰਦੀ ਤਾਂ ਇਸ ਧਰਤੀ 'ਤੇ ਕੁਝ ਵੀ ਨਵਾਂ ਉਤਪੰਨ ਨਾ ਹੁੰਦਾ ਜਾਂ ਕਹਿ ਲਵੋ ਕਿ ਸ਼ਾਇਦ ਇਨਸਾਨੀ ਜੀਵਨ ਹੀ ਸੰਭਵ ਨਾ ਹੁੰਦਾ। ਮਨੁੱਖੀ ਮਨੋਬਿਰਤੀ ਭਿੰਨਤਾ ਤੋਂ ਭੈਅ ਖਾਂਦੀ ਹੈ ਸ਼ਾਇਦ ਇਸੇ ਕਾਰਨ ਕਰਕੇ ਕੁਝ ਵੀ ਭਿੰਨ ਦਿਸਣ ਤੇ ਇਨਸਾਨ ਖਤਰਾ ਮਹਿਸੂਸ ਕਰਦਾ ਹੋਇਆ ਉਸ ਨੂੰ ਖਤਮ ਕਰ ਦੇਣਾ ਚਾਹੁੰਦਾ ਹੈ।

ਨਰਿੰਦਰ ਸਿੰਘ ਕਪੂਰ ਦਾ ਕਹਿਣਾ ਹੈ,'ਇਨਸਾਨੀ ਫਿਤਰਤ ਵਿਚਾਰਾਂ ਦੇ ਵਖਰੇਵਿਆਂ ਦੀ ਸਜ਼ਾ ਵਿਚਾਰਾਂ ਨੂੰ ਨਹੀਂ ਸਗੋਂ ਇਨਸਾਨ ਨੂੰ ਮਾਰ ਕੇ ਦਿੰਦੀ ਆਈ ਹੈ।' ਕਾਦਰ ਜਾਂ ਕੁਦਰਤ ਨੇ ਕੁਝ ਵੀ ਇਕਸਾਰ ਨਹੀਂ ਹੋਣ ਦਿੱਤਾ, ਮੇਰੇ ਖਿਆਲ ਤੋਂ ਉਸ ਦੇ ਕੀਤੇ 'ਤੇ ਹੀ ਯਕੀਨ ਕਰ ਲੈਣਾ ਚਾਹੀਦਾ ਹੈ।ਭਿੰਨਤਾ ਨੇ ਇਨਸਾਨੀ ਜੀਵਨ ਦੇ ਗੁਲਦਸਤੇ ਨੂੰ ਰੰਗਾਂ ਨਾਲ ਭਰਨ ਦਾ ਕਾਰਜ ਕੀਤਾ ਹੈ। ਭਾਂਤ ਭਾਂਤ ਦੀਆਂ ਕੁਦਰਤੀ ਨਿਆਮਤਾਂ ਅਤੇ ਸੁੱਖ ਸਹੂਲਤਾਂ ਭਿੰਨਤਾ ਦੀ ਹੀ ਦੇਣ ਹੈ। ਸੋਚ ਕੇ ਵੇਖੋ ਜੇਕਰ ਸਾਰੀ ਧਰਤੀ, ਮਨੁੱਖੀ ਜੀਵਨ ਅਤੇ ਵਿਚਾਰਾਂ ਵਿੱਚ ਇਕਸਾਰਤਾ ਪੈਦਾ ਕਰ ਦਿੱਤੀ ਜਾਵੇ ਤਾਂ ਸ਼ਾਇਦ ਇਸ ਧਰਤੀ ਤੇ ਕੁਝ ਵੀ ਨਵਾਂ ਹੋਣ ਦੀ ਸੰਭਾਵਨਾ ਬਿਲਕੁਲ ਖਤਮ ਹੋ ਜਾਵੇਗੀ ਤੇ ਮਨੁੱਖੀ ਜੀਵਨ ਦੀ ਹੋਂਦ ਵੀ ਖਤਰੇ ਵਿੱਚ ਪੈ ਜਾਵੇਗੀ।ਭਿੰਨਤਾ ਨੂੰ ਦੇਖਣ ਸਮਝਣ ਤੇ ਸਵੀਕਾਰ ਕਰਨ ਦਾ ਮਾਦਾ ਪੈਦਾ ਕਰਨਾ ਬਹੁਤ ਜ਼ਰੂਰੀ ਹੈ। ਆਪਣੀਆਂ ਮਨੌਤਾਂ ਦਾ ਪੈਮਾਨਾ ਲਾਉਣਾ ਛੱਡ ਕੇ ਭਿੰਨਤਾ ਨੂੰ ਵੇਖੋ ਤਾਂ ਸਹੀ ਸਾਰੀ ਦੁਨੀਆ ਤੇ ਕੁੱਲ ਕਾਇਨਾਤ ਤੁਹਾਨੂੰ ਬਾਹਵਾਂ ਫੈਲਾ ਕੇ ਤੁਹਾਡਾ ਇੰਤਜ਼ਾਰ ਕਰਦੀ ਨਜ਼ਰ ਆਵੇਗੀ।

# ਕੁਦਰਤ ਹੀ ਰੱਬ ਹੈ



ਸੰਜੀਵ ਸਿੰਘ ਸੈਣੀ, ਮੋਹਾਲੀ

ਅੱਜ ਹਵਾ, ਪਾਣੀ, ਧਰਤੀ ਸਭ ਕੁਝ ਪ੍ਰਦੂਸ਼ਿਤ ਹੋ ਗਿਆ ਹੈ । ਲੋਕ ਤਰਾਂ ਤਰਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ ।ਆਪਣੇ ਨਿੱਜੀ ਸਵਾਰਥਾਂ ਲਈ ਮਨੁੱਖ ਨੇ ਕੁਦਰਤ ਨਾਲ ਛੇੜਖਾਨੀ ਕੀਤੀ ਹੈ ।ਪਹਾੜੀ ਖੇਤਰਾਂ ਵਿੱਚ ਵੀ ਵੱਡੀਆਂ ਵੱਡੀਆਂ ਇਮਾਰਤਾਂ ਉਸਾਰ ਦਿੱਤੀਆਂ ਗਈਆਂ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ। ਜਨਸੰਖਿਆ ਨੂੰ ਵਸਾਉਣ ਲਈ ਜੰਗਲ ਤੱਕ ਕੱਟ ਦਿੱਤੇ ਗਏ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਕੁਦਰਤ ਲਗਾਤਾਰ ਮਨੁੱਖ ਨੂੰ ਇਸ਼ਾਰੇ ਕਰ ਰਹੀ ਹੈ। 2005 ਵਿੱਚ ਸੁਨਾਮੀ ਨੇ ਬਹੁਤ ਕਹਿਰ ਮਚਾਇਆ । 2012 ਵਿੱਚ ਜੋ ਉੱਤਰਾਖੰਡ ਵਿੱਚ ਹੜਾਂ ਨੇ ਕਹਿਰ ਮਚਾਇਆ, ਉਹ ਅੱਜ ਵੀ ਨਹੀਂ ਭੁੱਲਦਾ। ਹੁਣ ਪਿਛਲੇ ਮਹੀਨੇ ਫਿਰ ਉਤਰਾਖੰਡ ਵਿੱਚ ਬੱਦਲ ਫਟਣ ਕਾਰਨ ਜੋ ਤਬਾਹੀ ਮਚੀ ਸੀ ਉਸ ਨੇ ਦਿਲ ਕੰਬਾ ਦਿੱਤਾ। ਕਿੰਨੇ ਲੋਕਾਂ ਦੀ ਜਾਨ ਚਲੀ ਗਈ। ਕਈ ਲੋਕ ਤਾਂ ਪਾਣੀ ਵਿਚ ਹੀ ਵਹਿ ਗਏ। ਇਨਸਾਨ ਫਿਰ ਵੀ ਨਹੀਂ ਸੁਧਰਿਆ ਹੈ।ਨਿੱਜੀ ਸਵਾਰਥਾਂ ਲਈ ਮਨੁੱਖ ਕੁਦਰਤ ਨਾਲ ਛੇੜ-ਛਾੜ ਕਰਨ ਤੋਂ ਬਾਜ਼ ਨਹੀਂ ਆ ਰਿਹਾ ਹੈ।

ਭੂਚਾਲ ਆਉਣ ਨਾਲ ਵੱਡੀਆਂ ਵੱਡੀਆਂ ਇਮਾਰਤਾਂ ਡਿੱਗਦੀਆਂ ਹਨ। ਪਿਛਲੇ ਵਰੇ ਅਫਾਨ ਤੂਫਾਨ ਪੱਛਮੀ ਬੰਗਾਲ ਵਿੱਚ ਆਫਤ ਲੈ ਕੇ ਆਇਆ ਸੀ। ਫਿਰ ਨਿਸਰਗ ਤੂਫਾਨ ਦੀ ਦਸਤਕ ਹੋਈ, ਇਸ ਸਮੁੰਦਰੀ ਤੂਫ਼ਾਨ ਨਾਲ ਵੱਡੇ ਪੱਧਰ 'ਤੇ ਤਬਾਹੀ ਹੋਈ। ਫਿਰ ਵੀ ਮਨੁੱਖ ਨਹੀਂ ਸੰਭਲ ਰਿਹਾ। ਫੈਕਟਰੀਆਂ ਦੀ ਰਹਿੰਦ ਖੂੰਦ ਨੂੰ ਦਰਿਆਵਾਂ ਵਿੱਚ ਸੁਟ ਦਿੱਤਾ ਜਾ ਰਿਹਾ ਸੀ। ਪਿੱਛੇ ਜਿਹੇ ਬਿਆਸ ਦਰਿਆ ਵਿਚ ਫੈਕਟਰੀਆਂ ਦੀ ਰਹਿੰਦ-ਖੂੰਹਦ ਨੂੰ ਸੁੱਟਣ ਨਾਲ ਕਾਫੀ ਮੱਛੀਆਂ ਦੀ ਮੌਤ ਹੋ ਗਈ। ਫ਼ਸਲ ਦੀ ਜ਼ਿਆਦਾ ਪੈਦਾਵਾਰ ਲਈ ਤਰਾਂ ਤਰਾਂ ਦੇ ਖਾਦ ਪਦਾਰਥ ਕੈਮੀਕਲ ਪਾਏ ਜਾ ਰਹੇ ਹਨ, ਜਿਸ ਨਾਲ ਧਰਤੀ ਹੇਠਲਾ ਪਾਣੀ ਵੀ ਡੂੰਘਾ ਤੇ ਜ਼ਹਿਰੀਲਾ ਹੋ ਰਿਹਾ ਹੈ। ਲੋਕ ਕੈਂਸਰ, ਦਿਲ ਦੇ ਮਰੀਜ਼ ਬਣਦੇ ਜਾ ਰਹੇ ਹਨ। ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਵਾਤਾਵਰਨ ਦਿਵਸ 'ਤੇ ਜ਼ਿਆਦਾ ਰੁੱਖ ਲਾਉਣ ਲਈ ਸੁਨੇਹਾ ਦਿੱਤਾ ਸੀ। ਸਿਰਫ਼ ਰੁੱਖ ਲਾਉਣਾ ਹੀ ਇੱਕ ਜ਼ਿੰਮੇਵਾਰੀ ਨਹੀਂ ਹੈ, ਸਮੇਂ ਸਮੇਂ ਤੇ ਉਸ ਰੁੱਖ ਦੀ ਦੇਖਭਾਲ ਕਰਨਾ ਬਹੁਤ ਵੱਡੀ ਜ਼ਿੰਮੇਵਾਰੀ ਹੈ। ਪਿਛਲੇ ਸਾਲ ਜਦੋਂ ਕੋਰੋਨਾ ਮਹਾਂਮਰੀ ਨੇ ਭਾਰਤ ਵਿੱਚ ਦਸਤਕ ਦਿੱਤੀ, ਤਾਂ ਪੂਰੇ ਦੇਸ਼ ਵਿੱਚ ਲਾਕਡਾਊਨ ਲੱਗਾ ਦਿੱਤਾ ਗਿਆ। ਲਾਕਡਾਊਨ ਕਰ ਕੇ ਵਾਤਾਵਰਨ ਸਾਫ਼ ਸੁਥਰਾ ਹੋਇਆ । ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਸਾਰਾ ਵਾਤਾਵਰਣ ਸਾਫ ਸੁਥਰਾ ਹੋ ਗਿਆ । ਕੁਦਰਤ ਨਵੀਂ ਨਵੇਲੀ ਦੁਲਹਨ ਦੀ ਤਰਾਂ ਸੱਜ ਗਈ। ਗੰਗਾ, ਜਮੁਨਾ ਘੱਗਰ ਦਰਿਆ ਵਰਗੇ ਸਾਫ-ਸੁਥਰੇ ਹੋ ਗਏ। ਪੰਜਾਬ ਵਿੱਚ ਚਿੱਟੀ ਬੇਈ, ਕਾਲਾ ਸੰਘਾ ਡਰੇਨ ਦਾ ਪਾਣੀ ਸਾਫ਼ ਸੁਥਰਾ ਹੋ ਚੁੱਕਿਆ ਹੈ । ਓਜ਼ੋਨ ਪਰਤ ਵਿੱਚ ਵੀ ਬਹੁਤ ਸੁਧਾਰ ਹੋ ਰਿਹਾ ਹੈ । ਹਰੀਕੇ ਪੱਤਣ ਵਿੱਚ ਪੰਛੀ ਅਠਖੇਲੀਆਂ ਕਰਦੇ ਨਜ਼ਰ ਆਏ ।ਬਿਆਸ ਦਰਿਆ ਵਿੱਚ ਡਾਲਫਿਨ ਨੇ ਆਨੰਦ ਮਾਣਿਆ । ਇਹ ਹੁਣ ਸੰਭਾਲਣ ਦਾ ਸਮਾਂ ਹੈ । ਜੇ ਇੰਨਾ ਕੁਝ ਹੋ ਕੇ ਇਨਸਾਨ ਨਹੀਂ ਸੁਧਰਿਆ, ਤਾਂ ਉਹ ਇਨਸਾਨ ਕਹਾਉਣ ਦੇ ਲਾਇਕ ਨਹੀਂ ਹੈ ।ਆਓ ਅਸੀਂ ਸਾਰੇ ਹੀ ਪ੍ਰਣ ਕਰੀਏ ਕਿ ਆਪਣੇ ਵਾਤਾਵਰਣ ਨੂੰ ਹਰਿਆ-ਭਰਿਆ ਤੇ ਸਾਫ ਸੁਥਰਾ ਰੱਖੀਏ ਤਾਂ ਜੋ ਆਉਣ ਵਾਲੀਆਂ ਪੁਸ਼ਤਾਂ ਇਸ ਦਾ ਆਨੰਦ ਮਾਣ ਸਕਨ।

# ਨਿਵੇਕਲੀ ਕਲਾ ਦਾ ਮਾਹਰ ਗੁਰਨਾਮ ਸਿੰਘ ਖਾਲਸਾ

## ਜੀ.ਟੀ. ਰੋਡਾਂ 'ਤੇ ਤੇਜ਼ ਰਫ਼ਤਾਰ ਬੁੱਲਟ ਉਪਰ ਖੜ ਕੇ ਪਾਉਂਦੇ ਭੰਗੜਾ

ਮਾਲਵਿੰਦਰ ਤਿਉਣਾ ਪੁਜਾਰੀਆਂ,
9878531625

ਗੁਰਨਾਮ ਸਿੰਘ ਖਾਲਸਾ ਨੂੰ ਪ੍ਰਮਾਤਮਾ ਨੇ ਆਮ ਇਨਸਾਨਾਂ ਨਾਲੋਂ ਵੱਖਰੀ ਕਲਾ ਬਖ਼ਸ਼ੀ ਹੈ, ਪਰ ਇਹ ਕਲਾ ਦੀ ਉਹ ਕਦਰ ਨਹੀਂ ਪੈ ਰਹੀ ਜੋ ਪੈਣੀ ਚਾਹੀਦੀ ਸੀ। ਉਸ ਨੂੰ ਉਹ ਦਿਨ ਅੱਜ ਵੀ ਚੰਗੀ ਤਰਾਂ ਯਾਦ ਹੈ ਜਦੋਂ ਉਸ ਅੰਦਰਲੀ ਕਲਾ ਨੂੰ, ਉਸ ਸਮੇਂ ਦੇ ਗੁਰਦਾਸਪੁਰ ਜ਼ਿਲੇ ਵਿਖੇ ਤਾਇਨਾਤ ਤਤਕਾਲੀ ਡਿਪਟੀ ਕਮਿਸ਼ਨਰ ਕੇ.ਪੀ.ਐਸ.ਸਹਿਣਾ ਦੀ ਪਾਰਖੂ ਅੱਖਾਂ ਨੇ ਪਛਾਣਿਆ ਸੀ। ਉਸ ਸਮੇਂ ਗੁਰਨਾਮ ਸਿੰਘ ਖਾਲਸਾ 29 ਵਰਿਆਂ ਦਾ ਭਰ ਜਵਾਨ ਸੀ। ਡਿਪਟੀ ਕਮਿਸ਼ਨਰ ਕੇ.ਪੀ.ਐਸ.ਸਹਿਣਾ ਦੀ ਬਦਲੀ ਹੋ ਗਈ। ਉਸ ਨੇ ਗੁਰਨਾਮ ਸਿੰਘ ਨੂੰ ਬਠਿੰਡੇ ਬੁਲਾ ਕੇ ਇੱਥੇ ਰੈੱਡ ਕਰਾਸ ਸੁਸਾਇਟੀ ਵਿੱਚ ਡਰਾਇਵਰ ਵਜੋਂ, ਕੱਚਾ ਮੁਲਾਜ਼ਮ ਰੱਖਵਾ ਦਿੱਤਾ। ਉਸ ਨੇ ਪੁਲਿਸ ਵਿਭਾਗ ਵਿੱਚ ਭਰਤੀ ਹੋ ਕੇ ਆਪਣੀ ਕਲਾ ਦਾ ਪ੍ਰਗਟਾਵਾ ਕਰਨ ਦੀ ਆਪਣੀ ਦਿਲੀ ਇੱਛਾ, ਉਸ ਡਿਪਟੀ ਕਮਿਸ਼ਨਰ ਦੇ ਸਾਹਮਣੇ ਰੱਖੀ। ਉਹ ਆਪਣੇ ਇਸ ਸੁਪਨੇ ਨੂੰ ਪੂਰਾ ਕਰਨ ਦੇ ਉਦੇਸ਼ ਲਈ ਤਿੰਨ ਵਾਰੀ ਭਰਤੀ ਹੋਣ ਲਈ ਜਲੰਧਰ ਵੀ ਗਿਆ। ਕੇ.ਏ.ਪੀ.ਸਿਹਣਾ ਨੇ ਆਪਣੀ ਜੇਬ ਵਿੱਚੋਂ ਖ਼ਰਚ ਕਰਕੇ ਗੁਰਨਾਮ ਸਿੰਘ ਦਾ ਵਿਆਹ ਵੀ ਕਰਵਾਇਆ। ਜਿੰਨਾਂ ਸਮਾਂ ਕੇ.ਪੀ.ਐਸ.ਸਹਿਣਾ ਬਠਿੰਡਾ ਵਿਖੇ ਤਾਇਨਾਤ ਰਿਹਾ ਉਸ ਨੇ ਗੁਰਨਾਮ ਦਾ ਪੂਰਾ ਧਿਆਨ ਰੱਖਿਆ। ਆਪਣੇ ਵੱਲੋਂ ਉਸ ਨੂੰ ਪੁਲਿਸ ਵਿੱਚ ਭਰਤੀ ਕਰਵਾਉਣ ਦੇ ਯਤਨ ਵੀ ਕੀਤੇ, ਪਰ ਗੁਰਨਾਮ ਦੀ ਦਿਲੀ ਇੱਛਾ ਨਾ ਹੋਈ।

ਗੁਰਨਾਮ ਸਿੰਘ ਖਾਲਸਾ ਦੀ ਕਲਾ ਦੀ ਗੱਲ ਕਰੀਏ ਤਾਂ ਉਹ 14 ਸਾਲ ਦੀ ਉਮਰ ਵਿੱਚ ਹੀ ਕੰਧਾਂ ਉਪਰ ਤੇਜ਼ ਰਫ਼ਤਾਰ ਨਾਲ ਭੱਜਣਾ, ਛੱਤਾਂ ਤੋਂ ਛਾਲਾਂ ਮਾਰਨਾ, ਤੇਜ਼ ਸਾਇਕਲ ਭਜਾ ਕੇ ਉਸ ਉਪਰ ਖੜ੍ਹ ਕੇ, ਸੱਤ ਸ੍ਰੀ ਅਕਾਲ ਕਰਨਾ, ਸਲੂਟ ਮਾਰਨ ਵਰਗੇ ਕੰਮ ਕਰਕੇ



ਆਪਣੇ ਅੰਦਰਲੀ ਕਲਾ ਦਾ ਪ੍ਰਦਰਸ਼ਨ ਕਰਨ ਲੱਗ ਪਿਆ ਸੀ। ਪਹਿਲੀ ਵਾਰੀ ਉਸ ਨੂੰ ਚੰਗੀ ਤਰਾਂ ਯਾਦ ਹੈ ਜਦ ਉਸ ਨੇ ਸਕੂਟਰ ਉਪਰ ਖੜ੍ਹਾ ਹੋ ਕੇ ਸਕੂਟਰ ਚਲਾ ਕੇ, ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਸੀ। ਉਸ ਤੋਂ ਬਾਅਦ ਫ਼ਿਰ ਚੱਲ ਸੋ ਚੱਲ ਸਮੇਂ ਦੇ ਬੀਤਣ ਨਾਲ, ਉਹ ਬੁਲਿੱਟ ਮੋਟਰਸਾਇਕਲ ਉਪਰ ਆਪਣੀ ਕਲਾ ਸੜਕਾਂ ਉਪਰ ਰਾਹਗੀਰਾਂ ਨੂੰ ਵਿਖਾਉਣ ਲੱਗ ਪਿਆ। ਕਾਰ ਸਵਾਰ ਅਤੇ ਹੋਰ ਰਾਹਗੀਰ, ਉਸ ਦੀ ਕਲਾਕਾਰੀ ਦੀ ਕਦਰ ਕਰਦੇ, ਉਸ ਨੂੰ ਨਿਰੰਤਰ ਉਤਸ਼ਾਹਤ ਕਰਦੇ ਰਹਿੰਦੇ ਹਨ ਜਿਸ ਕਾਰਨ, ਉਸ ਨੂੰ ਹੌਸਲਾ ਅਤੇ ਬਲ ਮਿਲਦਾ ਹੈ। ਉਸ ਨੂੰ ਉਸ ਦੀ ਇਸ ਕਲਾ ਬਦਲੇ 26 ਜਨਵਰੀ ਅਤੇ 15 ਅਗਸਤ ਵਾਲੇ ਦਿਨ ਕੋਈ ਵਿਰਲਾ ਅਧਿਕਾਰੀ ਹੀ ਸਨਮਾਨਤ ਕਰਦਾ ਹੈ। ਕਿਉਂਕਿ ਉਸ ਦੀ ਇਨਾਂ ਦਿਨਾਂ ਵਿੱਚ ਡਿਊਟੀ ਰੈੱਡ ਕਰਾਸ ਦੀ ਐਂਬੂਲੈਂਸ ਵੈਨ ਉਪਰ ਹੁੰਦੀ ਹੈ। ਉਹ ਉਸ ਦਿਨ ਆਪਣੀ ਡਿਊਟੀ ਉਪਰ ਕਿਸੇ ਕੋਨੇ ਵਿੱਚ ਆਪਣੀ ਐਂਬੂਲੈਂਸ ਵਿੱਚ ਬੈਠਾ ਖੂਨ ਦੇ ਹੰਝੂ ਪੀ ਰਿਹਾ ਹੁੰਦਾ।

ਰੱਬ ਦੀ ਰਜਾ ਵਿੱਚ ਰਹਿਣ ਵਾਲਾ ਅੰਮ੍ਰਿਤਧਾਰੀ ਗੁਰਨਾਮ ਸਿੰਘ ਖਾਲਸਾ ਆਪਣੇ ਦਿਲ ਦੀ ਗੱਲ ਦੱਸਦਾ ਕਹਿੰਦਾ ਹੈ ਕਿ ਉਹ ਹਰ ਦਿਨ ਆਪਣੀ ਕਲਾ ਦੀ ਪ੍ਰੈਕਟਿਸ ਕਰਦਾ ਹੈ ਅਤੇ ਜਿਸ ਦਿਨ ਉਹ ਸੜਕ ਉਪਰ ਜਾ ਕੇ ਸਟੰਟ ਨਾ ਕਰੇ। ਉਸ ਦਿਨ ਉਸ ਨੂੰ ਰੋਟੀ ਖਾਣ ਨੂੰ ਵੀ ਜੀ ਨਹੀਂ ਕਰਦਾ। ਉਸ ਨੇ ਇਸ ਦੇ ਨਾਲ ਹੀ ਹੋਰਨਾਂ ਨੌਜਵਾਨਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਬਿਨਾਂ ਕਿਸੇ ਗੁਰੂ ਤੋਂ ਉਸ ਵਾਂਗ ਸਟੰਟ ਨਾ ਕਰਨ ਕਿਉਂਕਿ ਇਹ ਮੌਤ ਦਾ ਕਾਰਨ ਵੀ ਬਣ ਸਕਦੇ ਹਨ।

ਉਹ ਸੜਕ ਉਪਰ ਮੋਟਰ ਸਾਇਕਲ ਉਪਰ ਖੜਾ ਹੋ ਕੇ, ਚੌਕੜੀ ਮਾਰ ਕੇ ਬੈਠ ਕੇ, ਲੰਮਾ ਪੈ ਕੇ ਅਤੇ ਤੇਜ਼ ਰਫ਼ਤਾਰ ਮੋਟਰ ਸਾਇਕਲ ਉਪਰ ਭੰਗੜਾ ਪਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਜੀ.ਟੀ. ਰੋਡਾਂ ਉਪਰ ਅਕਸਰ ਵੇਖਿਆ ਜਾ ਸਕਦਾ ਹੈ। ਉਹ ਮੋਟਰ ਸਾਇਕਲ ਉਪਰ ਬੈਠ ਕੇ ਨਾ ਕੇਵਲ ਅਖ਼ਬਾਰ ਪੜ੍ਹ ਲੈਂਦਾ ਹੈ ਸਗੋਂ ਲਿਖਤੀ ਕੰਮ ਵੀ ਕਰਨਾ ਜਾਣਦਾ ਹੈ। ਉਸ ਨੇ ਆਪਣੇ ਨਾਲ ਹੋਏ ਧੱਕੇ ਦੀ ਗੱਲ ਕਰਦੇ ਹੋਏ ਕਿਹਾ ਕਿ ਉਹ ਬਠਿੰਡਾ ਦੀ ਰੈੱਡ ਕਰਾਸ ਸੁਸਾਇਟੀ ਵੱਲੋਂ ਉਸ ਤੋਂ ਬਾਅਦ ਇੱਕ ਮੁਲਾਜ਼ਮ ਉਸ ਵਾਂਗ ਹੀ ਕੱਚਾ ਰੱਖਿਆ ਗਿਆ ਸੀ। ਉਸ ਨੂੰ ਤਿੰਨ ਮਹੀਨੇ ਬਾਅਦ ਹੀ ਪੱਕਾ ਕਰ ਦਿੱਤਾ ਗਿਆ, ਪਰ ਉਸ ਦੀ ਅੱਜ ਤੱਕ ਕਿਸੇ ਨੇ ਕੋਈ ਬਾਤ ਨਹੀਂ ਪੁੱਛੀ। ਉਸ ਨੇ ਗਿਲਾ ਕਰਦੇ ਦੱਸਿਆ ਕਿ ਉਸ ਕੋਲ ਉਸ ਦੀ ਕਲਾ ਨਾਲ ਸਬੰਧਤ ਖ਼ਬਰਾਂ ਅਤੇ ਉਸ ਉਪਰ ਲਿਖੇ ਲੇਖਾਂ ਦਾ ਮੋਟਾ ਪਲੰਦਾ ਇਕੱਠਾ ਹੋ ਚੁੱਕਾ ਹੈ ਪਰ ਉਹ ਉਸ ਦਾ ਕਰੇ ਕੀ ?

# ਜਨਰਲ ਬਾਜਵਾ ਨੇ ਭਾਰਤ ਵੱਲ ਵਧਾਇਆ ਦੋਸਤੀ ਦਾ ਹੱਥ

ਇਸਲਾਮਾਬਾਦ/ਏ.ਟੀ.ਨਿਊਜ਼ : ਪਾਕਿਸਤਾਨ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਿਹਾ ਕਿ ਇਹ ਭਾਰਤ ਅਤੇ ਪਾਕਿਸਤਾਨ ਲਈ 'ਬੀਤੇ ਸਮੇਂ ਨੂੰ ਭੁੱਲਣ ਅਤੇ ਅੱਗੇ ਵਧਣ' ਦਾ ਸਮਾਂ ਹੈ। ਉਨਾਂ ਨੇ ਕਿਹਾ ਕਿ ਦੋਵੇਂ ਗੁਆਂਢੀ ਦੇਸ਼ਾਂ ਦਰਮਿਆਨ ਸ਼ਾਂਤੀ ਨਾਲ ਦੱਖਣੀ ਅਤੇ ਮੱਧ ਏਸ਼ੀਆ ਵਿਚ ਵਿਕਾਸ ਦੀਆਂ ਸੰਭਾਵਨਾਵਾਂ ਨੂੰ 'ਖੋਲਣ' ਵਿਚ ਮਦਦ ਮਿਲੇਗੀ। ਜਨਰਲ ਬਾਜਵਾ ਨੇ ਇਸਲਾਮਾਬਾਦ ਸੁਰੱਖਿਆ ਗੱਲਬਾਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਵਾਦਾਂ ਕਾਰਣ ਖੇਤਰੀ ਸ਼ਾਂਤੀ ਅਤੇ ਵਿਕਾਸ ਦੀ ਸੰਭਾਵਨਾ ਅਣਸੁਲਝੇ ਮੁੱਦਿਆਂ ਕਾਰਨ ਹਮੇਸ਼ਾ ਬੰਧਕ ਰਹੀ ਹੈ। ਉਨਾਂ ਕਿਹਾ, 'ਮੇਰਾ ਮੰਨਣਾ ਹੈ ਕਿ ਇਹ ਕਦਮ ਬੀਤੇ ਸਮੇਂ ਨੂੰ ਭੁਲਣ ਅਤੇ ਅੱਗੇ ਵਧਣ ਦਾ ਹੈ।' ਜ਼ਿਕਰਯੋਗ ਹੈ ਕਿ ਭਾਰਤ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਹ ਪਾਕਿਸਤਾਨ ਨਾਲ ਅੱਤਵਾਦ, ਵੈਰ ਅਤੇ ਹਿੰਸਾ ਮੁਕਤ ਮਾਹੌਲ ਨਾਲ ਨਾਰਮਲ ਗੁਆਂਢੀ ਸਬੰਧ ਦੀ ਉਮੀਦ ਕਰਦਾ ਹੈ। ਭਾਰਤ ਨੇ ਕਿਹਾ ਸੀ ਕਿ ਇਸ ਦੀ ਜ਼ਿੰਮੇਵਾਰੀ ਪਾਕਿਸਤਾਨ 'ਤੇ ਹੈ ਕਿ ਉਹ ਅੱਤਵਾਦ ਮੁਕਤ ਮਾਹੌਲ ਤਿਆਰ ਕਰੇ। ਜਨਰਲ ਬਾਜਵਾ ਨੇ ਕਿਹਾ, 'ਸਾਡੇ ਗੁਆਂਢੀ ਨੂੰ ਵਿਸ਼ੇਸ਼ ਰੂਪ ਨਾਲ ਕਸ਼ਮੀਰ 'ਚ ਇਕ ਅਨੁਕੂਲ ਵਾਤਾਵਰਣ ਬਣਾਉਣਾ ਹੋਵੇਗਾ।' ਉਨਾਂ ਕਿਹਾ ਕਿ ਇਨਾਂ 'ਚ ਸਭ ਤੋਂ ਅਹਿਮ ਮੁੱਦਾ ਕਸ਼ਮੀਰ ਦਾ ਹੈ। ਇਹ ਸਮਝਣਾ ਅਹਿਮ ਹੈ ਕਿ ਸ਼ਾਂਤੀਪੂਰਨ ਤਰੀਕਿਆਂ ਨਾਲ ਕਸ਼ਮੀਰ ਵਿਵਾਦ ਦੇ ਹੱਲ ਤੋਂ ਬਿਨਾਂ ਇਸ ਖੇਤਰ 'ਚ ਸ਼ਾਂਤੀ ਦੀ ਕੋਈ ਵੀ ਪਹਿਲ ਸਫਲ ਨਹੀਂ ਹੋ ਸਕਦੀ ਹੈ। ਜਨਰਲ ਬਾਜਵਾ ਦੇ ਬਿਆਨ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸੇ ਸਥਾਨ 'ਤੇ ਇਹੀ ਬਿਆਨ ਦਿੱਤਾ ਸੀ। ਖਾਨ ਨੇ ਕਿਹਾ ਸੀ ਕਿ ਉਨਾਂ ਦੇ ਮੁਲਕ ਨਾਲ ਸ਼ਾਂਤੀ ਰੱਖਣ 'ਤੇ ਭਾਰਤ ਨੂੰ ਆਰਥਿਕ ਲਾਭ ਮਿਲੇਗਾ। ਉਨਾਂ ਕਿਹਾ ਸੀ ਕਿ ਇਸ ਨਾਲ ਭਾਰਤ ਨੂੰ ਪਾਕਿਸਤਾਨੀ ਭੂ-ਭਾਗ ਦੇ ਰਸਤੇ ਸੰਸਾਧਨ ਬਹੁਲ ਮੱਧ ਏਸ਼ੀਆ ਵਿਚ ਸਿੱਧੇ ਪਹੁੰਚਣ ਵਿਚ ਮਦਦ ਮਿਲੇਗੀ। ਉਨਾਂ ਕਿਹਾ ਸੀ, 'ਭਾਰਤ ਨੂੰ ਪਹਿਲਾ ਕਦਮ ਚੁੱਕਣਾ ਹੋਵੇਗਾ। ਉਹ ਜਦੋਂ ਤੱਕ ਅਜਿਹਾ ਨਹੀਂ ਕਰਨਗੇ, ਅਸੀਂ ਜ਼ਿਆਦਾ ਕੁੱਝ ਨਹੀਂ ਕਰ ਸਕਦੇ ਹਾਂ।' ਜਨਰਲ ਬਾਜਵਾ ਨੇ ਕਿਹਾ ਕਿ ਪੂਰਬ ਅਤੇ ਪੱਛਮੀ ਏਸ਼ੀਆ ਵਿਚਾਲੇ ਸੰਪਰਕ ਯਕੀਨੀ ਕਰਕੇ 'ਦੱਖਣੀ ਅਤੇ ਮੱਧ ਏਸ਼ੀਆ ਦੀ ਸਮਰਥਾ ਨੂੰ ਖੋਲਣ ਲਈ' ਭਾਰਤ ਅਤੇ ਪਾਕਿਸਤਾਨ ਵਿਚਾਲੇ ਸ਼ਾਂਤੀ ਦਾ ਮਾਹੌਲ ਹੋਣਾ ਬਹੁਤ ਜ਼ਰੂਰੀ ਹੈ।



# ਕਿਸਾਨ ਅੰਦੋਲਨ ਅਤੇ ਜੱਟਾਂ ਦਾ ਇਤਿਹਾਸਕ ਪਿਛੋਕੜ



ਡਾ: ਤਰਲੋਚਨ ਸਿੰਘ ਨਾਹਲ

ਸਿੱਖੀ ਦਾ ਸਿਧਾਂਤ ਹੈ, 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' (ਗੁਰੂ ਗੋਬਿੰਦ ਸਿੰਘ ਜੀ) ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥' (611-19, ਸੋਰਠਿ, ਮ: 5)॥ ਸਮੂਹ ਜਗਤ ਲੱਖਾਂ ਜਾਤੀਆਂ ਅਤੇ ਕਬੀਲਿਆਂ ਦਾ ਸਮੂਹ ਹੈ ਅਤੇ ਸਭ ਲੋਕ ਉਸ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਹਨ ਅਤੇ ਉਸ ਦੀ ਦ੍ਰਿਸ਼ਟੀ ਵਿਚ ਨਾ ਕੋਈ ਉੱਚਾ ਹੈ ਅਤੇ ਨਾ ਹੀ ਨੀਵਾਂ। ਅਸੀਂ ਭਿੰਨ ਭਿੰਨ ਹੋਣ ਦੇ ਬਾਵਜੂਦ ਵੀ ਇਕ ਹਾਂ। ਇਸ ਵੇਲੇ ਸਾਰੀ ਦੁਨੀਆਂ ਦੀ ਨਜ਼ਰ ਖਾਸ ਤੌਰ 'ਤੇ ਪੰਜਾਬ, ਯੂ.ਪੀ. ਅਤੇ ਰਾਜਸਥਾਨ ਦੇ ਜੱਟਾਂ (ਕਿਰਸਾਨਾਂ) ਵੱਲ ਹੈ ਜੋ ਕਿ ਦੁਨੀਆਂ ਦੇ ਸਭ ਤੋਂ ਵੱਡੇ ਕਿਰਸਾਨੀ ਸੰਘਰਸ਼ ਨੂੰ ਭਰਾਵਾਂ ਵਾਂਗ ਮਿਲ ਕੇ ਚਲਾ ਰਹੇ ਹਨ। ਇਸ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਮੈਂ ਇਸ ਸਾਂਝ ਨੂੰ ਸ਼ੁਧ ਰੂਪ ਵਿਚ ਇਤਿਹਾਸਕ ਪੱਖ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗਾ ਅਤੇ ਇਸ ਦੇ ਨਾਲ ਹੀ ਜੱਟਾਂ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗਾ। ਇਸ ਲੇਖ ਦਾ ਮਕਸਦ ਇਹ ਦਰਸਾਉਣਾ ਹੈ ਕਿ ਉੱਤਰੀ ਭਾਰਤ ਦੇ ਜੱਟਾਂ, ਭਾਵ ਕਿਰਸਾਨਾਂ ਦਾ ਇਤਿਹਾਸਕ ਪਿਛੋਕੜ ਅਸਲ ਵਿਚ ਇਕ ਹੀ ਹੈ ਚਾਹੇ ਉਹ ਹਿੰਦੂ ਹੋਣ, ਚਾਹੇ ਮੁਸਲਮਾਨ ਹੋਣ ਅਤੇ ਚਾਹੇ ਸਿੱਖ ਹੋਣ। ਨਾਲੇ ਇਹ ਵੀ ਦਰਸਾਉਣਾ ਹੈ ਕਿ ਇਹ ਇਕ ਬਹੁਤ ਹੀ ਜਾਨਦਾਰ ਅਤੇ ਬਹਾਦਰ ਕੌਮ ਹੈ ਜਿਸ ਨੇ ਇਤਿਹਾਸ ਵਿਚ ਬਹੁਤ ਮੱਲਾਂ ਮਾਰੀਆਂ ਹਨ ਅਤੇ ਇਨਾਂ ਦਾ ਆਪਸੀ ਰਿਸ਼ਤਾ ਹਜ਼ਾਰਾਂ ਸਾਲ ਪੁਰਾਣਾ ਹੈ।

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥ (1110-5, ਤੁਖਾਰੀ, ਮ:1)

ਭਾਵ ਕਿ ਐ ਨਾਸ਼ਵਾਨ ਮਨੁੱਖ ਆਪਣੀ ਦੌਲਤ ਅਤੇ ਖੇਤੀ ਨੂੰ ਬਚਾ ਲੈ, ਤੇਰੀ ਫਸਲ ਲੁੱਟੀ ਜਾ ਰਹੀ ਹੈ।

ਏਸੇ ਤਰਾਂ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਵੀ ਕਿਰਸਾਨ ਨੂੰ ਇੰਝ ਸਮਝਾਉਂਦੇ ਕਰਦੇ ਹਨ:

ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥1॥ ਰਹਾਉ ॥ (34-16, ਸਿਰੀਰਾਗੁ, ਮ: 3)

ਭਾਵ ਆਪਣੀ ਫਸਲ ਨੂੰ ਬਚਾ ਲੈ ਨਹੀਂ ਤਾਂ ਇਸ ਨੂੰ ਕੂੰਜਾਂ (ਭਾਵ ਪੰਛੀ) ਤਬਾਹ ਕਰ ਦੇਣਗੇ।

ਨਿਰਸੰਦੇਹ ਇਹ ਦੋਵੇਂ ਉਪਦੇਸ਼ ਅਧਿਆਤਮਤਾ ਵਲ ਇਸ਼ਾਰਾ ਕਰਦੇ ਹਨ, ਪਰ ਇਹਨਾਂ ਵਿਚ ਕਿਸਾਨ ਭਾਵ ਇਨਸਾਨ ਨੂੰ ਜਾਗਰੂਕ ਕਰਨ ਲਈ ਜੋ ਰੂਪਕ ਵਰਤਿਆ ਹੈ, ਉਹ ਅੱਜ ਦੇ ਕਿਸਾਨ ਅੰਦੋਲਨ ਤੇ ਸੌ ਫੀਸਦੀ ਪੂਰਾ ਢੁੱਕਦਾ ਹੈ। ਪਿਛਲੇ ਸਾਲ ਦੇ ਜੂਨ ਦੇ ਮਹੀਨੇ ਤੋਂ ਇੰਡੀਆ ਵਿਚ ਕਿਰਸਾਨ ਅੰਦੋਲਨ ਬਹੁਤ ਜ਼ੋਰ ਸ਼ੋਰ ਨਾਲ ਚਲ ਰਿਹਾ ਹੈ। ਇਸ ਦੀ ਸ਼ੁਰੂਆਤ ਪੰਜਾਬ ਵਿਚੋਂ ਹੋਈ ਸੀ। ਅੱਜ ਉੱਤਰੀ ਭਾਰਤ ਦੇ ਲੱਖਾਂ ਕਿਰਸਾਨ, ਮਜ਼ਦੂਰ, ਅਤੇ ਵਪਾਰੀ ਹਿੰਦੋਸਤਾਨ ਦੀ ਸਰਕਾਰ ਵਲੋਂ ਤਿੰਨ ਕਿਸਾਨ ਵਿਰੋਧੀ ਕਨੂੰਨਾਂ (ਜੋ ਕਿ ਕੂੰਜਾਂ ਵਾਂਗ ਕਿਸਾਨੀ ਨੂੰ ਖਾ ਜਾਣਗੇ) ਦੇ ਖਿਲਾਫ ਦਿੱਲੀ ਦੀਆਂ ਬਰੂਹਾਂ ਤੇ ਸਖਤ ਸਰਦੀ ਵਿਚ ਮੋਰਚਾ ਲਾ ਕੇ ਬੈਠੇ ਹਨ। ਇਸ ਸੰਘਰਸ਼ ਵਿਚ ਸਾਰੇ ਧਰਮਾਂ ਦੇ ਲੋਕ-ਵਪਾਰੀ, ਮਜ਼ਦੂਰ ਅਤੇ ਦਲਿਤ ਭਾਈਚਾਰਾ ਵੀ ਨਾਲ ਹੈ ਜੋ ਸਾਡੇ ਭਰਾ ਹਨ। ਇਸ ਸੰਘਰਸ਼ ਵਿਚ ਹੁਣ ਤੱਕ 200 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਵਾਰੇ ਜਾਈਏ ਇਨਾਂ ਸੂਰਬੀਰ ਕਿਰਸਾਨਾਂ ਦੇ ਜਿਹੜੇ ਬਹੁਤ ਜਿਗਰੇ ਅਤੇ ਸੂਰਮਗਤੀ ਨਾਲ ਮੋਰਚੇ 'ਤੇ ਪੂਰੀ ਤਾਕਤ ਨਾਲ ਡਟੇ ਬੈਠੇ ਹਨ। ਇਹ ਸਾਰਾ ਕੁਝ ਇਹ ਜਾਣਨ ਲਈ ਮਜ਼ਬੂਰ ਕਰਦਾ ਹੈ ਕਿ ਆਖਰਕਾਰ ਇਹ ਲੋਕ ਕੌਣ ਹਨ? ਇਹ ਕਿਥੋਂ ਆਏ ਹਨ, ਇਨਾਂ ਦਾ ਇਤਿਹਾਸਕ ਪਿਛੋਕੜ ਕੀ ਹੈ, ਅਤੇ ਇਨਾਂ ਵਿਚ ਇਹ ਜਜ਼ਬਾ ਕਿਥੋਂ ਪੈਦਾ ਹੋਇਆ?

ਉਤਰੀ ਭਾਰਤ ਦੇ ਸੂਬਿਆਂ ਪੰਜਾਬ, ਹਰਿਆਣਾ, ਰਾਜਸਥਾਨ, ਯੂ.ਪੀ. ਆਦਿ ਸੂਬਿਆਂ ਅਤੇ ਪਾਕਿਸਤਾਨ ਵਿਚ ਕਿਰਸਾਨ ਨੂੰ ਆਮ ਤੌਰ 'ਤੇ ਜੱਟ ਜਾਂ ਜਾਟ ਕਿਹਾ ਜਾਂਦਾ ਹੈ। ਪੁਰਾਤਨ ਲਿਖਤਾਂ ਵਿਚ ਇਨਾਂ ਨੂੰ ਸ਼ੱਕ ਜਾਂ ਸ਼ਾਕਾ ਕਿਹਾ ਜਾਂਦਾ ਹੈ। ਜਾਤੀ ਵਿਗਿਆਨ ਦੀ ਨੁਕਤਾ ਨਿਗਾਹ ਤੋਂ ਅਤੇ ਜੱਟ ਸ਼ਬਦ ਦਾ ਨਿਰੁਕਤਕ (**etymological**) ਅਧਿਅਨ ਕਰਨ ਤੋਂ ਇਹ ਪਤਾ ਲਗਦਾ ਹੈ ਕਿ ਇਸ ਸ਼ਬਦ ਦੀ ਧਾਤੂ ਜਾਂ ਜੜ (**lexical root**) ਮੁਢਲੇ ਤੌਰ 'ਤੇ ਭਾਰਤੀ ਨਹੀਂ ਹੈ। ਇਹ ਇਰਾਨ ਅਤੇ ਉਸ ਤੋਂ ਬਹੁਤ ਪਰਾਂ ਕਾਲੇ ਸਾਗਰ (**Black Sea**) ਅਤੇ ਕੈਸਪੀਅਨ ਸਾਗਰ (**Caspian Sea**) ਦੇ ਇਲਾਕੇ ਨਾਲ ਸਬੰਧਤ ਹੈ ਜਿਸ ਦੀਆਂ ਹੱਦਾਂ ਜੌਰਜੀਆ, ਤੁਰਕੀ, ਬਲਗਾਰੀਆ, ਯੁਕਰੇਨ, ਕਾਅਕਸੱਸ, ਅਤੇ ਹੋਰ ਪੂਰਵੀ ਯੂਰਪੀਨ ਮੁਲਕਾਂ ਨਾਲ ਲਗਦੀਆਂ ਹਨ। ਇਨਾਂ ਨੇ ਇਰਾਨ, ਰੂਸ, ਸੀਰੀਆ, ਯੋਰਪ, ਫਲਸਤੀਨ, ਮੱਧ ਏਸ਼ੀਆ, ਅਫਗਾਨਿਸਤਾਨ, ਅਤੇ ਇਰਾਕ ਤੇ ਰਾਜ ਕੀਤਾ ਹੈ ਅਤੇ ਸਿਕੰਦਰ ਮਹਾਨ ਤਾਂ ਕੀ ਉਹਦੇ ਪਿਉ ਨਾਲ ਵੀ ਲੋਹਾ ਲਿਆ ਹੈ। ਇਹ ਇਰਾਨ ਦੇ ਸ਼ਹਿਨਸ਼ਾਹ ਸਾਈਰਸ ਮਹਾਨ (**Cyrus the Great**) ਦੀ ਫੌਜ ਵੀ ਭਰਤੀ ਵਿਚ ਸਨ ਜਦੋਂ ਉਸ ਨੇ ਮੈਸੇਡੋਨ (ਜੋ ਗਰੀਸ ਦਾ ਪਰਾਇਦੀਪ ਸੀ) 'ਤੇ ਹਮਲਾ ਕੀਤਾ ਸੀ ਅਤੇ ਇਨਾਂ ਇਰਾਨ ਦੇ ਬਾਦਸ਼ਾਹਾਂ ਨਾਲ ਟੱਕਰ ਵੀ ਲਈ ਹੈ।

ਜਿਹੜੇ ਲੋਕਾਂ ਦੀ ਅਸੀਂ ਗੱਲ ਕਰ ਰਹੇ ਹਾਂ ਇਨਾਂ ਨੂੰ ਗਰੀਕ (ਯੂਨਾਨੀ) ਭਾਸ਼ਾ ਵਿਚ ਸਿਥੀਅਨ (**Scythians**) ਕਿਹਾ ਜਾਂਦਾ ਹੈ ਜਿਸ ਦਾ ਮੂਲ ਗਰੀਕ ਭਾਸ਼ਾ ਦਾ ਸ਼ਬਦ ਸਕਾਈਥਾਏ (**Skythai**) ਹੈ। ਕਈ ਵਿਦਵਾਨ ਇਨਾਂ ਨੂੰ ਵੈਦਿਕ ਆਰੀਆ ਵੀ ਕਹਿੰਦੇ ਹਨ ਜਿਹੜੇ ਇਰਾਨ ਵਿਚੋਂ ਭਾਰਤ ਆਏ ਸਨ। ਇਨਾਂ ਦੀ ਜੀਵਨ ਜਾਂਚ ਮੁਢਲੇ ਤੌਰ 'ਤੇ ਖਾਨਾਬਦੋਸ਼ ਜਾਂ ਟੱਪਰੀਵਾਸ ਲੋਕਾਂ ਵਰਗੀ ਸੀ ਜੋ ਇਕ ਥਾਂ 'ਤੇ ਟਿਕ ਕੇ ਨਹੀਂ ਵਹਿੰਦੇ ਸਨ ਅਤੇ ਗੱਡੀਆਂ, ਮਾਲ ਡੰਗਰ, ਭੇਡਾਂ, ਬੱਕਰੀਆਂ ਅਤੇ ਘੋੜਿਆਂ ਨਾਲ ਸਭ ਥਾਵਾਂ 'ਤੇ ਘੁੰਮਦੇ ਫਿਰਦੇ ਸਨ। ਇਹ ਬਹੁਤ ਵਧੀਆ ਘੋੜ ਸਵਾਰ ਅਤੇ ਜੰਗਜੂ ਸੁਭਾਅ ਦੇ ਲੋਕ ਸਨ ਅਤੇ ਕਬੀਲਿਆਂ ਵਿਚ ਰਹਿੰਦੇ ਸਨ। ਇਨਾਂ ਵਿਚ ਕੋਈ ਊਚ ਨੀਚ ਨਹੀਂ ਸੀ। ਇਨਾਂ ਦੀ ਆਪਣੀ ਭਾਸ਼ਾ ਸੀ ਜਿਹੜੀ ਸੰਸਕ੍ਰਿਤ ਅਤੇ ਇਰਾਨੀ ਭਾਸ਼ਾ ਅਵੇਸਤਾਨ ਨਾਲ ਮਿਲਦੀ ਜੁਲਦੀ ਸੀ ਜਿਹਦੇ ਵਿਚ ਕੁਝ ਭਾਰੋਪੀ (**Indo-European**) ਭਾਸ਼ਾ ਅਤੇ ਪੁਰਾਤਨ ਲਾਤੀਨੀ ਅਤੇ ਗਰੀਕ ਦੇ ਅੰਸ਼ ਵੀ ਮੌਜੂਦ ਸਨ।

ਇਨਸਾਈਕਲੋਪੀਡੀਆ ਬਰਿਟੇਨਿਕਾ ਮੁਤਾਬਿਕ, 'ਸਿਥੀਅਨ ਲੋਕ ਜਿਨਾਂ ਨੂੰ ਸਿੱਥ, ਸਾਕਾ ਅਤੇ ਸਾਕੇ ਵੀ ਕਿਹਾ ਜਾਂਦਾ ਹੈ ਮੌਲਿਕ ਰੂਪ ਵਿਚ ਇਰਾਨੀ ਮੂਲ ਦੇ ਲੋਕ ਹਨ ਜਿਹੜੇ ਨੌਵੀਂ ਸਦੀ ਪੂਰਵ ਈਸਾ (**9th B.C**) ਵਿਚ ਹੀ ਮੱਧ ਏਸ਼ੀਆ ਤੋਂ ਦੱਖਣੀ ਰੂਸ ਅਤੇ 8ਵੀਂ ਅਤੇ 7ਵੀਂ (**8th Áå¶ 7th B.C.**) ਪੂਰਵ ਈਸਾ ਸਦੀ ਵਿਚ ਯੁਕਰੇਨ ਵੱਲ ਪਰਵਾਸ ਕਰ ਗਏ ਸਨ। ਸਿਥੀਅਨ ਲੋਕਾਂ ਨੇ ਇਕ ਬਹੁਤ ਸ਼ਕਤੀਸ਼ਾਲੀ ਬਾਦਸ਼ਾਹਤ ਸਥਾਪਤ ਕੀਤੀ ਜਿਸ ਦਾ ਕੇਂਦਰ ਉਸ ਥਾਂ 'ਤੇ ਸੀ ਜਿਸ ਨੂੰ ਅੱਜ ਕੱਲ ਕਰਾਈਮੀਆ ਦੇ ਨਾਮ ਨਾਲ ਜਾਣਿਆ ਜਾਂਦਾ ਹੈ।' ਕਰਾਈਮੀਆ 2014 ਤੱਕ ਯੂਕਰੇਨ ਦਾ ਹਿੱਸਾ ਸੀ ਜਿਸ ਉਪਰ 2014 ਵਿਚ ਰੂਸ ਨੇ ਧੱਕੇ ਨਾਲ ਕਬਜ਼ਾ ਕਰ ਲਿਆ ਸੀ। ਸੋਵੀਅਤ ਰੂਸ ਦੇ ਟੁੱਟਣ ਤੱਕ (1989 ਤੱਕ) ਯੂਕਰੇਨ ਵੀ ਰੂਸ ਦੀ ਇਕ ਬਹੁਤ ਵੱਡੀ ਅਤੇ ਤਾਕਤਵਰ ਰੀਪਬਲਿਕ ਸੀ। ਇਨਾਂ ਸਿਥੀਅਨ ਲੋਕਾਂ ਦੀ ਇਕ ਸ਼ਾਖਾ ਨੂੰ ਗਰੀਕ (ਯੂਨਾਨੀ ਭਾਸ਼ਾ) ਵਿਚ ਮਸਾਜਿਟਏ ਜਾਂ ਮਹਾਨ ਜੱਟ (**Massagetae or Great Jats**) ਵੀ ਕਿਹਾ ਜਾਂਦਾ ਹੈ। ਇਹ ਸ਼ਬਦ ਆਮ ਤੌਰ 'ਤੇ ਰੂਸ ਦੇ ਖਿੱਤੇ ਦੇ ਜੱਟਾਂ ਲਈ ਵਰਤਿਆ ਜਾਂਦਾ ਹੈ। ਪ੍ਰਸਿੱਧ ਗਰੀਕ ਹਿਸਟੋਰੀਅਨ ਹੈਰੋਡੋਟਸ (484 2.3.-425 2.3.) ਸਿਥੀਅਨ ਲੋਕਾਂ ਦੀ ਸ਼ਾਸਕ ਜਮਾਤ ਨੂੰ ਸ਼ਾਹੀ ਸਿਥੀਅਨ ਦਾ ਨਾਮ ਦਿੰਦਾ ਹੈ ਅਤੇ ਸਿਥੀਅਨ ਆਪਣੇ ਆਪ ਨੂੰ ਸੋਲਾਟੀ ਜਾਂ ਸਕੋਲੋਟੋਏ (**Scoloti/Skolotoi**) ਕਹਿੰਦੇ ਸਨ। ਜ਼ਿਆਦਾਤਰ ਰਾਜਪੂਤ ਕਬੀਲੇ ਵੀ ਸਿਥੀਅਨ ਮੂਲ ਦੇ ਹਨ। ਇਹੀ ਕਾਰਨ ਹੈ ਕਿ ਉਹ ਜੱਟਾਂ ਅਤੇ ਜਾਟਾਂ ਨਾਲ ਕਾਫੀ ਨੇੜਲਾ ਸਬੰਧ ਰੱਖਦੇ ਹਨ।




*ਚਿੱਤਰ 1: ਜੱਟਾਂ ਦਾ ਪੁਰਾਤਨ ਸਾਮਰਾਜ ਸਾਈਥੀਆ*



*ਚਿੱਤਰ 2: ਲਿਡੀਆਂ ਜੋ ਕਿ ਅਜੋਕੇ ਤੁਰਕੀ ਦਾ ਉਸ਼ਕ ਸੂਬਾ ਹੈ, ਦੇ ਪੁਰਾਤਨ ਸਿਥੀਅਨ ਡੇਲੀਗੇਟ ਇਰਾਨ ਦੇ ਮਹਾਰਾਜੇ ਲਈ ਭੇਟ ਲੈ ਕੇ ਜਾਂਦੇ ਹੋਏ। ਇਹ ਚਿਤਰ Persepolis ਪਰਸੈਪੋਲਿਸ (ਤਖਤ-ਏ-ਜਮਸ਼ੀਦ), ਇਰਾਨ ਦੇ ਸ਼ਾਹੀ ਮਹਲ (ਐਪੇਦਾਨਾ) ਦੇ ਦਰਬਾਰ ਹਾਲ ਨੂੰ ਜਾਂਦੇ ਸਾਰੀ ਕੌਮਾਂ ਦੇ ਮੁੱਖ ਦਰਵਾਜ਼ੇ (Gate of All Nations) ਦੀਆਂ ਖੁੱਲੀਆਂ ਪੌੜੀਆਂ ਤੇ ਬਣਿਆ ਹੈ। ਪਰਸੈਪੋਲਿਸ ਆਪਣੇ ਸਮੇ*

ਪ੍ਰੋ: ਕੇ. ਆਰ. ਕਾਨੂੰਗੋ (**History of the Jats**) ਦੇ ਮੁਤਾਬਿਕ 'ਪਰ ਇਸ ਵੇਲੇ ਜੱਟਾਂ ਵਿਚ ਤਕਰੀਬਨ ਇਕ-ਤਿਹਾਈ ਹਿੱਸਾ ਮੁਸਲਮਾਨ, ਪੰਜਵਾਂ ਹਿੱਸਾ ਸਿੱਖ, ਅਤੇ ਬਾਕੀ ਹਿੰਦੂ ਹਨ। ਪਰ ਫਿਰ ਵੀ ਜੱਟ, ਜੱਟ ਹੀ ਹੈ ਚਾਹੇ ਉਹ ਹਿੰਦੂ, ਸਿੱਖ ਜਾਂ ਮੁਸਲਿਮ ਹੋਵੇ; ਉਹ ਬਹੁਤ ਦ੍ਰਿੜਤਾ ਨਾਲ ਆਪਣੇ ਕਬੀਲੇ ਦੇ ਨਾਂ ਅਤੇ ਇਸ ਦੇ ਭਾਈਚਾਰੇ ਦੀਆਂ ਰਵਾਇਤਾਂ ਨਾਲ ਜੁੜਿਆ ਰਹਿੰਦਾ ਹੈ।' ਪੰਜਾਬ ਵਿਚ ਸਿੱਖਾਂ ਦੀ ਬਹੁ ਗਿਣਤੀ ਹੈ ਅਤੇ ਉਨਾਂ ਵਿਚੋਂ ਤਕਰੀਬਨ 70% ਜੱਟ ਹਨ। ਦਲਿਤਾਂ ਸਮੇਤ ਪਿੰਡਾਂ ਦਾ ਬਹੁਤਾ ਭਾਈਚਾਰਾ ਖੇਤੀ ਨਾਲ ਹੀ ਸਬੰਧਤ ਹੈ।

ਬਦਕਿਸਮਤੀ ਨਾਲ ਭਾਰਤ ਦੀ ਨੌਕਰਸ਼ਾਹੀ ਇਨਾਂ ਦੇ ਇਤਿਹਾਸ ਤੋਂ ਵਾਕਿਫ ਨਹੀਂ। ਹਜ਼ਾਰਾਂ ਸਾਲਾਂ ਤੋਂ ਜੱਟ ਕਿਸੇ ਨਾ ਕਿਸੇ ਰੂਪ ਵਿਚ ਰਾਜੇ ਜਾਂ ਸ਼ਾਸਕ ਰਹੇ ਹਨ ਜਾਂ ਇਨਾਂ ਦਾ ਹਰ ਸਮੇਂ ਰਾਜਨੀਤਿਕ ਬੋਲ ਬਾਲਾ ਰਿਹਾ ਹੈ ਜੋ ਕਿ ਘੱਟ ਤੋਂ ਘੱਟ ਉਤਰੀ ਭਾਰਤ ਵਿਚ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹੈ। ਕਿਸੇ ਸਮੇਂ ਇਨਾਂ ਦਾ ਰਾਜ ਤਕਰੀਬਨ ਉਤਨਾ ਹੀ ਵਿਸ਼ਾਲ ਸੀ ਜਿੰਨਾ ਵੱਡਾ ਅੱਜ ਇੰਡੀਆ ਹੈ। ਲੋਕ ਇਨਾਂ ਦੀ ਬਹਾਦਰੀ ਦਾ ਸਿੱਕਾ ਮੰਨਦੇ ਸਨ। ਇਨਾਂ ਨੇ ਸਿਮੇਰੀਅਨ ਲੋਕ (**Cimmerian**) ਜਿਹੜੇ ਕਾਅਕਸਸ (**Caucasus**), ਜੋ ਕਿ ਕਾਲੇ ਸਾਗਰ ਦੇ ਉਤਰੀ ਏਰੀਏ ਦੇ ਖਿੱਤੇ 'ਤੇ ਕਾਬਜ਼ ਸਨ, ਨਾਲ 30 ਸਾਲ ਜੰਗ ਕਰ ਕੇ ਉਨਾਂ ਨੂੰ ਤਬਾਹ ਕਰ ਦਿੱਤਾ ਸੀ ਅਤੇ ਪੱਛਮੀ ਇਰਾਨ (**Persia**) ਤੋਂ ਲੈ ਕੇ ਸੀਰੀਆ ਅਤੇ ਪੈਲਿਸਟਾਈਨ (ਫਲਸਤੀਨ) ਸਮੇਤ ਇਹਦੇ ਤਿੰਨ ਇਲਾਕਿਆਂ ਗੈਲਿਲੀ (**Galilee**), ਜੁਡੀਆ (**Judea**), ਅਤੇ ਸਮੇਰੀਆ (**Samaria**) 'ਤੇ ਕਬਜਾ ਕਰ ਲਿਆ ਸੀ। ਇਨਾਂ ਦੇ ਰਾਜ ਦੀ ਸੀਮਾ ਮਿਸਰ (**Egypt**) ਤੱਕ ਸੀ। ਇਹ ਏਨੇ ਤਾਕਤਵਰ ਸਨ ਕਿ ਇਨਾਂ ਨੇ 513 ਪੂਰਵ ਈਸਾ (**EAC B.C.**) ਵਿਚ ਇਰਾਨ ਦੇ ਤਾਕਤਵਰ ਸ਼ਹਿਨਸ਼ਾਹ ਦਾਰਾ ਪਹਿਲਾ (**Darius 1**) ਦੇ ਹਮਲੇ ਨੂੰ ਖਦੇੜ ਕੇ ਉਸ 'ਤੇ ਜਿੱਤ ਪ੍ਰਾਪਤ ਕੀਤੀ ਸੀ। ਇੰਝ ਇਨਾਂ ਸ਼ਾਹੀ ਸਿਥੀਅਨ ਸਰਦਾਰਾਂ ਨੇ ਦੱਖਣੀ ਰੂਸ ਅਤੇ ਕਰਾਈਮੀਆ ਇਲਾਕੇ ਵਿਚ ਆਪਣੀ ਬਾਦਸ਼ਾਹਤ ਕਾਇਮ ਕਰ ਲਈ ਸੀ ਅਤੇ ਤਕਰੀਬਨ ਏਸੇ ਹੀ ਸਮੇਂ ਇਹ ਯੂਨਾਨ (ਗਰੀਸ) ਲੋਕਾਂ ਨਾਲ ਆਪਸੀ ਵਿਆਹ-ਸ਼ਾਦੀਆਂ ਵੀ ਕਰਨ ਲੱਗ ਪਾਏ ਸਨ। ਸੰਮਤ 339 ਪੂਰਵ ਈਸਾ (339 2.3.) ਵਿਚ ਇਨਾਂ ਦਾ 90 ਸਾਲ ਦੀ ਉਮਰ ਦਾ ਰਾਜਾ ਅਤੀਅਸ ਜਾਂ ਅਥੀਅਸ (**Ateas or Atheas**) ਮੈਸੇਡੋਨ ਦੇ ਰਾਜੇ ਫਿਲਿਪ ਦੂਜੇ (**Philip II**) ਜੋ ਕਿ ਸਿਕੰਦਰ ਮਹਾਨ ਦਾ ਪਿਤਾ ਸੀ, ਨਾਲ ਹੋਈ ਲੜਾਈ ਵਿਚ ਮਾਰਿਆ ਗਿਆ ਸੀ।

ਇਹ ਲੋਕ ਹਮਲਾਵਰਾਂ ਦੀ ਫੌਜ ਦੇ ਨਾਲ, ਜਥਿਆਂ ਦੀ ਸ਼ਕਲ ਵਿਚ ਲੜਦੇ-ਭਿੜਦੇ, ਜਾਂ ਹਰੀਆਂ ਚਰਾਂਦਾਂ ਦੀ ਭਾਲ ਵਿਚ ਇਰਾਨ ਦੇ ਇਕ ਖਿੱਤੇ ਵਿਚੋਂ 2000-3000 ਸਾਲ ਪਹਿਲਾਂ ਪੂਰਵੀ ਯੂਰਪ ਅਤੇ ਮੱਧ ਏਸ਼ੀਆ (ਯੂਕਰੇਨ ਅਤੇ ਮੰਗੋਲੀਆ ਦੇ 'ਸਟੈਪ' ਏਰੀਏ ਤੋਂ) ਜੋ ਕਿ ਖੁੱਲੀਆਂ ਚਰਾਂਦਾਂ ਕਰ ਕੇ ਮਸ਼ਹੂਰ ਸੀ, ਹੌਲੀ ਹੌਲੀ ਲਹਿਰਾਂ ਦੇ ਰੂਪ ਵਿਚ ਅਫਗਾਨਿਸਤਾਨ ਅਤੇ ਬਾਅਦ ਵਿਚ ਹਿੰਦੋਸਤਾਨ ਪੁੱਜੇ ਸਨ। ਇਥੋਂ ਇਹ ਹਿੰਦੋਸਤਾਨ ਦੀਆਂ ਵੱਖ ਵੱਖ ਥਾਵਾਂ ਜਿਵੇਂ ਕਿ ਪੰਜਾਬ, ਸਿੰਧ, ਰਾਜਸਥਾਨ, ਯੂ ਪੀ, ਅਤੇ ਗੁਜਰਾਤ ਆਦਿ ਇਲਾਕਿਆਂ ਵਿਚ ਖਿਲਰ ਗਏ। ਬਹੁਤੇ ਲੋਕ ਇਨਾਂ ਨੂੰ ਆਰੀਆ ਲੋਕਾਂ ਦੇ ਨਾਮ ਨਾਲ ਵੀ ਜਾਣਦੇ ਹਨ। ਪੰਜਾਬ ਵਿਚ ਉਸ ਵੇਲੇ ਦਰਾਵੜ ਜਾਤੀ ਦੇ ਲੋਕ ਵਸਦੇ ਸਨ। ਕਿਉਂਕਿ ਇਹ ਨਵੇਂ ਬਸ਼ਿੰਦੇ ਵਧੇਰੇ ਲੜਾਕੇ ਸੁਭਾਅ ਦੇ ਸਨ ਅਤੇ ਇਨਾਂ ਕੋਲ ਹਥਿਆਰ ਵੀ ਵਧੀਆ ਕਿਸਮ ਦੇ ਸਨ, ਇਨਾਂ ਨੇ ਦਰਾਵੜ ਜਾਤੀ ਦੇ ਲੋਕਾਂ (ਦਾਸਾ ਜਾਂ ਦਾਸਯੂ) ਨੂੰ ਭਾਰਤ ਦੇ ਬਿਲਕੁਲ ਦੱਖਣ ਦੇ ਇਲਾਕੇ ਵੱਲ ਜਾਣ ਲਈ ਮਜ਼ਬੂਰ ਕਰ ਦਿੱਤਾ। ਉਹ ਲੋਕ ਸ਼ਾਇਦ ਪੰਜਾਬ ਦੇ ਆਦੀ ਵਸਨੀਕ ਸਨ ਜਿਨਾਂ ਨੇ ਸਿੰਧੂ ਸਭਿਅਤਾ ਨੂੰ ਪ੍ਰਫੁੱਲਤ ਕੀਤਾ ਸੀ।

ਆਮ ਤੌਰ 'ਤੇ ਸਿਥੀਅਨ ਲੋਕਾਂ ਨੂੰ ਦੋ ਮੁੱਖ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ: ਇਰਾਨੀ ਸਿਥੀਅਨ ਅਤੇ ਭਾਰਤੀ ਸਿਥੀਅਨ। ਪੁਰਾਣੇ ਸਮੇਂ ਇਨਾਂ ਵਿਚੋਂ ਕੁਝ ਉਚੀਆਂ ਅਤੇ ਨੋਕਦਾਰ ਟੋਪੀਆਂ ਪਹਿਨਦੇ ਸਨ ਅਤੇ ਕੁਝ ਗੋਲ ਟੋਪੀਆਂ ਜਾਂ ਹੈਟ ਪਹਿਨਦੇ ਸਨ। ਅੱਜ ਦਾ ਸਾਕਾ ਸੰਮਤ ਇਨਾਂ ਸਿਥੀਅਨ/ਸਾਕਾ/ਸ਼ੱਕ ਲੋਕਾਂ ਨੇ ਹੀ 1943 ਸਾਲ ਪਹਿਲਾਂ ਚਾਲੂ ਕੀਤਾ ਸੀ ਜਿਸ ਦਾ ਪਹਿਲਾ ਸਾਲ ਅੰਗਰੇਜ਼ੀ ਕੈਲੰਡਰ ਦੇ 78ਵੇਂ ਸਾਲ ਤੋਂ ਪਿਛੋਂ ਸ਼ੁਰੂ ਹੁੰਦਾ ਹੈ ਅਤੇ ਅੱਜ ਵੀ ਚਾਲੂ ਹੈ। ਸਾਕਾ ਸੰਮਤ ਨੂੰ 1957 ਵਿਚ ਇੰਡੀਆ ਦੇ ਕੌਮੀ ਕੈਲੰਡਰ ਵਜੋਂ ਵੀ ਮਾਨਤਾ ਮਿਲ ਚੁੱਕੀ ਹੈ। ਇਹ ਬਿਕ੍ਰਮੀ ਕੈਲੰਡਰ ਦੇ ਨਾਲ ਹੀ ਵਰਤਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਸਿਥੀਅਨ ਰਾਜੇ ਸ਼ਾਲੀਵਾਹਨਾ ਦੀਆਂ ਫੌਜੀ ਜਿੱਤਾਂ ਦੇ ਪ੍ਰਤੀਕ ਵਜੋਂ ਸ਼ੁਰੂ ਹੋਇਆ ਸੀ।

**ਚਿੱਤਰ 1: ਜੱਟਾਂ ਦਾ ਪੁਰਾਤਨ ਸਾਮਰਾਜ ਸਾਈਥੀਆ**

**ਬਾਕੀ ਸਫ਼ਾ 31 'ਤੇ**

# ਅਲੋਪ ਹੋ ਗਈ ਰੱਸੀਆਂ ਵੱਟਣੀ ਕੁੰਡੀ



ਤਸਵਿੰਦਰ ਸਿੰਘ ਬੜੈਚ
98763-22677

ਪੰਜਾਬ ਵਿਚ ਜਦੋਂ ਖੇਤੀਬਾੜੀ ਦੇ ਧੰਦੇ ਦਾ ਮਸ਼ੀਨੀ ਕਰਨ ਨਹੀਂ ਹੋਇਆ ਸੀ। ਉਸ ਸਮੇਂ ਖੇਤੀ ਦਾ ਸਾਰੇ ਦਾ ਸਾਰਾ ਧੰਦਾ ਹੱਥਾਂ ਨਾਲ ਅਤੇ ਬਲਦਾਂ ਨਾਲ ਕੀਤਾ ਜਾਂਦਾ ਸੀ। ਖੇਤੀ ਦਾ ਕੰਮ ਲਗਭਗ ਸਾਰਾ ਸਾਲ ਚੱਲਦਾ ਰਹਿੰਦਾ ਸੀ। ਹਾੜੀ ਦੇ ਸੀਜ਼ਨ ਵਿੱਚ ਜਦੋਂ ਕਣਕ ਵੱਢੀ ਜਾਂਦੀ ਸੀ ਤਾਂ ਵੱਢੀ ਕਣਕ ਦੀਆਂ ਭਰੀਆਂ ਬੰਨੀਆਂ ਜਾਂਦੀਆਂ ਸੀ। ਭਰੀਆਂ ਬੰਨਣ ਲਈ ਰੱਸੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਰੱਸੀਆਂ ਸਣ ਤੋਂ ਬਣਦੀਆਂ ਸਨ। ਸਣ ਦੇ ਬੂਟਿਆਂ ਨੂੰ ਕੱਟਣ ਉਪਰੰਤ ਭਰੀਆਂ ਬਣਾ ਕੇ ਪਿੰਡ ਦੇ ਟੋਭੇ ਜਾਂ ਛੱਪੜ ਵਿੱਚ ਦੋ ਹਫ਼ਤਿਆਂ ਲਈ ਡੁਬੋ ਦਿੱਤਾ ਜਾਂਦਾ ਸੀ। ਇਸ ਪ੍ਰਕਾਰ ਇਸ ਦੇ ਰੇਸ਼ੇ ਪੋਲੇ ਹੋ ਕੇ ਛਿੱਲਣ ਯੋਗ ਹੋ ਜਾਂਦੇ ਸਨ। ਜਿਮੀਂਦਾਰ ਆਪਣੇ ਵਿਹਲੇ ਸਮੇਂ ਵਿੱਚ ਰੇਸ਼ੇਦਾਰ ਬੂਟਿਆਂ ਵਿੱਚੋਂ ਰੇਸ਼ਾ ਛਿੱਲ ਕੇ ਜੁਦਾ ਕਰ ਲੈਂਦੇ ਸਨ। ਫਿਰ ਇਸ ਰੇਸ਼ੇ ਨੂੰ ਰੱਸੀਆਂ ਵੱਟਣੀ ਕੁੰਡੀ ਨਾਲ ਦੂਹਰਾ, ਤੀਹਰਾ ਜਾਂ ਚੌਹਰਾ ਕੀਤਾ ਜਾਂਦਾ ਸੀ। ਇੱਕ ਜਣਾ ਰੱਸੀਆਂ ਵੱਟਣੀ ਕੁੰਡੀ ਨੂੰ ਹੱਥ 'ਚ ਫੜ ਕੇ ਘੁਮਾਈ ਜਾਂਦਾ ਤੇ ਪਿਛਾਂਹ ਹਟਦਾ ਜਾਂਦਾ, ਦੂਜਾ ਜਣਾ ਰੇਸ਼ਿਆਂ ਨੂੰ ਰੇਸ਼ਿਆਂ ਨਾਲ ਜੋੜੀ ਜਾਂਦਾ। ਇਸ ਤਰਾਂ ਇੱਕ ਵੱਡੀ ਸਾਰੀ ਰੱਸੀ ਬਣਾ ਲਈ ਜਾਂਦੀ। ਫਿਰ ਉਸ ਵੱਡੀ ਰੱਸੀ ਨੂੰ ਕੱਟ ਕੇ ਛੋਟੀਆਂ ਰੱਸੀਆਂ ਬਣਾ ਲਈਆਂ ਜਾਂਦੀਆਂ ਤੇ ਫਿਰ ਉਨਾਂ ਛੋਟੀਆਂ ਰੱਸੀਆਂ ਨਾਲ ਭਰੀਆਂ ਬੰਨ ਲਈਆਂ ਜਾਂਦੀਆਂ। ਰੱਸੀਆਂ ਵੱਟਣੀ ਕੁੰਡੀ ਤਾਰ ਅਤੇ ਦੋ ਬਾਂਸ ਜਾਂ ਲੱਕੜ ਦੇ ਟੁਕੜਿਆਂ ਦੀ ਬਣਾਈ ਜਾਂਦੀ ਸੀ। ਜਿਸ ਤਰਾਂ ਤੁਸੀਂ ਤਸਵੀਰ 'ਚ ਦੇਖ ਰਹੇ ਹੋ। ਦੇਖਣ ਨੂੰ ਇਹ ਸੰਦ ਬਹੁਤ ਛੋਟਾ ਲੱਗਦਾ ਹੈ ਪਰ ਕੰਮ ਇਹ ਬਹੁਤ ਵੱਡਾ ਕਰਦੀ ਸੀ। ਤਕਨੀਕ ਦੇ ਇਸ ਦੌਰ ਵਿੱਚ ਨਾ ਤਾਂ ਪਹਿਲਾਂ ਵਰਗੀਆਂ ਚੀਜ਼ਾਂ ਰਹੀਆਂ ਨੇ ਤੇ ਨਾ ਹੀ ਚੀਜ਼ਾਂ ਦੀ ਵਰਤੋਂ ਕਰਨ ਵਾਲੇ। ਮਸ਼ੀਨੀ ਦੌਰ ਵਿੱਚ ਹੱਥੀਂ ਕੰਮ ਕਰਨਾ ਘਟ ਗਿਆ ਹੈ ਜਿਸ ਕਰਕੇ ਹੱਥ ਨਾਲ ਚੱਲਣ ਵਾਲੀਆਂ ਚੀਜ਼ਾਂ ਅਲੋਪ ਹੋ ਰਹੀਆਂ ਹਨ। ਹੋਰਨਾਂ ਚੀਜ਼ਾਂ ਵਾਂਗ ਇਹ ਰੱਸੀਆਂ ਵੱਟਣੀ ਕੁੰਡੀ ਵੀ ਹੁਣ ਅਲੋਪ ਹੋ ਗਈ ਹੈ।



# ਨੇੜਿਉਂ ਦੇਖਿਆ ਬਾਬੂ ਕਾਂਸ਼ੀ ਰਾਮ

## ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਮੈਨੂੰ ਵਿਪਨ ਕੁਮਾਰ ਕੌਂਸਲਰ ਰਾਹੀਂ ਸੁਨੇਹਾ ਮਿਲਿਆ ਸੀ ਕਿ ਬਾਬੂ ਕਾਂਸ਼ੀ ਰਾਮ ਸਾਡੇ ਘਰ ਠਹਿਰੇ ਹਨ, ਮਿਲ ਜਾਵੋ। ਮੈਨੂੰ ਉਨਾਂ ਦੀ ਇੰਟਰਵਿਊ ਦਾ ਲਾਲਚ ਸੀ ਕਿ ਉਹ ਮੈਂ ਇੰਗਲੈਂਡ ਦੇ ਨਿਊਜ਼ ਪੇਪਰ ਵਿਚ ਭੇਜਣੀ ਸੀ। ਜਦੋਂ ਮੈਂ ਬਾਬੂ ਕਾਂਸ਼ੀ ਰਾਮ ਕੋਲ ਪਹੁੰਚਿਆ ਤਾਂ ਉਨਾਂ ਖੁੱਲਾ ਚਿਟੇ ਰੰਗ ਦਾ ਕੁੜਤਾ ਤੇ ਡੱਬੀਆਂ ਵਾਲੀ ਧੋਤੀ ਬੰਨੀ ਸੀ।ਦੇਖਕੇ ਖੁਸ਼ ਹੋਏ, ਕਹਿਣ ਲੱਗੇ ਮੈਂ ਤੈਨੂੰ ਉਡੀਕਦਾ ਸੀ। ਮੈਂ ਉਨਾਂ ਦੇ ਪਹਿਰਾਵੇ ਵੱਲ ਤੱਕਿਆ ਤਾਂ ਮੈਨੂੰ ਅਤਿਅੰਤ ਖੁਸ਼ੀ ਹੋਈ ਕਿ ਗਰੀਬਾਂ ਦਾ ਲੀਡਰ ਗਰੀਬਾਂ ਵਰਗਾ ਹੁੰਦਾ। ਬਸਤਰ ਵੀ ਸਾਧਾਰਨ, ਕੋਈ ਹੰਕਾਰ ਨਹੀਂ, ਮਿਲਾਪੜੇ ਜਿਹੇ, ਸਾਊ ਜਿਹੇ। ਕਾਮਰੇਡ ਕਹਿੰਦੇ ਹਨ ਅਸੀਂ ਗਰੀਬਾਂ ਤੇ ਕਿਰਤੀਆਂ ਦੀ ਪਾਰਟੀ। ਪਰ ਇਨਾਂ ਦੇ ਸਾਰੇ ਲੀਡਰ ਉਚ ਜਾਤਾਂ ਵਾਲੇ, ਸ਼ਾਹੀ ਠਾਠ ਵਾਲੇ । ਖਿਆਲ ਆਇਆ ਕਿ ਲੀਡਰ ਤਾਂ ਕਾਂਸ਼ੀ ਰਾਮ ਵਰਗਾ ਹੀ ਚਾਹੀਦਾ ਹੈ। ਨਾ ਉਸਦੀ ਸੱਜੀ ਸੋਚ ਹੈ ਨਾ ਖੱਬੀ। ਮੱਧਮ ਮਾਰਗ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਵਾਲਾ। ਉਹ ਇੱਕ ਅਜਿਹਾ ਸਿਆਸਤਦਾਨ ਸੀ ਜਿਸਨੇ ਭਾਰਤ ਦੀ ਰਾਜਨੀਤੀ ਦੀ ਵਿਆਕਰਣ ਬਦਲ ਕੇ ਆਪਣੀ ਲੋਕ ਰਾਜਨੀਤੀ ਦੀ ਪਛਾਣ ਕਾਇਮ ਕੀਤੀ। ਬਹੁਜਨ ਵਿਚਾਰਧਾਰਾ ਦੇ ਇਸ ਸਿਆਸੀ ਕਾਰੀਗਰ ਨੇ ਅਣਥੱਕ ਮਿਹਨਤ ਅਤੇ ਜ਼ਮੀਨੀ ਸੰਘਰਸ਼ ਦੇ ਮੱਦੇਨਜ਼ਰ ਸਾਈਕਲ ਯਾਤਰਾ ਦੀ ਵਰਤੋਂ ਕਰਕੇ ਹਾਥੀ ਨੂੰ ਚੋਣ ਨਿਸ਼ਾਨ ਸਿਰਜ ਕੇ ਦਬਿਆਂ ਕੁਚਲਿਆ ਨੂੰ ਸੱਤਾ ਦੇ ਮਾਰਗ ਵੱਲ ਤੋਰ ਦਿੱਤਾ। ਇਹ ਚਮਤਕਾਰੀ ਕਾਰਜ ਸੀ, ਕਿਉਂਕਿ ਇਸ ਵੱਲ ਦਲਿਤ ਭਾਈਚਾਰੇ ਨੇ ਪ੍ਰੈਕਟਿਸ ਨਹੀਂ ਸੀ ਕੀਤੀ। ਕੰਨਿਆ ਕੁਮਾਰੀ, ਕੋਹਿਮਾ, ਕਾਰਗਿਲ, ਪੁਰੀ ਅਤੇ ਪੋਰਬੰਦਰ ਤੋਂ ਦਿੱਲੀ ਤੱਕ ਉਨਾਂ ਨੇ ਸਾਈਕਲ ਯਾਤਰਾਵਾਂ ਕੀਤੀਆਂ ਤੇ ਦਬਿਆਂ ਕੁਚਲਿਆਂ ਨੂੰ ਜਗਾਇਆ। ਭਾਰਤ ਦੀ ਰਾਜਨੀਤਕ ਤਬਦੀਲੀ ਲਈ ਬਾਬੂ ਕਾਂਸ਼ੀ ਰਾਮ ਘਰ, ਨੌਕਰੀ, ਖੁਸ਼ੀ ਸਭ ਤਿਆਗ ਕੇ ਨਿਕਲੇ। ਗਰੀਬਾਂ, ਵੰਚਿਤਾਂ ਲਈ ਜੂਝਦੇ ਰਹੇ। ਇਹ ਸਖ਼ਸ਼ੀਅਤ ਨੀਵੇਂ ਵਿਹੜਿਆਂ ਵਾਲੇ ਲੋਕਾਂ ਦੇ ਆਕਰਸ਼ਣ ਦਾ ਕਾਰਨ ਬਣੀ।

ਅਸਲ ਵਿੱਚ ਬਾਬੂ ਕਾਂਸ਼ੀ ਰਾਮ ਨੇ ਗੁਰੂ ਗ੍ਰੰਥ ਸਾਹਿਬ ਦੇ ਮਿਸ਼ਨ ਤੇ ਅੰਬੇਡਕਰ ਦੀ ਵਿਚਾਰਧਾਰਾ ਨੂੰ ਜ਼ਮੀਨ 'ਤੇ ਸਿਆਸੀ ਪੱਧਰ ਉਪਰ ਉਤਾਰ ਦਿੱਤਾ। ਜਿਸ ਬਹੁਜਨ ਸਮਾਜ ਲਈ ਕਾਂਸ਼ੀ ਰਾਮ ਨੇ ਇਹੋ ਜਿਹਾ ਵਿਲੱਖਣ ਯਤਨ ਕੀਤਾ, ਉਸ ਭਾਈਚਾਰੇ ਵਿਚ ਸਿਆਸੀ ਵਿਸ਼ਵਾਸ ਨਾ ਮਾਤਰ ਸੀ, ਜਿਸ ਕਾਰਨ ਸ਼ੁਰੂ ਵਿਚ ਬਾਬੂ ਕਾਂਸ਼ੀ ਰਾਮ ਦੇ ਨਾਲ ਭੀੜ



ਨਹੀਂ ਜੁੜ ਸਕੀ ਸੀ । ਉਨਾਂ ਕੋਲ ਕੋਈ ਸਾਧਨ ਨਹੀਂ ਸਨ। ਮਿਸ਼ਨ ਨੂੰ ਸੰਪੂਰਨ ਕਰਨ ਲਈ ਨਾ ਤਾਂ ਉਨਾਂ ਨੇ ਬੈਂਕ ਵਿੱਚ ਖਾਤਾ ਖੋਲਿਆ ਅਤੇ ਨਾ ਹੀ ਆਪਣਾ ਘਰ ਬਣਾਇਆ ਅਤੇ ਨਾ ਹੀ ਕੋਈ ਜਾਇਦਾਦ ਬਣਾਈ। ਬਹੁਜਨਾਂ ਨੇ ਇਕ ਇੱਕ ਰੁਪਿਆ ਜੋੜ ਕੇ ਇੱਕ ਅੰਦੋਲਨ ਦੀ ਸਿਰਜਣਾ ਕੀਤੀ ਅਤੇ ਗਰੀਬਾਂ ਦੇ ਮਨਾਂ ਵਿੱਚ ਹਾਕਮ ਹੋਣ ਦਾ ਵਿਸ਼ਵਾਸ ਪੈਦਾ ਕਰ ਦਿੱਤਾ। ਸੱਚਮੁਚ ਉਹ ਸੰਤ ਸਨ। ਪਰ ਡੇਰੇਦਾਰ ਨਹੀਂ ਸਨ। ਪੰਜਾਬ ਵਿਚ ਕਾਂਗਰਸ ਤੇ ਖੱਬੇਪੱਖੀਆਂ ਨੂੰ ਵੱਡੀ ਢਾਹ ਲਗਾਈ। ਕਾਮਰੇਡ ਤਾਂ ਬਿਲਕੁਲ ਸਿਆਸੀ ਤੌਰ 'ਤੇ ਖਤਮ ਹੋ ਗਏ। ਬਾਬਾ ਸਾਹਿਬ ਅੰਬੇਡਕਰ ਨੇ ਜਮਹੂਰੀਅਤ ਦੀ ਪਰਿਭਾਸ਼ਾ ਮਿਥੀ, ਪਰ ਬਾਬੂ ਕਾਸ਼ੀ ਰਾਮ ਨੇ ਭਾਰਤ ਦੀ ਧਰਤੀ 'ਤੇ ਜਮਹੂਰੀਅਤ ਪ੍ਰਗਟ ਕੀਤੀ। ਸੰਗਤੀ ਮਾਇਆ ਨਾਲ ਨਾ ਕਿ ਬਾਕੀ ਰਾਜਨੀਤੀਵਾਨਾਂ ਵਾਂਗ ਪੂੰਜੀਵਾਦੀਆਂ ਦਾ ਪ੍ਰਯੋਗ ਕੀਤਾ। ਜਮਹੂਰੀਅਤ ਤਾਂ ਮਰੀ ਜੇ ਇਹ ਕਾਰਪੋਰੇਟਾਂ ਦੀ ਪੂੰਜੀ 'ਤੇ ਬਿਜ਼ਨਸ ਦਾ ਜ਼ਰੀਆ ਬਣੀ। ਉਹ ਆਮ ਕਿਹਾ ਕਰਦੇ ਸਨ ਕਿ ਮੇਰੀ ਉਮਰ ਵੱਧ ਗਈ ਤਾਂ ਤੁਹਾਨੂੰ ਕਾਂਗਰਸ, ਭਾਜਪਾ, ਕਾਮਰੇਡ ਨਹੀਂ ਲੱਭਣਗੇ। ਲਾਲ ਝੰਡੇ ਵਾਲੇ ਮਜ਼ਦੂਰ ਸਾਡੇ ਲੋਕ ਹਨ। ਜਦੋਂ ਪਤਾ ਲੱਗੇਗਾ ਕਿ ਅਸੀਂ ਸੰਘਰਸ਼ ਸੱਤਾ ਲਈ ਜੂਝ ਕੇ ਸਮਾਜ ਬਦਲਣਾ ਹੈ ਤਾਂ ਉਹ ਲਾਲ ਝੰਡਿਆਂ ਵਾਲਿਆਂ ਨੂੰ ਛੱਡ ਦੇਣਗੇ।

**ਦਲਿਤ ਚੇਤਨਾ**

ਬਾਬੂ ਕਾਂਸ਼ੀ ਰਾਮ ਨੇ ਸਿਆਸੀ ਜੰਗ ਲੜਨ ਲਈ ਨੀਵੇਂ ਵਿਹੜਿਆਂ ਵਾਲਿਆਂ ਦੇ ਵਿਸ਼ਵਾਸ ਨੂੰ ਜਿੱਤਿਆ। ਬਹੁਜਨ ਦੀ ਸਮਾਜਿਕ ਅਤੇ ਸੱਭਿਆਚਾਰਕ ਲਹਿਰ ਦੀ ਲੋੜ ਨੂੰ ਸਮਝਿਆ ਅਤੇ ਜਿੱਤ ਪ੍ਰਾਪਤ ਕੀਤੀ। ਬਾਮਸੇਫ਼, ਡੀ.ਐਸ.4. (ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਕਮੇਟੀ) ਨੂੰ ਉਸ ਨੇ ਸਮਾਜਿਕ-ਸਭਿਆਚਾਰਕ ਲਹਿਰ ਦਾ ਕੇਂਦਰ ਬਣਾਇਆ ਅਤੇ ਫਿਰ ਬਸਪਾ ਦੀ ਸਿਆਸੀ ਪਾਰਟੀ ਬਣਾਈ। ਬਹੁਜਨ ਸ਼ਬਦ ਦੇ ਤਹਿਤ ਇਹ ਸਿਆਸੀ ਨਹੀਂ ਸੀ, ਸਗੋਂ ਸਮਾਜਿਕ-ਸਭਿਆਚਾਰਕ ਆਧਾਰ 'ਤੇ ਦਲਿਤਾਂ, ਪਛੜੇ, ਆਦਿਵਾਸੀਆਂ, ਮੁਸਲਮਾਨਾਂ, ਸਿੱਖਾਂ ਨੂੰ ਜੋੜ ਕੇ 85 ਪ੍ਰਤੀਸ਼ਤ ਲੋਕਾਂ ਨੂੰ ਇਕਜੁਟ ਕਰਨ ਦੀ ਲੋੜ ਸੀ। ਇਸ ਦੀ ਪਛਾਣ ਇਹ ਨਾਅਰਾ ਹੈ।

'ਮੰਡਲ ਕਮਿਸ਼ਨ ਲਾਗੂ ਕਰੋ,
ਨਹੀਂ ਤਾਂ ਕੁਰਸੀ ਖਾਲੀ ਕਰ ਦਿਓ।'

ਤੁਸੀਂ ਕਾਂਸ਼ੀ ਰਾਮ ਦੇ ਸਾਰੇ ਸਿਆਸੀ ਫੈਸਲਿਆਂ ਨਾਲ ਅਸਹਿਮਤ ਹੋ ਸਕਦੇ ਹੋ। ਪਰ ਤੁਸੀਂ ਇਸ ਸਖ਼ਸ਼ੀਅਤ ਨੂੰ ਨਜ਼ਰਅੰਦਾਜ਼ ਕਰਕੇ ਆਜ਼ਾਦ ਭਾਰਤ ਵਿਚ ਗਰੀਬਾਂ ਦੇ ਸੰਘਰਸ਼ਾਂ ਦਾ ਸਿਆਸੀ ਇਤਿਹਾਸ ਨਹੀਂ ਪੜ ਸਕੋਗੇ। ਇਹ ਆਪਣੇ ਆਪ ਵਿਚ ਵੱਡਾ ਇਤਿਹਾਸ ਹੈ। ਇਸ ਨੇ ਇੱਕ ਮਿਸ਼ਨਰੀ ਲਾਈਨ ਖਿੱਚੀ, ਜਿਸ ਉਪਰ ਉਨਾਂ ਦੇ ਸਿਆਸੀ ਵਾਰਸਾਂ ਲਈ ਵੀ ਚੱਲਣਾ ਮੁਸ਼ਕਲ ਸੀ।

'ਕਾਂਸ਼ੀ ਰਾਮ ਤੇਰੀ ਧੰਨ ਕਮਾਈ,
ਜਿਸ ਨੇ ਸੁਤੀ ਕੌਮ ਜਗਾਈ ਹੈ।'
ਅਬ ਵੋਟ ਹਮਾਰਾ ਰਾਜ ਤੁਮਾਰਾ, ਨਹੀਂ ਚੱਲੇਗਾ

ਅੱਜ ਸਿਆਸਤ ਵਿਚ ਚੁਣੌਤੀਆਂ ਬਦਲ ਗਈਆਂ ਹੋਣ, ਪਰ ਜੰਗ ਅੱਜ ਵੀ ਸ਼ੋਸ਼ਣਕਾਰੀ ਬਨਾਮ ਸ਼ੋਸ਼ਣਕਾਰੀ ਹੈ। ਅਸੀਂ ਬਹੁਜਨ ਵਿਚਾਰਧਾਰਾ ਪਸਾਰਣ ਵਾਲੇ ਬਾਬੂ ਕਾਂਸ਼ੀ ਰਾਮ ਵਿਚ ਸਿਦਕ ਦੇਖ ਸਕਦੇ ਹਾਂ। ਉਨਾਂ ਦਾ ਮੰਤਵ ਸੀ ਕਿ ਭਾਰਤ ਨੂੰ ਸਮਾਜਿਕ ਨਿਆਂ ਦੀ ਨਵੀਂ ਧਰਤੀ ਬਣਾਉ । ਉਨਾਂ ਬਹੁਜਨਾਂ ਦੇ ਮਨ ਵਿਚ ਇਹ ਗੱਲ ਬਿਠਾ ਦਿੱਤੀ ਕਿ ਅਸੀਂ ਉਨਾਂ ਫ਼ਾਸ਼ੀਵਾਦੀਆਂ, ਮਨੂਵਾਦੀਆਂ, ਸਾਮੰਤੀ ਸ਼ਕਤੀਆਂ ਨੂੰ ਹਰਾ ਸਕਦੇ ਹਾਂ ਜੋ ਸਾਡੇ ਉਪਰ ਜ਼ੁਲਮ ਕਰਦੇ ਹਨ, ਸ਼ੋਸ਼ਣ ਕਰਦੇ ਹਨ ਤੇ ਗੁਲਾਮ ਸਮਝਦੇ ਹਨ। ਜਦੋਂ ਬਹੁਜਨ ਸਮਾਜ ਅਜਿਹੀਆਂ ਕੋਸ਼ਿਸ਼ਾਂ ਕਰੇਗਾ ਤਾਂ ਅਜਿਹੀਆਂ ਸਖਸ਼ੀਅਤਾਂ ਵਾਰ ਵਾਰ ਜਨਮ ਲੈਣਗੀਆਂ। ਬਾਬੂ ਕਾਂਸ਼ੀ ਰਾਮ ਇੱਕ ਇਨਕਲਾਬ ਸੀ, ਜਿਸ ਨੇ ਭਾਰਤ ਦੀ ਰਾਜਨੀਤੀ ਨੂੰ ਬਦਲਿਆ । ਉਸਨੇ ਇਸ ਭਾਰਤੀ ਸਮਾਜਿਕ ਬਣਤਰ ਨੂੰ ਸਮਝਿਆ ਤੇ ਇਸ ਦੇ ਹੱਲ ਲਈ ਇੱਕ ਨਵੀਂ ਰਾਜਨੀਤੀ ਦੀ ਸ਼ੁਰੂਆਤ ਕੀਤੀ

ਪਰ ਜੇ ਅਸੀਂ ਕਾਂਸ਼ੀ ਰਾਮ ਹੁਰਾਂ ਦੇ ਵਿਜ਼ਨ ਤੋਂ ਦੇਖਦੇ ਹਾਂ ਤਾਂ ਇਸ ਸਮਾਜ ਵਿੱਚ ਇਹੀ ਰਾਜਨੀਤੀ ਬਹੁਜਨਾਂ ਨੂੰ ਸਮਾਜਿਕ ਨਿਆਂ ਵਾਲੇ ਪਾਸੇ ਲਿਆ ਸਕਦੀ ਸੀ। ਉਨਾਂ ਦਾ ਮੰਨਣਾ ਸੀ ਜਦ ਤੱਕ ਦਲਿਤ ਤੇ ਦੱਬਿਆ ਕੁਚਲਿਆ ਵਰਗ ਰਾਜਨੀਤਕ ਹਲਕਿਆਂ ਵਿੱਚ, ਸੱਤਾ ਉੱਤੇ ਕਾਬਜ਼ ਨਹੀਂ ਹੋ ਜਾਂਦਾ, ਉਦੋਂ ਤੱਕ ਸਮਾਜਿਕ ਨਿਆਂ ਨਹੀਂ ਮਿਲ ਸਕਦਾ।

# ਬਹੁਜਨ ਆਗੂ ਅਤੇ ਬਸਪਾ ਦੇ ਬਾਨੀ ਬਾਬੂ ਕਾਂਸ਼ੀ ਰਾਮ

## ਕੁਲਦੀਪ ਚੰਦ

ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ, 1934 ਨੂੰ ਉਨਾਂ ਦੇ ਨਾਨਕੇ ਘਰ ਨੰਗਲ-ਚੰਡੀਗੜ ਮੁੱਖ ਮਾਰਗ 'ਤੇ ਬੁੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ, ਜ਼ਿਲਾ ਰੂਪਨਗਰ ਵਿਚ ਨਾਨਾ ਸਾਹਿਬ ਦਿੱਤਾ ਅਤੇ ਨਾਨੀ ਪ੍ਰਸਿੰਨੀ ਦੇਵੀ ਦੇ ਗ੍ਰਹਿ ਵਿਖੇ ਹੋਇਆ। ਆਪ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭ ਤੋਂ ਵੱਡੇ ਸਨ ਅਤੇ ਆਪ ਅਛੂਤ ਜਾਤੀਆਂ ਵਿਚੋਂ ਇਕ ਨਾਲ ਸਬੰਧਤ ਸਨ। ਆਪ ਦਾ ਪਰਿਵਾਰ ਨੰਗਲ-ਚੰਡੀਗੜ ਮੁੱਖ ਮਾਰਗ 'ਤੇ ਰੂਪਨਗਰ ਜ਼ਿਲੇ ਦੇ ਪਿੰਡ ਖੁਆਸਪੁਰਾ ਵਿਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਂ ਸਿੱਖ ਧਰਮ ਨਾਲ ਸਬੰਧਤ ਸਨ, ਪ੍ਰੰਤੂ ਆਪ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨਾਂ ਦਾ ਨਾਂ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦਾ ਨਾਨੀ ਨਾਲ ਗੂੜਾ ਪਿਆਰ ਸੀ ਜਿਸ ਕਰਕੇ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ ਅਤੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿਚ ਹੀ ਬਣਾਇਆ ਸੀ। ਆਪ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ ਤੋਂ 1956 ਵਿਚ ਵਿਗਿਆਨ ਵਿਚ ਗ੍ਰੈਜੂਏਸ਼ਨ ਕੀਤੀ। ਇਸ ਦੌਰਾਨ ਆਪ ਦੀ ਮੰਗਣੀ ਇਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨਾਂ ਕਰ ਦਿੱਤਾ ਅਤੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ।

1957 ਵਿਚ ਆਪ ਨੇ ਸਰਵੇ ਆਫ਼ ਇੰਡੀਆ ਦੀ ਪ੍ਰੀਖਿਆ ਪਾਸ ਕੀਤੀ ਅਤੇ ਇਸ ਦੀ ਟ੍ਰੇਨਿੰਗ ਲਈ ਦੇਹਰਾਦੂਨ ਚਲੇ ਗਏ। ਇਸ ਟ੍ਰੇਨਿੰਗ ਲਈ ਸਮੂਹ ਸਿਖਿਆਰਥੀਆਂ ਨੂੰ ਇਕ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇਕ ਨਿਸ਼ਚਿਤ ਸਮੇਂ ਲਈ ਸਰਵੇ ਆਫ਼ ਇੰਡੀਆ ਵਿਚ ਨੌਕਰੀ ਕਰਨਾ ਜ਼ਰੂਰੀ ਸੀ ਪ੍ਰੰਤੂ ਆਪ ਨੇ ਮਨਾਂ ਕਰ ਦਿੱਤਾ ਅਤੇ ਟ੍ਰੇਨਿੰਗ ਛੱਡ ਕੇ ਵਾਪਸ ਆ ਗਏ। ਇਸ ਤੋਂ ਬਾਅਦ ਆਪ ਨੇ ਰੱਖਿਆ ਉਤਪਾਦਨ ਵਿਭਾਗ ਪੁਣੇ ਵਿਚ ਸਹਾਇਕ ਵਿਗਿਆਨੀ ਦੇ ਤੌਰ 'ਤੇ ਨੌਕਰੀ ਸ਼ੁਰੂ ਕੀਤੀ। 1965 ਵਿਚ ਉਨਾਂ ਨੇ ਆਪਣੇ ਅਦਾਰੇ ਵਿਚ ਇਕ ਹੋਰ ਅਛੂਤ ਸਟਾਫ ਮੈਂਬਰ ਦੀਨਾ ਭਾਨਾ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਹੋਣ ਵਾਲੀਆਂ ਛੁੱਟੀਆਂ ਪ੍ਰਬੰਧਕਾਂ ਵਲੋਂ ਰੱਦ ਕਰਨ ਦੇ ਵਿਰੋਧ ਵਿਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ਼ ਕਰਕੇ ਬੰਦ ਕੀਤੀਆਂ ਗਈਆਂ ਇਹ ਛੁੱਟੀਆਂ ਮੁੜ ਸ਼ੁਰੂ ਕਰਵਾਈਆਂ।

ਆਪ ਨੇ 1971 ਵਿਚ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈੱਲਫੇਅਰ ਸੰਸਥਾ ਦੀ ਸਥਾਪਨਾ ਕੀਤੀ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿਚ ਏਕੇ ਦੇ ਸੂਤਰ ਵਿਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ।

1973 ਵਿਚ ਬੈਕਵਰਡ ਐਂਡ ਮਾਇਨਾਰਿਟੀ ਕਮਿਊਨਿਟੀ ਇੰਪਲਾਈਜ਼ ਫੈਡਰੇਸ਼ਨ-ਬਾਮਸੇਫ ਦੀ ਸਥਾਪਨਾ ਕੀਤੀ ਅਤੇ ਇਸ ਦਾ ਦਫ਼ਤਰ 1976 ਵਿਚ ਦਿੱਲੀ ਵਿਚ ਖੋਲਿਆ ਗਿਆ। ਇਸ ਸੰਸਥਾ ਦਾ ਮੁੱਖ ਉਦੇਸ਼ ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ 'ਪੜੋ, ਜੁੜੋ ਅਤੇ ਸੰਘਰਸ਼ ਕਰੋ' ਰੱਖਿਆ ਗਿਆ। ਆਪ ਨੇ ਡਾਕਟਰ ਅੰਬੇਡਕਰ ਅਤੇ ਸਮਾਜ ਦੇ ਹੋਰ ਰਹਿਵਰਾਂ ਦੇ ਵਿਚਾਰ ਲੋਕਾਂ ਤੱਕ ਪਹੁੰਚਾਉਣ ਲਈ ਆਪਣੇ ਕੁਝ ਸਾਥੀਆਂ ਨਾਲ ਸਾਈਕਲ ਯਾਤਰਾ ਕੀਤੀ ਅਤੇ ਬਹੁਜਨ ਹਿਤਾਏ, ਬਹੁਜਨ ਸੁਖਾਏ ਲਹਿਰ ਚਲਾਈ। ਸਾਲ 1980 ਵਿਚ ਆਪ ਨੇ ਅੰਬੇਡਕਰ ਮੇਲਾ ਨਾਂ 'ਤੇ ਪੈਦਲ ਯਾਤਰਾ ਕੀਤੀ। ਡਾਕਟਰ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ. ਐਸ.-4 ਨਾਂ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਰਾਜਨੀਤਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ. ਐਸ.



ਪੀ.) ਬਣਾ ਦਿੱਤੀ ਅਤੇ ਕਰੋੜਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਣ ਦਾ ਐਲਾਨ ਕਰ ਦਿੱਤਾ।

**ਸਖ਼ਸ਼ੀਅਤ**

1989 ਦੀਆਂ ਲੋਕ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਨੇ ਦੇਸ਼ ਵਿਚ 2.07 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ।

1992 ਵਿਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਇਕ ਵੱਡੀ ਰਾਜਨੀਤਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿਚ ਦੇਸ਼ ਦੀ ਰਾਜਨੀਤੀ ਦਾ ਗੜ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿਚ ਬਸਪਾ ਨੇ 67 ਵਿਧਾਇਕ ਬਣਾ ਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ ੧1996 ਵਿਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣ ਯੋਗ ਹੈ ਕਿ 1996 ਵਿਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ 50 ਸਾਲ ਪਹਿਲਾਂ ਆਦਿ ਧਰਮ ਮੁਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਦੀ ਸਥਾਪਨਾ ਦੇ 75 ਸਾਲ ਹੋਣ 'ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿਚ ਇਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ 'ਤੇ ਚੱਲਣ ਦਾ ਸੁਨੇਹਾ ਦਿੱਤਾ।

1998 ਵਿਚ ਆਪ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿਚ ਘੱਟੋ ਘੱਟ 100 ਮੈਂਬਰ ਜਿੱਤ ਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿਚ ਆ ਸਕੇ। ਉਸ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿਚ ਬਸਪਾ ਨੇ ਕਈ ਵਾਰ ਸਰਕਾਰ ਬਣਾਈ। ਆਪ ਦੇਸ਼ ਦੇ ਬਹੁਜਨ ਸਮਾਜ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਿਠਾਉਣਾ ਚਾਹੁੰਦੇ ਸਨ। ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਆਪ ਨੂੰ ਰਾਸ਼ਟਰਪਤੀ ਅਹੁਦੇ ਦੀ ਪੇਸ਼ਕਸ਼ ਕੀਤੀ ਪ੍ਰੰਤੂ ਆਪ ਨੇ ਸਾਫ਼ ਕਹਿ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ। ਉਹ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਸਨ ਅਤੇ 1994 ਵਿਚ ਦਿਲ ਦਾ ਦੌਰਾ ਪੈ ਗਿਆ। 2003 ਵਿਚ ਆਪ ਦੀ ਹਾਲਤ ਹੋਰ ਜ਼ਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਅਦ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿਚ ਜਾਣਾ ਬੰਦ ਕਰ ਦਿੱਤਾ। ਅੰਤ ਮਿਤੀ 9 ਅਕਤੂਬਰ, 2006 ਨੂੰ ਸਦੀਵੀ ਵਿਛੋੜਾ ਦੇ ਗਏ।

# ਮਿੰਨੀ ਕਹਾਣੀਆਂ

## ਘੰਟੀ ਮਾਰਨੀ ਜਾਂ ਸੁਣਨੀ !

ਦਸਵੀਂ ਜਮਾਤ 'ਚ ਪੜ੍ਹਦਿਆਂ ਮੇਰੇ ਸਾਇੰਸ ਅਧਿਆਪਕ ਅਕਸਰ ਇਹ ਗੱਲ ਕਹਿੰਦੇ ਸਨ ਕਿ ਤੁਹਾਡੀ ਮਿਹਨਤ ਦਾ ਪੱਧਰ ਇਹ ਹੋਵੇ, ਭਵਿੱਖ 'ਚ ਜੇਕਰ ਨੌਕਰੀ ਕਰੋ ਤਾਂ ਘੰਟੀ ਮਾਰਨ ਵਾਲਾ ਹੱਥ ਤੁਹਾਡਾ ਹੋਵੇ ਤੇ ਸੁਣਨ ਵਾਲੇ ਕੰਨ ਕਿਸੇ ਹੋਰ ਦੇ।

ਅੱਜ ਓਪੀਡੀ ਵਿੱਚ ਬੈਠਦਿਆਂ ਹੀ ਬਾਹਰ ਬੈਠੇ ਵਾਰਡ ਬੁਆਇ ਨੂੰ ਬੁਲਾਉਣ ਲਈ ਘੰਟੀ ਮਾਰੀ ਤਾਂ ਉਸ ਅੱਧਖੜ ਉਮਰ ਦੇ ਵਿਅਕਤੀ ਨੇ ਪੁੱਛਿਆ, 'ਸਰ ਕੀ ਹੁਕਮ ਹੈ ?' ਮਰੀਜ਼ਾਂ ਸਬੰਧੀ ਕੁਝ ਨਿਰਦੇਸ਼ ਦੇ ਕੇ ਮੈਂ ਉਸ ਨੂੰ ਬਾਹਰ ਭੇਜ ਦਿੱਤਾ। ਹੁਣ ਜਦੋਂ ਵੀ ਕਿਸੇ ਕੰਮ ਲਈ ਉਸ ਨੂੰ ਬੁਲਾਉਣ ਲਈ ਘੰਟੀ ਵਜਾਉਂਦਾ ਹਾਂ ਤਾਂ ਸਾਇੰਸ ਅਧਿਆਪਕ ਦੇ ਬੋਲ 'ਘੰਟੀ ਮਾਰਨੀ ਜਾਂ ਸੁਣਨੀ !' ਮੇਰੇ ਜ਼ਿਹਨ ਵਿੱਚ ਗੂੰਜਦੇ ਹਨ।

**ਡਾ. ਗੁਰਤੇਜ ਸਿੰਘ**

## ਲਾਟਰੀ

ਜਗਦੇਵ ਨੂੰ ਡਰਾਈਵਰ ਲੱਗੇ ਅੱਠ ਸਾਲ ਹੋ ਚੁੱਕੇ ਸਨ। ਉਸ ਨੇ ਬਹੁਤ ਹੀ ਇਮਾਨਦਾਰੀ ਨਾਲ ਕੰਮ ਕੀਤਾ ਸੀ। ਜਦੋਂ ਸਰਦਾਰ ਜੀ ਨੇ ਕਿਤੇ ਵੀ ਜਾਣ ਲਈ ਬੁਲਾ ਲੈਣਾ ਤਾਂ ਝੱਟ ਹਾਜ਼ਰ ਹੁੰਦਾ। ਕਦੇ ਵੀ ਸਮਾਂ ਨਹੀਂ ਵੇਖਦਾ ਸੀ।

ਜਗਦੇਵ ਦੀ ਕੁੜੀ ਦਾ ਵਿਆਹ ਪੱਕਾ ਹੋ ਗਿਆ ਸੀ। ਉਸ ਨੂੰ ਵਿਆਹ ਦਾ ਸਾਮਾਨ ਇਕੱਠਾ ਕਰਨ ਦਾ ਫ਼ਿਕਰ ਹੋ ਗਿਆ ਸੀ। ਮਾਲਕ ਨੇ ਇੱਕ-ਦੋ ਵਾਰ ਉਸ ਦੇ ਚਿਹਰੇ ਦੇ ਹਾਵ-ਭਾਵ ਵੇਖ ਕੇ ਉਸ ਨੂੰ ਪੁੱਛਿਆ ਵੀ, ਪਰ ਉਹ ਟਾਲ ਜਾਂਦਾ। ਸਰਦਾਰ ਜੀ ਸਮਝ ਗਏ ਕਿ ਕੋਈ ਗੱਲ ਤਾਂ ਹੈ ਜੋ ਇਹ ਝਿਜਕ ਵਿੱਚ ਦੱਸ ਨਹੀਂ ਰਿਹਾ।

ਪਰ ਕਹਿੰਦੇ ਨੇ ਜੇ ਕੋਈ ਕੁਝ ਪਤਾ ਕਰਨ ਦੀ ਠਾਣ ਲਵੇ ਤਾਂ ਕੁਝ ਵੀ ਲੁਕਿਆ ਨਹੀਂ ਰਹਿੰਦਾ। ਸੋ ਵਿਆਹ ਵਾਲੀ ਗੱਲ ਉਨ੍ਹਾਂ ਨੂੰ ਪਤਾ ਲੱਗ ਗਈ, ਪਰ ਉਨ੍ਹਾਂ ਨੇ ਜਗਦੇਵ ਕੋਲ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ।

ਉਹ ਜਾਣਦੇ ਸਨ ਕਿ ਜਗਦੇਵ ਖ਼ੁਦਦਾਰ ਬੰਦਾ ਹੈ, ਇਸ ਨੇ ਝਿਜਕ ਵਿੱਚ ਕੁਝ ਨਹੀਂ ਮੰਗਣਾ। ਇਸ ਲਈ ਉਨ੍ਹਾਂ ਨੇ ਆਪਣੀ ਪਤਨੀ ਨਾਲ ਸਲਾਹ-ਮਸ਼ਵਰਾ ਕੀਤਾ।

ਵਿਆਹ ਤੋਂ ਚਾਰ ਦਿਨ ਪਹਿਲਾਂ ਜਗਦੇਵ ਸਰਦਾਰ ਜੀ ਕੋਲ ਆਇਆ। ਉਸ ਦੇ ਮਨ ਵਿੱਚ ਚੱਲ ਰਿਹਾ ਸੀ ਕਿ ਛੁੱਟੀ ਅਤੇ ਵਿਆਹ ਦੀ ਗੱਲ ਮਾਲਕ ਕੋਲ ਕਿਸ ਤਰ੍ਹਾਂ ਕਰੇ।

ਸਰਦਾਰ ਜੀ ਨੇ ਆਪ ਹੀ ਉਸ ਦੀ ਮਨੋਦਸ਼ਾ ਸਮਝਦਿਆਂ ਕਿਹਾ, 'ਬਾਈ ਜਗਦੇਵ, ਹੁਣ ਤੂੰ ਕੁਝ ਦਿਨ ਆਪਣੀ ਛੁੱਟੀ ਸਮਝ।' ਜਗਦੇਵ ਨੂੰ ਇੰਨੀ ਗੱਲ ਸੁਣ ਕੇ ਕੰਬਣੀ ਜਿਹੀ ਛਿੜ ਗਈ। ਬੋਲਿਆ, 'ਸਰਦਾਰ ਜੀ, ਕੋਈ ਗਲਤੀ ਹੋ ਗਈ ਮੇਰੇ ਤੋਂ ?'

ਇਸ 'ਤੇ ਜਵਾਬ ਮਿਲਿਆ, 'ਨਹੀਂ ਜਗਦੇਵ, ਗੱਲ ਇਹ ਹੈ ਕਿ ਤੈਨੂੰ ਪਤਾ ਜ਼ੋਰਾਵਰ ਨੇ ਹੁਣ ਕਾਰ ਸਿੱਖ ਲਈ ਹੈ ਤੇ ਉਹ ਜ਼ਿੱਦ ਫੜੀ ਬੈਠਾ ਹੈ ਕਿ ਪਰਸੋਂ ਘੁੰਮਣ ਜਾਣ ਵੇਲੇ ਕਾਰ ਮੈਂ ਹੀ ਚਲਾਊਂਗਾ। ਸੋ ਤੂੰ ਹੁਣ ਚਾਰ ਦਿਨ ਦੀ ਛੁੱਟੀ ਮਾਰ। ਨਾਲੇ ਇੱਕ ਗੱਲ ਹੋਰ... ਉਹ ਆਪਣੀ ਦੂਸਰੀ ਗੱਡੀ ਕਈ ਦਿਨ ਦੀ ਇੰਝ ਹੀ ਖੜ੍ਹੀ ਹੈ। ਆਹ ਫੜ ਪੈਸੇ ਉਸ ਨੂੰ ਚਾਰ-ਪੰਜ ਦਿਨ ਚਲਾ ਕੇ ਸਹੀ ਕਰ ਲਵੀਂ।' ਦੂਸਰੇ ਪਾਸੇ ਖੜ੍ਹੀ ਸਰਦਾਰਨੀ ਨੇ ਵੀ ਅੱਖਾਂ ਹੀ ਅੱਖਾਂ ਵਿੱਚ ਆਪਣੀ ਸਹਿਮਤੀ ਦੇ ਦਿੱਤੀ।

ਫਿਰ ਉਹ ਜ਼ੋਰਾਵਰ ਨੂੰ ਮੁਖਾਤਿਬ ਹੁੰਦਿਆਂ ਬੋਲੇ, 'ਹਾਂ ਪੁੱਤ, ਹੁਣ ਤੂੰ ਵੀ ਦੱਸਦੇ ਜੋ ਅੰਕਲ ਨੂੰ ਦੱਸਣਾ।'

ਜੋਰਾਵਰ ਬੋਲਿਆ, "ਅੰਕਲ ਜੀ, ਇਸ ਵਾਰ ਮਜ਼ਦੂਰ ਦਿਵਸ 'ਤੇ ਇੱਕ ਲਾਟਰੀ ਦੀ ਸਕੀਮ ਆਈ ਸੀ ਬਈ ਜੇ ਕੋਈ ਮਾਲਕ ਆਪਣੇ ਘਰ ਕੰਮ ਕਰਦੇ ਸੇਵਾਦਾਰ ਲਈ ਚਾਹੇ ਤਾਂ ਲਾਟਰੀ ਖਰੀਦ ਸਕਦਾ ਹੈ, ਪਰ ਇਨਾਮ ਉਸ ਸੇਵਾਦਾਰ ਨੂੰ ਹੀ ਮਿਲੇਗਾ। ਇਸ ਲਈ ਇਹ ਫੜੋ ਉਸ ਪਾਸੇ ਖੜ੍ਹੇ ਮੋਟਰ-ਸਾਈਕਲ ਦੀ ਚਾਬੀ।"

ਸਰਦਾਰਨੀ ਨੇ ਜਗਦੇਵ ਦੀਆਂ ਅੱਖਾਂ ਵਿੱਚ ਆਈ ਨਮੀ ਨੂੰ ਵੇਖ ਲਿਆ। ਇਸ ਤੋਂ ਪਹਿਲਾਂ ਕਿ ਮਾਹੌਲ ਭਾਵੁਕਤਾ ਭਰਿਆ ਹੁੰਦਾ ਉਹ ਬੋਲੀ, 'ਚਲੋ ਚਲੋ ਸਰਦਾਰ ਜੀ, ਤੁਸੀਂ ਤਾਂ ਇੱਥੇ ਹੀ ਡੇਰੇ ਲਾ ਲਏ, ਜਾਣ ਦੀ ਤਿਆਰੀ ਨਹੀਂ ਕਰਨੀ ?'

ਜਗਦੇਵ ਚਾਬੀ ਤੇ ਪੈਸੇ ਫੜੀ ਵਾਪਸ ਆਉਂਦਾ ਸੋਚ ਰਿਹਾ ਸੀ ਜਿਸ ਮਜ਼ਦੂਰ ਦੇ ਮਾਲਕ ਅਜਿਹੇ ਨੇਕ-ਦਿਲ ਹੋਣ ਉਸ ਦੀ ਅਕਸਰ ਲਾਟਰੀ ਨਿਕਲ ਹੀ ਆਉਂਦੀ ਹੈ।

**ਅਮ੍ਰਿਤ ਬਰਨਾਲਵੀ**

## ਸੋ ਕਿਉ ਮੰਦਾ ਆਖੀਐ

ਮਨਜੀਤ ਨੂੰ ਵਿਆਹੀ ਆਈ ਨੂੰ ਕੁਝ ਮਹੀਨੇ ਹੋਏ ਸਨ। ਉਸ ਦੀ ਸੱਸ ਕੋਲ ਰੋਜ਼ਾਨਾ ਆਂਢ-ਗੁਆਂਢ ਦੀਆਂ ਔਰਤਾਂ ਦੀ ਕਾਫ਼ੀ ਰੌਣਕ ਰਹਿੰਦੀ। ਮਨਜੀਤ ਦੀ ਸੱਸ ਘਰ ਦਾ ਵੱਡਾ ਦਰਵਾਜ਼ਾ ਖੋਲ ਉੱਥੇ ਮੰਜਾ ਜਾਂ ਕੁਰਸੀ ਡਾਹ ਹੱਥ ਵਿੱਚ ਮਾਲਾ ਫੜ ਕੇ ਬੈਠੀ ਰਹਿੰਦੀ। ਆਉਣ ਜਾਣ ਵਾਲੀਆਂ ਆਂਢਣਾਂ-ਗੁਆਂਢਣਾਂ ਆਪਣਾ ਦਿਲ ਹੌਲਾ ਕਰਨ ਲਈ ਉੱਥੇ ਹੀ ਜੁੜੀਆਂ ਰਹਿੰਦੀਆਂ। ਪਹਿਲਾਂ ਪਹਿਲ ਮਨਜੀਤ ਨੂੰ ਆਪਣੀ ਸੱਸ ਦੀ ਇਹ ਗੱਲ ਅਜੀਬ ਜਾਪੀ, ਪਰ ਹੁਣ ਉਹ ਵੀ ਇਸ ਦੀ ਆਦੀ ਹੋ ਚੁੱਕੀ ਸੀ। ਬਹੁਤਾ ਕਰਕੇ ਮਨਜੀਤ ਉਨ੍ਹਾਂ ਦੀ ਗੱਲਾਂ ਵਿੱਚ ਕੋਈ ਰੁਚੀ ਨਾ ਦਿਖਾਉਂਦੀ ਅਤੇ ਵਿਹਲੇ ਸਮੇਂ ਵਿੱਚ ਆਪਣੇ ਕਮਰੇ ਵਿੱਚ ਬੈਠ ਕੇ ਕੋਈ ਕਿਤਾਬ ਪੜ੍ਹਦੀ ਜਾਂ ਟੀ.ਵੀ. ਦੇਖਦੀ ਰਹਿੰਦੀ।

ਅੱਜ ਤਾਂ ਗੁਆਂਢ ਦੀ ਮਿੰਦਰ ਤਾਈ ਨੂੰ ਉਨ੍ਹਾਂ ਦੇ ਘਰ ਆਇਆਂ ਦੋ ਘੰਟੇ ਹੋ ਚੱਲੇ ਸਨ। ਦੁਪਹਿਰ ਦਾ ਰੋਟੀ-ਟੁੱਕ ਕਰਨ ਲਈ ਜਦੋਂ ਮਨਜੀਤ ਰਸੋਈ 'ਚ ਜਾਣ ਲੱਗੀ ਤਾਂ ਮਿੰਦਰ ਤਾਈ ਨੂੰ ਹਾਲੇ ਤੱਕ ਉੱਥੇ ਬੈਠੀ ਦੇਖ ਕੇ ਹੈਰਾਨ ਹੋਈ। ਉਹ ਰਸੋਈ ਵਿੱਚ ਚਾਹ ਬਣਾਉਣ ਗਈ ਤਾਂ ਮਿੰਦਰ ਤਾਈ ਤੇ ਉਹਦੀ ਸੱਸ ਦੀਆਂ ਗੱਲਾਂ ਉਹਦੇ ਕੰਨਾਂ ਵਿਚ ਪੈਂਦੀਆਂ ਰਹੀਆਂ। 'ਸਾਡੀ ਛੋਟੀ ਅਰਗੀ ਨੂੰਹ ਤਾਂ ਭਾਈ ਵੈਰੀ ਦੁਸ਼ਮਣ ਦੇ ਵੀ ਨਾ ਆਵੇ। ਇਉਂ ਰੋਅਬ ਮਾਰਦੀ ਐ ਜਿਵੇਂ ਮੇਰੀ ਸੱਸ ਹੋਵੇ। ਬਸ ਦਿਨ ਕਟੀਆਂ ਨੇ ਭੈਣੇ !' ਮਿੰਦਰ ਤਾਈ ਉਸ ਦੀ ਸੱਸ ਨੂੰ ਕਹਿ ਰਹੀ ਸੀ। 'ਬੱਸ ਭੈਣੇ ਘਰ ਘਰ ਇਹੋ ਹਾਲ ਐ। ਕੋਈ ਕਹਿ ਦਿੰਦਾ ਤੇ ਕੋਈ ਮੇਰੇ ਅਰਗੀ ਵਿਚਾਰੀ ਚੁੱਪ ਬੈਠੀ ਰਹਿੰਦੀ ਐ ਵਾਹਿਗੁਰੂ ਦਾ ਭਾਣਾ ਮੰਨ ਕੇ। ਸਾਡੀ ਕਿਹੜਾ ਅੰਦਰੋਂ ਨਿਕਲਦੀ ਐ ਸਾਰਾ ਦਿਨ। ਕੀੜਿਆਂ ਆਲੇ ਕੁੱਤੇ ਆਂਗੂ ਅੰਦਰੇ ਪਈ ਰਹੂ।' ਮਨਜੀਤ ਦੀ ਸੱਸ ਵੀ ਮਿੰਦਰ ਦੀਆਂ ਗੱਲਾਂ ਨਾਲ ਆਪਣੀ ਸੁਰ ਰਲਾ ਰਹੀ ਸੀ।

'ਮੇਰੀਆਂ ਵੀ ਤਿੰਨ ਕੁੜੀਆਂ ਨੇ। ਦੇਖ ਲੈ ! ਜੇ ਕਦੇ ਸੱਸ ਮੂਹਰੇ ਖੰਘੀਆਂ ਵੀ ਹੋਣ। ਭਾਈ ! ਸਭ ਕੁਝ ਸੱਸ ਦੇ ਹੱਥ ਵੱਸ ਐ। ਹਿੱਸੇ ਵੀ ਲੈਣੇ ਐ। ਇੱਕ ਆਹ ਸਾਡੇ ਆਈਆਂ ਨੇ, ਸੱਸਾਂ ਬਣ ਬੈਠੀਆਂ ਨੇ। ਜਾਣੀ ਕੀ ਸੁੰਘਾਇਆ ਇਨ੍ਹਾਂ ਨੇ ਮੁੰਡਿਆਂ ਨੂੰ ? ਬਸ ਰੱਬ ਦਾ ਨਾਂ ਲੈ ਕੇ ਲੰਘਾਈ ਜਾਨੀਆਂ।' ਮਿੰਦਰ ਨੇ ਫਿਰ ਨੂੰਹਾਂ ਦੀ ਬੁਰਾਈ ਦੀ ਕਸਰ ਨਾ ਛੱਡੀ। 'ਅੱਜ ਦੇ ਟੈਮ 'ਚ ਰੋਟੀ ਮਿਲੀ ਜਾਂਦੀ ਐ, ਉਹੀ ਨਿਆਮਤ ਐ। ਸਾਡੀ ਬੁੜੀ ਦੇਖਲਾ, ਤੇਰੇ ਸਾਹਮਣੇ ਕਿੰਨਾ ਤੰਗ ਕਰਦੀ ਸੀ ਮੈਨੂੰ। ਫੇਰ ਕਿਹੜੇ ਹਾਲੀਂ ਮਰੀ। ਨਾਲੇ ਜੇ ਕੋਈ ਕਰੂ ਆਪੇ ਭਰੂ।' ਮਨਜੀਤ ਦੀ ਸੱਸ ਨੇ ਆਪਣੀ ਮਰੀ ਸੱਸ ਨੂੰ ਵੀ ਵਿਚ ਘੜੀਸ ਲਿਆ।

'ਆਪਣੇ ਜ਼ਮਾਨੇ ਹੋਰ ਸੀ। ਅੱਜ ਦੀਆਂ ਦੀ ਤਾਂ ਜ਼ੁਬਾਨ ਹੀ ਬਹੁਤ ਲੰਮੀ ਐ। ਸਾਡੀ ਨਿੱਕੀ ਜਦੋਂ ਦੀ ਅੱਡ ਹੋਈ ਐ, ਸੁਖੀ ਵਸਦੀ ਐ। ਸੱਸ ਨੇ ਕਿੱਥੇ ਪੈਰ ਲੱਗਣ ਦੇਣੇ ਸੀ ਉਹਦੇ।' ਮਿੰਦਰ ਤਾਈ ਆਪਣੀਆਂ ਧੀਆਂ ਦੀਆਂ ਸੱਸਾਂ ਦੀ ਵੀ ਖਿੱਚ-ਧੂਹ ਕਰਨ ਲੱਗੀ। 'ਹੇ ਵਾਹਿਗੁਰੂ ! ਤੂੰ ਹੀ ਦੇਖੀਂ।' ਮਨਜੀਤ ਦੀ ਸੱਸ ਨੇ ਆਸਮਾਨ ਵੱਲ ਤੱਕ ਕੇ ਕਿਹਾ।

ਇੰਨੇ ਨੂੰ ਮਨਜੀਤ ਵੀ ਚਾਹ ਲੈ ਕੇ ਆ ਗਈ। 'ਚੱਲ ਭੈਣੇ ! ਆ ਚਾਹ ਪੀ। ਆਪਾਂ ਨੂੰ ਕੀ ? ਜੋ ਕਰੂ, ਸੋ ਭਰੂ। ਨਾਲੇ ਆਪਣੇ ਤਾਂ ਬਾਬੇ ਨਾਨਕ ਨੇ ਕਿਹਾ, ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨੁ।' ਮਨਜੀਤ ਦੀ ਸੱਸ ਚਾਹ ਦੀ ਪਿਆਲੀ ਫੜਾਉਂਦੀ ਹੋਈ ਮਿੰਦਰ ਨੂੰ ਆਖ ਰਹੀ ਸੀ।

ਚਾਹ ਦੇ ਕੇ ਵਾਪਸ ਮੁੜ ਰਹੀ ਮਨਜੀਤ ਸੋਚ ਰਹੀ ਸੀ ਕਿ ਕੀ ਨੂੰਹਾਂ ਬਾਬੇ ਨਾਨਕ ਦੀਆਂ ਤੁਕਾਂ ਦੇ ਅਧੀਨ ਨਹੀਂ ਆਉਂਦੀਆਂ ? ਆਪਣੀ ਸੱਸ ਦੇ ਕਹੇ 'ਸੋ ਕਿਉ ਮੰਦਾ ਆਖੀਐ' ਸ਼ਬਦ ਉਹਦੇ ਕੰਨਾਂ ਵਿੱਚ ਵਾਰ ਵਾਰ ਗੂੰਜ ਰਹੇ ਸਨ। ਰਸੋਈ ਵਿੱਚੋਂ ਉਹ ਆਪਣੀ ਸੱਸ ਦੇ ਹੱਥ 'ਚ ਫੜੀ ਮਾਲਾ ਵੱਲ ਦੇਖ ਰਹੀ ਸੀ।

**ਜਸਵਿੰਦਰ ਕੌਰ ਦੱਧਾਹੂਰ**

## ਪੌਦਾ

ਸੱਥ 'ਚ ਬੈਠੇ ਇਕੱਠ 'ਚ ਅਜੋਕੀ ਗਾਇਕੀ ਬਾਰੇ ਗੱਲਬਾਤ ਦੌਰਾਨ ਇੱਕ ਬਜ਼ੁਰਗ ਨੇ ਖਦਸ਼ਾ ਜ਼ਾਹਰ ਕਰਦਿਆਂ ਕਿਹਾ, 'ਭਾਈ, ਅੱਜ ਕੱਲ ਤਾਂ ਗਾਣਿਆਂ 'ਚ ਬਹੁਤਾ ਗੰਦ-ਮੰਦ ਦਿਖਾਉਣ ਲੱਗ ਪਏ। ਕੀ ਮਜ਼ਾਲ ਹੈ ਬੰਦਾ ਪਰਿਵਾਰ ਨਾਲ ਬੈਠ ਕੇ ਟੈਲੀਵਿਜ਼ਨ ਦੇਖ ਸਕੇ। ਐਨਾ ਨੰਗੇਜ਼ ਪਰੋਸਦੇ ਨੇ, ਬਈ ਰਹੇ ਰੱਬ ਦਾ ਨਾਂਅ। ਸਾਡੇ ਵੇਲੇ ਇੰਨੀ ਗਿਰੀ ਗੱਲ ਨੀਂ ਸੀ ਕਰਦਾ ਕੋਈ।'

'ਫਿਰ ਉਦੋਂ ਕਿੰਨੀ ਕੁ ਸਾਫ਼ ਸੁਥਰੀ ਗਾਇਕੀ ਸੀ ?' ਕੋਲ ਬੈਠੇ ਨੌਜਵਾਨ ਨੇ ਸਵਾਲ ਕੀਤਾ।

'ਬਹੁਤ ਥੋੜ੍ਹੇ ਗਵੱਈਏ ਸਨ ਜੋ ਪੁੱਠਾ ਸਿੱਧਾ ਗਾ ਜਾਂਦੇ ਸਨ,' ਬਾਬੇ ਨੇ ਜਵਾਬ ਦਿੱਤਾ।

'ਬੱਸ ਇਹ ਹੀ ਗੱਲ ਹੈ ਕਿ ਜਿਹੜਾ ਲੱਚਰਤਾ ਦਾ ਪੌਦਾ ਉਹ ਲਾ ਗਏ, ਉਹ ਹੁਣ ਦਰੱਖਤ ਦਾ ਰੂਪ ਧਾਰ ਚੁੱਕਾ ਹੈ।'

ਚਬੂਤਰੇ 'ਤੇ ਬੈਠੇ ਬਿਰਧ ਨੂੰ ਕੋਈ ਗੱਲ ਨਾ ਅਹੁੜੀ ਤੇ ਸ਼ਰਮਿੰਦਗੀ ਜਿਹੀ ਮਹਿਸੂਸ ਕਰਦਾ ਨੀਵੀਂ ਪਾ ਕੇ ਹੱਥ 'ਚ ਫੜੀ ਖੂੰਡੀ ਨਾਲ ਜ਼ਮੀਨ ਝਰੀਟਣ ਲੱਗ ਪਿਆ।

**ਤਸਵਿੰਦਰ ਸਿੰਘ ਬੜੈਚ**

## ਚੋਣ

ਡੀ.ਸੀ. ਨੇ ਤਹਿਸੀਲਦਾਰ ਨੂੰ ਆਦੇਸ਼ ਦਿੱਤਾ: 'ਮਾਂ ਜੀ ਲਈ ਸਾੜੀ ਚਾਹੀਦੀ ਐ।'

'ਠੀਕ ਐ ਸਰ।'

ਤਹਿਸੀਲਦਾਰ ਦਸ ਕੁ ਵਧੀਆ ਸਾੜੀਆਂ ਲੈ ਕੇ ਸ਼ਾਮ ਨੂੰ ਘਰੇ ਪਹੁੰਚਿਆ ਤਾਂ ਡੀ.ਸੀ. ਨੇ ਉਨ੍ਹਾਂ ਵੱਲ ਬਿਨਾਂ ਵੇਖਿਆਂ ਕਹਿ ਦਿੱਤਾ: 'ਠੀਕ ਹੈ, ਰੱਖ ਦੇ।'

ਤਹਿਸੀਲਦਾਰ ਨੇ ਤਾਂ ਸੋਚਿਆ ਸੀ ਕਿ ਇਨ੍ਹਾਂ ਦਸਾਂ 'ਚੋਂ ਕਿਸੇ ਇੱਕ ਦੀ ਚੋਣ ਕਰ ਲਈ ਜਾਵੇਗੀ, ਪਰ...

**ਪ੍ਰੋ. ਨਵਸੰਗੀਤ ਸਿੰਘ**

## ਕੂੜਾ

ਮੈਂ ਜਦ ਵੀ ਸਵੇਰ ਦੀ ਸੈਰ ਨੂੰ ਜਾਂਦਾ ਉਹ ਮੈਨੂੰ ਦੂਰੋਂ ਦੇਖ ਕੇ ਆਪਣੇ ਕਰੇੜੇ ਦੰਦਾਂ ਨਾਲ ਘੁੱਟਵੀਂ ਜਿਹੀ ਮੁਸਕਰਾਹਟ ਦੇ ਕੇ ਸਿਰ ਹਿਲਾਉਂਦਾ ਤੇ ਫਿਰ ਮੇਰੇ ਮੂੰਹੋਂ ਕੁਝ ਨਿਕਲਣ ਦੀ ਤਾਂਘ ਵਿੱਚ ਆਪਣੇ ਚਿਹਰੇ ਦੇ ਹਾਵ-ਭਾਵ ਬਦਲਦਾ ਰਹਿੰਦਾ। ਉਹਦੇ ਕੋਲੋਂ ਲੰਘਦਿਆਂ ਮੈਂ ਉਸ ਨੂੰ 'ਸਤਿ ਸ੍ਰੀ ਅਕਾਲ' ਬੁਲਾਉਂਦਾ ਤੇ ਉਸ ਦਾ ਮੋੜਵਾਂ ਜਵਾਬ ਹੁੰਦਾ 'ਜੈ ਸ਼ਿਵ ਸ਼ੰਕਰ'। ਇਸ ਤੋਂ ਵੱਧ ਨਾ ਮੈਂ ਕੁਝ ਕਹਿੰਦਾ ਤੇ ਨਾ ਉਹ। ਪਰ ਮੈਂ ਤੁਰਿਆ ਜਾਂਦਾ ਇਹ ਸੋਚੀ ਜਾਂਦਾ ਕਿ ਬੰਦਾ ਅਜੀਬ ਐ, ਕੱਟੜਤਾ ਨਾਲ ਭਰਿਆ ਪਿਐ ਤੇ ਹੋਰ ਪਤਾ ਨਹੀਂ ਕਿੰਨੇ ਦੋਸ਼ ਮੈਂ ਉਹਦੇ ਸਿਰ ਮੜ੍ਹਦਾ।

ਉਹ ਦੂਰ ਤੱਕ ਮੈਥੋਂ ਚੋਰੀ ਮੈਨੂੰ ਤੱਕਦਾ, ਗੂੰਗੇ ਅੱਖਰੀਂ ਹਾਕਾਂ ਮਾਰਦਾ ਤੇ ਪਾਰਕ ਦੇ ਬਾਹਰ ਖੜ੍ਹਾ ਬੀੜੀ ਦੇ ਲੰਮੇ-ਲੰਮੇ ਕਸ਼ ਮਾਰਦਾ ਮੈਨੂੰ ਧੂੰਏਂ ਦੇ ਸੁਨੇਹੇ ਘੱਲਦਾ 'ਆ ਮੇਰੇ ਨਾਲ ਕੋਈ ਲੰਮੀ ਬਾਤ ਪਾ।'

ਮੈਨੂੰ ਜਾਪਦਾ ਹੈ ਕਿ ਸਾਡੇ ਦਰਮਿਆਨ... ਸ਼ਾਇਦ ਧਰਮ ਆ ਖੜ੍ਹਦਾ। ਮੈਂ ਸੋਚਦਾ ਕਿ 'ਇਹਨੂੰ ਸਤਿ ਸ੍ਰੀ ਅਕਾਲ ਦਾ ਜਵਾਬ ਦੇਣ ਵਿੱਚ ਕੀ ਸਮੱਸਿਆ ਹੈ। ਇਹ ਮੁਹੱਬਤ ਦੇ ਫਲਸਫ਼ੇ ਤੋਂ ਊਣਾ ਕਿਉਂ ਐ... ?'

ਇਸ ਤਰ੍ਹਾਂ ਮੈਂ ਆਪਣੀ ਹਉਮੈ ਨੂੰ ਉੱਚਾ ਰੱਖਣ ਲਈ ਉਸ ਮੋਟੇ, ਗੰਜੇ ਤੇ ਸਿਆਹ ਰੰਗ ਦੇ ਸਫ਼ਾਈ ਸੇਵਕ ਵਿੱਚ ਅਨੇਕਾਂ ਹੀ ਘਾਟਾਂ ਟੋਲਦਾ ਰਹਿੰਦਾ। ਇਹ ਸਿਲਸਿਲਾ ਕਈ ਮਹੀਨੇ ਚੱਲਿਆ ਤੇ ਨਾਲ ਹੀ ਚਲਦੀ ਰਹੀ ਸਾਡੇ ਚਿਹਰੇ, ਨੈਣਾਂ ਤੇ ਭਾਵਾਂ ਦਰਮਿਆਨ ਸੀਤ ਜੰਗ।

ਤੇ... ਫਿਰ ਕਰੋਨਾ ਕਰਕੇ ਤਾਲਾਬੰਦੀ ਹੋ ਗਈ ਅਤੇ ਸਾਡੀ ਮਿਲਣੀ ਬੰਦ ਹੋ ਗਈ, ਪਰ ਮੇਰੀ ਸੋਚ ਦੇ ਘੋੜਿਆਂ ਦੇ ਪੌੜ ਉਹਦੇ ਝਾੜੂ ਦੀਆਂ ਤੀਲਾਂ ਮਧੋਲਦੇ ਰਹੇ।

ਪੂਰੇ ਸਵਾ ਤਿੰਨ ਮਹੀਨਿਆਂ ਪਿੱਛੋਂ ਮੈਂ ਮੁੜ ਉਹਨੂੰ ਦੂਰੋਂ ਵੇਖਿਆ। ਸਾਡੇ ਦੋਵਾਂ ਦੇ ਚਿਹਰੇ ਇੱਕ ਦੂਜੇ ਨੂੰ ਦੇਖ ਖਿੜ ਗਏ। ਲੱਗਿਆ ਜਿਵੇਂ ਉਹ ਮੈਨੂੰ ਗਲਵਕੜੀ ਪਾ ਲਵੇਗਾ। ਜਦ ਮੈਂ ਨੇੜੇ ਗਿਆ ਤਾਂ ਉਹ ਬਹੁਤ ਭਾਵੁਕ ਜਿਹਾ ਹੋ ਕੇ ਤੇ ਕਾਹਲੀ ਨਾਲ ਬੋਲਿਆ, 'ਸਤਿ ਸ੍ਰੀ ਅਕਾਲ ...ਸਰਦਾਰ ਜੀ।' ਮੇਰੇ ਸਿਰ ਵਿੱਚ ਸੌ ਘੜਾ ਪਾਣੀ ਦਾ ਪੈ ਗਿਆ ਤੇ ਮੈਂ ਅਡੋਲ, ਨਿਸ਼ਬਦ ਖੜ੍ਹਾ ਸਿਰਫ਼ ਸਿਰ ਹਿਲਾ ਸਕਿਆ।

ਉਸ ਦਿਨ ਮੈਂ ਇਲਮ ਦੇ ਘੋੜੇ ਤੋਂ ਉੱਤਰਿਆ ਤੇ ਮੈਨੂੰ ਅਹਿਸਾਸ ਹੋਇਆ ਕਿ ਉਹ ਆਪਣੇ ਹਿੱਸੇ ਦਾ ਕੂੜਾ ਹੂੰਝ ਚੁੱਕਾ ਸੀ ਤੇ ਮੈਂ ਹਾਲੇ ਤੱਕ ਨਾਲ ਹੀ ਚੁੱਕੀ ਫਿਰਦਾ ਸਾਂ।

ਰੂਪ ਸਤਵੰਤ

## ਜ਼ਿੰਮੇਵਾਰੀਆਂ ਦਾ ਬੋਝ...

ਬਾਪੂ ਧਨ ਸਿੰਹੁ ਨੇ ਮੋਰਚੇ ਤੋਂ ਪਰਤਦਿਆਂ ਸਾਰ ਆਪਣੇ ਲਾਡਲੇ ਪੋਤੇ ਨੂੰ ਆਵਾਜ਼ ਮਾਰੀ, 'ਓਏ ਸੁੱਖੂਆ, ਆ ਪੁੱਤ ਮੇਰੀਆਂ ਲੱਤਾਂ ਘੁੱਟ ਤੇ ਹੁਣ ਤੂੰ ਵੀ ਕੱਲ ਨੂੰ ਟਰਾਲੀ ਨਾਲ ਜਾਣ ਦੀ ਤਿਆਰੀ ਕਰ ਲੈ। ਮੇਰੇ ਇਸ ਦੁਨੀਆਂ ਤੋਂ ਜਾਣ ਤੋਂ ਬਾਅਦ ਘਰ ਦੀ ਜ਼ਿੰਮੇਵਾਰੀ ਤੇਰੀ ਐ ਸ਼ੇਰਾ। ਜੇ ਤੇਰਾ ਪਿਉ ਜਿਉਂਦਾ ਹੁੰਦਾ ਤਾਂ...' ਐਨਾ ਆਖ ਬਾਪੂ ਦਾ ਗੱਚ ਭਰ ਆਇਆ ਤੇ ਕਿੰਨਾ ਚਿਰ ਯਾਦ ਕਰਦਾ ਰਿਹਾ ਉਸ ਕੁਲਹਿਣੀ ਘੜੀ ਨੂੰ ਜਦ ਉਸ ਦਾ ਜੁਆਨ ਪੁੱਤ ਕਰਜ਼ੇ ਦੀ ਦਲ-ਦਲ ਵਿੱਚ ਧਸ ਕੇ ਹੱਸਦੇ-ਵੱਸਦੇ ਪਰਿਵਾਰ ਨੂੰ ਛੱਡ ਕੇ ਦੁਨੀਆਂ ਤੋਂ ਸਦਾ ਲਈ ਕੂਚ ਕਰ ਗਿਆ ਸੀ।

ਸੁੱਖੂ ਕਿੰਨਾ ਚਿਰ ਦਾਦੇ ਦੀਆਂ ਲੱਤਾਂ ਘੁੱਟਦਾ ਰਿਹਾ ਤੇ ਦਾਦਾ ਜੁਆਨ ਹੋ ਰਹੇ ਪੋਤੇ ਦੀ ਪਿੱਠ 'ਤੇ ਹੱਥ ਫੇਰ ਕੇ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਨਿਹਾਰਦਾ ਹੋਇਆ ਖ਼ਤਰਨਾਕ ਭਵਿੱਖ ਦੀ ਸੰਭਾਵਨਾ ਨੂੰ ਜ਼ਿਹਨ 'ਚ ਲਿਆ ਕੇ ਹਜ਼ਾਰਾਂ ਤੰਗੀਆਂ-ਤੁਰਸ਼ੀਆਂ ਤੋਂ ਬਾਅਦ ਆਪਣੇ ਹਿੱਸੇ ਦੀ ਬਚੀ-ਖੁਚੀ ਜ਼ਮੀਨ ਸੁੱਖੂ ਦੇ ਨਾਂਅ ਕਰਵਾਉਣ ਦੀਆਂ ਵਿਉਂਤਾਂ ਘੜਦਾ ਹੀ ਨੀਂਦ ਦੇ ਸਮੁੰਦਰ ਵਿੱਚ ਗੋਤੇ ਖਾਣ ਲੱਗਾ।

ਸੁੱਖੂ ਨੇ ਸਵੇਰੇ ਸਾਝਰੇ ਹੀ ਦਾਦੀ ਤੇ ਦਾਦੇ ਨਾਲ ਕੰਮ 'ਚ ਹੱਥ ਵਟਾਉਣ ਤੋਂ ਬਾਅਦ ਚਾਈਂ-ਚਾਈਂ ਟਰਾਲੀ 'ਚ ਬੈਠ ਦਿੱਲੀ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ। ਟਰਾਲੀ ਵਾਲਿਆਂ ਨੇ ਉੱਥੇ ਹਫ਼ਤਾ ਭਰ ਰਹਿਣਾ ਸੀ। ਦਾਦਾ ਦਾਦੀ ਹਰ ਰੋਜ਼ ਸ਼ਾਮ ਨੂੰ ਆਪਣੇ ਦਿਲ ਦੇ ਟੁਕੜੇ ਨਾਲ ਗੱਲਾਂ ਕਰਨ ਤੋਂ ਬਾਅਦ ਬਿਸਤਰੇ 'ਚ ਵੜਦੇ ਸੀ ਤੇ ਸੁੱਖੂ ਨੂੰ ਤਾਕੀਦਾਂ ਕਰਦੇ ਰਹਿੰਦੇ ਕਿ ਏਧਰ-ਓਧਰ ਨਹੀਂ ਜਾਣਾ, ਸਿਰਫ਼ ਆਪਣੇ ਪਿੰਡੋਂ ਗਏ ਚਾਚਿਆਂ, ਤਾਇਆਂ ਦੇ ਨਾਲ ਹੀ ਰਹਿਣਾ ਹੈ। ਅੰਤ ਪਿੰਡੋਂ ਗਈ ਟਰਾਲੀ ਨੇ ਪਿੰਡ ਪਰਤਣ ਦੀ ਤਿਆਰੀ ਕਰ ਲਈ। ਦਾਦੇ ਤੇ ਦਾਦੀ ਦਾ ਚਾਅ ਆਪਣੇ ਪੋਤੇ ਨੂੰ ਮਿਲਣ ਲਈ ਛੱਲਾਂ ਮਾਰ ਰਿਹਾ ਸੀ।

ਇੰਨੇ ਚਿਰ ਨੂੰ ਬਾਪੂ ਧਨ ਸਿੰਹੁ ਨੂੰ ਪਿੰਡੋਂ ਕਿਸੇ ਨੇ ਆ ਕੇ ਖ਼ਬਰ ਦਿੱਤੀ ਕਿ ਸੁੱਖੂ ਹੋਰਾਂ ਦੀ ਟਰਾਲੀ ਦਾ ਐਕਸੀਡੈਂਟ ਹੋ ਗਿਆ। ਬਾਕੀ ਤਾਂ ਸਾਰੇ ਠੀਕ ਨੇ, ਪਰ ਸੁੱਖੂ ਹਸਪਤਾਲ ਵਿੱਚ ਦਾਖ਼ਲ ਹੈ। 'ਵਾਹ ਉਏ ਡਾਢਿਆ ਰੱਬਾ !' ਇੰਨਾ ਆਖ ਬਾਪੂ ਧਨ ਸਿੰਹੁ ਨੇ ਦੁਹੱਥੜ ਮਾਰੀ ਤੇ ਧਰਤੀ 'ਤੇ ਬੈਠ ਮੁੜ ਨਾ ਉੱਠਿਆ...। ਅਗਲੇ ਦਿਨ ਸਿਵਿਆਂ 'ਚ ਬਾਪੂ ਦੀ ਚਿਤਾ ਨੂੰ ਅੱਗ ਦਿਖਾਉਣ ਤੋਂ ਬਾਅਦ ਸੁੱਖੂ ਨੇ ਆਪਣੇ ਦਾਦੇ ਦੇ ਸਿਰ ਦੀ ਪੱਗ ਆਪਣੇ ਜ਼ਖ਼ਮੀ ਸਿਰ 'ਤੇ ਬੰਨ ਕੇ ਮੁੜ ਮੋਰਚੇ 'ਚ ਜਾਣ ਦੀ ਤਿਆਰੀ ਕਰ ਲਈ ਤਾਂ ਕਿ ਬਾਪੂ ਧਨ ਸਿੰਹੁ ਦੇ 'ਘਰ ਦੀ ਜ਼ਿੰਮੇਵਾਰੀ' ਸੰਭਾਲਣ ਵਾਲੇ ਬੋਲ ਪੁਗਾ ਸਕੇ। ਹੁਣ ਫੇਰ ਸੁੱਖੂ ਦਾਦੇ ਦੇ ਕੁੜਤੇ ਪਜਾਮੇ ਨੂੰ ਝੋਲੇ 'ਚ ਪਾ ਸਭ ਤੋਂ ਮੂਹਰੇ ਦਿੱਲੀ ਨੂੰ ਜਾਣ ਵਾਲੀ ਟਰਾਲੀ ਵਿੱਚ ਬੈਠ ਚੁੱਕਿਆ ਸੀ।

**ਮਨਜਿੰਦਰ ਸਿੰਘ ਸਰੌਦ**

## ਮੈਂ ਠੀਕ ਹਾਂ

ਜਨਮ ਤੋਂ ਬਾਅਦ ਕੁਝ ਮਹੀਨੇ ਬੈਠਣਾ, ਰਿੜਨਾ, ਤੁਰਨਾ, ਦੌੜਨਾ ਸਿੱਖਣ ਸਮੇਂ ਡਿੱਗ ਪੈਂਦੇ ਸੀ ਤੇ ਸੱਟਾਂ ਰਗੜਾਂ ਵੀ ਲੱਗ ਜਾਂਦੀਆਂ ਸਨ। ਇਸ 'ਤੇ ਮਾਂ ਆਖਦੀ, 'ਬਿਲਕੁਲ ਠੀਕ ਆ, ਮੇਰੇ ਸ਼ੇਰ ਪੁੱਤਰ।' ਉਸ ਨੇ ਸੱਟ 'ਤੇ ਫੂਕ ਮਾਰਨੀ ਤੇ ਆਖਣਾ, 'ਕੀੜੀ ਦਾ ਆਟਾ ਡੁੱਲ ਗਿਆ।' ਇਉਂ ਸਾਨੂੰ ਸੱਟ ਭੁੱਲ ਜਾਂਦੀ ਸੀ। ਜਦੋਂ ਬਾਲਪਨ ਵਿਚ ਖੇਡਦੇ ਖੇਡਦੇ ਸਾਥੀਆਂ ਨਾਲ ਮੈਦਾਨ ਵਿੱਚ ਡਿੱਗ ਪੈਣਾ ਜਾਂ ਸਾਥੀਆਂ ਨਾਲ ਘਰ ਤੋਂ ਬਾਹਰ ਲੜ ਪੈਣਾ ਤਾਂ ਮਾਂ ਸੱਟਾਂ ਲੱਗੀਆਂ ਹੋਈਆਂ ਵੇਖ ਕੇ ਇਸ ਦਾ ਕਾਰਨ ਪੁੱਛਦੀ। ਇਸ 'ਤੇ ਕਹਿਣਾ ਸ਼ੁਰੂ ਕਰ ਦਿੱਤਾ, 'ਠੀਕ ਹਾਂ ਮਾਂ, ਕੁਝ ਨਹੀਂ ਹੋਇਆ। ਖੇਡਦੇ ਸਮੇਂ ਥੋੜ੍ਹੀ ਸੱਟ ਲੱਗ ਗਈ ਸੀ।' ਸਕੂਲ ਪੜ੍ਹਦੇ ਸਮੇਂ ਸੱਚਮੁੱਚ ਬੁਖ਼ਾਰ, ਢਿੱਡ ਪੀੜ ਜਾਂ ਸਿਰ ਦਰਦ ਹੋਣਾ ਤਾਂ ਮਾਂ-ਬਾਪ ਨੇ ਡਾਕਟਰ ਕੋਲ ਜਾਣ ਲਈ ਕਹਿਣਾ, ਪਰ ਕੌੜੀ ਦਵਾਈ ਜਾਂ ਟੀਕੇ ਦੇ ਦਰਦ ਤੋਂ ਡਰਦਿਆਂ ਆਖ ਦੇਂਦੇ ਸੀ, 'ਮੈਂ ਠੀਕ ਹਾਂ, ਮੈਂ ਨਹੀਂ ਜਾਣਾ ਡਾਕਟਰ ਕੋਲ।' ਚਿੱਠੀ-ਪੱਤਰ ਲਿਖਣਾ ਸਿੱਖਿਆ ਤਾਂ ਚਿੱਠੀ ਦੇ ਆਰੰਭ ਵਿਚ ਰਿਸ਼ਤੇਦਾਰਾਂ ਨੂੰ ਖੁਸ਼ਖਤ ਲਿਖਾਈ ਨਾਲ ਲਿਖਦੇ ਸੀ, 'ਮੈਂ ਇੱਥੇ ਠੀਕ ਹਾਂ ਤੁਹਾਡੀ ਰਾਜ਼ੀ-ਖ਼ੁਸ਼ੀ ਪਰਮਾਤਮਾ ਤੋਂ ਨੇਕ ਭਲੀ-ਭਾਂਤ ਮੰਗਦਾ ਹਾਂ।' ਚਿੱਠੀ-ਤਾਰ ਤੋਂ ਬਾਅਦ ਹੁਣ ਮੋਬਾਈਲ ਦਾ ਯੁੱਗ ਆ ਗਿਆ ਹੈ। ਮੋਬਾਈਲ 'ਤੇ ਹੁਣ ਪਹਿਲਾ ਸ਼ਬਦ ਬੋਲਿਆ ਜਾਂਦਾ ਹੈ, 'ਕੀ ਹਾਲ-ਚਾਲ ਹੈ ?' ਅੱਗੋਂ ਠਾਹ ਜੁਆਬ ਹੁੰਦਾ ਹੈ, 'ਬਿਲਕੁਲ ਠੀਕ ਹਾਂ, ਹੋਰ ਤੁਸੀਂ ਸੁਣਾਓ।' ਅਗਲੇ ਸ਼ਬਦ ਜੇ ਕਿਸੇ ਸਬੰਧੀ ਸੱਜਣ ਨੇ ਬੋਲ ਦਿੱਤੇ, 'ਕੱਲ ਪਤਾ ਲੱਗਾ ਸੀ ਕਿ ਤੂੰ ਬਿਮਾਰ ਏਂ।' ਬਿਮਾਰੀ ਨਾਲ ਹੂੰਗਦੇ ਦੇ ਮੂੰਹ ਵਿੱਚੋਂ ਝੂਠੇ ਬੋਲ ਹੀ ਨਿਕਲ ਜਾਂਦੇ ਹਨ, 'ਤੈਨੂੰ ਕਿਸ ਨੇ ਦੱਸਿਆ ? ਮੈਂ ਤਾਂ ਘਰ ਠੀਕ-ਠਾਕ ਹਾਂ, ਮਾੜਾ ਜਿਹਾ ਬੁਖ਼ਾਰ ਤੇ ਖੰਘ ਹੋਈ ਸੀ।' ਕਈ ਵਾਰ ਤਾਂ ਹਸਪਤਾਲ ਵਿੱਚ ਮੌਤ ਲਾੜੀ ਨਾਲ ਮਰੀਜ਼ ਗੱਲਾਂ ਕਰਦਾ ਹੁੰਦਾ ਹੈ ਤਾਂ ਹਾਲ-ਚਾਲ ਪੁੱਛਣ ਆਏ ਗੁਆਂਢੀ ਜਾਂ ਰਿਸ਼ਤੇਦਾਰ ਨੂੰ ਵੇਖ ਕੇ ਆਖ ਦਿੰਦਾ ਹੈ, 'ਮੈਂ ਠੀਕ ਹਾਂ, ਕੀ ਲੋੜ ਸੀ ਆਉਣ ਦੀ ? ਦੋ ਤਿੰਨ ਦਿਨਾਂ ਤੱਕ ਛੁੱਟੀ ਮਿਲ ਜਾਣੀ ਐ।' ਬਚਪਨ ਤੋਂ ਬੁਢਾਪੇ ਤੱਕ ਦਾ ਜੀਵਨ ਸਫ਼ਰ ਤੈਅ ਕਰਨ ਬਾਅਦ 'ਮੈਂ ਠੀਕ ਹਾਂ' ਬੋਲ ਪੱਕ ਚੁੱਕਾ ਹੈ। ਅੱਜ ਹੱਡ-ਗੋਡੇ ਕਮਜ਼ੋਰ ਹੋ ਗਏ ਹਨ, ਔਖੇ ਹੋ ਕੇ ਤੁਰਿਆ ਜਾਂਦਾ ਹੈ, ਸਾਹ ਚੜ੍ਹਦਾ ਹੈ, ਅੰਦਰਖਾਤੇ ਬੀ.ਪੀ., ਸ਼ੂਗਰ ਤੇ ਕਈ ਬਿਮਾਰੀਆਂ ਨੇ ਘੇਰ ਰੱਖਿਆ ਹੈ। ਅਨੇਕਾਂ ਗੁਆਂਢੀ ਜਾਂ ਸੱਜਣ ਮਿੱਤਰ ਸਵੇਰੇ-ਸ਼ਾਮੀ ਸੈਰ ਕਰਦੇ ਜਾਂ ਗੁਰਦੁਆਰੇ, ਮੰਦਰ ਨੂੰ ਜਾਂਦੇ ਰਾਹ ਵਿੱਚ ਮਿਲ ਜਾਂਦੇ ਹਨ ਤੇ ਹਾਲ-ਚਾਲ ਜ਼ਰੂਰ ਪੁੱਛਦੇ ਹਨ ਤਾਂ ਉਹੀ ਸ਼ਬਦ ਆਪ-ਮੁਹਾਰੇ ਮੂੰਹੋਂ ਨਿਕਲ ਜਾਂਦੇ ਹਨ, 'ਮੈਂ ਠੀਕ ਹਾਂ, ਤੁਹਾਡੇ ਸਾਹਮਣੇ ਤਾਂ ਮੈਂ ਬੜਾ ਸੋਹਣਾ ਤੁਰ-ਫਿਰ ਰਿਹਾ ਹਾਂ।'

**ਹਰਜਿੰਦਰ ਸਿੰਘ ਧਾਮੀ**




## ਪਾਠਕਾਂ ਦਾ ਨਜ਼ਰੀਆ

### ਗੁਰਾਂ ਦਾ ਪੰਜਾਬ ! ਮੰਗਦਾ ਜਵਾਬ ! ਨਾਲੇ ਹਿਸਾਬ !

ਕਿਸਾਨ ਅੰਦੋਲਨ ਜੇਤੂ ਹੋ ਕੇ ਪੰਜਾਬ ਅੰਦਰ ਕਿਸੇ ਖਰੀ ਰਾਜਸੀ ਅਤੇ ਸਮਾਜੀ ਤਬਦੀਲੀ ਦਾ ਮੁਢ ਬੰਨੇ, ਇਸ ਨੂੰ ਤਾਰਪੀਡੋ ਕਰਨ ਲਈ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ ਨੇ ਮੋਦੀ ਸ਼ਾਹ ਦੀ ਸਹਿਮਤੀ ਨਾਲ ਆਪਣੀ ਚੋਣ ਮੁਹਿੰਮ ਵਿੱਢ ਦਿਤੀ ਹੈ। ਕੈਪਟਨ ਵਲੋਂ 16 ਮਾਰਚ ਦੀਆਂ ਅਖਬਾਰਾਂ ਵਿਚ ਆਪਣੀ ਚੋਪੜੀ ਤਸਵੀਰ ਨਾਲ ਪੂਰੇ ਸਫੇ ਦਾ ਦਿੱਤਾ ਗਿਆ ਇਸ਼ਤਿਹਾਰ ਤੇ ਸੁਖਬੀਰ ਸਿੰਘ ਬਾਦਲ ਦੀਆਂ ਚੋਣ ਕਾਰਵਾਈਆਂ ਇਸ ਦਾ ਸਪੱਸ਼ਟ ਸਬੂਤ ਹੈ। 'ਨਵਾਂ ਨਰੋਆ ਪੰਜਾਬ' ਸਿਰਜਣ ਦੇ ਦਿੱਤੇ ਗਏ ਕੇਂਦਰੀ ਨਾਹਰੇ ਨਾਲ ਇਸ਼ਤਿਹਾਰ ਵਿਚ ਸਾਰਿਆਂ ਨੂੰ ਸਾਰਾ ਕੁਝ ਦੇਣ ਦਾ ਵਾਅਦਾ ਕੀਤਾ ਗਿਆ ਹੈ। ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਨੇ ਆਪਣੇ ਵਿਧਾਨ ਸਭਾ ਹਲਕੇ ਜਲਾਲਾਬਾਦ ਇਕ ਇਕੱਠ ਕਰਕੇ ਇਥੋਂ ਆਪ ਚੋਣ ਲੜਨ ਅਤੇ ਵਿਰਸਾ ਸਿੰਘ ਵਲਟੋਹਾ ਨੂੰ ਖੇਮਕਰਨ ਹਲਕੇ ਤੋਂ ਚੋਣ ਲੜਾਉਣ ਦਾ ਐਲਾਨ ਕਰ ਦਿੱਤਾ ਹੈ। 'ਪੰਜਾਬ ਜਵਾਬ ਮੰਗਦਾ ਹੈ' ਦੇ ਕੇਂਦਰੀ ਨਾਹਰੇ ਹੇਠ ਆਪਣੀ ਪਾਰਟੀ ਦੀਆਂ ਚੋਣ ਰੈਲੀਆਂ ਕਰਨ ਦਾ ਪ੍ਰੋਗਰਾਮ ਉਹ ਪਹਿਲਾਂ ਹੀ ਉਲੀਕ ਚੁੱਕਾ ਹੈ।

ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ ਦੀ ਆਰੰਭ ਹੋਈ ਇਸ ਚੋਣ ਮੁਹਿੰਮ ਨੇ ਇਕ ਗੱਲ ਸਪੱਸ਼ਟ ਕਰ ਦਿਤੀ ਹੈ ਕਿ ਜਿਵੇਂ ਮੋਦੀ-ਸ਼ਾਹ ਨੇ ਚੀਨ ਤੋਂ ਡਰ ਕੇ ਪਾਕਿਸਤਾਨ ਤੇ ਮੁਸਲਮਾਨਾਂ ਦੇ ਮਸਲੇ ਬਾਰੇ ਥੁਕ ਕੇ ਚੱਟ ਲਿਆ ਹੈ, ਐਨ ਉਵੇਂ ਹੀ ਉਨਾਂ ਨੇ ਕਿਸਾਨ ਅੰਦੋਲਨ ਨੂੰ ਮਿਲੇ ਰਾਜਸੀ ਹੁੰਗਾਰੇ ਤੋਂ ਡਰ ਕੇ ਬਾਦਲ ਦਲ ਨਾਲ ਸੁਲਾਹ ਕਰ ਲਈ ਹੈ। ਇਸੇ ਡਰ ਵਿਚੋਂ ਉਨਾਂ ਨੇ ਅਮਰਿੰਦਰ ਸਿੰਘ ਨੂੰ ਅਗਲੇ ਮੁਖ ਮੰਤਰੀ ਵਜੋਂ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਕਿ ਨਵਜੋਤ ਸਿੰਘ ਸਿੱਧੂ ਰਾਹੀਂ ਰਾਹੁਲ ਗਾਂਧੀ ਦੇ ਉਭਾਰ ਨੂੰ ਰੋਕਿਆ ਜਾ ਸਕੇ। ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਸਰਕਾਰ ਬਣਾਉਣ ਦੇ ਭਾਜਪਾ ਦੇ ਸਾਰੇ ਦਾਅਵੇ ਥੋਥੇ ਸਾਬਤ ਹੋਏ ਹਨ। ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਹੁਣ ਤਿੰਨੇ ਧਿਰਾਂ ਰਲ ਕੇ ਦੋਸਤਾਨਾ ਮੈਚ ਵਾਂਗ ਲੜਨਗੀਆਂ।

ਮੇਘਾਲਿਆ ਦੇ ਗਵਰਨਰ ਤੇ ਸੀਨੀਅਰ ਭਾਜਪਾ ਆਗੂ ਸਤਿਆਪਾਲ ਮਲਿਕ ਨੇ ਕਿਸਾਨ ਅੰਦੋਲਨ ਬਾਰੇ ਮੋਦੀ-ਸ਼ਾਹ ਨੂੰ ਨੇਕ ਸਲਾਹ ਦਿੱਤੀ ਹੈ ਕਿ ਖੇਤੀ ਕਾਨੂੰਨ ਵਾਪਸ ਲੈ ਕੇ ਅਤੇ ਫਸਲਾਂ ਦੀਆਂ ਘੱਟੋ-ਘੱਟ ਸਹਾਇਕ ਕੀਮਤਾਂ ਨੂੰ ਕਾਨੂੰਨੀ ਰੂਪ ਦੇ ਕੇ ਪੰਜਾਬ ਦੇ ਸਿੱਖ ਕਿਸਾਨਾਂ ਨੂੰ ਸੰਤੁਸ਼ਟ ਕੀਤਾ ਜਾਵੇ। ਮਲਿਕ ਦੇ ਕਹਿਣ ਅਨੁਸਾਰ ਉਸ ਨੇ ਜਦੋਂ ਕਿਸਾਨਾਂ ਨਾਲ ਇਹ ਕੁਝ ਵਾਪਰਦਾ ਵੇਖਿਆ ਤਾਂ ਉਹ ਆਪਣੇ ਆਪ ਨੂੰ ਰੋਕ ਨਾ ਸਕਿਆ ਤੇ ਉਸ ਨੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਵਿਚੋਂ ਖਾਲੀ ਹੱਥ ਨਾ ਮੋੜੋ। ਕਿਉਂਕਿ ਸਿੱਖ ਦੂਜਿਆਂ ਉੱਤੇ ਧੱਕਾ ਨਹੀਂ ਕਰਦੇ ਪਰ ਆਪਣੇ ਨਾਲ ਹੋਏ ਧੱਕੇ ਨੂੰ ਤਿੰਨ ਸੌ ਸਾਲ ਯਾਦ ਰੱਖਦੇ ਹਨ। ਮਲਿਕ ਦੇ ਦੱਸਣ ਅਨੁਸਾਰ ਉਸ ਨੇ ਪ੍ਰਧਾਨ ਮੰਤਰੀ ਦੇ ਚੰਗੇ ਦੋਸਤ ਤੇ ਇਕ ਵੱਡੇ ਪੱਤਰਕਾਰ ਨੂੰ ਵੀ ਇਹ ਕਿਹਾ ਸੀ ਕਿ ਭਰਾਵਾਂ! ਮੈਂ ਆਪਣੀ ਕੋਸ਼ਿਸ਼ ਕੀਤੀ ਹੈ, ਹੁਣ ਤੂੰ ਉਨਾਂ ਨੂੰ ਸਪੱਸ਼ਟ ਕਰ ਦੇ ਕਿ ਇਹ ਗਲਤ ਰਸਤਾ ਹੈ। ਕਿਸਾਨਾਂ ਨੂੰ ਜਲੀਲ ਕਰ ਕੇ ਖਾਲੀ ਵਾਪਸ ਨਾ ਮੋੜੋ। ਪਹਿਲਾਂ ਤਾਂ ਉਹ ਜਾਣਗੇ ਨਹੀਂ ਅਤੇ ਜੇ ਚਲੇ ਗਏ ਤਾਂ ਤਿੰਨ ਸੌ ਸਾਲ ਇਹ ਜਲਾਲਤ ਭੁਲਣਗੇ ਨਹੀਂ। ਮੈਂ ਇੰਦਰਾ ਗਾਂਧੀ ਦੇ ਹਵਾਲੇ ਨਾਲ ਇਹ ਇਸ਼ਾਰਾ ਵੀ ਕੀਤਾ ਸੀ ਕਿ ਸਿੱਖਾਂ ਨਾਲ ਪੰਗਾ ਨਾ ਲੈ। ਜੇ ਇਹ ਕਿਸਾਨ ਅੰਦੋਲਨ ਹੋਰ ਚਲਦਾ ਰਿਹਾ, ਤਾਂ ਮੈਂ ਨਹੀਂ ਜਾਣਦਾ ਕਿ ਤੁਸੀਂ ਸਿੱਖਾਂ ਨੂੰ ਕਿੰਨਾ ਕੁ ਜਾਣਦੇ ਹੋ ਪਰ ਮੈਂ ਜਾਣਦਾ ਹਾਂ। ਅਰੁਨ ਨਹਿਰੂ ਨੇ ਮੈਨੂੰ ਦਸਿਆ ਸੀ ਕਿ ਇੰਦਰਾ ਗਾਂਧੀ ਨੇ ਆਪਣੇ ਫਾਰਮ ਹਾਊਸ ਵਿਚ ਮਹਾਂਮਿਰਤੁੰਜਿਆ ਯੱਗ ਵੀ ਕਰਵਾਇਆ ਸੀ। ਕਿਉਂਕਿ ਉਹ ਜਾਣਦੀ ਸੀ ਕਿ ਉਸਨੇ ਸਿੱਖਾਂ ਦੇ ਸਵੈਮਾਣ ਨੂੰ ਸੱਟ ਮਾਰੀ ਹੈ, ਇਸ ਲਈ ਉਹ ਉਸ ਨੂੰ ਛੱਡਣਗੇ ਨਹੀਂ। ਜਨਰਲ ਵੈਦਿਆ ਪੂਨੇ ਚਲਾ ਗਿਆ ਸੀ, ਫਿਰ ਵੀ ਉਸ ਨੂੰ ਮਾਰ ਦਿੱਤਾ ਗਿਆ। ਮਲਿਕ ਦੇ ਦਸਣ ਅਨੁਸਾਰ 25 ਜਨਵਰੀ ਨੂੰ ਰਾਤ ਦੇ 11 ਵਜੇ ਉਸ ਨੇ ਦਖਲ ਦੇ ਕੇ ਟਿਕੈਤ ਦੀ ਗ੍ਰਿਫਤਾਰੀ ਰੁਕਵਾਈ ਸੀ।

ਭਾਜਪਾ ਆਗੂ ਸਤਿਆਪਾਲ ਮਲਿਕ ਦੇ ਇਸ ਇੰਕਸ਼ਾਫ ਤੋਂ ਬਾਅਦ ਇਸ ਸਚਾਈ ਦੀ ਹੁਣ ਇਕ ਵਾਰ ਫਿਰ ਪੁਸ਼ਟੀ ਹੋ ਗਈ ਹੈ ਕਿ ਖੇਤੀ ਕਾਨੂੰਨਾਂ ਦੇ ਰੂਪ ਵਿਚ ਮੋਦੀ ਸਰਕਾਰ ਦਾ ਪੰਜਾਬ ਉੱਤੇ ਕੀਤਾ ਗਿਆ ਇਹ ਹਮਲਾ ਕਿਵੇਂ ਵੀ ਅਪਰੇਸ਼ਨ ਬਲਿਊ ਸਟਾਰ ਤੋਂ ਘੱਟ ਨਹੀਂ। ਜਿਥੇ ਉਸ ਹਮਲੇ ਦਾ ਨਿਸ਼ਾਨਾ ਪੰਜਾਬ ਤੇ ਸਿੱਖਾਂ ਦੇ ਸਵੈਮਾਣ ਨੂੰ ਕੁਚਲਣਾ ਸੀ, ਉਥੇ ਇਸ ਹਮਲੇ ਦਾ ਨਿਸ਼ਾਨਾ ਪੰਜਾਬ ਤੇ ਸਿੱਖ ਕਿਸਾਨੀ ਦੇ ਆਰਥਿਕ ਆਧਾਰ ਨੂੰ ਤਬਾਹ ਕਰਕੇ ਸਿੱਖ ਕਿਸਾਨੀ ਨੂੰ ਘਸਿਆਰੇ ਬਣਾਉਣਾ ਹੈ। ਪੰਜਾਬ ਦੀ ਸਿੱਖ ਕਿਸਾਨੀ ਇਸ ਗੱਲ ਨੂੰ ਜਾਣਦੀ ਹੈ। ਇਸੇ ਕਰ ਕੇ ਉਹ ਪੂਰੀ ਦ੍ਰਿੜਤਾ ਨਾਲ ਕਿਸਾਨ ਅੰਦੋਲਨ ਦਾ ਸਾਥ ਦੇ ਰਹੀ ਹੈ। ਜਿੰਨਾ ਚਿਰ ਇਸ ਕਿਸਾਨ ਅੰਦੋਲਨ ਦਾ ਫੈਸਲਾ ਨਹੀਂ ਹੁੰਦਾ, ਓਨਾ ਚਿਰ ਪੰਜਾਬ ਅੰਦਰ ਵਿਢੀ ਗਈ ਇਸ ਚੋਣ ਮੁਹਿੰਮ ਦਾ ਕੋਈ ਅਰਥ ਨਹੀਂ।

ਇਸ ਠੱਗ ਮੰਡਲੀ ਨੂੰ ਅਗਾਂਊਂ ਘੇਰਨ ਲਈ 'ਖਾਲੜਾ ਮਿਸ਼ਨ' ਨੇ ਠੀਕ ਨਾਹਰਾ ਦਿੱਤਾ ਹੈ 'ਗੁਰਾਂ ਦਾ ਪੰਜਾਬ ਜਵਾਬ ਮੰਗਦਾ ਹੈ !ਮਲਿਕ ਭਾਗੋਆਂ ਤੇ ਦੁਸ਼ਟਾਂ ਤੋਂ ਹਿਸਾਬ ਮੰਗਦਾ ਹੈ ! ਕਿ ਪੰਜਾਬ ਇਕੱਲਾ ਜਵਾਬ ਹੀ ਨਹੀਂ ਮੰਗਦਾ ਬਲਕਿ ਇਨਾਂ ਤਿੰਨਾਂ ਠੱਗਾਂ ਕੋਲੋਂ ਅਪ੍ਰੈਲ 1978 ਤੋਂ ਲੈ ਕੇ ਹੁਣ ਤਕ ਪੰਜਾਬ ਉਤੇ ਹੋਏ ਵਹਿਸ਼ੀ ਜੁਲਮਾਂ ਦਾ ਹਿਸਾਬ ਵੀ ਮੰਗਦਾ ਹੈ। 1978 ਤੋਂ ਲੈ ਕੇ ਪੰਜਾਬ ਤੇ ਪੰਜਾਬੋਂ ਬਾਹਰ ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖ ਨੌਜਵਾਨਾਂ ਦੇ ਕੀਤੇ ਗਏ ਕਤਲ, ਜੂਨ 1984 ਵਿਚ ਦਰਬਾਰ ਸਾਹਿਬ ਤੇ 32 ਹੋਰਨਾਂ ਗੁਰਦੁਆਰਿਆਂ ਉਤੇ ਕੀਤੇ ਗਏ ਫੌਜੀ ਹਮਲੇ ਦੀ ਉਚ ਪਧਰੀ ਪੜਤਾਲ ਤੇ ਨਵੰਬਰ 1984 ਵਿਚ ਦੇਸ਼ ਅੰਦਰ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਦੀ ਜਾਂਚ ਤੇ ਉਸ ਨਸਲਕੁਸ਼ੀ ਦੇ ਜ਼ਿੰਮੇਵਾਰਾਂ ਨੂੰ ਸਜ਼ਾਵਾਂ ਦੇਣ ਦੀ ਮੰਗ ਅਜੇ ਵੀ ਕਾਇਮ ਹੈ।

ਕੈਪਟਨ ਸਰਕਾਰ ਆਪਣੀ ਚੋਣ ਮੁਹਿੰਮ ਆਰੰਭ ਕਰਨ ਤੋਂ ਪਹਿਲਾਂ ਅੰਬਾਨੀਆਂ, ਅਡਾਨੀਆਂ ਤੇ ਉਨਾਂ ਦੇ ਜੋਟੀਦਾਰਾਂ ਵੱਲੋਂ ਪੰਜਾਬ ਅੰਦਰ ਚਲ ਰਹੇ ਕਾਰੋਬਾਰਾਂ ਸਬੰਧੀ ਵਾਈਟ ਪੇਪਰ ਜਾਰੀ ਕਰੇ ਅਤੇ ਲੋਕਾਂ ਨੂੰ ਇਹ ਜਾਣਕਾਰੀ ਦੇਵੇ ਕਿ ਅਜੋਕੇ ਮਲਿਕ ਭਾਗੋਆਂ ਨਾਲ ਕੌਣ ਖੜਾ ਹੈ ਅਤੇ ਭਾਈ ਲਾਲੋਆਂ ਨਾਲ ਕੌਣ ਖੜਾ ਹੈ। ਪੰਜਾਬ ਸਿਰ ਪੌਣੇ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਕਿਵੇਂ ਚੜ੍ਹਿਆ ਹੈ ਅਤੇ ਨਸ਼ਿਆਂ ਦਾ ਲੱਕ ਤੋੜਨ ਦੀਆਂ ਗੱਲਾਂ ਕਰਨ ਵਾਲੇ ਸਰਕਾਰੀ ਆਗੂ ਸ਼ਰਾਬ ਵੇਚਣ ਦੇ ਧੰਦੇ ਨੂੰ ਕਿਉਂ ਉਤਸ਼ਾਹਿਤ ਕਰ ਰਹੇ ਹਨ। 31 ਹਜ਼ਾਰ ਕਰੋੜ ਰੁਪਏ ਦੇ ਅਨਾਜ ਘੋਟਾਲੇ ਦਾ ਕੀ ਬਣਿਆ ਹੈ ? ਇਸ ਤੋਂ ਪਹਿਲਾਂ ਕਿ ਇਹ ਠੱਗ ਮੰਡਲੀ ਪੰਜਾਬ ਦੇ ਲੋਕਾਂ ਨੂੰ ਇਕ ਵਾਰ ਫਿਰ ਗੁੰਮਰਾਹ ਕਰਨ ਵਿਚ ਸਫਲ ਹੋ ਜਾਏ, ਪੰਜਾਬ ਦੇ ਲੋਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ।ਪੰਜਾਬ ਹਿਤੈਸ਼ੀ ਤੇ ਲੋਕਪੱਖੀ ਤਾਕਤਾਂ ਨੂੰ ਹੁਣ ਤੋਂ ਹੀ ਇਸ ਠੱਗ ਮੰਡਲੀ ਵਿਰੁਧ ਲਾਮਬੰਦ ਹੋਣ ਦੀ ਲੋੜ ਹੈ।

**ਗੁਰਬਚਨ ਸਿੰਘ ਦੇਸ ਪੰਜਾਬ**

### ਭਾਰਤੀ ਲੋਕਤੰਤਰ ਅਤੇ ਅੰਦੋਲਨੀ ਸਾਂਝ

ਲੋਕਤੰਤਰ ਵਿੱਚ ਵਖਰੇਵਿਆਂ ਲਈ ਬਹੁਤ ਸਾਰੀ ਜਗਾ ਹੁੰਦੀ ਹੈ। ਵਿਰੋਧੀ ਬਿਰਤਾਂਤ ਅਤੇ ਆਜ਼ਾਦਾਨਾ ਖ਼ਿਆਲ ਪ੍ਰਗਟਾਵੇ ਦਾ ਅਧਿਕਾਰ ਅਤੇ ਮੰਚ ਹੀ ਲੋਕਤੰਤਰ ਦੇ ਜਿਊਂਦੇ ਹੋਣ ਦੀ ਗਰੰਟੀ ਹੈ, ਪਰ ਕੁਝ ਮੌਲਿਕ ਤੱਥਾਂ ਬਾਰੇ ਸਾਡੀ ਆਮ ਸਹਿਮਤੀ ਹੀ ਅਜਿਹੀ ਜ਼ਰਖੇਜ਼ ਜ਼ਮੀਨ ਦੀ ਜਾਮਨ ਹੋ ਸਕਦੀ ਹੈ।

ਇਹ ਮੁਲਕ ਸਭਨਾਂ ਦਾ ਹੈ ਅਤੇ ਮੁਲਕ ਦੇ ਕੁਝ ਖਾਸ ਬਾਸ਼ਿੰਦਿਆਂ ਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਲਈ ਨਹੀਂ ਕਿਹਾ ਜਾ ਸਕਦਾ- ਇਹ ਮੌਲਿਕ ਤੱਥ ਸਨ, ਪਰ ਹੁਣ ਇਨਾਂ ਉੱਤੇ ਹੀ ਪਾੜਾ ਪੈ ਚੁੱਕਾ ਹੈ। ਅਮਰੀਕਾ ਵਾਂਗ ਭਾਰਤ ਵਿੱਚ ਵੀ ਇਹ ਪਾੜਾ ਮੱਧਵਰਗੀ ਸਰਦੀ-ਪੁਜਦੀ ਜਮਾਤ ਵਿੱਚ ਆ ਚੁੱਕਾ ਹੈ। ਧਿਰਾਂ ਦੇ ਹੁਣ ਆਪੋ ਆਪਣੇ ਤੱਥ ਹਨ।

ਕਿਸੇ ਵੀ ਅੰਦੋਲਨ ਦੇ ਚੜ੍ਹਤ ਵਾਲੇ ਸਮਿਆਂ ਵਿੱਚ ਇੱਕ ਸਵਾਲ ਹਮੇਸ਼ਾ ਪੁੱਛਿਆ ਜਾਂਦਾ ਹੈ - ਸਰਕਾਰ ਕਿੰਨੀ ਦੇਰ ਤੱਕ ਦਬਾਅ ਬਰਦਾਸ਼ਤ ਕਰ ਸਕੇਗੀ ? ਭੀੜਾਂ ਕਿੰਨੀਆਂ ਵੱਡੀਆਂ ਹੋ ਜਾਣ, ਅੰਦੋਲਨ ਕਿੰਨੇ ਸਮੇਂ ਤੱਕ ਟਿਕਿਆ ਰਹੇਗਾ, ਤਾਂ ਹਕੂਮਤ ਲਿਫ਼ ਜਾਵੇਗੀ ?

ਹਕੂਮਤ ਵਾਲੇ ਪਾਸੇ ਖੜੇ ਹੋ ਕੇ ਵੇਖੋ ਤਾਂ ਇਹ ਸਵਾਲ ਵੱਖਰੇ ਢੰਗ ਨਾਲ ਪੁੱਛਿਆ ਜਾਂਦਾ ਹੈ। ਅੰਦੋਲਨੀ ਭੀੜਾਂ ਤੋਂ ਬਿਨਾਂ ਬਾਕੀ ਦੇ ਵਡੇਰੇ ਮੁਲਕ ਵਿੱਚ ਮਸਲੇ ਨੂੰ ਲੈ ਕੇ ਕਿੰਨੀ ਕੁ ਬੇਚੈਨੀ ਹੈ ?

ਹੁਣ ਤਤਕਾਲੀਨ ਵਿੱਤ ਮੰਤਰੀ ਪੀ ਚਿਦੰਬਰਮ ਹੋਰਾਂ ਨੇ ਕੀਰਨੇ ਪਾਏ ਹਨ ਕਿ ਹਿੰਦੋਸਤਾਨੀ ਮੱਧ ਵਰਗ ਵੱਡੇ ਰੂਪ ਵਿੱਚ ਕਿਸਾਨ ਅੰਦੋਲਨ ਨਾਲ ਖੜਾ ਨਹੀਂ ਹੋਇਆ। ਉਨਾਂ ਨੇ ਪਿਛਲੇ ਕੁਝ ਦਹਾਕਿਆਂ ਵਿੱਚ ਮੱਧ ਵਰਗ ਦੇ ਲੋਕ ਸਰੋਕਾਰਾਂ ਤੋਂ ਵਿਛੋੜੇ ਦੀ ਬਾਤ ਪਾਈ ਹੈ ਅਤੇ ਯਾਦ ਕਰਵਾਇਆ ਹੈ ਕਿ ਕਿਵੇਂ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵੀ ਆਪਣੇ ਆਪ ਨੂੰ ਫ਼ਖ਼ਰ ਨਾਲ ਮੱਧ ਵਰਗੀ ਦੱਸਦੇ ਵਪਾਰੀ, ਕਿਸਾਨ, ਜੱਜ, ਵਕੀਲ, ਡਾਕਟਰ, ਇੰਜੀਨੀਅਰ, ਲੇਖਕ, ਐਕਟਰ ਅਤੇ ਹੋਰ ਪ੍ਰੋਫੈਸ਼ਨਲਜ਼ ਰਾਜਨੀਤੀ ਬਾਰੇ ਚੇਤੰਨ ਰਹਿੰਦੇ, ਵਡੇਰੀਆਂ ਬਹਿਸਾਂ ਵਿੱਚ ਦਿਲਚਸਪੀ ਲੈਂਦੇ। ਕਿਸੇ ਲੋਕ ਸਮੂਹ ਨਾਲ ਵੱਡਾ ਧੱਕਾ ਹੁੰਦਾ ਤਾਂ ਚੁਫੇਰੇ ਬੇਚੈਨੀ ਦਾ ਆਲਮ ਪਸਰਦਾ। ਇੰਝ ਹਾਕਮ ਉਤੇ ਦਬਾਅ ਵੱਧਦਾ।

ਚਿਦੰਬਰਮ ਹੋਰੀਂ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਭਾਰਤੀ ਮੱਧ ਵਰਗ ਦਾ ਲੋਕ ਸਰੋਕਾਰਾਂ ਤੋਂ ਉਪਰਾਮ ਹੋ ਜਾਣਾ ਅਤੇ ਆਪਣੇ ਸੁੱਖਾਂ ਤੱਕ ਮਨਫ਼ੀ ਹੋ ਕੇ ਰਹਿ ਜਾਣਾ ਲੋਕਤੰਤਰ ਲਈ ਵੱਡਾ ਖਤਰਾ ਹੈ। ਵੈਸੇ ਚਿਦੰਬਰਮ ਅਤੇ ਉਨਾਂ ਦੀ ਪਾਰਟੀ ਦੀਆਂ ਸਰਕਾਰਾਂ ਦੀਆਂ ਨੀਤੀਆਂ ਅਤੇ ਵਿਕਾਸ ਬਾਰੇ ਸਮਝ ਦਾ ਮੱਧ ਵਰਗ ਦੀ ਲੋਕ-ਸਰੋਕਾਰਾਂ ਤੋਂ ਉਪਰਾਮਤਾ ਵਾਲੇ ਵਰਤਾਰੇ ਨਾਲ ਕੀ ਰਿਸ਼ਤਾ ਹੈ, ਦਿਲਚਸਪ ਮੌਜ਼ੂ ਹੈ ਪਰ ਫ਼ਿਲਹਾਲ ਇਹ ਤਾਂ ਜਾਣੀਏ ਕਿ ਮੱਧ ਵਰਗੀ ਲੋਕਸਮਝ ਦਾ ਨਿਰਮਾਣ ਕਿਵੇਂ ਹੋ ਰਿਹਾ ਹੈ ?

ਸੂਚਨਾ ਤਕਨੀਕ ਇਨਕਲਾਬ ਵਾਲੇ ਇਨਾਂ ਸਮਿਆਂ ਵਿੱਚ ਲੋਕ ਅਨੇਕਾਂ ਚੈਨਲਾਂ, ਮਾਧਿਅਮਾਂ ਅਤੇ ਸਰੋਤਾਂ ਤੋਂ ਤੱਥ ਅਤੇ ਵਿਸ਼ਲੇਸ਼ਣ ਗ੍ਰਹਿਣ ਕਰ ਰਹੇ ਹਨ। ਅਸੀਂ ਜੁੜੇ ਵੀ ਹੋਏ ਹਾਂ ਅਤੇ ਆਪੋ-ਆਪਣੇ ਦਾਇਰਿਆਂ ਦੇ ਕੈਦੀ ਵੀ ਹਾਂ। ਅਕਸਰ ਜਾਂ ਕੇਵਲ ਆਪਣੀ ਕਹਿ ਰਹੇ ਹਾਂ, ਨਹੀਂ ਤਾਂ ਆਪਣੇ ਹੀ ਬਿਆਨੀਏ ਦੀ ਗੂੰਜ ਸੁਣ ਰਹੇ ਹੁੰਦੇ ਹਾਂ। ਅਖ਼ਬਾਰ ਉਹੀ ਪੜਦੇ ਹਾਂ ਜਿਸ ਦਾ ਨਜ਼ਰੀਆ ਸਾਡੀ ਸੋਚ ਨਾਲ ਮਿਲਦਾ ਹੋਵੇ। ਜੇ ਵੱਖਰੀ ਕੋਈ ਕਰੇ ਗੱਲ ਤਾਂ ਉਹ ਨੂੰ ਆਪਣੇ ਸੋਸ਼ਲ ਮੀਡੀਆ, ਸਮਾਜਿਕ ਘੇਰੇ ਜਾਂ ਰਿਸ਼ਤੇਦਾਰਾਂ ਦੀ ਮਹਿਫ਼ਲ 'ਚੋਂ ਬਲੌਕ ਕਰਨ ਦੇ ਮੌਕੇ ਭਾਲਦੇ ਹਾਂ, ਗੱਦਾਰੀ ਦੇ ਸਰਟੀਫਿਕੇਟ ਵੰਡਦੇ ਫਿਰਦੇ ਹਾਂ।

ਇਹ ਰਵੱਈਆ ਇਕ ਸਾਂਝ ਵੀ ਸਿਰਜਦਾ ਹੈ। ਜਦੋਂ ਕਿਸਾਨ ਅੰਦੋਲਨ ਮਘਿਆ ਹੋਇਆ ਹੈ ਤਾਂ ਇਸ ਸਾਂਝ ਨੇ ਬਹੁਤ ਸਾਰੀਆਂ ਉਨਾਂ ਧਿਰਾਂ ਨੂੰ ਵੀ ਅੰਦੋਲਨ ਦੀ ਪਿੱਠ 'ਤੇ ਲਿਆ ਖੜਾ ਕੀਤਾ ਹੈ ਜਿਹੜੀਆਂ ਸੱਜੇ ਖੱਬੇ ਖਿਸਕਣ ਦੀ ਰਾਜਨੀਤੀ ਕਰਦੀਆਂ ਸਨ। ਪੰਜਾਬ ਨੇ ਮੱਧਵਰਗ ਨੂੰ ਵੀ ਆਪਣੇ ਸੁਖ-ਸੰਸਾਰ ਵਿੱਚੋਂ ਨਿਕਲ ਸਿੰਘੂ-ਟੀਕਰੀ ਬਾਰਡਰ ਜਾਣ ਜਾਂ ਬੈਨਰ ਫੜ ਘਰ ਦੇ ਨੇੜਲੇ ਚੌਂਕ ਵਿੱਚ ਖੜਨ ਭੇਜਿਆ ਹੈ।

'ਸਾਰਾ ਦੇਸ਼ ਅੰਦੋਲਨੀ ਹੋ ਗਿਆ ਹੈ' ਵਾਲੀਆਂ ਸੁਰਖ਼ੀਆਂ 'ਚੋਂ ਬਾਹਰ ਨਿਕਲ ਵੇਖੋ। ਬਾਕੀ ਦੇ ਮੁਲਕ ਵਿੱਚ ਇੱਕ ਵੱਖਰੇ ਦਾਇਰੇ ਵਿੱਚ ਰਹਿ ਰਿਹਾ ਮੱਧ ਵਰਗ ਅੰਦੋਲਨ ਨੂੰ ਅਜਬ ਜ਼ਾਵੀਏ ਤੋਂ ਵੇਖ ਰਿਹਾ ਹੈ। ਉਹਦੇ ਬੁਨਿਆਦੀ ਤੱਥ ਕਿਸੇ ਹਿੰਦੂ ਰਾਸ਼ਟਰ ਦੇ ਤਸੱਵਰ 'ਚੋਂ ਆ ਰਹੇ ਹਨ। ਸਿੰਘੂ-ਟੀਕਰੀ ਜੁੜੇ ਲੋਕ ਕਿਸੇ ਹਿਰਦੇ ਸਮਰਾਟ ਦੀ ਰਾਹ ਵਿਚ ਰੋੜਾ ਦਿਖਾਈ ਦੇ ਰਹੇ ਹਨ। 'ਦੇਖੋ ਜੀ, ਰਾਜਧਾਨੀ ਦੇ ਰਾਹ ਰੋਕ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਚੰਗੀ ਗੱਲ ਹੈ ?' 'ਹੁਣ ਜਰਨੈਲੀ ਸੜਕ ਉੱਤੇ ਪੱਕੇ ਘਰ ਬਣਾਉਣਾ ਕੋਈ ਕਿਸਾਨ ਦਾ ਕੰਮ ਹੈ ?' ਵੇਖੋ, ਸਵਾਲ ਕਿੰਨੇ ਸਟੀਕ, ਗੱਲ ਕਿੰਨੀ ਸਾਫ਼ ਹੈ ?

ਸੋਸ਼ਲ ਮੀਡੀਆ ਉੱਤੇ ਉਨਾਂ ਇਕ ਬਿਆਨੀਏ ਨੂੰ ਬਲੌਕ ਕੀਤਾ ਹੋਇਆ ਹੈ। ਉਨਾਂ ਦੀਆਂ ਅਖ਼ਬਾਰਾਂ, ਚੈਨਲ, ਐਂਕਰ ਆਪਣੇ ਹਨ। ਮੁਲਕ ਦੀ ਤਰੱਕੀ ਬਾਰੇ, ਲੋਕਤੰਤਰ ਬਾਰੇ ਵੱਖਰਾ ਤਸੱਵਰ ਹੈ। ਪਤਾ ਨਹੀਂ ਉਨਾਂ ਦੀ ਇਸ ਤੱਥ ਨਾਲ ਵੀ ਸਾਂਝ ਹੈ ਕਿ ਨਹੀਂ ਕਿ ਧਰਤੀ ਗੋਲ ਹੈ।

ਵੈਸੇ ਅਮਰੀਕਾ ਵਿੱਚ ਲੰਮੇ ਸਮੇਂ ਤੋਂ ਇੱਕ ਫਲੈਟ ਅਰਥ ਸੋਸਾਇਟੀ ਸਰਚ ਕਰਦੀ ਆ ਰਹੀ ਹੈ ਜਿਹੜੀ ਦੋ ਹਜ਼ਾਰ ਸਾਲਾਂ ਦੀ ਵਿਗਿਆਨਕ ਸਮਝ ਨੂੰ ਝੂਠ ਦੱਸਦਿਆਂ ਦਾਅਵਾ ਕਰਦੀ ਹੈ ਕਿ ਧਰਤੀ ਗੋਲ ਨਹੀਂ, ਪੱਧਰੀ ਹੈ। ਚਾਰ ਲੱਖ ਲੋਕਾਂ ਦੀ ਅਣਥੱਕ ਮਿਹਨਤ ਅਤੇ ਵਿਗਿਆਨ ਦੀ ਸਿਖਰ ਦਾ ਨਤੀਜਾ ਸੀ ਕਿ 1969 'ਚ ਨੀਲ ਆਰਮਸਟਰਾਂਗ ਨੇ ਚੰਨ 'ਤੇ ਕਦਮ ਧਰਿਆ। ਪਰ ਬਿਲ ਕੇਸਿੰਗ ਨਾਮ ਦੇ ਇੱਕ ਆਦਮੀ ਨੇ ਉਹ ਨੂੰ ਘਸੀਟ ਕੇ ਥੱਲੇ ਲਾਹ ਲਿਆ। ਉਹ ਨੇ ਪ੍ਰਚਾਰ ਕੀਤਾ ਕਿ ਬੰਦਾ ਕਦੀ ਚੰਨ 'ਤੇ ਗਿਆ ਹੀ ਨਹੀਂ। ਸਭ ਧੋਖਾ ਹੈ, 30 ਖਰਬ ਡਾਲਰ ਦਾ ਸਕੈਂਡਲ ਹੈ। ਅਸਰ ਏਡਾ ਕਿ ਅਮਰੀਕਾ ਛੱਡੋ, ਚੰਡੀਗੜ ਵਿੱਚ ਵੀ ਅਮਰੀਕਾ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ, ਪੜੇ-ਲਿਖੇ ਕਾਰਕੁੰਨ ਇਸ 'ਧੋਖੇ' ਬਾਰੇ ਸਾਲ-ਛਿਮਾਹੀ ਕੋਈ ਨਾ ਕੋਈ ਦਸਤਾਵੇਜ਼ੀ ਫ਼ਿਲਮ ਦਿਖਾਉਂਦੇ ਰਹਿੰਦੇ ਹਨ।

ਜੇ ਧਿਰਾਂ ਦੇ ਬੁਨਿਆਦੀ ਤੱਥ ਹੀ ਵੱਖੋ-ਵੱਖਰੇ ਹੋਣਗੇ ਤਾਂ ਤੁਸੀਂ ਚੰਨ 'ਤੇ ਚੜ ਕੇ ਕੀ ਕਰ ਲਵੋਗੇ ? ਸਾਈਆਂ ਨੇ ਧਰਤੀ 'ਤੇ ਹੀ ਚੰਨ ਚਾੜ ਲੈਣਾ ਹੈ। ਕੰਮ ਹਾਲੇ ਵੀ ਜਾਰੀ ਹੈ। ਇਕ ਤਾਂ ਮੋਦੀ ਜੀ ਨੇ ਕੋਰੋਨਾ ਰੋਕ ਲਿਆ ਹੈ, ਟੀਕਾ ਪੁਚਾ ਰਹੇ ਹਨ। ਅਮਰੀਕੀ ਮਰ ਰਹੇ ਹਨ, ਉਹ ਭਾਰਤੀ ਬਚਾ ਰਹੇ ਹਨ। ਦੂਜੇ ਕੋਰੋਨਾ-ਵਰੋਨਾ ਸਭ ਸਾਜ਼ਿਸ਼ ਹੈ। ਟੀਕਾ ਸਾਮਰਾਜਵਾਦੀ ਸ਼ਕਤੀਆਂ ਦੀ ਚਾਲ ਹੈ। ਭਾਰਤ ਮਹਾਨ, ਅਮਰੀਕਾ ਦਾ ਮੰਦਾ ਹਾਲ ਹੈ। ਕਦੀ ਸਰਬ ਸੁੱਖ-ਸੰਪੰਨ ਮੱਧ ਵਰਗ ਸਿਰਜਦੀ ਪਰ ਵੇਲਾ ਵਿਹਾ ਚੁੱਕੀ ਕਾਂਗਰਸ ਨੂੰ ਹੁਣ ਕਿਸੇ ਅੰਦੋਲਨੀ ਮੱਧ ਵਰਗ ਦੀ ਭਾਲ ਹੈ।

**ਐੱਸ ਪੀ ਸਿੰਘ**



# 'ਐਮੀ ਵਿਰਕ ਤੇ ਸੋਨਮ ਬਾਜਵਾ ਦਾ 'ਪੁਆੜਾ'

## ਸੁੰਨੇ ਪਏ ਪੰਜਾਬੀ ਸਿਨੇਮਿਆਂ ਵਿੱਚ ਮੁੜ ਰੌਣਕਾਂ ਲਾਉਣ ਦਾ ਯਤਨ

**ਸੁਰਜੀਤ ਜੱਸਲ**
**9814607737**

ਪੰਜਾਬੀ ਸਿਨੇਮੇ ਦੀ ਚਰਚਿਤ ਜੋੜੀ ਐਮੀ ਵਿਰਕ ਤੇ ਸੋਨਮ ਬਾਜਵਾ ਨੇ ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਸਿਨਮੇ ਨੂੰ ਲਗਾਤਾਰ ਹਿੱਟ ਫ਼ਿਲਮਾਂ ਦਿੱਤੀਆਂ ਹਨ। ਜਿਨਾਂ ਸਦਕਾ ਇਸ ਜੋੜੀ ਨੂੰ ਦਰਸ਼ਕਾਂ ਨੇ ਦਿਲੋਂ ਪਿਆਰ ਦਿੱਤਾ ਹੈ। ਇੱਕ ਸਾਲ ਦੇ ਲਾਕਡਾਊਨ ਦੇ ਵਕਫ਼ੇ ਮਗਰੋਂ ਮਨੋਰੰਜਨ ਦੇ ਸਫ਼ਰ ਨੂੰ ਜਾਰੀ ਰੱਖਦਿਆਂ ਦਰਸ਼ਕਾਂ ਦੀ ਇਹ ਚਹੇਤੀ ਜੋੜੀ ਬਹੁਤ ਜਲਦ ਆਪਣੀ ਨਵੀਂ ਫ਼ਿਲਮ 'ਪੁਆੜਾ' ਲੈ ਕੇ ਆ ਰਹੀ ਹੈ। 'ਪੁਆੜਾ' ਪੰਜਾਬੀ ਜ਼ੁਬਾਨ ਦਾ ਇੱਕ ਪ੍ਰਚੱਲਤ ਸ਼ਬਦ ਹੈ, ਜਿਸ ਨੂੰ ਠੇਠ ਪੰਜਾਬੀ ਵਿੱਚ 'ਪੰਗਾ' ਵੀ ਕਿਹਾ ਜਾਂਦਾ ਹੈ। ਇਸ ਫ਼ਿਲਮ ਦਾ ਵਿਸ਼ਾ ਬਹੁਤ ਹੀ ਦਿਲਚਸਪ ਹੈ। ਜਿਸ ਵਿੱਚ ਕਾਮੇਡੀ, ਰੁਮਾਂਸ,ਪਰਿਵਾਰਕ ਨੋਕ-ਝੋਕ ਤੇ ਦਿਲਾਂ ਨੂੰ ਛੂਹ ਜਾਣ ਵਾਲਾ ਸੰਗੀਤ ਹੈ। ਦੋ ਦਿਲਾਂ ਦੀ ਆਪਸੀ ਗਿਟ-ਮਿਟ ਹੈ ਫ਼ਿਰ 'ਪੁਆੜਾ' ਕਿਵੇਂ ਤੇ ਕਿਉਂ ਪੈਂਦਾ ਹੈ ?

ਏ ਐਂਡ ਏ ਪਿਕਚਰਜ਼' ਅਤੇ ਜ਼ੀ ਸਟੂਡੀਓਜ਼ ਦੀ ਪੇਸ਼ਕਸ਼ ਇਸ ਫ਼ਿਲਮ ਦਾ ਨਿਰਦੇਸ਼ਨ



ਰੁਪਿੰਦਰ ਚਾਹਲ ਨੇ ਕੀਤਾ ਹੈ ਤੇ ਕਹਾਣੀ ਤੇ ਸਕਰੀਨ ਪਲੇਅ ਬਲਵਿੰਦਰ ਸਿੰਘ ਜੰਜੂਆਂ, ਰੁਪਿੰਦਰ ਚਾਹਲ ਤੇ ਅਨਿਲ ਰੋਧਨ ਨੇ ਮਿਲ ਕੇ ਲਿਖਿਆ ਹੈ ਜਦਕਿ ਫ਼ਿਲਮ ਦੇ ਡਾਇਲਾਗ ਰਾਕੇਸ਼ ਧਵਨ ਨੇ ਲਿਖੇ ਹਨ। ਐਮੀ ਵਿਰਕ, ਸੋਨਮ ਬਾਜਵਾ, ਸੀਮਾ ਕੌਸ਼ਲ, ਹਰਦੀਪ ਗਿੱਲ, ਅਨੀਤਾ ਦੇਵਗਣ, ਸੁਖਵਿੰਦਰ ਚਹਿਲ, ਬਲਵਿੰਦਰ ਬੁਲਟ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਗੀਤ ਹੈਪੀ ਰਾਏਕੋਟੀ ਤੇ ਹਰਮਨਜੀਤ ਸਿੰਘ ਨੇ ਲਿਖੇ ਹਨ। ਇਸ ਫ਼ਿਲਮ ਦਾ ਨਿਰਮਾਣ ਬ੍ਰੇਟ ਫ਼ਿਲਮਜ਼ ਵਲੋਂ ਕੀਤਾ ਗਿਆ ਹੈ। ਇਸ ਫ਼ਿਲਮ ਦੇ ਨਿਰਮਾਤਾ ਅਤੁੱਲ ਭੱਲਾ, ਪਵਨ ਗਿੱਲ, ਅਨੁਰਾਗ ਸਿੰਘ, ਅਮਨ ਗਿੱਲ ਅਤੇ ਬਲਵਿੰਦਰ ਸਿੰਘ ਜੰਜੂਆ ਹਨ। ਜ਼ੀ ਸਟੂਡੀਓਜ਼ ਵਲੋਂ ਸਾਰੇ ਵਿਸ਼ਵ ਵਿਆਪੀ ਅਧਿਕਾਰ ਹਾਸਲ ਕਰਕੇ ਇਸ ਫ਼ਿਲਮ ਨੂੰ ਵੱਡੀ ਪੱਧਰ 'ਤੇ ਰਿਲੀਜ਼ ਕਰਨ ਦੀ ਤਿਆਰੀ ਕੀਤੀ ਗਈ ਹੈ। ਨਿਰਮਾਤਾ ਅਤੁੱਲ ਭੱਲਾ ਬਾਰੇ ਕਹਿ ਸਕਦੇ ਹਾਂ ਕਿ ਇਹ ਹਮੇਸ਼ਾ ਹੀ ਸਮਾਜ ਨਾਲ ਜੁੜੀਆਂ ਮਿਆਰੀ ਤੇ ਮਨੋਰੰਜਨ ਭਰਪੂਰ ਫ਼ਿਲਮਾਂ ਬਣਾਉਣ ਵਿਚ ਵਿਸ਼ਵਾਸ ਰੱਖਦੇ ਹਨ ਜੋ ਹਰ ਪੱਖੋਂ ਦਰਸ਼ਕਾਂ ਦੀ ਪਸੰਦ 'ਤੇ ਖਰੀਆਂ ਹੋਣ। ਇਸੇ ਕਰਕੇ ਉਨਾਂ ਦੀ ਸਮੁੱਚੀ ਟੀਮ ਇੱਕ ਸਵੱਲੀ ਸੋਚ ਨਾਲ ਚੰਗੇ ਸਿਨੇਮੇ ਦੀ ਉਸਾਰੀ ਵਿਚ ਲੱਗੀ ਹੋਈ ਹੈ। ਹਲਕੇ, ਦੋਹਰੇ ਅਰਥੀ ਚੁਟਕਲਿਆਂ ਵਾਲੀ ਕਾਮੇਡੀ ਤੋਂ ਇਨਾਂ ਨੇ ਹਮੇਸ਼ਾ ਹੀ ਦੂਰੀ ਬਣਾ ਕੇ ਰੱਖੀ ਹੈ। 2 ਅਪ੍ਰੈਲ ਨੂੰ ਰਿਲੀਜ਼ ਹੋ ਰਹੀ ਇਹ ਫ਼ਿਲਮ ਸੁੰਨੇ ਪਏ ਪੰਜਾਬੀ ਸਿਨੇਮਿਆਂ ਵਿੱਚ ਮੁੜ ਰੌਣਕਾਂ ਲਾਉਣ ਦਾ ਇੱਕ ਸ਼ਲਾਘਾਯੋਗ ਯਤਨ ਹੈ।

# ਕਬੱਡੀ ਖਿਡਾਰੀ ਰਹੇ ਦਰਸ਼ਨ ਸਿੰਘ ਸੂੱਬੀ ਦੀ ਮੌਤ

## ਖੇਡ ਜਗਤ 'ਚ ਸੋਗ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੇ ਵਸਨੀਕ ਪਿੰਡ ਜਖੇਪਾਲ (ਸੰਗਰੂਰ) ਦੇ ਜੰਮਪਲ ਰਾਸ਼ਟਰੀ ਚੈਂਪੀਅਨ ਕਬੱਡੀ ਖਿਡਾਰੀ ਦਰਸ਼ਨ ਸਿੰਘ ਸੂਬੀ (60) ਦੀ ਸੰਖੇਪ ਬਿਮਾਰੀ ਕਾਰਨ ਮੌਤ ਹੋ ਗਈ। ਜਿਸ ਦਾ ਖੇਡ ਜਗਤ ਵਿਚ ਅਫ਼ਸੋਸ ਪ੍ਰਗਟ ਕੀਤਾ ਜਾ ਰਿਹਾ ਹੈ। ਉਹ ਪਿਛਲੇ 3 ਸਾਲਾਂ ਤੋਂ ਸਿਆਟਲ ਵਿਚ ਆਪਣੇ ਭਾਣਜੇ ਚਰਨਜੀਤ ਪਿੰਟੂ ਪਾਸ ਰਹਿ ਰਹੇ ਸਨ ਅਤੇ ਉਨਾਂ ਦੀ ਪਤਨੀ ਲਾਜਦੀਪ ਕੌਰ ਤੇ ਇਕ ਲੜਕੀ ਨਵਜੋਤ ਕੌਰ ਜੋਤੀ ਤੇ ਇਕ ਲੜਕਾ ਅਕਾਸ਼ਦੀਪ ਸਿੰਘ ਕੈਲੀਫੋਰਨੀਆ ਵਿਚ ਰਹਿ ਰਹੇ ਹਨ। ਕਬੱਡੀ ਖੇਡ ਪ੍ਰਮੋਟਰ ਚੰਨਾ ਆਲਮਗੀਰ, ਕਾਲਾ ਗਾਜ਼ੀਆਂ, ਲੱਖਾ ਗਾਜ਼ੀਪੁਰ, ਤੀਰਥ ਗਾਖਲ ਤੋਂ ਇਲਾਵਾ ਕੁਲਵੰਤ ਸਿੰਘ ਸ਼ਾਹ, ਦਰਸ਼ਨ ਸਿੰਘ ਬੱਬੀ ਬੜਾ ਪਿੰਡ, ਜਗਜੀਤ ਸਿੰਘ ਘੋਨਾ ਸਮੇਤ ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਅਫ਼ਸੋਸ ਪ੍ਰਗਟ ਕੀਤਾ। ਦਰਸ਼ਨ ਸਿੰਘ ਸੂਬੀ ਸਪੋਰਟਸ ਸਕੂਲ ਜਲੰਧਰ ਵਿਚ ਪਹਿਲੀ ਵਾਰ ਨੈਸ਼ਨਲ ਚੈਂਪੀਅਨ ਬਣੇ ਅਤੇ ਲੰਮਾ ਸਮਾਂ ਦੇਸ਼ ਵਿਦੇਸ਼ ਖੇਡ ਮੇਲਿਆਂ ਦਾ ਸ਼ਿੰਗਾਰ ਰਹੇ।

# ਬਿਲੀ ਜੀਨ ਕਿੰਗ ਕੱਪ ਵਿਸ਼ਵ ਗਰੁੱਪ ਪਲੇਆਫ ਦੇ ਮੈਚ ਅਗਲੇ ਮਹੀਨੇ

## ਸਾਨੀਆ ਤੇ ਅੰਕਿਤਾ ਟੈਨਿਸ ਦੀ ਕਰਨਗੀਆਂ ਅਗਵਾਈ

**ਨਵੀਂ ਦਿੱਲੀ/ਏ.ਟੀ.ਨਿਊਜ਼:** ਤਜਰਬੇਕਾਰ ਖਿਡਾਰਨ ਸਾਨੀਆ ਮਿਰਜ਼ਾ ਤੇ ਦੇਸ਼ ਦੀ ਚੋਟੀ ਦੀ ਰੈਂਕਿੰਗ ਵਾਲੀ ਸਿੰਗਲਜ਼ ਟੈਨਿਸ ਖਿਡਾਰਨ ਅੰਕਿਤਾ ਰੈਨਾ ਲਾਤਵੀਆ ਖ਼ਿਲਾਫ਼ ਅਗਲੇ ਮਹੀਨੇ ਹੋਣ ਵਾਲੇ ਬਿਲੀ ਜੀਨ ਕਿੰਗ ਕੱਪ ਵਿਸ਼ਵ ਗਰੁੱਪ ਪਲੇਆਫ ਵਿਚ ਭਾਰਤ ਦੀ ਚੁਣੌਤੀ ਦੀ ਅਗਵਾਈ ਕਰਨਗੀਆਂ। ਸਰਬ ਭਾਰਤੀ ਟੈਨਿਸ ਸੰਘ (ਏਆਈਟੀਏ) ਨੇ ਮੰਗਲਵਾਰ ਨੂੰ ਟੂਰਨਾਮੈਂਟ ਲਈ ਪੰਜ ਮੈਂਬਰੀ ਟੀਮ ਦਾ ਐਲਾਨ ਕੀਤਾ। ਟੀਮ 'ਚ ਸਾਨੀਆ ਤੇ ਅੰਕਿਤਾ ਤੋਂ ਇਲਾਵਾ ਕਰਮਨ ਕੌਰ ਥਾਂਡੀ, ਨੌਜਵਾਨ ਜੀਲ ਦੇਸਾਈ ਤੇ ਰੁਤੁਲਾ ਭੋਸਲੇ ਨੂੰ ਵੀ ਥਾਂ ਮਿਲੀ ਹੈ। ਪਿਛਲੇ ਸਾਲ ਟੀਮ ਦੀ ਮੈਂਬਰ ਰਹੀ ਰੀਆ ਭਾਟੀਆ ਟੀਮ ਵਿਚ ਰਿਜ਼ਰਵ ਖਿਡਾਰਨ ਹੋਵੇਗੀ। ਟੀਮ ਦੀ ਕਪਤਾਨੀ



ਵਿਸ਼ਾਲ ਉੱਪਲ ਨੂੰ ਸੌਂਪੀ ਗਈ ਹੈ। ਇਹ ਦੋ ਦਿਨਾ ਮੁਕਾਬਲਾ 16 ਅਪ੍ਰੈਲ ਤੋਂ ਜੁਰਮਾਲਾ ਦੇ ਲਾਇਲੁਪੇ ਦੇ ਰਾਸ਼ਟਰੀ ਟੈਨਿਸ ਕੇਂਦਰ ਦੇ ਇੰਡੋਰ ਹਾਰਡ ਕੋਰਟ 'ਤੇ ਖੇਡਿਆ ਜਾਵੇਗਾ। ਮਰਦਾਂ ਦੇ ਡੇਵਿਸ ਕੱਪ ਵਿਚ ਦੋ ਸਿੰਗਲਜ਼ ਮੁਕਾਬਲਿਆਂ ਤੋਂ ਬਾਅਦ ਡਬਲਜ਼ ਤੇ ਫਿਰ ਦੋ ਰਿਵਰਸ ਸਿੰਗਲਜ਼ ਖੇਡੇ ਜਾਂਦੇ ਹਨ ਜਦਕਿ ਬਿਲੀ ਜੀਨ ਕੱਪ ਫਾਰਮੈਟ ਵਿਚ ਡਬਲਜ਼ ਸਭ ਤੋਂ ਆਖ਼ਰ ਵਿਚ ਖੇਡਿਆ ਜਾਵੇਗਾ। ਇਸ ਕਾਰਨ ਸਾਨੀਆ ਦਾ ਤਜਰਬਾ ਤਦ ਕੰਮ ਆਵੇਗਾ ਜਦ ਹੋਰ ਭਾਰਤੀ ਖਿਡਾਰੀ ਮੁਕਾਬਲੇ ਨੂੰ ਆਖ਼ਰੀ ਮੈਚ ਤੱਕ ਲੈ ਕੇ ਜਾਣਗੇ। ਭਾਰਤ ਲਈ ਇਹ ਮੁਕਾਬਲਾ ਕਾਫ਼ੀ ਸਖ਼ਤ ਹੋਵੇਗਾ ਕਿਉਂਕਿ ਉਮੀਦ ਹੈ ਕਿ ਲਾਤਵੀਆ ਦੀ ਚੁਣੌਤੀ ਦੀ ਅਗਵਾਈ ਸਾਬਕਾ ਫਰੈਂਚ ਓਪਨ ਚੈਂਪੀਅਨ ਤੇ ਦੁਨੀਆ ਦੀ 53ਵੇਂ ਨੰਬਰ ਦੀ ਖਿਡਾਰਨ ਯੇਲੇਨਾ ਓਸਤਾਪੇਂਕੋ ਕਰੇਗੀ ਜਦਕਿ ਅਮਰੀਕੀ ਓਪਨ 2018 ਦੇ ਸੈਮੀਫਾਈਨਲ ਵਿਚ ਪੁੱਜੀ ਦੁਨੀਆ ਦੀ 56ਵੇਂ ਨੰਬਰ ਦੀ ਅਨਾਸਤਾਸੀਆ ਸੇਵਾਸਤੋਵਾ ਉਨਾਂ ਦਾ ਸਾਥ ਦੇਵੇਗੀ। ਫਰਵਰੀ 2018 ਵਿਚ ਸੇਵਾਸਤੋਵਾ ਦੀ ਵਿਸ਼ਵ ਰੈਂਕਿੰਗ 11 ਸੀ। ਵਿਸ਼ਵ ਗਰੁੱਪ ਪਲੇਆਫ ਨੂੰ ਇਸ ਤੋਂ ਪਹਿਲਾਂ ਫੈਡ ਕੱਪ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਟੂਰਨਾਮੈਂਟ ਨੂੰ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਦੋ ਵਾਰ ਮੁਲਤਵੀ ਕੀਤਾ ਜਾ ਚੁੱਕਾ ਹੈ।






# ਕਰਨਾਟਕਾ ਦੇ ਗ੍ਰਹਿ ਮੰਤਰੀ ਨੇ ਕਿਹਾ, ਐੱਸਆਈਟੀ ਅਸ਼ਲੀਲ ਸੀਡੀ ਕਾਂਡ ਦੀ ਜਲਦ ਤੋਂ ਜਲਦ ਕਰੇਗੀ ਜਾਂਚ

## ਮਾਮਲਾ ਸੈਕਸ ਫਾਰ ਜਾਬ 'ਚ ਭਾਜਪਾ ਵਿਧਾਇਕ ਤੇ ਸਾਬਕਾ ਮੰਤਰੀ ਰਮੇਸ਼ ਜਰਕੀਹੋਲੀ ਉਪਰ ਧੱਬਾ ਲੱਗਣ ਦਾ

**ਬੈਂਗਲੁਰੂ/ਏ.ਟੀ.ਨਿਊਜ਼:** ਕਰਨਾਟਕ ਦੇ ਗ੍ਰਹਿ ਮੰਤਰੀ ਬਸਾਵਰਾਜ ਬੋਮੰਈ ਨੇ ਕਿਹਾ ਕਿ ਉਨਾਂ ਨੇ ਵਿਸ਼ੇਸ਼ ਜਾਂਚ ਦਲ (ਐੱਸਆਈਟੀ) ਨੂੰ ਸੈਕਸ ਫਾਰ ਜਾਬ ਮਾਮਲੇ 'ਚ ਭਾਜਪਾ ਵਿਧਾਇਕ ਤੇ ਸਾਬਕਾ ਮੰਤਰੀ ਰਮੇਸ਼ ਜਰਕੀਹੋਲੀ ਦਾ ਅਕਸ ਕਥਿਤ ਤੌਰ 'ਤੇ ਖ਼ਰਾਬ ਕਰਨ ਦੇ ਯਤਨ ਦੀ ਜਾਂਚ ਛੇਤੀ ਤੋਂ ਛੇਤੀ ਕਰਨ ਦੇ ਹੁਕਮ ਦਿੱਤੇ ਹਨ। ਬੋਮੰਈ ਨੇ ਕਿਹਾ ਕਿ ਅਸੀਂ ਜਾਂਚ ਲਈ ਕੋਈ ਸਮਾਂ ਹੱਦ ਨਹੀਂ ਦੇ ਸਕਦੇ। ਹਾਲਾਂਕਿ ਜੋ ਕੁਝ ਹੋਇਆ ਉਸ ਬਾਰੇ ਸੂਬੇ ਦੇ ਲੋਕਾਂ ਨੂੰ ਸੂਚਨਾ ਦੇਣ ਦੇ ਮੱਦੇਨਜ਼ਰ ਮੈਂ ਪੁਲਿਸ ਨੂੰ ਛੇਤੀ ਤੋਂ ਛੇਤੀ ਜਾਂਚ ਕਰਨ ਦਾ ਨਿਰਦੇਸ਼ ਦਿੱਤਾ ਹੈ। ਉਨਾਂ ਕਿਹਾ ਕਿ ਜੇਕਰ ਐੱਸਆਈਟੀ ਨੂੰ ਠੀਕ ਲੱਗੇ ਤਾਂ ਉਹ ਮੁੱਢਲੀ ਜਾਂਚ ਦੇ ਆਧਾਰ 'ਤੇ ਐੱਫਆਈਆਰ ਦਰਜ ਕਰ ਸਕਦੀ ਹੈ।

ਗ੍ਰਹਿ ਮੰਤਰੀ ਨੇ ਇਕ ਸਮਾਜਿਕ ਵਰਕਰ ਦੇ ਸੈਕਸ ਫਾਰ ਜਾਬ ਦੋਸ਼ਾਂ ਦੀ ਜਾਂਚ ਲਈ ਐੱਸਆਈਟੀ ਗਠਿਤ ਕਰਨ ਦਾ ਐਲਾਨ ਕੀਤਾ ਸੀ। ਇਨਾਂ ਦੋਸ਼ਾਂ ਕਾਰਨ ਜਰਕੀਹੋਲੀ ਨੂੰ ਤਿੰਨ ਮਾਰਚ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ। ਜਰਕੀਹੋਲੀ ਦਾ ਕਹਿਣਾ ਸੀ ਕਿ ਇਤਰਾਜ਼ਯੋਗ ਵੀਡੀਓ ਕਲਿਪਸ ਜ਼ਰੀਏ ਉਨਾਂ ਦਾ ਅਕਸ ਖ਼ਰਾਬ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। ਜਰਕੀਹੋਲੀ ਖ਼ਿਲਾਫ਼ ਸ਼ਿਕਾਇਤ ਦਰਜ ਕਰਨ ਦੇ ਹਫ਼ਤੇ ਭਰ ਦੇ ਅੰਦਰ ਵਰਕਰਾਂ ਨੇ ਸ਼ਿਕਾਇਤ ਵਾਪਸ ਲੈਣ



ਦਾ ਐਲਾਨ ਕੀਤਾ ਸੀ। ਇਨਾਂ ਦੋਸ਼ਾਂ ਕਾਰਨ ਜਰਕੀਹੋਲੀ ਨੂੰ ਤਿੰਨ ਮਾਰਚ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ।

**ਭਾਜਪਾ ਲੀਡਰ ਨਾਲ ਸੈਕਸ ਸੀਡੀ ਵਿਚ ਦਿਖਣ ਵਾਲੀ ਲੜਕੀ ਗਾਇਬ**

**ਕੁੜੀ ਦੇ ਪਿਤਾ ਨੇ ਸ਼ਿਕਾਇਤ ਦਰਜ ਕਰਵਾਈ**

ਕਰਨਾਟਕ ਸੈਕਸ ਸੀਡੀ ਕਾਂਡ ਵਿਚ ਬੀਜੇਪੀ ਲੀਡਰ ਤੇ ਸਾਬਕਾ ਜਲ ਸੰਸਾਧਨ ਮੰਤਰੀ ਰਮੇਸ਼ ਜਾਰਕੀਹੋਲੀ ਨਾਲ ਵੀਡੀਓ ਵਿਚ ਦਿਖਾਈ ਦੇਣ ਵਾਲੀ ਲੜਕੀ ਗਾਇਬ ਹੋ ਗਈ ਹੈ। ਇਸ ਤੋਂ ਬਾਅਦ ਉਸ ਦੇ ਪਿਤਾ ਨੇ ਪੁਲਿਸ ਕੋਲ ਧੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਹੈ। ਸੀਡੀ ਦੇ ਸਾਹਮਣੇ ਆਉਣ ਮਗਰੋਂ ਜਾਰਕੀਹੋਲੀ ਨੇ ਅਸਤੀਫਾ ਦੇ ਦਿੱਤਾ ਸੀ। ਉਨਾਂ ਦਾ ਦਾਅਵਾ ਸੀ ਕਿ ਇਹ ਉਨਾਂ ਖਿਲਾਫ ਸਾਜ਼ਿਸ਼ ਹੈ ਤੇ ਉਨਾਂ ਨੂੰ ਫਸਾਇਆ ਗਿਆ ਹੈ। ਲਾਪਤਾ ਲੜਕੀ ਦੇ ਪਿਤਾ ਨੇ ਦੱਸਿਆ ਕਿ ਦੋ ਮਾਰਚ ਤੋਂ ਬਾਅਦ ਉਹ ਆਪਣੀ ਧੀ ਨੂੰ ਨਹੀਂ ਮਿਲੇ। ਜਿਸ ਦਿਨ ਟੀ ਵੀ ਚੈਨਲਾਂ ਨੇ ਅਸ਼ਲੀਲ ਸੀਡੀ ਚਲਾਈ ਸੀ, ਉਸ ਦਿਨ ਤੋਂ ਉਹ ਲਾਪਤਾ ਹੈ। ਉਨਾਂ ਦਾਅਵਾ ਕੀਤਾ ਕਿ ਉਨਾਂ ਦੀ ਧੀ ਨੂੰ ਬੈਂਗਲੁਰੂ ਵਿਚ ਅਗਵਾ ਕੀਤਾ ਗਿਆ ਹੈ ਤੇ ਕਿਸੇ ਗੁਪਤ ਥਾਂ 'ਤੇ ਬੰਧਕ ਬਣਾ ਕੇ ਰੱਖਿਆ ਗਿਆ ਹੈ।ਉਨਾਂ ਸ਼ਿਕਾਇਤ ਵਿਚ ਕਿਹਾ ਕਿ ਉਸ ਨੂੰ ਨਕਲੀ ਅਸ਼ਲੀਲ ਵੀਡੀਓ ਫਿਲਮਾਉਣ ਲਈ ਮਜਬੂਰ ਕੀਤਾ ਗਿਆ ਸੀ। ਜੋ ਮੀਡੀਆ ਵਿਚ ਵੰਡੀ ਜਾ ਸਕੇ। ਕਿਹਾ ਜਾ ਰਿਹਾ ਕਿ ਉਸ ਦਾ ਯੌਨ ਸ਼ੋਸ਼ਣ ਕੀਤਾ ਗਿਆ ਹੈ। ਪਰਿਵਾਰ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਲਾਪਤਾ ਹੋਣ ਤੋਂ ਪਹਿਲਾਂ ਉਸ ਨੇ ਉਨਾਂ ਨੂੰ ਦੱਸਿਆ ਕਿ ਉਸ ਦੀਆਂ ਤਸਵੀਰਾਂ ਨੂੰ ਇਕ ਸੈਕਸ ਸੀਡੀ ਬਣਾਉਣ ਲਈ ਵਰਤਿਆ ਗਿਆ ਸੀ। ਉਹ ਆਪਣਾ ਫੋਨ ਬੰਦ ਕਰਕੇ ਕੁਝ ਦੇਰ ਲਈ ਦੂਰ ਜਾ ਰਹੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਸ ਵੀਡੀਓ ਸੀਡੀ ਪਿੱਛੇ ਕਿਸੇ ਸਮੂਹ ਦਾ ਹੱਥ ਹੈ। ਉਨਾਂ ਇਸ ਵੀਡੀਓ ਨੂੰ ਮੀਡੀਆ ਵਿਚ ਰਿਲੀਜ਼ ਕੀਤਾ ਤੇ ਜਾਰਖੋਲੀ ਨੂੰ ਬਲੈਕਮੇਲ ਕਰਨ ਦਾ ਯਤਨ ਕੀਤਾ। ਇਸ ਵੀਡੀਓ ਪਿੱਛੇ ਸਚਾਈ ਕੀ ਹੈ ਉਸ ਲੜਕੀ ਦੇ ਸਾਹਮਣੇ ਆਉਣ ਤੋਂ ਬਾਅਦ ਹੀ ਪਤਾ ਲੱਗੇਗੀ।




# ਕਾਰਪੋਰੇਟ ਅਤੇ ਕਿਸਾਨੀ ਵਿੱਚ ਸਮਾਨਤਾ ਕਿਉਂ ਨਹੀਂ ?

### ਸ. ਦਲਵਿੰਦਰ ਸਿੰਘ ਘੁੰਮਣ

ਧਰਮ ਦੀ ਵਰਤੋਂ ਕਰਦਿਆਂ ਅਨੇਕਾਂ ਜਾਤਾਂ, ਪਾਤਾਂ ਅਤੇ ਜਮਾਤਾਂ ਨੂੰ ਵੰਡਦੀ ਰਾਜਨੀਤੀ ਦਾ ਪੈਸੇ ਦੀ ਪ੍ਰਮੁੱਖਤਾ ਨੂੰ ਨਕਾਰਦਿਆਂ ਹੋਇਆਂ ਵੀ ਇਸ ਤੋਂ ਅਲੱਗ ਨਾ ਹੋ ਕੇ ਸਗੋਂ ਪੈਸੇ ਦੇ ਮੁੱਖ ਸਰੋਤਾਂ ਕਾਰਪੋਰੇਟਾਂ, ਪੂੰਜੀਪਤੀਆਂ ਰਾਹੀਂ ਸਥਾਈ ਤੌਰ 'ਤੇ ਕਾਬਜ਼ ਹੋਣ ਦੀ ਬਿਰਤੀ ਦੁਨੀਆਂ ਵਿੱਚ ਭਾਰੂ ਹੋ ਗਈ ਹੈ। ਜਿਸ ਸਦਕਾ ਸਮੂਹ ਰਾਜਸੀ ਲੋਕਾਂ ਦਾ ਵੱਡੇ ਅਮੀਰ ਘਰਾਣਿਆਂ ਦੇ ਦਰਵਾਜ਼ੇ 'ਤੇ ਜਾ ਖੜਨਾ ਆਮ ਹੋ ਗਿਆ ਹੈ। ਰਾਜਨੀਤਕ ਵਰਗ ਆਪਣੇ ਮੁਫਾਜੀ ਜੇਤੂ ਕਾਰਜਾਂ ਲਈ ਸਭ ਤੋਂ ਵੱਧ ਉਨਾਂ ਲੋਕਾਂ ਉਪਰ ਕੇਂਦਰਿਤ ਹੁੰਦਾ ਜਾ ਰਿਹਾ ਹੈ ਜੋ ਉਸ ਦੀ ਜਿੱਤ ਲ਼ਈ ਵੱਧ ਤੋਂ ਵੱਧ ਵਿੱਤੀ, ਮੀਡੀਆ ਜਾਂ ਹੋਰ ਸਾਧਨ ਪੇਸ਼ ਕਰੇਗਾ। ਅਜਿਹੀ ਰਾਜਨੀਤੀ ਦੇ ਸਮਝੌਤੇ ਅੱਗੇ ਜਾ ਕੇ ਦੇਸ਼ ਦੀ ਆਰਥਿਕਤਾ ਅਤੇ ਅਖੰਡਤਾ ਲਈ ਘਾਤਕ ਹੋਣੇ ਸ਼ੁਰੂ ਹੋ ਗਏ ਹਨ। ਖਾਸ ਕਰਕੇ ਪੂੰਜੀਪਤੀ ਲੋਕਾਂ ਦਾ ਲੋੜੋਂ ਵੱਧ ਰਾਜਨੀਤੀ ਵਿੱਚ ਦਖਲ, ਲੋਕਤੰਤਰ ਦੇ ਅਸਲ ਮੁਹਾਂਦਰੇ ਨੂੰ ਵਿਗਾੜ ਰਿਹਾ ਹੈ, ਜਿਸ ਦੀ ਭਾਰਤ ਵਿੱਚ ਪ੍ਰਮੁੱਖ ਉਦਾਹਰਣ ਵੇਖਣ ਨੂੰ ਮਿਲ ਰਹੀ ਹੈ। ਕੁਝ ਕੁ ਅਮੀਰ ਘਰਾਣਿਆਂ ਦੀ ਅਜ਼ਾਰੇਦਾਰੀ ਨੇ ਲਾਲਚੀ ਬਿਰਤੀ ਵਿੱਚ ਅੰਨੇ ਲੀਡਰਾਂ ਨੂੰ ਖਰੀਦਣਾ ਸੌਖੇ ਕਰ ਦਿੱਤਾ ਹੈ। ਆਪਣੇ ਜਾਤੀ ਫਾਇਦੇ ਦੀ ਸਿਆਸਤ ਨੂੰ ਮੋਹਰਾ ਬਣਾ ਲਿਆ ਹੈ। ਆਪਣੀ ਮਰਜ਼ੀ ਦੀ ਲੋਕਰਾਜ ਵਿਵਸਥਾ ਨੂੰ ਘੜਨਾ ਸ਼ੁਰੂ ਕਰ ਦਿੱਤਾ ਹੈ। ਲੋਕ ਰਾਜ ਦੀ ਚੋਣ ਪ੍ਰੰਪਰਾ ਨੂੰ ਖਤਮ ਕਰ ਦਿੱਤਾ ਹੈ। ਕਿਸੇ ਵੇਲੇ ਕਿਰਦਾਰੀ ਲੀਡਰਸ਼ਿਪ ਹੁੰਦੀ ਸੀ। ਲੀਡਰ ਗਰੀਬ ਰਹਿ ਕੇ ਕੌਮ, ਦੇਸ਼ ਦੀ ਸੇਵਾ ਵਿੱਚ ਇੱਜ਼ਤ ਮਾਣ ਨੂੰ ਵਧੇਰੇ ਤਹਿਜ਼ੀਹ ਦਿੰਦੇ ਸਨ। ਪੈਰਿਸ ਵਿੱਚ ਕਿਸੇ ਕਾਲਜ ਵਿੱਚ ਸਾਲਾਨਾ ਕਨਵੋਕੇਸ਼ਨ ਦੌਰਾਨ ਇਕ ਵਿਦਿਆਰਥਣ ਵਲੋਂ ਜਦੋਂ ਰਾਜਨੀਤੀ ਵਿਸ਼ੇ ਨੂੰ ਚੁਣਿਆ ਤਾਂ ਸਾਰਾ ਹਾਲ ਖੜੇ ਹੋ ਕੇ ਤਾੜੀਆ ਮਾਰ ਰਿਹਾ ਸੀ ਤਾਂ ਇਸ ਦੇ ਅਰਥ ਸਨ ਕਿ ਇਹ ਜੀਵਨ ਵਿੱਚ ਬਹੁਤੀਆਂ ਖਾਹਿਸ਼ਾਂ ਨੂੰ ਮਾਰ ਕੇ ਸੱਚੀ ਸੇਵਾ ਮਾਰਗ 'ਤੇ ਤੁਰੀ ਹੈ ਜੋ ਅੱਗੇ ਜਾ ਕੇ ਦੇਸ਼, ਕੌਮ ਦਾ ਨਾਮ ਰੌਸ਼ਨ ਕਰੇਗੀ। ਭਾਰਤ ਵਿਚਲੀ ਅੱਜ ਦੀ ਰਾਜਨੀਤੀ ਵਿੱਚ ਗੁੰਡਾ ਬਿਰਤੀ, ਜ਼ਰਾਇਮ ਪੇਸ਼ਾ, ਤਾਨਾਸ਼ਾਹੀ ਵਧ ਰਹੀ ਹੈ। ਅਜਿਹੇ ਵਿੱਚ ਅਸਲ ਲੋਕਾਂ ਦੀ ਚੁਣੀਦਾ ਸਰਕਾਰ ਨਹੀਂ ਹੋਵੇਗੀ। ਪੈਸੇ ਨਾਲ ਵੋਟ ਦਾ ਖਰੀਦਣਾ, ਖਰੀਦ ਨਾਲ ਜ਼ਰਾਈਮ ਪੇਸ਼ਾ ਲੋਕਾਂ ਦਾ ਚੁਣੇ ਜਾਣਾ, ਚੁਣੇ ਹੋਏ ਜ਼ਰਾਈਮ ਪੇਸ਼ਾ ਲੋਕਾਂ ਨਾਲ ਹੋਰ ਜ਼ੁਲਮ ਦੇ ਵਧਣ ਦਾ ਖਤਰਾ, ਨਿਆਂ ਦਾ ਖਰੀਦਿਆ ਜਾਣਾ, ਲੋਕ-ਤੰਤਰ ਉਪਰ ਗਲਤ ਲੋਕਾਂ ਦਾ ਕਾਬਜ਼ ਹੋਣ ਨਾਲ ਗਲਤ ਫ਼ੈਸਲੇ ਦੇਸ਼ ਅਤੇ ਕੌਮਾਂ ਨੂੰ ਕਮਜ਼ੋਰ ਜ਼ਰੂਰ ਕਰਨਗੇ। ਧੋਖੇ, ਡਰ, ਪੈਸੇ ਦੇ ਜ਼ੋਰ ਨਾਲ਼ ਜਿੱਤ ਦੇਸ਼ ਦੀ ਆਰਥਿਕਤਾ ਨੂੰ ਤਬਾਹੀ ਦੇ ਕੰਢੇ 'ਤੇ ਲੈ ਆਵੇਗੀ। ਖ਼ਾਸ ਕਰਕੇ ਭਾਰਤ ਵਰਗੇ ਦੇਸ਼ ਵਿੱਚ ਇਹ ਬਹੁਤ ਮਾਰੂ ਸਿੱਧ ਹੋ ਰਹੇ ਹਨ। 2014 ਵਿੱਚ ਚੁਣੀ ਭਾਜਪਾ ਸਰਕਾਰ ਦੇ ਮਨੋਰਥ ਪਿਛਲੀਆਂ 73 ਸਾਲਾ ਦੇ ਭਾਰਤ ਦੇ ਇਤਿਹਾਸ ਵਿੱਚ ਨੁਮਾਇੰਦਾ ਪਾਰਟੀਆਂ ਤੋਂ ਬਿਲਕੁਲ ਹਟ ਕੇ ਹਨ। ਵੱਖਰੀ ਫਿਰਕੂ ਰਾਜਨੀਤੀ ਦਾ ਅਗਾਜ਼ ਹੋਇਆ ਹੈ। ਜਿਸ ਦਾ ਮਨੋਰਥ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਵੱਧ ਰਿਹਾ ਹੈ। ਘੱਟ ਗਿਣਤੀਆਂ ਦੇ ਲੋਕਾਂ, ਧਾਰਮਿਕ ਸਥਾਨਾਂ, ਪ੍ਰੰਪਰਾਵਾਂ, ਅਕੀਦਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭਾਰਤ ਦੇ ਲੋਕਤੰਤਰ ਦੀ ਹਾਲਾਤ ਨਾਜ਼ੀਵਾਦੀ ਡਿਕਟੇਟਰਸ਼ਿਪ ਵੱਲ ਵੱਧਦੀ ਨਜ਼ਰ ਆ ਰਹੀ ਹੈ। ਨਵੇਂ ਕਾਨੂੰਨਾਂ ਨੂੰ ਬਣਾਉਣ ਲਈ ਜ਼ਰੂਰੀ ਪਰਿਕ੍ਰਿਆ ਮਿੱਧ ਕੇ ਸਿੱਧੇ ਆਰਡੀਨੈਂਸ ਲਿਆ ਕੇ ਕਾਨੂੰਨਾਂ ਦੀ ਸ਼ਕਲ ਦਿੱਤੀ ਜਾ ਰਹੀ ਹੈ। ਅਨੇਕਾਂ ਬਿੱਲਾਂ ਨੂੰ ਆ-ਸੰਵਿਧਾਨਕ ਤਰੀਕੇ ਨਾਲ ਬਣਾਇਆ ਜਾ ਰਿਹਾ ਹੈ।

ਖੇਤੀ ਦੇ ਸੁਧਾਰ ਹਿੱਤ ਕਿਸਾਨਾਂ ਦੇ ਲਈ 3 ਬਿੱਲ ਲਿਆਂਦੇ ਗਏ। ਖੇਤੀ ਧੰਦੇ ਦੀ ਜੋ ਅਸਲ ਸਥਿਤੀ ਅੱਜ ਹੈ ਉਸ ਤੋਂ ਵੀ ਵੱਧ ਖਤਰਨਾਕ ਹਾਲਾਤ ਬਣਨ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਕਿਸਾਨਾਂ ਦੇ ਭਵਿੱਖ ਲਈ ਬਹੁਤ ਮਾਰੂ ਸਿੱਧ ਹੋਣਗੇ। ਕਿਸਾਨਾਂ ਨੂੰ ਇਹ ਦੱਸਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਕਿ ਆਪਣੇ ਹੱਕਾਂ ਲਈ ਮੁਜ਼ਾਹਰੇ, ਧਰਨੇ, ਮਾਰਚ ਹੀ ਇੱਕ ਰਸਤਾ ਬਚਿਆ ਹੈ ਜਿਸ ਨਾਲ ਇਨਸਾਫ ਮਿਲਣ ਦੀ ਆਸ ਬੱਝਦੀ ਹੈ। ਅਨੇਕਾਂ ਕਿਸਾਨਾਂ ਦੀਆਂ ਜਾਨਾਂ ਚਲੀਆਂ ਗਈਆਂ ਹਨ। ਮੋਦੀ ਸਰਕਾਰ ਨੇ ਖੇਤੀ ਸਬੰਧੀ ਤਿੰਨ ਬਿੱਲ ਲਿਆ ਕੇ ਕਿਸਾਨੀ ਦਾ ਤ੍ਰਾਹ ਕੱਢ ਦਿੱਤਾ ਹੈ। ਇਹ ਸਿੱਧੇ ਆਰਡੀਨੈਂਸ ਲਿਆ ਕੇ ਕਿਸਾਨਾਂ ਦੀ ਰਾਏ ਜਾਨਣ ਤੋਂ ਬਿਨਾਂ ਹੀ ਸਿੱਧੇ ਰਾਜ ਸਭਾ ਵਿੱਚ ਗੈਰ-ਸੰਵਿਧਾਨਿਕ ਢੰਗ ਤੋਂ ਕਾਨੂੰਨ ਦੀ ਸ਼ਕਲ ਦਿੱਤੀ ਗਈ ਹੈ। ਇਹ ਬਹੂ-ਵਰਗ ਦਾ ਬਚਿਆ ਖੁਚਿਆ ਧੰਦਾ ਵੀ ਕਾਰਪੋਰੇਟ ਘਰਾਣਿਆਂ ਦੀ ਸਿੱਧੀ ਕਮਾਂਡ ਹੇਠ ਕਰਨ ਬਰਾਬਰ ਹੈ। ਕਿਸਾਨਾਂ ਨੇ ਇਨਾਂ ਬਿਲਾਂ ਨੂੰ ਸਿਰੇ ਤੋਂ ਨਾਕਾਰ ਦਿੱਤਾ ਹੈ। ਸਰਕਾਰਾਂ ਦੀ ਬੇਰੁਖ਼ੀ ਦਾ ਸ਼ਿਕਾਰ ਹੋਇਆ ਅੱਜ ਕਿਸਾਨ ਦਿੱਲੀ ਦੀ ਘੇਰਾਬੰਦੀ ਕਰਨ ਲਈ ਮਜਬੂਰ ਹੋਇਆ ਹੈ। ਸਰਕਾਰ ਕਿਸਾਨਾਂ ਨਾਲ ਗੱਲ ਕਰਨ ਤੋਂ ਭੱਜ ਰਹੀ ਹੈ। ਕਿਸਾਨ ਆਪਣੇ ਭਵਿੱਖ ਪ੍ਰਤੀ ਚਿੰਤਤ ਹੋਇਆ ਸਰਕਾਰ ਤੋਂ ਇਨਾਂ ਕਾਨੂੰਨਾਂ ਦੀ ਵਾਪਸੀ ਦੀ ਮੰਗ ਕਰ ਰਿਹਾ ਹੈ। ਕਿਸਾਨੀ ਦੇ ਹਾਲਾਤ ਪਹਿਲਾਂ ਵੀ ਚੰਗੇ ਨਹੀਂ ਸਨ, ਫਸਲ ਦਾ ਯੋਗ ਭਾਅ ਨਾ ਮਿਲਣਾ, ਕਰਜ਼ੇ ਦੀ ਮਾਰ, ਮਹਿੰਗਾਈ, ਬੀਜ ਦਵਾਈਆਂ ਦੀ ਨਕਲੀ ਮਿਲਾਵਟ ਨੇ ਰੋਜ਼ਾਨਾ ਆਤਮ ਹੱਤਿਆਵਾਂ ਦੇ ਦੌਰ ਨੂੰ ਜਨਮ ਦਿੱਤਾ। ਗਰੀਬ ਤਬਕੇ ਨੇ ਪਹਿਲਾਂ ਵੀ ਨੋਟਬੰਦੀ ਦੀ ਮਾਰ ਝੱਲੀ ਹੈ। ਰੋਜ਼ਮਰਾ ਦੀ ਜ਼ਰੂਰਤ ਦੇ ਅਦਾਨ-ਪ੍ਰਦਾਨ ਦੇ ਮੁੱਖ ਸਰੋਤ ਨਕਦ ਹੀ ਕਰਦਾ ਸੀ। ਦੁਨੀਆ ਵਿੱਚ ਕਿਸਾਨਾਂ ਦੇ ਹਾਲਾਤ ਵਧੀਆ ਨਹੀਂ ਹੈ। ਗਰੀਬ ਕਿਸਾਨਾਂ ਦੀ ਭਾਰਤ ਵਿੱਚ 67% ਵਸੋਂ ਹੈ। ਛੋਟੇ ਕਿਸਾਨ 18%, ਅਰਧ-ਮੱਧ ਵਰਗੀ ਕਿਸਾਨ 10%, ਮੱਧ ਵਰਗੀ ਕਿਸਾਨ 4% ਅਤੇ 1% ਅਮੀਰ ਕਿਸਾਨ



ਹਨ। ਇਹਨਾਂ ਵਿੱਚ ਤਕਰੀਬਨ 95% ਕਿਸਾਨੀ ਵਰਗ ਦੀ ਹਾਲਾਤ ਨਾਜ਼ੁਕ ਹੁੰਦੀ ਜਾ ਰਹੀ ਹੈ। ਆਮ ਤੌਰ 'ਤੇ ਕਿਸਾਨ ਸੁਆਮੀਨਾਥਨ ਕਮੇਟੀ ਦੀਆਂ ਸ਼ਿਫਾਰਸ਼ਾਂ ਨੂੰ ਲਾਗੂ ਕਰਨ ਦੀ ਮੰਗ ਕਰਦਾ ਹੈ। ਜਿਸ ਵਿੱਚ ਲ਼ਾਗਤ ਮੁੱਲ ਦਾ 50% ਮੁਨਾਫ਼ੇ ਦੀ ਗੱਲ ਕਹੀ ਗਈ ਹੈ। ਖੇਤੀ ਨੂੰ ਸਰਲ, ਆਸਾਨ ਅਤੇ ਪੈਰਾਂ ਉਪਰ ਕਰਨ ਲਈ ਬੀਜਾਂ, ਦਵਾਈਆਂ, ਖਾਦਾਂ ਦੀਆਂ ਕੀਮਤਾਂ ਘੱਟ ਕਰਨ ਅਤੇ ਮਸ਼ੀਨਰੀ ਤੇ ਸਬਸਿਡੀ ਮੁਹੱਈਆ ਕਰਵਾਈ ਜਾਵੇ। ਖੇਤੀ ਸੁਧਾਰ ਲਈ ਕਿਸਾਨਾਂ ਲਈ ਕੈਂਪਾਂ ਦਾ ਲੱਗਣਾ ਜ਼ਰੂਰੀ ਹੋਵੇ। ਬੀਮੇ ਦੀ ਸਹੂਲਤ ਲਾਜ਼ਮੀ ਕੀਤੀ ਜਾਵੇ ਆਦਿ ਅਨੇਕਾਂ ਹੋਰ ਸਿਫਾਰਸ਼ਾ ਹਨ ਜਿਨਾਂ ਨੂੰ ਲਾਗੂ ਕਰਨਾ ਜ਼ਰੂਰੀ ਕੀਤਾ ਜਾਵੇ। ਖੇਤੀਬਾੜੀ ਯੂਨੀਵਰਸੀਟੀ ਦੇ ਪਸਾਰ ਨੂੰ ਵੱਡਾ ਕਰਕੇ ਚਾਵਲ, ਕਣਕ ਦੀ ਫਸਲ ਤੋਂ ਰਕਬੇ ਨੂੰ ਘਟਾ ਕੇ ਨਵੀਆਂ ਕਾਢਾਂ ਰਾਹੀਂ ਹਾਈਬਰੀਡ ਸਬਜੀਆਂ, ਫਲਾਂ ਦੇ ਉਤਪਾਦਨ ਤੇ ਕੇਂਦਰਤ ਹੋਣਾ ਜ਼ਰੂਰੀ ਹੈ ਜਿਸ ਨਾਲ ਵਧੇਰੇ ਪੈਦਾਵਾਰ ਦੇ ਨਾਲ ਪੁਰਾਣੇ ਬੀਜਾਂ ਦੀ ਪੈਦਾਇਸ਼ ਸ਼ਕਤੀ ਦੇ ਘਟਣ ਨਾਲ ਉਤਪਾਦਨ ਉਪਰ ਪੈਂਦੇ ਅਸਰ ਅਤੇ ਬਿਮਾਰ ਪੈਦਾਵਾਰ ਤੋਂ ਮੁਕਤੀ ਦੀਆਂ ਜ਼ਿਆਦਾ ਸੰਭਾਵਨਾਵਾਂ ਹਨ। ਸਰਕਾਰ ਕੋਲ ਜਦੋਂ ਵੀ ਵਧੇਰੇ ਅਨਾਜ ਹੋਵੇ ਤਾਂ ਦੂਸਰੀ ਲੋੜੀਂਦੀ ਫਸਲ ਲਈ ਇਕ ਪਲੇਟਫਾਰਮ ਤਿਆਰ ਕਰਕੇ ਜਿਸ ਵਸਤੂ ਜਾਂ ਫਸਲ ਦੀ ਜ਼ਰੂਰਤ ਹੋਵੇ ਸਰਕਾਰ ਉਸ ਉਪਰ ਵੱਧ ਐਮ ਐਸ ਪੀ ਤਹਿ ਕਰਕੇ ਕਿਸਾਨਾਂ ਵਿੱਚ ਉਤਸ਼ਾਹ ਪੈਦਾ ਕਰਕੇ ਅਨਾਜ਼ ਦੇ ਭੰਡਾਰ ਦਾ ਸਮਤੋਲ ਰੱਖ ਸਕਦੀ ਹੈ। ਇਹ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਰੱਖ ਕੇ ਕੇਂਦਰ ਸਰਕਾਰ ਆਪਣੇ ਭੰਡਾਰ ਲਈ ਦੋ ਸਾਲਾ ਅਗਾਂਹ ਦੀ ਨੀਤੀ ਸਪੱਸ਼ਟ ਰਾਜਾਂ ਤੱਕ ਪਹੁੰਚਾਵੇ। ਰਾਜ ਸਰਕਾਰ ਉਸ ਪ੍ਰਤੀ ਪਾਬੰਦ ਹੋ ਕੇ ਆਪਣੇ ਯੋਗਦਾਨ ਦੀ ਪੂਰਤੀ ਕਰੇ।

ਕਾਰਪੋਰੇਟ ਵਰਗ ਅਤੇ ਕਿਸਾਨ ਵਰਗ ਦੀ ਆਰਥਿਕਤਾ ਦਾ ਵਿਸ਼ਲੇਸ਼ਣ ਜ਼ਰੂਰੀ ਹੈ। ਦੁਨੀਆ ਵਿੱਚ ਇੱਕ ਹਜ਼ਾਰ ਦੇ ਲਗਭਗ ਅਮੀਰ ਘਰਾਣਿਆਂ ਦਾ ਇੱਕ ਵੱਡਾ ਹਿੱਸਾ ਦੁਨੀਆ ਦੀ ਅਮੀਰੀ ਨੂੰ ਆਪਣੇ ਗੋਡੇ ਹੇਠ ਦੱਬੀ ਬੈਠਾ ਹੈ। ਭਾਰਤ ਦੇ ਕਾਰਪੋਕੇਟਾਂ ਦੀ ਅਮੀਰੀ 2020 ਵਿੱਚ 35% ਵਧੀ ਹੈ। ਇਸ ਅਮੀਰੀ ਦੀਆਂ ਪੌੜੀਆਂ ਹੋਰ ਉੱਚੀਆਂ ਹੋ ਰਹੀਆਂ ਹਨ। ਪੈਟਰੋਲ, ਸੰਚਾਰ, ਡਿਜ਼ੀਟਲ, ਟੈਕਨੀਕਲ ਆਦਿ ਸਾਇੰਸ, ਵਿਗਿਆਨ ਦੀਆਂ ਹੋ ਰਹੀਆਂ ਕਾਢਾਂ ਦਾ ਵਿਕਰੀਕਰਨ ਦੀ ਮੁਨਾਫ਼ਾਖੋਰੀ ਵੀ ਕਾਰਪੋਰੇਟ ਹੀ ਕਰ ਰਿਹਾ ਹੈ। ਅਮੀਰੀ, ਗਰੀਬੀ ਦਾ ਖੱਪੇ ਨੂੰ ਘਟਾਉਣ ਲਈ ਯੋਗ ਕਾਨੂੰਨੀ ਪ੍ਰਕਿਰਿਆ ਅਪਣਾਉਣੀ ਜ਼ਰੂਰੀ ਹੈ। ਅਮੀਰ ਦਾ ਮੱਧ ਵਰਗੀ ਅਤੇ ਮੱਧ ਵਰਗੀ ਦਾ ਗਰੀਬ ਪ੍ਰਤੀ ਫਰਕ ਅਤੇ ਰਵੱਈਆ ਦਾ ਘਟਣਾ ਬਹੁਤ ਅਹਿਮ ਹੋ ਗਿਆ ਹੈ। ਸਰਕਾਰਾਂ ਨੂੰ ਬਿਨਾਂ ਵਕਤ ਗੁਆਏ ਕਿਸਾਨੀ ਦੇ ਵਕਤੀ ਹਾਲਾਤਾਂ ਨੂੰ ਹੱਲ ਕਰਨ ਦੀ ਪਹਿਲ ਕਦਮੀ ਕਰਨੀ ਚਾਹੀਦੀ ਹੈ ਅਤੇ ਭਵਿੱਖ ਵਿੱਚ ਸੁਧਾਰਾਂ ਵੱਲ ਵਧਣਾ ਚਾਹਿਦਾ ਹੈ। ਅੱਜ ਦੇ ਦੌਰ ਵਿੱਚ ਕਿਸਾਨੀ ਨੂੰ ਨਵੇਂ ਤਕਨੀਕੀ ਢੰਗਾਂ ਦੀ ਮੁਹਾਰਤ ਦੇਣ ਦੀ ਲੋੜ ਹੈ। ਬੀਮਾ ਯੋਜਨਾਵਾਂ, ਸਬਸੀਡੀਆਂ, ਘੱਟ ਵਿਆਜ ਦਰਾਂ 'ਤੇ ਕਰਜ਼ੇ ਦੀ ਸਹੂਲਤ ਨੂੰ ਜ਼ਰੂਰੀ ਅਤੇ ਸਰਲ ਤਰੀਕੇ ਰਾਹੀਂ ਲਾਗੂ ਕਰਨ ਦੀ ਜ਼ਰੂਰਤ ਹੈ। ਜਿਵੇਂ ਕਾਰੋਬਾਰੀਆਂ ਦੇ ਅਰਬਾਂ, ਖਰਬਾਂ ਦੇ ਕਰਜ਼ੇ ਮੁਆਫ ਕੀਤੇ ਹਨ ਉਸੇ ਬਿਨਾਹ 'ਤੇ ਹੁਣ ਤੱਕ ਦੇ ਸਮੂਹ ਕਿਰਤੀਆਂ, ਕਿਸਾਨਾਂ ਦੇ ਕਰਜ਼ੇ ਮੁਆਫ ਕਰਨੇ ਚਾਹੀਦੇ ਹਨ। ਖੇਤੀਬਾੜੀ ਨੂੰ ਟੈਕਸ ਰਹਿਤ ਹੀ ਰੱਖਿਆ ਜਾਣਾ ਚਾਹੀਦਾ ਹੈ। ਪੂੰਜੀਪਤੀਆਂ ਦਾ ਗਲਤ ਕਾਨੂੰਨਾਂ ਰਾਹੀ ਕਿਸਾਨਾਂ, ਕਿਰਤੀਆਂ ਵਿੱਚ ਵਿਰੋਧਾ-ਅਭਾਸ ਪੈਦਾ ਹੁੰਦਾ ਹੈ।

ਕਿਸਾਨ ਅੰਦੋਲਨ ਲਈ ਜ਼ਰੂਰੀ ਹੈ ਕਿ ਸਰਕਾਰ ਦੇ ਧੋਖੇ ਤੋਂ ਬਚ ਕੇ ਅਮਨ ਅਮਾਨ ਨਾਲ ਕਾਨੂੰਨਾਂ ਦੀ ਵਾਪਸੀ ਤੱਕ ਸਾਰੀਆਂ ਕਿਸਾਨ ਜਥੇਬੰਦੀਆਂ ਦੀ ਆਪਸੀ ਸਹਿਮਤੀ ਨਾਲ ਜਿੱਤ ਵੱਲ ਵੱਧਣਾ ਚਾਹੀਦਾ ਹੈ। ਇਨਕਲਾਬੀ ਲਹਿਰਾਂ ਉੱਠਣਾ ਦੇਸ਼, ਅਵਾਮ ਅਤੇ ਸੰਸਾਰ ਲਈ ਕਦੇ ਵੀ ਸਿਹਤਮੰਦ ਨਹੀਂ ਹੋ ਸਕਦਾ।

# ਪ੍ਰਵਾਸੀ ਪੰਜਾਬੀ ਮੀਡੀਆ ਉਭਾਰ ਰਿਹਾ ਐ ਪੰਜਾਬ ਦੇ ਮੁੱਦੇ

### ਪ੍ਰੋਫੈਸਰ ਕੁਲਬੀਰ ਸਿੰਘ

ਸਿੰਗਾਪੁਰ, ਕੈਨੇਡਾ ਜਿਹੇ ਮੁਲਕਾਂ ਵਿਚ ਪੰਜਾਬੀਆਂ ਦਾ ਪ੍ਰਵਾਸ ਇਕ ਸਦੀ ਤੋਂ ਵੀ ਪਹਿਲਾਂ ਹੋਇਆ ਸੀ। ਆਪਣੀ ਗੱਲ ਕਹਿਣ ਲਈ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਵੀ ਪੱਤਰਕਾਰੀ ਦਾ ਭਰਪੂਰ ਪ੍ਰਯੋਗ ਕੀਤਾ ਹੈ। ਪ੍ਰਵਾਸੀ ਪੰਜਾਬੀਆਂ ਅਤੇ ਭਾਰਤੀਆਂ ਦੀਆਂ ਲੋੜਾਂ ਥੁੜਾਂ ਨੂੰ ਧਿਆਨ ਵਿਚ ਰੱਖਦਿਆਂ 1947 ਤੋਂ ਪਹਿਲਾਂ ਵਿਦੇਸ਼ਾਂ ਵਿਚ ਕਈ ਮਾਸਿਕ ਪੱਤਰ ਪੰਜਾਬੀ ਅਤੇ ਉਰਦੂ ਵਿਚ ਪ੍ਰਕਾਸ਼ਿਤ ਹੁੰਦੇ ਰਹੇ। ਕੈਨੇਡਾ, ਅਮਰੀਕਾ, ਇੰਗਲੈਂਡ ਅਜਿਹੇ ਮੁਲਕ ਹਨ ਜਿਥੇ 1947 ਤੱਕ ਪੰਜਾਬੀ ਵੱਡੀ ਗਿਣਤੀ ਵਿਚ ਪਹੁੰਚ ਚੁੱਕੇ ਸਨ। ਉਦੋਂ ਮਾਸਿਕ ਅਤੇ ਪੰਦਰਾ-ਰੋਜ਼ਾ ਪੰਜਾਬੀ ਅਖ਼ਬਾਰਾਂ ਵੰਡ ਨਾਲ ਸਬੰਧਤ ਸਮੱਗਰੀ ਨਾਲ ਭਰੀਆਂ ਹੁੰਦੀਆਂ ਸਨ। ਫਿਰ ਇਕ ਸਮਾਂ ਉਹ ਆਇਆ ਜਦ ਪੰਜਾਬ ਵਿਚੋਂ ਉਹ ਲੋਕ ਇਨਾਂ ਮੁਲਕਾਂ ਵੱਲ ਪ੍ਰਵਾਸ ਕਰਨ ਲੱਗੇ ਜਿਹੜੇ ਸਿੱਧੇ ਤੌਰ 'ਤੇ ਪੰਜਾਬੀ ਮੀਡੀਆ ਨਾਲ ਜੁੜੇ ਸਨ। ਜਿਨਾਂ ਨੇ ਵਿਧੀਬੱਧ ਢੰਗ ਨਾਲ ਪੱਤਰਕਾਰੀ ਦੀ ਸਿੱਖਿਆ ਹਾਸਲ ਕੀਤੀ ਹੋਈ ਸੀ ਅਤੇ ਪੰਜਾਬੀ ਪੱਤਰਕਾਰੀ ਦਾ ਜਿਨਾਂ ਕੋਲ ਚੰਗਾ ਤਜਰਬਾ ਸੀ। ਉਨਾਂ ਨੇ ਵਿਦੇਸ਼ਾਂ ਵਿਚ ਪੰਜਾਬੀ ਮੀਡੀਆ ਨੂੰ ਪ੍ਰੋਫੈਸ਼ਨਲ ਅਤੇ ਤਕਨੀਕੀ ਮੁਹਾਰਤ ਦੀਆਂ ਲੀਹਾਂ 'ਤੇ ਤੋਰਿਆ। ਨਤੀਜਾ ਇਹ ਹੋਇਆ ਕਿ ਬੀਤੀ ਸਦੀ ਦੇ ਅੰਤਲੇ ਦਹਾਕਿਆਂ ਦੌਰਾਨ ਅਖ਼ਬਾਰਾਂ, ਰਸਾਲਿਆਂ ਦੇ ਨਾਲ-ਨਾਲ ਪ੍ਰਵਾਸੀ ਪੰਜਾਬੀ ਮੀਡੀਆ ਤੇਜ਼ੀ ਨਾਲ ਰੇਡੀਓ ਅਤੇ ਟੈਲੀਵਿਜ਼ਨ ਦੇ ਖੇਤਰ ਵਿਚ ਪ੍ਰਵੇਸ਼ ਕਰ ਗਿਆ। ਅੱਜ ਓਨੇ ਰੇਡੀਓ ਪੰਜਾਬ ਵਿਚ ਨਹੀਂ ਹਨ ਜਿੰਨੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਚੱਲ ਰਹੇ ਹਨ। ਟੋਰਾਂਟੋ ਅਤੇ ਵੈਨਕੂਵਰ ਜਿਹੇ ਸ਼ਹਿਰਾਂ ਵਿਚ ਹੀ ਦਰਜਨਾਂ ਰੇਡੀਓ, ਦਰਜਨਾਂ ਅਖ਼ਬਾਰਾਂ ਹਨ।

ਇੰਟਰਨੈੱਟ ਸਮੇਤ ਬਹੁਤ ਸਾਰੀਆਂ ਅਤਿ ਆਧੁਨਿਕ ਤਕਨੀਕਾਂ ਨੇ ਜਿਥੇ ਪ੍ਰਵਾਸੀ ਪੰਜਾਬੀ ਮੀਡੀਆ ਦੀ ਕਾਰਜਵਿਧੀ ਨੂੰ ਸੁਖਾਲਾ ਕਰ ਦਿੱਤਾ ਹੈ, ਉਥੇ ਇਸ ਦੇ ਵਧਣ-ਫੁੱਲਣ ਦੇ ਆਸਾਰ ਵੀ ਪੈਦਾ ਹੋ ਗਏ ਹਨ। ਜਿਸ ਸ਼ਿੱਦਤ ਨਾਲ ਸਿਹਤਮੰਦ ਮੁਕਾਬਲੇ ਦੀ ਭਾਵਨਾ ਪੈਦਾ ਹੋ ਰਹੀ ਹੈ, ਉਸ ਤੋਂ ਆਸ ਬੱਝਦੀ ਹੈ ਕਿ ਪ੍ਰਵਾਸੀ ਪੰਜਾਬੀ ਮੀਡੀਆ, ਪ੍ਰਵਾਸੀ ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਨਾਲ-ਨਾਲ ਪੰਜਾਬ ਦੇ ਬੁਨਿਆਦੀ ਮੁੱਦਿਆਂ ਮਸਲਿਆਂ ਨੂੰ ਹੋਰ ਗੰਭੀਰਤਾ ਨਾਲ ਪੇਸ਼ ਕਰੇਗਾ।

ਬੀਤੇ ਮਹੀਨਿਆਂ ਦੌਰਾਨ ਪ੍ਰਵਾਸੀ ਪੰਜਾਬੀ ਮੀਡੀਆ ਨੇ ਕਿਸਾਨ ਸੰਘਰਸ਼ ਨੂੰ ਭਰਵੀਂ ਕਵਰੇਜ ਦਿੱਤੀ ਅਤੇ ਕਿਸਾਨ ਮੰਗਾਂ ਦੀਆਂ ਜੁਦਾ-ਜੁਦਾ ਪਰਤਾਂ ਤੇ ਪਹਿਲੂਆਂ ਨੂੰ ਉਜਾਗਰ ਕੀਤਾ। ਮੁੱਖ ਪੰਨੇ 'ਤੇ ਮੁੱਖ ਸੁਰਖੀਆਂ ਨਾਲ ਲਗਾਤਾਰ ਮਹੀਨਿਆਂ ਤੱਕ ਵਿਸਥਾਰਤ ਵੇਰਵੇ ਪ੍ਰਕਾਸ਼ਿਤ ਕੀਤੇ। ਉਧਰ ਪ੍ਰਵਾਸੀ ਪੰਜਾਬੀ ਰੇਡੀਓ ਤੇ ਟੈਲੀਵਿਜ਼ਨ ਨੇ ਕਿਸਾਨ ਸੰਘਰਸ਼ ਨਾਲ ਸਬੰਧਤ ਵਿਚਾਰ-ਚਰਚਾ, ਮੁਲਾਕਾਤਾਂ ਅਤੇ ਵੱਖ-ਵੱਖ ਥਾਵਾਂ ਤੋਂ ਸਿੱਧਾ ਪ੍ਰਸਾਰਨ ਕਰਕੇ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਤੱਕ ਤਾਜ਼ਾ ਜਾਣਕਾਰੀ ਪਹੁੰਚਾਉਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

ਪ੍ਰਵਾਸੀ ਪੰਜਾਬੀ ਮੀਡੀਆ, ਪੰਜਾਬ ਅਤੇ ਪੰਜਾਬੀਆਂ ਦੀਆਂ ਸਮੱਸਿਆਵਾਂ ਪ੍ਰਤੀ ਹਮੇਸ਼ਾ ਸੰਜੀਦਾ ਅਤੇ ਚਿੰਤਤ ਰਿਹਾ ਹੈ। ਵਾਤਾਵਰਨ ਦੀ ਗੱਲ ਹੋਵੇ, ਪਾਣੀ ਦਾ ਮਸਲਾ ਹੋਵੇ, ਨਸ਼ਿਆਂ ਦੇ ਰੁਝਾਨ ਦਾ ਮੁੱਦਾ ਹੋਵੇ, ਮਾਂ-ਬੋਲੀ ਪੰਜਾਬੀ ਪ੍ਰਤੀ ਘਟਦੇ ਮੋਹ ਦੀ ਗੱਲ ਹੋਵੇ ਤੇ ਭਾਵੇਂ ਹੋਵੇ ਪੰਜਾਬ ਦੀ ਸਿਆਸੀ ਹਲਚਲ, ਪ੍ਰਵਾਸੀ ਪੰਜਾਬੀ ਮੀਡੀਆ ਨੇ ਦਿਲੋਂ ਮਨੋਂ ਸ਼ਮੂਲੀਅਤ ਦਾ ਅਹਿਸਾਸ ਕਰਾਇਆ ਹੈ।

ਪ੍ਰਵਾਸੀ ਪੰਜਾਬੀ ਮੀਡੀਆ ਵਸਦਾ ਵਿਦੇਸ਼ਾਂ ਵਿਚ ਹੈ ਪਰ




ਉਸ ਦੀਆਂ ਜੜਾਂ ਪੰਜਾਬ 'ਚ ਹਨ। ਪੰਜਾਬ ਵਿਚ 2022 ਦੀਆਂ ਚੋਣਾਂ ਸਬੰਧੀ ਮੁਢਲੀਆਂ ਸਰਗਰਮੀਆਂ ਆਰੰਭ ਹੋ ਗਈਆਂ ਹਨ। ਜਿਵੇਂ-ਜਿਵੇਂ ਚੋਣਾਂ ਨੇੜੇ ਆਉਂਦੀਆਂ ਜਾਣਗੀਆਂ, ਵਿਦੇਸ਼ੀ ਪੰਜਾਬੀ ਅਖ਼ਬਾਰਾਂ, ਰੇਡੀਓ ਤੇ ਟੈਲੀਵਿਜ਼ਨ ਉਸ ਰੰਗ ਵਿਚ ਰੰਗਦੇ ਜਾਣਗੇ। ਬੀਤੇ ਦਿਨੀਂ ਮੈਂ ਕਿਸੇ ਕੰਮ ਦੇ ਸਬੰਧ ਵਿਚ ਕੈਨੇਡਾ ਵਸਦੇ ਦੋਸਤ ਡਾਕਟਰ ਸੁਖਦੇਵ ਸਿੰਘ ਝੰਡ ਹੁਰਾਂ ਨੂੰ ਫੋਨ ਕੀਤਾ। ਉਹ ਲੰਮਾ ਸਮਾਂ ਬੰਗਾਲ ਚੋਣਾਂ ਸਬੰਧੀ ਚਰਚਾ ਕਰਦੇ ਰਹੇ। ਮੈਂ ਹੈਰਾਨ ਸਾਂ ਕਿ ਪ੍ਰਵਾਸੀ ਪੰਜਾਬੀਆਂ ਦੀ ਬੰਗਾਲ ਚੋਣਾਂ ਵਿਚ ਵੀ ਡੂੰਘੀ ਦਿਲਚਸਪੀ ਸੀ। ਦਰਅਸਲ ਇਹ ਦਿਲਚਸਪੀ ਕਿਸਾਨ ਸੰਘਰਸ਼ ਅਤੇ ਕੇਂਦਰ ਸਰਕਾਰ ਵਿਚਾਲੇ ਪੈਦਾ ਹੋਏ ਟਕਰਾਅ ਕਾਰਨ ਸੀ। ਕਿਸਾਨ ਅੰਦੋਲਨ ਅਤੇ ਕਿਸਾਨਾਂ ਦੇ ਭਵਿੱਖ ਨੂੰ ਉਹ ਬੰਗਾਲ ਚੋਣਾਂ ਦੀ ਜਿੱਤ-ਹਾਰ ਨਾਲ ਜੋੜ ਕੇ ਵੇਖ ਰਹੇ ਸਨ।

ਪੰਜਾਬ ਚੋਣਾਂ 'ਤੇ ਪ੍ਰਵਾਸੀ ਪੰਜਾਬੀਆਂ ਅਤੇ ਪ੍ਰਵਾਸੀ ਪੰਜਾਬੀ ਮੀਡੀਆ ਦਾ ਵੱਡਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਨੇੜ-ਭਵਿੱਖ ਵਿਚ ਇਸ ਪ੍ਰਭਾਵ ਦੇ ਹੋਰ ਵਧਣ ਦੇ ਆਸਾਰ ਹਨ, ਕਿਉਂਕਿ ਬਹੁਤ ਸਾਰੇ ਪ੍ਰਵਾਸੀ ਪੰਜਾਬੀ ਟੈਲੀਵਿਜ਼ਨ ਚੈਨਲਾਂ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਆਪਣੇ ਸਟੂਡੀਓ ਸਥਾਪਤ ਕਰ ਲਏ ਹਨ। ਇਥੋਂ ਲਗਾਤਾਰ ਖ਼ਬਰਾਂ, ਵਿਚਾਰ-ਚਰਚਾ ਅਤੇ ਮੁਲਾਕਾਤਾਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ। ਇਨਾਂ ਸ਼ਹਿਰਾਂ ਵਿਚ ਜਲੰਧਰ, ਮੋਹਾਲੀ ਅਤੇ ਲੁਧਿਆਣਾ ਆਦਿ ਪ੍ਰਮੁੱਖ ਹਨ। ਪਰ ਪਟਿਆਲਾ, ਅੰਮ੍ਰਿਤਸਰ ਅਤੇ ਬਠਿੰਡਾ ਵੀ ਪਿੱਛੇ ਨਹੀਂ ਹਨ।

ਆਉਂਦੇ ਮਹੀਨਿਆਂ ਦੌਰਾਨ ਪੰਜਾਬ ਦੀ ਸਿਆਸਤ ਸੰਪਾਦਕੀ ਲੇਖਾਂ ਵਿਚ ਕੇਂਦਰ-ਬਿੰਦੂ ਬਣ ਜਾਵੇਗੀ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਆਪਣੀ ਮੌਜੂਦਗੀ ਦਰਸਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਭਾਜਪਾ ਪੰਜਾਬ ਵਿਚ ਹਾਸ਼ੀਏ 'ਤੇ ਚਲੀ ਗਈ ਹੈ। ਸਰਕਾਰ ਦੇ ਕੰਮਕਾਰ ਅਤੇ ਸਰਗਰਮੀਆਂ ਨੂੰ ਲੋਕ ਗਹੁ ਨਾਲ ਵੇਖ ਰਹੇ ਹਨ। ਕਾਂਗਰਸ ਇਕ ਪਾਸੇ ਨਵਜੋਤ ਸਿੰਘ ਸਿੱਧੂ ਨੂੰ ਮੁੜ ਸਰਗਰਮ ਕਰਨ ਵਿਚ ਕਾਮਯਾਬ ਹੋ ਗਈ ਹੈ। ਦੂਸਰੇ ਪਾਸੇ ਉਸ ਦੀਆਂ ਕੈਪਟਨ ਨਾਲ ਦੂਰੀਆਂ ਦੂਰ ਕਰਨ ਵਿਚ ਵੀ ਸਫਲ ਹੁੰਦੀ ਨਜ਼ਰ ਆ ਰਹੀ ਹੈ। ਨਤੀਜੇ ਵਜੋਂ ਆਉਂਦੇ ਦਿਨਾਂ ਦੌਰਾਨ ਜਿਥੇ ਪੰਜਾਬ ਵਿਚ ਸਿਆਸੀ ਹਲਚਲ ਵਧਣ ਦੇ ਆਸਾਰ ਬਣ ਗਏ ਹਨ, ਉਥੇ ਚੋਣ ਬਿਗਲ ਵੱਜਣ ਕਾਰਨ ਰਾਜਨੀਤਕ ਜੋੜ-ਤੋੜ ਵੀ ਆਰੰਭ ਹੋ ਜਾਣਗੇ। ਪ੍ਰਵਾਸੀ ਪੰਜਾਬੀ ਮੀਡੀਆ ਲਈ ਇਹ ਦੌਰ ਦਿਲਚਸਪੀਆਂ ਭਰਿਆ ਹੋਵੇਗਾ, ਕਿਉਂਕਿ ਪੰਜਾਬ ਦੀ ਸਿਆਸਤ ਅਤੇ ਸਿਆਸੀ ਟੁੱਟ-ਭੱਜ ਉਸ ਦਾ ਮਨਭਾਉਂਦਾ ਵਿਸ਼ਾ ਰਿਹਾ ਹੈ।

## ਭਾਰਤ: ਜਮਹੂਰੀਅਤ ਤੋਂ...

ਯੂਏਪੀਏ ਦੀ ਵਰਤੋਂ ਅਕਾਦਮਿਕ ਖਿੱਤੇ ਵਿੱਚ ਉੱਠਦੇ ਵਿਰੋਧ ਨੂੰ ਦਬਾਉਣ ਲਈ ਵੀ ਕੀਤੀ ਗਈ। ਯੂਨੀਵਰਸਿਟੀਆਂ ਅਤੇ ਵਿਦਿਅਕ ਅਦਾਰਿਆਂ ਦੇ ਪ੍ਰਸ਼ਾਸਨ ਵੱਲੋਂ 'ਨਵੇਂ ਨਾਗਰਿਕਤਾ ਸੋਧ ਬਿੱਲਾਂ ਦਾ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਦਬਾਇਆ ਗਿਆ। ਦਸੰਬਰ 2019 ਵਿੱਚ ਇਹ ਬਿੱਲ ਪਾਸ ਕਰ ਦਿੱਤਾ ਗਿਆ, ਜਿਸ ਅਨੁਸਾਰ ਹਿੰਦੂ, ਇਸਾਈ, ਜੈਨ, ਸਿੱਖ, ਪਾਰਸੀਆਂ ਆਦਿ ਸ਼ਰਨਾਰਥੀਆਂ ਨੂੰ ਤਾਂ ਨਾਗਰਿਕਤਾ ਦਿੱਤੀ ਜਾ ਸਕਦੀ ਹੈ, ਪਰ ਮੁਸਲਮਾਨਾਂ ਨੂੰ ਇਸ ਕਾਨੂੰਨ ਵਿਚ ਥਾਂ ਨਹੀਂ ਦਿੱਤੀ ਗਈ। ਜੋ ਕਿ ਸੰਵਿਧਾਨ ਵੱਲੋਂ ਧਰਮ ਦੇ ਆਧਾਰ ਤੇ ਕਿਸੇ ਨਾਲ ਵੀ ਭੇਦ ਭਾਵ ਨਾ ਕਰਨ ਦੇ ਮੂਲ ਸਿਧਾਂਤ ਦੀ ਉਲੰਘਣਾ ਹੈ।

ਆਮ ਸਮਾਜਿਕ ਕਾਰਕੁੰਨ ਇਸ ਗਿਰਾਵਟ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਇਨ੍ਹਾਂ ਜਥੇਬੰਦੀਆਂ ਨੂੰ ਦਬਾਅ 'ਚ ਰੱਖਣ ਅਤੇ ਇਨ੍ਹਾਂ ਦੇ ਕੰਮਕਾਜ ਵਿੱਚ ਵੀ ਸਰਕਾਰ ਬੜੇ ਭਿਆਨਕ ਤਰੀਕੇ ਨਾਲ ਦਖਲਅੰਦਾਜ਼ੀ ਕਰ ਰਹੀ ਹੈ। ਜਿਸ ਨਾਲ ਇਹ ਸੰਸਥਾਵਾਂ ਖੇਰੂੰ-ਖੇਰੂੰ ਕਰਨ ਦੀ ਰਣਨੀਤੀ ਕਾਮਯਾਬ ਹੁੰਦੀ ਦਿਸਦੀ ਹੈ। ਦੂਜੇ ਪਾਸੇ, ਜਿਹੜੀਆਂ ਸੰਸਥਾਵਾਂ ਆਪਣੇ ਆਪ ਨੂੰ ਹਿੰਦੂਤਵ ਲਹਿਰ ਨਾਲ ਜੋੜ ਲੈਣ, ਉਹਨਾਂ ਨੂੰ ਵਿਸ਼ੇਸ਼ ਖੁੱਲਾਂ ਦਿੱਤੀਆਂ ਜਾ ਰਹੀਆਂ ਹਨ। **Foreign Contributions Regulation Act (FCRA)** ਦੀ ਵਰਤੋਂ ਵੀ ਅਜਿਹੀਆਂ ਸੰਸਥਾਵਾਂ 'ਤੇ ਕਾਬੂ ਰੱਖਣ ਲਈ ਕੀਤੀ ਜਾ ਰਹੀ ਹੈ। ਗੈਰ ਸਰਕਾਰੀ ਸੰਸਥਾਵਾਂ ਨੂੰ ਆਉਂਦੀ ਮਦਦ 'ਤੇ ਨਜ਼ਰਸਾਨੀ ਲਈ ਇਸ ਐਕਟ ਵਿੱਚ ਵੀ 2020 ਸਾਲ 'ਚ ਸੋਧ ਕੀਤੀ ਗਈ। ਹੇਠਲੇ ਗ੍ਰਾਫ ਵਿੱਚ ਉਨ੍ਹਾਂ ਵੱਖ-ਵੱਖ ਮੱਦਾਂ ਵਿਚਲੀ ਗਿਰਾਵਟ ਦਿਖਾਈ ਗਈ ਹੈ, ਜਿਸ ਕਰਕੇ ਭਾਰਤ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਰਾਜ ਤੋਂ 'ਚੁਣੀ ਹੋਈ ਤਾਨਾਸ਼ਾਹੀ' ਦੇ ਖਿਤਾਬ 'ਤੇ ਆਣ ਡਿੱਗਾ ਹੈ। ਇਹ ਲੇਖ ਮੂਲ ਰੂਪ 'ਚ ਅੰਗਰੇਜ਼ੀ ਭਾਸ਼ਾ ਵਿਚ ਸ਼੍ਰੇਆ ਪਿਲਾਈ ਅਤੇ ਸਟਾਫਨ ਆਈ. ਲਿੰਡਬਰਗ ਵੱਲੋਂ ਲਿਖਿਆ ਗਿਆ ਹੈ, ਜੋ ਸਵੀਡਨ ਦੇ 'ਵੈਰਾਇਟੀਜ਼ ਆਫ ਡੈਮੋਕ੍ਰੇਸੀ' ਅਦਾਰੇ ਦੀ ਖੋਜ ਰਿਪੋਰਟ 'ਤਾਨਾਸ਼ਾਹੀ ਦਾ ਫੈਲਾਅ ਲੋਕਤੰਤਰ ਦੀ ਸਮੀਖਿਆ 2021' ਵਿਚ ਛਪਿਆ ਹੈ। ਇਸ ਦਾ ਪੰਜਾਬੀ ਤਰਜ਼ਮਾ ਧੰਨਵਾਦ ਸਹਿਤ ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਲਈ ਛਾਪਿਆ ਗਿਆ ਹੈ।

## ਦਰਬਾਰ ਸਾਹਿਬ ਦੀ...

ਬਾਅਦ ਵਿੱਚ ਜਦੋਂ ਇਸ ਦੀਆਂ ਮੰਜ਼ਲਾਂ ਵਧਾਈਆਂ ਗਈਆਂ ਤਾਂ ਇਸ ਦੇ ਚਾਰੇ ਪਾਸੇ ਪੱਥਰ ਦੀਆਂ ਘੜੀਆਂ ਲਗਾ ਦਿੱਤੀਆਂ ਗਈਆਂ। ਇਸ ਦੀ ਮੁੜ ਕੀਤੀ ਉਸਾਰੀ 'ਤੇ ਕਰੀਬ 23,000 ਰੁਪਏ ਦੀ ਲਾਗਤ ਆਈ। ਰਾਤ ਸਮੇਂ ਇਸ ਟਾਵਰ ਦੇ ਅੰਦਰ ਰੋਸ਼ਨੀ ਕਰਨ ਨਾਲ ਦੂਰ-ਦੂਰ ਤੱਕ ਟਾਈਮ ਦਾ ਪਤਾ ਲੱਗਦਾ ਰਹਿੰਦਾ ਸੀ ਅਤੇ ਹਰ ਘੰਟੇ ਮਗਰੋਂ ਖੜਕਣ ਵਾਲੇ ਟੱਲ ਦੀ ਆਵਾਜ਼ ਕਈ ਮੀਲ ਤੱਕ ਸੁਣਾਈ ਦਿੰਦੀ ਸੀ। 1923-24 ਵਿੱਚ 4000 ਰੁਪਏ ਖ਼ਰਚ ਕੇ ਇਸ ਦੇ ਪਲੇਟਫ਼ਾਰਮ ਅਤੇ ਟਾਂਗਾ ਸਟੈਂਡ ਦਾ ਫ਼ਰਸ਼ ਪੱਕਾ ਕਰਵਾਇਆ ਗਿਆ, ਜੋ ਕਿ ਘੰਟਾਘਰ ਦੇ ਪੂਰਬੀ ਦਰਵਾਜ਼ੇ ਦੇ ਅੱਗੇ ਸਥਿਤ ਸੀ। ਸ੍ਰੀ ਦਰਬਾਰ ਸਾਹਿਬ ਵਿੱਚ ਦੀਵਾਲੀ ਤੇ ਗੁਰਪੁਰਬਾਂ ਦੇ ਮੌਕੇ 'ਤੇ ਕੀਤੀ ਜਾਣ ਵਾਲੀ ਦੀਪਮਾਲਾ ਅਤੇ ਆਤਿਸ਼ਬਾਜ਼ੀ ਦਾ ਆਨੰਦ ਮਾਣਨ ਲਈ ਅੰਗਰੇਜ਼ ਅਤੇ ਸਰਮਾਏਦਾਰ ਇਸੇ ਥੜੇ 'ਤੇ ਕੁਰਸੀਆਂ ਲਾ ਕੇ ਬੈਠਦੇ ਸਨ। ਮੇਲਿਆਂ ਅਤੇ ਛੁੱਟੀ ਵਾਲੇ ਦਿਨ ਇੱਥੇ ਖਾਣ-ਪੀਣ ਦੀਆਂ ਛਾਬੜੀਆਂ ਅਤੇ ਤਰਾਂ-ਤਰਾਂ ਦੇ ਕਰਤੱਬ ਅਤੇ ਤਮਾਸ਼ਾ ਵਿਖਾਉਣ ਵਾਲਿਆਂ ਦੀ ਭੀੜ ਰਹਿੰਦੀ ਸੀ। ਇਸ ਥੜੇ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੰਗਤ ਵੱਲੋਂ ਚੜ੍ਹਾਏ ਜਾਣ ਵਾਲੇ ਕੜਾਹ-ਪ੍ਰਸ਼ਾਦ ਨੂੰ ਬਣਾਉਣ ਵਾਲੇ ਹਲਵਾਈਆਂ ਦੀਆਂ ਦੁਕਾਨਾਂ ਹੁੰਦੀਆਂ ਸਨ ਅਤੇ ਕੋਲ ਹੀ ਯਾਤਰੂਆਂ ਦੇ ਠਹਿਰਨ ਲਈ ਛੋਟੀਆਂ-ਛੋਟੀਆਂ ਸਰਾਵਾਂ ਬਣਾਈਆਂ ਗਈਆਂ ਸਨ।

ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਰੈੱਡ ਟਾਵਰ ਸਹਿਤ ਬਾਕੀ ਬੁੰਗਿਆਂ ਦੀ ਮੌਜੂਦਗੀ ਦੇ ਕਾਰਨ ਰਸਤਾ ਕਾਫ਼ੀ ਤੰਗ ਹੋ ਗਿਆ ਸੀ। ਇਸ ਸਮੱਸਿਆ ਨੂੰ ਵਿਚਾਰਦਿਆਂ ਪਰਿਕਰਮਾ ਚੌੜੀ ਕਰਨ ਹਿੱਤ ਬੁੰਗਿਆਂ ਦੀਆਂ ਪੁਰਾਣੀਆਂ ਅਤੇ ਖ਼ਸਤਾ ਹੋ ਚੁੱਕੀਆਂ ਇਮਾਰਤਾਂ ਨੂੰ 29 ਅਕਤੂਬਰ, 1943 ਨੂੰ ਸਵੇਰੇ 10 ਵਜੇ ਘੜਿਆਲੀਆਂ ਬੁੰਗੇ ਤੋਂ ਢਾਹੁਣਾ ਸ਼ੁਰੂ ਕੀਤਾ ਗਿਆ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਕਰੀਬ 82 ਵਰ੍ਹਿਆਂ ਤਕ ਕਾਇਮ ਰਹੇ ਇਸ ਰੈੱਡ ਟਾਵਰ ਬਨਾਮ ਲਾਲ ਚਬੂਤਰੇ ਬਨਾਮ ਘੰਟਾ-ਘਰ ਨੂੰ 1945 ਦੇ ਅੰਤ ਵਿੱਚ ਢਹਿ ਢੇਰੀ ਕਰ ਦਿੱਤਾ ਗਿਆ। ਘੰਟਾ ਘਰ ਦੀ ਨਵੀਂ ਮੌਜੂਦਾ ਇਮਾਰਤ ਦਾ ਨੀਂਹ ਪੱਥਰ ਬਾਬਾ ਗੁਰਮੁਖ ਸਿੰਘ (ਆਟਾ ਮੰਡੀ) ਨੇ 1947 ਦੇ ਅਖ਼ੀਰ ਵਿੱਚ ਰੱਖਿਆ। ਘੰਟਾ ਘਰ ਦੀ ਹੋਂਦ ਨੂੰ ਖ਼ਤਮ ਹੋਇਆਂ ਭਾਵੇਂ 82 ਵਰ੍ਹੇ ਬੀਤ ਚੁੱਕੇ ਹਨ ਪਰ ਇਸ ਦੇ ਬਾਵਜੂਦ ਇਸ ਦੇ ਸਾਹਮਣੇ ਬਾਜ਼ਾਰ ਨੂੰ ਬਾਜ਼ਾਰ ਘੰਟਾਘਰ ਤੇ ਚੌਕ ਨੂੰ ਘੰਟਾਘਰ ਚੌਕ ਹੀ ਕਿਹਾ ਜਾਂਦਾ ਹੈ।

## ਇਨਸਾਨੀ ਸੋਚ ਵਿਚ...

ਹੌਲੀ-ਹੌਲੀ ਇਸ ਨੂੰ ਹੋਰ ਵਧਾ ਕੇ ਮੈਂ ਇਸ ਸੈਰ ਤੋ ਹਲਕੀ ਦੌੜ ਨੂੰ 10 ਕਿਲੋਮੀਟਰ ਤੱਕ ਲਿਜਾਣ ਵਿੱਚ ਸਫ਼ਲ ਹੋਇਆ ਹਾਂ। ਬੇਸ਼ੱਕ, ਇਸ ਵਿੱਚ ਮੇਰੇ ਆਪਣੇ ਫ਼ੈਸਲਿਆਂ ਦੇ ਨਾਲ ਇੱਥੇ ਬਰੈਂਪਟਨ ਵਿੱਚ ਪਿਛਲੇ 6-7 ਸਾਲਾਂ ਤੋਂ ਵਿਚਰ ਰਹੀ ਰਨਰਜ਼ ਕਲੱਬ 'ਟੀ.ਪੀ.ਏ. ਆਰ. ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰਨਰਜ਼ ਕਲੱਬ) ਦੇ ਕੁਝ ਮੈਂਬਰ-ਦੋਸਤਾਂ ਵੱਲੋਂ ਮਿਲੀ ਹੱਲਾਸ਼ੇਰੀ ਅਤੇ ਹੌਸਲਾ-ਅਫ਼ਜ਼ਾਈ ਦਾ ਵੀ ਪੂਰਾ ਹੱਥ ਹੈ ਜਿਨ੍ਹਾਂ ਵਿੱਚੋਂ ਕਈਆਂ ਨੇ ਇਹ ਸੈਰ ਤੇ ਦੌੜ ਮੇਰੇ ਵਾਂਗ ਦੋ ਕਿਲੋਮੀਟਰ ਤੋਂ ਸ਼ੁਰੂ ਕੀਤੀ ਅਤੇ ਉਹ ਇਸ ਨੂੰ 'ਹਾਫ਼-ਮੈਰਾਥਨ' ਤੱਕ ਲੈ ਗਏ।

ਚੌਥੇ ਨਿਯਮ ਵਿੱਚ ਜੇਮਜ਼ ਕਲੀਅਰ ਵੱਲੋਂ ਚੰਗੀਆਂ ਆਦਤਾਂ ਨੂੰ ਤਸੱਲੀ-ਪੂਰਵਕ ਬਣਾਉਣ ਅਤੇ ਮਾੜੀਆਂ ਨੂੰ ਤਸੱਲੀ-ਰਹਿਤ ਕਰਾਰ ਦੇਣ ਦੀ ਗੱਲ ਕੀਤੀ ਗਈ ਹੈ। ਮਾੜੀਆਂ ਆਦਤਾਂ ਸ਼ੁਰੂ-ਸ਼ੁਰੂ ਵਿੱਚ ਸਾਨੂੰ ਬੜੀਆਂ ਚੰਗੀਆਂ ਲੱਗਦੀਆਂ ਹਨ ਪਰ ਅੱਗੇ ਜਾ ਕੇ ਕੁਝ ਸਮੇਂ ਬਾਅਦ ਇਨ੍ਹਾਂ ਦਾ ਮਾੜਾ ਪੱਖ ਸਾਡੇ ਸਾਹਮਣੇ ਆਉਣ ਲੱਗਦਾ ਹੈ ਅਤੇ ਫਿਰ ਇਹ ਸਾਨੂੰ ਭੈੜੀਆਂ ਲੱਗਣ ਲੱਗਦੀਆਂ ਹਨ। ਅਸੀਂ ਮਾੜੀਆਂ ਆਦਤਾਂ ਨੂੰ ਕਿਉਂ ਦੁਹਰਾਉਂਦੇ ਹਾਂ? ਉਹ ਇਸ ਲਈ ਕਿ ਸਾਨੂੰ ਇਨ੍ਹਾਂ ਵਿੱਚੋਂ ਵਕਤੀ ਖ਼ੁਸ਼ੀ ਹਾਸਲ ਹੁੰਦੀ ਹੈ। ਇਹ ਸਦੀਵੀ ਨਹੀਂ ਹੈ। ਚੰਗੀਆਂ ਆਦਤਾਂ ਦਾ ਵਰਤਾਰਾ ਇਸਦੇ ਉਲਟ ਹੈ। ਇਹ ਸ਼ੁਰੂ ਵਿੱਚ ਸਾਨੂੰ ਔਖੀਆਂ ਜਾਪਦੀਆਂ ਹਨ ਪਰ ਬਾਅਦ ਵਿੱਚ ਜਦੋਂ ਇਨ੍ਹਾਂ ਦੀ ਚੰਗਿਆਈ ਸਾਡੇ ਸਾਹਮਣੇ ਆਉਣ ਲਗਦੀ ਹੈ ਤਾਂ ਹੌਲੀ-ਹੌਲੀ ਇਹ ਸਾਡੇ ਜੀਵਨ ਦਾ ਅੰਗ ਬਣ ਜਾਂਦੀਆਂ ਹਨ। ਮਿਸਾਲ ਵਜੋਂ, ਕਾਰ ਵਿੱਚ ਸਫ਼ਰ ਕਰਨ ਲਈ ਸੀਟ-ਬੈੱਲਟ ਪਹਿਨਣ ਦਾ ਨਿਯਮ ਸਭ ਤੋਂ ਪਹਿਲਾਂ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ 1 ਦਸੰਬਰ 1984 ਨੂੰ ਪਾਸ ਕੀਤਾ ਗਿਆ ਅਤੇ ਉਦੋਂ ਅਮਰੀਕਾ ਵਿੱਚ ਕੇਵਲ 14% ਲੋਕਾਂ ਨੇ ਇਸਦੀ ਪਾਲਣਾ ਕੀਤੀ। ਲੋਕ ਇਸ ਨੂੰ ਵਾਧੂ ਜਿਹਾ ਵਰਤਾਰਾ (ਝੰਜਟ) ਹੀ ਸਮਝਦੇ ਸਨ। ਪੰਜਾਂ ਸਾਲਾਂ ਬਾਅਦ ਅਮਰੀਕਾ ਦੀ ਅੱਧੀ ਤੋਂ ਵਧੇਰੇ ਵਸੋਂ ਨੇ ਇਸ ਨੂੰ ਸਹੀ ਸਮਝਦਿਆਂ ਹੋਇਆਂ ਮੰਨਣਾ ਸ਼ੁਰੂ ਕਰ ਦਿੱਤਾ। ਹੁਣ ਇਹ ਨਿਯਮ ਦੁਨੀਆਂ-ਭਰ ਦੇ ਦੇਸ਼ਾਂ ਵਿੱਚ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਨੂੰ ਨਾ ਮੰਨਣ ਵਾਲਿਆਂ ਨੂੰ ਭਾਰੀ ਜੁਰਮਾਨੇ ਕੀਤੇ ਜਾਂਦੇ ਹਨ। ਮਨੁੱਖ ਵਿੱਚ ਚੰਗੀਆਂ ਆਦਤਾਂ ਦਾ ਹੋਣਾ ਜ਼ਰੂਰੀ ਹੈ ਪਰ ਇਹ ਸਭ ਕੁਝ ਨਹੀਂ ਹੈ, ਸਗੋਂ ਇਨ੍ਹਾਂ ਵਿੱਚ ਮੁਹਾਰਤ ਹਾਸਲ ਕਰਨਾ ਵਧੇਰੇ ਮਹੱਤਵਪੂਰਨ ਹੈ। ਉਂਜ ਵੀ ਕਿਸੇ ਵੀ ਕੰਮ ਵਿੱਚ ਮੁਹਾਰਤ ਹਾਸਲ ਕਰਨ ਲਈ ਉਸ ਦੀ ਆਦਤ ਪਾਉਣਾ ਅਤੇ ਉਸ ਦਾ ਅਭਿਆਸ ਕਰਨਾ, ਦੋਵੇਂ ਹੀ ਮਹੱਤਵਪੂਰਨ ਪੱਖ ਹਨ। ਇਨ੍ਹਾਂ ਦੋਹਾਂ ਦਾ ਸੁਮੇਲ ਮੁਹਾਰਤ ਵੱਲ ਪੁੱਟੇ ਜਾ ਰਹੇ ਕਦਮਾਂ ਦੀ ਗਵਾਹੀ ਭਰਦਾ ਹੈ।

ਆਦਤਾਂ + ਲੋੜੀਂਦਾ ਅਭਿਆਸ = ਮੁਹਾਰਤ

ਮਨੁੱਖ ਦੀਆਂ ਚੰਗੀਆਂ ਅਤੇ ਮਾੜੀਆਂ ਆਦਤਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ ਵਿੱਚ ਗੁਣ ਅਤੇ ਅਵਗੁਣ ਸ਼ਬਦਾਂ ਦਾ ਜ਼ਿਕਰ ਆਉਂਦਾ ਹੈ। ਗੁਰੂ ਸਾਹਿਬਾਨ ਅਤੇ ਕਈ ਮਹਾਂ-ਪੁਰਖ਼ਾਂ ਨੇ ਸਾਨੂੰ ਚੰਗੀਆਂ ਆਦਤਾਂ ਨੂੰ 'ਗੁਣ' 'ਤੇ ਮਾੜੀਆਂ ਨੂੰ 'ਅਵਗੁਣ' ਦਾ ਦਰਜਾ ਦਿੱਤਾ ਹੈ ਅਤੇ ਸਾਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਔਗੁਣਾਂ ਤੋਂ ਦੂਰ ਰਹਿ ਕੇ ਨੇਕੀ ਕਰਨ, ਸਰਬੱਤ ਦਾ ਭਲਾ ਚਾਹੁਣ ਅਤੇ ਪ੍ਰਮਾਤਮਾ ਦਾ ਨਾਂ ਲੈਣ ਵਾਲੇ ਗੁਣ ਅਪਨਾਉਣ ਦੀ ਪ੍ਰੇਰਨਾ ਕੀਤੀ ਹੈ।

ਗੁਰਵਾਕ ਹਨ:

**ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰ ਅਵਗੁਣ ਪਛੁਤਾਹੀ ਜੀਉ। (ਸ੍ਰੀ ਰਾਗ, ਮਹਲਾ ਪਹਿਲਾ, ਅੰਗ ੫੯੮)**

**ਲੋਕ ਅਵਗੁਣਾ ਕੀ ਬੰਨੈ ਗੰਠੜੀ ਗੁਣ ਨਾ ਵਿਹਾਝੇ ਕੋਇ।**

**ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ। (ਮਹਲਾ ਤੀਜਾ, ਅੰਗ ੧੦੯੨)**

ਇਸਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਕੌੜਾ ਬੋਲਣ ਵਰਗੀ ਮਾੜੀ ਆਦਤ ਬਾਰੇ ਫ਼ਰਮਾਉਂਦੇ ਹਨ:

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ। (ਆਸਾ ਦੀ ਵਾਰ, ਮਹਲਾ ਪਹਿਲਾ, ਅੰਗ ੪੭੩)

ਬਾਬਾ ਫ਼ਰੀਦ ਜੀ ਵੀ ਆਪਣੇ ਇੱਕ ਸਲੋਕ ਵਿੱਚ ਮਾੜੀਆਂ ਆਦਤਾਂ (ਕੰਮ) ਤਿਆਗਣ ਲਈ ਕਹਿੰਦੇ ਹਨ:

ਫ਼ਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕਮੜੇ ਵਿਸਾਰਿ।

ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ। (ਸਲੋਕ ੫੯, ਫਰੀਦ ਜੀ, ਅੰਗ ੧੩੮੧)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਨ ਵਿੱਚ ਇੱਛਾ ਸ਼ਕਤੀ ਪੈਦਾ ਕਰਕੇ ਜੇਕਰ ਅਸੀਂ ਆਪਣੀ ਕੋਈ ਆਦਤ ਬਦਲਣੀ ਚਾਹੀਏ ਅਤੇ ਉਸ ਦੇ ਲਈ ਲੋੜੀਂਦਾ ਅਭਿਆਸ ਕਰੀਏ ਤਾਂ ਉਸ ਨੂੰ ਬਦਲਿਆ ਵੀ ਜਾ ਸਕਦਾ ਹੈ। ਗੁਰਬਾਣੀ ਅਤੇ ਕਈ ਮਹਾਂ-ਪੁਰਖ਼ਾਂ ਦੇ ਕਥਨ ਵੀ ਇਸਦੇ ਲਈ ਸਾਡੀ ਅਗਵਾਈ ਕਰਦੇ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜਵਾਨੀ ਵੇਲੇ ਕਈ ਕਿਸਮ ਦਾ ਨਸ਼ਾ ਕਰਨ ਵਾਲੇ ਕਈ ਮਨੁੱਖ ਮਗਰਲੀ ਉਮਰੇ ਜਾ ਕੇ ਆਪਣੀ ਇੱਛਾ ਸ਼ਕਤੀ ਨਾਲ ਇਹ ਨਸ਼ੇ ਤਿਆਗ ਵੀ ਦਿੰਦੇ ਹਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਪ੍ਰਭੂ-ਭਗਤੀ ਵਾਲੇ ਮਾਰਗ ਵੱਲ ਤੁਰ ਪੈਂਦੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਮੀਆਂ ਵਾਰਸ ਸ਼ਾਹ ਹੋਰਾਂ ਦਾ ਇਸ ਆਰਟੀਕਲ ਦੇ ਆਰੰਭ ਵਿੱਚ ਦਿੱਤਾ ਗਿਆ ਕਥਨ 'ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ' ਹਰੇਕ ਮਨੁੱਖ ਉੱਪਰ ਲਾਗੂ ਨਹੀਂ ਹੁੰਦਾ, ਸਗੋਂ ਇਸਦੇ ਉਲਟ ਜੇਮਜ਼ ਕਲੀਅਰ ਦੇ ਆਦਤਾਂ ਬਦਲਣ ਲਈ ਦਿੱਤੇ ਗਏ ਚਾਰ ਨਿਯਮ ਵੀ ਸਾਰਥਿਕ ਸਾਬਤ ਹੋ ਸਕਦੇ ਹਨ। ਫਿਰ ਤਾਂ ਇਹ ਵੀ ਕਿਹਾ ਜਾ ਸਕਦਾ ਹੈ: ਮਨੁੱਖੀ ਆਦਤਾਂ ਬਦਲੀਆਂ ਜਾ ਸਕਦੀਆਂ ਹਨ, ਜੇਕਰ ਬਦਲਣ ਦੀ ਇੱਛਾ ਤੇ ਲਗਨ ਹੋਵੇ।

## ਮਾਮਲਾ ਮੁਕੇਸ਼ ਅੰਬਾਨੀ ਦੇ...

ਦੇ ਕ੍ਰਮ ਵਿਚ ਵਜ਼ੇ ਨੇ ਜਾਣ-ਬੁੱਝ ਕੇ ਆਪਣਾ ਮੋਬਾਈਲ ਫੋਨ ਕਿਤੇ ਸੁੱਟ ਦਿੱਤਾ ਜਾਂ ਨਸ਼ਟ ਕਰ ਦਿੱਤਾ।

ਵਜ਼ੇ ਦੇ ਸਹਿ ਮੁਲਾਜ਼ਮ ਤੋਂ ਲਗਾਤਾਰ ਚੌਥੇ ਦਿਨ ਪੁੱਛਗਿੱਛ

ਐੱਨਆਈਏ ਨੇ ਸਚਿਨ ਵਜ਼ੇ ਦੇ ਸਾਥੀ ਰਿਆਜ਼ੁਦੀਨ ਕਾਜ਼ੀ ਤੋਂ ਬੁੱਧਵਾਰ ਨੂੰ ਲਗਾਤਾਰ ਚੌਥੇ ਦਿਨ ਪੁੱਛਗਿੱਛ ਜਾਰੀ ਰੱਖੀ। ਕਾਜ਼ੀ ਵਜ਼ੇ ਦੀ ਯੂਨਿਟ ਵਿਚ ਹੀ ਅਸਿਸਟੈਂਟ ਪੁਲਿਸ ਇੰਸਪੈਕਟਰ ਹੈ ਤੇ ਵਾਰਦਾਤ ਤੋਂ ਬਾਅਦ ਸਬੂਤ ਮਿਟਾਉਣ ਵਿਚ ਸਚਿਨ ਦੀ ਮਦਦ ਕਰ ਰਿਹਾ ਸੀ। ਐੱਨਆਈਏ ਦੇ ਅਧਿਕਾਰੀਆਂ ਨੇ ਦੱਸਿਆ ਕਿ ਕਾਜ਼ੀ ਤੋਂ ਇਲਾਵਾ ਇਕ ਹੋਰ ਏਪੀਆਈ ਪ੍ਰਕਾਸ਼ ਹੋਵਲ ਨੂੰ ਵੀ ਦੁਪਹਿਰ ਬਾਅਦ ਪੁੱਛਗਿੱਛ ਲਈ ਸੱਦਿਆ ਗਿਆ। ਇਨ੍ਹਾਂ ਦੋਵਾਂ ਤੋਂ ਮਹੱਤਵਪੂਰਨ ਸੁਰਾਗ ਮਿਲਣ ਦੀ ਉਮੀਦ ਹੈ।

## ਕਿਸਾਨ ਅੰਦੋਲਨ ਅਤੇ...

**ਚਿੱਤਰ 2:** ਲਿਡੀਆਂ ਜੋ ਕਿ ਅਜੋਕੇ ਤੁਰਕੀ ਦਾ ਉਸ਼ਕ ਸੂਬਾ ਹੈ, ਦੇ ਪੁਰਾਤਨ ਸਿਥੀਅਨ ਡੈਲੀਗੇਟ ਇਰਾਨ ਦੇ ਮਹਾਰਾਜੇ ਲਈ ਭੇਟ ਲੈ ਕੇ ਜਾਂਦੇ ਹੋਏ। ਇਹ ਚਿਤਰ **Persepolis** ਪਰਸੈਪੋਲਿਸ (ਤਖ਼ਤ-ਏ-ਜਮਸ਼ੀਦ), ਇਰਾਨ ਦੇ ਸ਼ਾਹੀ ਮਹਲ (ਐਪੇਦਾਨਾ) ਦੇ ਦਰਬਾਰ ਹਾਲ ਨੂੰ ਜਾਂਦੇ ਸਾਰੀ ਕੌਮਾਂ ਦੇ ਮੁੱਖ ਦਰਵਾਜ਼ੇ **(Gate of All Nations)** ਦੀਆਂ ਖੁੱਲੀਆਂ ਪੌੜੀਆਂ 'ਤੇ ਬਣਿਆ ਹੈ। ਪਰਸੈਪੋਲਿਸ ਆਪਣੇ ਸਮੇਂ ਦੀ ਇਕ ਬਹੁਤ ਹੀ ਸ਼ਾਨਦਾਰ ਅਤੇ ਮਹਿੰਗੀ ਇਮਾਰਤ ਸੀ ਜਿਸ ਨੂੰ ਸਿਕੰਦਰ ਮਹਾਨ ਨੇ ਅੱਗ ਲਾ ਕੇ ਅਤੇ ਭੰਨ ਤੋੜ ਕੇ ਤਬਾਹ ਕਰ ਦਿੱਤਾ ਸੀ।

**(Photo Courtesty : University of chicago)**

ਸੰਨ 326 ਪੂਰਵ ਈਸਾ **(CBF B.C.)** ਵਿਚ ਸਿਕੰਦਰ ਮਹਾਨ ਨੇ, ਜੋ ਕਿ ਉਸ ਸਮੇਂ ਦਾ ਸਭ ਤੋਂ ਤਾਕਤਵਰ ਜਰਨੈਲ ਸੀ, ਇਰਾਨ ਦੇ ਬਾਦਸ਼ਾਹ ਦਾਰਾ ਤੀਜਾ **(Darius III)** ਨੂੰ ਤਿੰਨ ਵੱਡੀਆਂ ਲੜਾਈਆਂ (ਏਸੂਸ, ਗੁਆਗਾਮੇਲੀਆ ਅਤੇ ਪਰਸ਼ਿਅਨ ਗੇਟਸ ਵਿਖੇ) ਵਿਚ ਬੁਰੀ ਤਰ੍ਹਾਂ ਹਰਾਇਆ ਸੀ। ਉਸ ਉਪਰੰਤ ਉਸ ਨੇ ਅਫਗਾਨਿਸਤਾਨ, ਪਿਸ਼ਾਵਰ ਅਤੇ ਟੈਕਸਿਲਾ ਨੂੰ ਕਬਜ਼ੇ ਵਿਚ ਕਰ ਕੇ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਫੌਜ ਨਾਲ ਪੰਜਾਬ 'ਤੇ ਹਮਲਾ ਕੀਤਾ ਸੀ। ਉਸ ਦਾ ਮੁਕਾਬਲਾ ਜੇਹਲਮ (ਜੋ ਕਿ ਇਕ ਬਹੁਤ ਛੋਟਾ ਰਾਜ ਸੀ ਅਤੇ ਅੱਜ ਪਾਕਿਸਤਾਨੀ ਪੰਜਾਬ ਦਾ ਇਕ ਜ਼ਿਲ੍ਹਾ ਹੈ), ਦੇ ਬਹਾਦਰ ਸੱਤ ਫੁੱਟੇ ਪੰਜਾਬੀ ਰਾਜੇ ਪੋਰਸ (ਪੁਰੂ) ਨੇ ਡੱਟ ਕੇ ਕੀਤਾ ਸੀ। ਪੋਰਸ ਵਲੋਂ ਲਾਗਲੇ ਪਿੰਡਾਂ ਅਤੇ ਕਬੀਲਿਆਂ ਵਿਚੋਂ ਕੱਠੀ ਕੀਤੀ ਫੌਜ ਨੇ ਮੈਸੇਡੋਨੀਆ (ਗਰੀਸ) ਦੇ ਬਹੁਤ ਬਲਵਾਨ, ਅਤਿ ਸਿਖਿਅਤ ਅਤੇ ਪੇਸ਼ੇਵਰ ਸਿਪਾਹੀਆਂ ਦੇ ਦੰਦ ਖੱਟੇ ਕਰ ਦਿੱਤੇ ਸਨ ਅਤੇ ਪੂਰਾ ਦਿਨ ਜੰਮ ਕੇ ਲੜਾਈ ਕੀਤੀ ਸੀ ਜਿਸ ਵਿਚ ਇਕੋ ਦਿਨ ਵਿਚ 12,000 ਪੰਜਾਬੀ ਸ਼ਹੀਦ ਹੋਏ ਸਨ ਅਤੇ ਬਹੁਤ ਸਾਰੇ ਗਰੀਕ ਫੌਜੀ ਵੀ ਮਾਰੇ ਗਏ ਸਨ। ਪੋਰਸ ਦੇ ਪੁੱਤਰ ਪੋਰਸ ਜੂਨੀਅਰ ਨੇ ਸਿਕੰਦਰ ਨਾਲ ਸਿੱਧੀ ਝੜਪ ਵਿਚ ਸਿਕੰਦਰ ਨੂੰ ਜ਼ਖ਼ਮੀ ਕਰ ਦਿੱਤਾ ਸੀ ਉਸ ਦੇ ਬਹੁਤ ਪਿਆਰੇ ਘੋੜੇ ਬੁਸੇਫਲਸ **(Bucephalus)** ਨੂੰ ਮਾਰ ਦਿੱਤਾ ਸੀ (ਇਨਸਾਈਕਲੋਪੀਡੀਆ ਆਫ ਇੰਡੀਆ ਐਂਡ ਈਸਟਰਨ ਸਦਰਨ ਏਸ਼ੀਆ, ਸੰਪਾ: ਐਡਵਾਰਡ ਬਾਲਫੌਰ, ਜਲਾਲਪੁਰ ਇੰਟਰੀ)। ਪਲੂਟਾਰਚ 'ਸਿਕੰਦਰ ਦਾ ਸਮਾਂ' (ਦੀ ਏਜ ਆਫ ਐਲਿਗਜ਼ੈਂਡਰ) ਵਿਚ ਕਹਿੰਦਾ ਹੈ ਕਿ ਇਸ ਘੋੜੇ ਦੀ ਮੌਤ 'ਇਕ ਦਮ ਨਹੀਂ ਹੋਈ, ਕੁਝ ਚਿਰ ਬਾਅਦ ਹੋਈ,' ਪਰ ਉਹ ਇਸ ਬਾਰੇ 'ਸਮੇਂ' ਦਾ ਜ਼ਿਕਰ ਨਹੀਂ ਕਰਦਾ। ਜਾਹਨ ਮਕਰਿੰਡਲ ਲਿਖਦਾ ਹੈ ਕਿ ਪੋਰਸ ਜੂਨੀਅਰ ਦਾ ਪੁੱਤਰ ਘੋੜ ਅਸਵਾਰ ਸੈਨਾ ਦੀ ਅਗਵਾਈ ਕਰਦਾ ਹੋਇਆ ਵੱਡੀ ਅਤੇ ਤਾਕਤਵਰ ਸੈਨਾ ਲੈ ਕੇ ਆਇਆ ਸੀ ਅਤੇ ਉਸ ਨੇ ਖੁਦ ਸਿਕੰਦਰ ਨੂੰ ਜ਼ਖ਼ਮੀ ਕਰ ਦਿੱਤਾ ਸੀ ਅਤੇ ਉਹਦੇ ਘੋੜੇ ਬੁਸੇਫਲਸ ਨੂੰ ਮਾਰ ਦਿੱਤਾ ਸੀ। ਇਸ ਝੜਪ ਵਿਚ ਪੋਰਸ ਜੂਨੀਅਰ ਵੀ ਸ਼ਹੀਦ ਹੋ ਗਿਆ ਸੀ। ਇਸ ਘੋੜੇ ਦੇ ਨਾਮ 'ਤੇ ਸਿਕੰਦਰ ਨੇ ਜੇਹਲਮ ਨੇੜੇ ਜਲਾਲਾਬਾਦ ਵਿਖੇ ਬੁਕੇਫਾਲੀਆ ਨਾਂ ਦਾ ਸ਼ਹਿਰ ਵਸਾਇਆ ਸੀ। ਭਾਵੇਂ ਜੇਹਲਮ ਦੀ ਲੜਾਈ ਵਿਚ ਰਾਜੇ ਪੋਰਸ ਦੀ ਹਾਰ ਹੋਈ, ਪਰ ਸਿਕੰਦਰ ਨੇ ਉਸ ਦੀ ਬਹਾਦਰੀ ਨੂੰ ਦੇਖ ਕੇ ਉਸ ਤੋਂ ਜਿੱਤੇ ਇਲਾਕੇ ਉਸ ਨੂੰ ਮੋੜ ਕੇ ਅਤੇ ਨਾਲ ਹੋਰ ਇਲਾਕੇ ਜੋੜ ਕੇ ਉਥੋਂ ਦਾ ਗਵਰਨਰ **(satrap)** ਥਾਪ ਦਿੱਤਾ ਸੀ। ਪੰਜਾਬੀਆਂ ਨਾਲ ਲੋਹਾ ਲੈਣ ਉਪਰੰਤ ਗਰੀਕ ਫੌਜੀਆਂ ਦੇ ਹੌਸਲੇ ਮੁੱਕੇ ਹੋ ਗਏ ਸਨ। ਸਿਕੰਦਰ ਅੱਗੇ ਇੰਡੀਆ ਵਿਚ ਪੂਰੀ ਤਰ੍ਹਾਂ ਪ੍ਰਵੇਸ਼ ਕਰਕੇ ਆਪਣੀ ਜਿੱਤ ਦੇ ਝੰਡੇ ਗੱਡਣਾ ਚਾਹੁੰਦਾ ਸੀ, ਪਰ ਉਸ ਦੇ ਸਿਪਾਹੀਆਂ ਨੇ ਬਿਆਸ ਦਰਿਆ ਟੱਪਣ ਤੋਂ ਨਾਂਹ ਕਰ ਦਿੱਤੀ ਅਤੇ ਬਗ਼ਾਵਤ ਕਰ ਦਿੱਤੀ। ਉਸ ਨੂੰ ਮਾਯੂਸ ਹੋ ਕੇ ਗੁਰਦਾਸਪੁਰ ਅਤੇ ਪਠਾਨਕੋਟ ਦੇ ਵਿਚਕਾਰ ਕਿਸੇ ਥਾਂ ਤੋਂ ਯੂ-ਟਰਨ ਮਾਰਨਾ ਪਿਆ। ਅੱਜ ਸਿਕੰਦਰ ਮਹਾਨ ਦੀ ਕਹਾਣੀ ਪੋਰਸ ਦੀ ਲਾਮਿਸਾਲ ਬਹਾਦਰੀ ਤੋਂ ਬਿਨਾ ਪੂਰੀ ਨਹੀਂ ਹੁੰਦੀ ਜੋ ਇਨ੍ਹਾਂ ਕਿਰਸਾਨਾਂ ਦਾ ਹੀ ਵੱਡਾ ਵਡੇਰਾ ਸੀ!

ਮੇਰਾ ਇਹ ਸਾਰੀਆਂ ਗੱਲਾਂ ਦਸਣ ਦਾ ਭਾਵ ਇਹ ਵੀ ਹੈ ਕਿ ਮੋਦੀ ਸਾਹਿਬ ਨੂੰ ਅੜੀ ਛੱਡ ਕੇ ਵਕਤ ਵਿਚਾਰਨ ਦੀ ਲੋੜ ਹੈ ਅਤੇ ਇਨ੍ਹਾਂ ਕਿਰਸਾਨਾਂ ਦੇ ਮਸਲਿਆਂ ਵੱਲ ਧਿਆਨ ਦੇਣ ਦੀ ਲੋੜ ਹੈ। ਕਿਰਸਾਨਾਂ ਦੀ ਇਸ ਬਹਾਦਰ ਅਤੇ ਅਣਖੀ ਕੌਮ ਨਾਲ ਬੇਇਨਸਾਫੀ ਅਤੇ ਧੱਕਾ ਨਹੀਂ ਕਰਨਾ ਚਾਹੀਦਾ ਅਤੇ ਇਨ੍ਹਾਂ ਦੇ ਸਬਰ ਦੀ ਹੋਰ ਪਰਖ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਦੇ ਸਿੱਟੇ ਬਹੁਤ ਹੀ ਭਿਅੰਕਰ ਨਿਕਲ ਸਕਦੇ ਹਨ ਜਿਸ ਦਾ ਨਤੀਜਾ ਸਾਰੇ ਮੁਲਕ ਨੂੰ ਭੁਗਤਣਾ ਪੈ ਸਕਦਾ ਹੈ। ਇਹ ਸੱਪਾਂ ਦੀਆਂ ਸਿਰੀਆਂ ਮਿੱਧਣ ਵਾਲੀ ਅਤੇ ਘੋੜੇ ਦੀਆਂ ਕਾਠੀਆਂ 'ਤੇ ਸੌਣ ਵਾਲੀ ਕੌਮ, ਜਿਸ ਨੇ ਅੱਜ ਕੱਲ ਟ੍ਰੈਕਟਰਾਂ ਅਤੇ ਟਰਾਲੀਆਂ 'ਤੇ ਰਹਿਣ ਦੀ ਨਵੀਂ ਜੁਗਤ ਸਿੱਖ ਲਈ ਹੈ, ਪਿਛੇ ਮੁੜਨ ਵਾਲਿਆਂ ਵਿਚੋਂ ਨਹੀਂ ਹਨ। ਮੋਦੀ ਸਾਹਿਬ ਨੂੰ ਆਪਣੇ 'ਮਨ ਕੀ ਬਾਤ' ਕਰਨ ਦੀ ਥਾਂ 'ਜਨ ਕੀ ਬਾਤ' ਸੁਣਨੀ ਚਾਹੀਦੀ ਹੈ ਅਤੇ ਆਮ ਜਨਤਾ ਨੂੰ ਲੁਟਣ ਵਾਲੇ ਕਾਰਪੋਰੇਟ ਘਰਾਣਿਆਂ ਪਿਛੇ ਲੱਗ ਕੇ ਕਰੋੜਾਂ ਲੋਕਾਂ ਦੀ ਰੋਜ਼ੀ ਰੋਟੀ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ। ਮੋਦੀ ਸਾਹਿਬ ਨੂੰ ਇਹ ਤਿੰਨੇ ਕਾਨੂੰਨ ਰੱਦ ਕਰ ਕੇ ਕਿਰਸਾਨਾਂ ਦੀ ਸਲਾਹ ਨਾਲ ਖੇਤੀ ਦੇ ਨਵੇਂ ਕਾਨੂੰਨ ਬਣਾਉਣੇ ਚਾਹੀਦੇ ਹਨ। ਨਹੀਂ ਤਾਂ ਕਿਤੇ ਇਹ ਨਾ ਹੋਵੇ ਜਿਵੇਂ ਕਿ ਮਲਵਈ ਬਾਈ ਬੋਲੀ ਪਾਉਂਦੇ ਨੇ, 'ਭੁਲਗੀ ਮੰਤਰ ਨੂੰ ਨਾਗ ਛੇੜ ਕੇ ਕਾਲਾ।'

ਲੇਖਕ ਇਤਿਹਾਸਕਾਰ ਹੈ ਅਤੇ ਅਮਰੀਕਾ ਤੋਂ ਪੁਲੀਟੀਕਲ ਸਾਇੰਸ ਵਿਚ ਪੀ. ਐਚ. ਡੀ. ਹੈ। ਉਹ ਕਿੱਤੇ ਵਜੋਂ ਸਿਲੀਕਨ ਵੈਲੀ ਵਿਖੇ ਕੰਪਿਊਟਰ ਇੰਡਸਟਰੀ ਵਿਚ ਸੀਨੀਅਰ ਸਟਾਫ ਟੈਕਨੀਕਲ ਰਾਈਟਰ ਹੈ। ਪਿਛਲੇ 42 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ ਅਤੇ ਵਰਲਡ ਸਿੱਖ ਕੌਂਸਲ (ਅਮਰੀਕਾ ਰੀਜਨ) ਦੇ ਜਨਰਲ ਸਕੱਤਰ ਦੀ ਸੇਵਾ ਵੀ ਨਿਭਾ ਚੁੱਕਾ ਹੈ।

ਸੰਪਰਕ: **tnahal99@yahoo.com**

## ਪੱਛਮੀ ਬੰਗਾਲ ਚੋਣਾਂ...

ਅਵੀਕ ਸਾਹਾ ਤਰਕ ਦਿੰਦੇ ਹਨ ਕਿ ਕਿਸਾਨ ਲੋਕਾਂ ਨੂੰ ਅਪੀਲ ਕਰ ਰਹੇ ਹਨ ਕਿ ਆਪਣੇ-ਆਪਣੇ ਖ਼ੇਤਰ ਵਿੱਚ ਜੋ ਉਮੀਦਵਾਰ ਭਾਜਪਾ ਨੂੰ ਹਰਾਉਣ ਵਿੱਚ ਸਮਰੱਥ ਹਨ, ਉਸੇ ਨੂੰ ਵੋਟ ਦਿਓ। ਹਾਲਾਂਕਿ ਕਿਸਾਨੀ ਝੰਡਿਆਂ ਤੋਂ ਇਲਾਵਾ ਮਹਾਂ-ਪੰਚਾਇਤ ਵਿੱਚ ਕਿਸੇ ਵੀ ਰਾਜਨੀਤਕ ਦਲ ਦਾ ਝੰਡਾ ਨਜ਼ਰ ਨਹੀਂ ਆ ਰਿਹਾ ਪਰ ਕਿਸਾਨ ਆਗੂਆਂ ਦੇ ਹਾਵ-ਭਾਵ ਅਤੇ ਉਨ੍ਹਾਂ ਦੇ ਭਾਸ਼ਣਾਂ ਤੋਂ ਸਾਫ਼ ਸਮਝ ਆਉਂਦਾ ਹੈ ਕਿ ਉਹ ਇਨ੍ਹਾਂ ਚੋਣਾਂ ਵਿੱਚ ਕਿਸ ਨੂੰ ਸਮਰਥਨ ਦੇਣ ਲਈ ਇਸ਼ਾਰਾ ਕਰ ਰਹੇ ਹਨ।

ਦੂਜੇ ਪਾਸੇ ਭਾਜਪਾ ਦੇ ਸੀਨੀਅਰ ਆਗੂ ਅਤੇ ਕੇਂਦਰੀ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਕਿਹਾ ਕਿ 'ਕਿਸਾਨਾਂ' ਦਾ ਅੰਦੋਲਨ ਕਦੇ ਕਾਂਗਰਸ ਦਾ ਅੰਦੋਲਨ ਬਣ ਜਾਂਦਾ ਹੈ ਤਾਂ ਕਦੇ ਤ੍ਰਿਣਮੂਲ ਦਾ ਅੰਦੋਲਨ, ਤਾਂ ਇਹ ਸਾਫ਼ ਹੈ ਕਿ ਸਾਜ਼ਿਸ਼ ਦੇ ਤਹਿਤ ਕਿਸਾਨਾਂ ਦੇ ਮੋਢਿਆਂ ਉੱਤੇ ਬੰਦੂਕ ਰੱਖ ਕੇ ਚਲਾਈ ਜਾ ਰਹੀ ਹੈ...ਭਾਜਪਾ ਨੂੰ ਹਟਾਉਣ ਦਾ ਉਨ੍ਹਾਂ ਦਾ ਏਜੰਡਾ ਢਹਿ-ਢੇਰੀ ਹੋ ਜਾਵੇਗਾ।'

ਨੰਦੀਗ੍ਰਾਮ ਅਤੇ ਸਿੰਗੂਰ ਪੱਛਮੀ ਬੰਗਾਲ ਦੇ ਉਹ ਇਲਾਕੇ ਹਨ ਜਿੱਥੋਂ ਤ੍ਰਿਣਮੂਲ ਕਾਂਗਰਸ ਅਤੇ ਖ਼ਾਸ ਤੌਰ 'ਤੇ ਮਮਤਾ ਬੈਨਰਜੀ ਦਾ ਸੂਬੇ ਦੀ ਸਿਆਸਤ ਵਿੱਚ ਜ਼ੋਰਦਾਰ ਉਦੇ ਹੋਇਆ ਹੈ ਅਤੇ ਉਹ ਵੀ ਕਿਸਾਨਾਂ ਦੇ ਸੰਘਰਸ਼ ਦੀ ਅਗਵਾਈ ਕਰਕੇ।

ਇਹ ਉਹ ਇਲਾਕਾ ਹੈ ਵੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਜਿੱਥੋਂ ਪੱਛਮੀ ਬੰਗਾਲ ਦੀ ਸਿਆਸਤ ਵਿੱਚ 34 ਸਾਲਾਂ ਤੱਕ ਹਾਵੀ ਰਹਿਣ ਵਾਲੇ ਵਾਮ ਮੋਰਚੇ ਦਾ ਪਤਨ ਸ਼ੁਰੂ ਹੋਇਆ ਅਤੇ ਸਾਲ 2011 ਵਿੱਚ ਉਨ੍ਹਾਂ ਨੂੰ ਸੱਤਾ ਗੁਆਉਣੀ ਪਈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**